ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 341
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 11 December, 2025) ਵੀਰਵਾਰ, 11 ਦਸੰਬਰ, 2025, 26 ਮੱਘਰ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਮੁਅੱਤਲ ਡੀ.ਆਈ.ਜੀ. ਭੁੱਲਰ ਤੇ ਵਿਚੋਲੀਆ ਕ੍ਰਿਸ਼ਨੂ ਦੀ ਅਦਾਲਤ 'ਚ ਹੋਈ ਪੇਸ਼ੀ

ਚੰਡੀਗੜ੍ਹ, 10 ਦਸੰਬਰ (ਚੜ੍ਹਦੀਕਲਾ ਬਿਊਰੋ): ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਭੁੱਲਰ ਦਾ ਵਿਚੋਲੀਆ ਕ੍ਰਿਸ਼ਨੂ ਸ਼ਾਰਦਾ ਨੂੰ ਕੋਰਟ ਵਿੱਚ ਪੇਸ਼ ਕੀਤਾ ਗਿਆ। ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਹੋਈ। ਕੋਰਟ ਨੇ ਭੁੱਲਰ ਨੂੰ ਚਾਰਜਸ਼ੀਟ ਦੀ ਕਾਪੀ ਸੌਂਪੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 18 ਜਨਵਰੀ ਨੂੰ ਹੋਵੇਗੀ।ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ ਸਾਬਕਾ ਡੀ.ਆਈ.ਜੀ. ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ ਜਿਸ ਤੋਂ ਬਾਅਦ ਇਸ ਮਾਮਲੇ ਵਿੱਚ ਕ੍ਰਿਸ਼ਨੂ ਦੀ ਭੂਮਿਕਾ ਵੀ ਸਾਹਮਣੇ ਆਈ ਸੀ।

### ਵਾਇਰਲ ਕਥਿਤ ਆਡੀਓ ਮਾਮਲੇ 'ਚ ਵੱਡੀ ਕਾਰਵਾਈ

# ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਨੂੰ ਛੁੱਟੀ 'ਤੇ ਭੇਜਿਆ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 10 ਦਸੰਬਰ:ਪੰਜਾਬ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਵਾਇਰਲ ਹੋਈ ਕਥਿਤ ਆਡੀਓ ਮਾਮਲੇ 'ਚ ਵੱਡਾ ਐਕਸ਼ਨ ਲਿਆ ਗਿਆ ਹੈ। ਐੱਸ.ਐੱਸ.ਪੀ. ਪਟਿਆਲਾ ਵਰੁਣ ਸ਼ਰਮਾ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ। ਕੁਝ ਦਿਨ ਪਹਿਲਾਂ ਆਡੀਓ ਵਾਇਰਲ ਹੋਈ ਸੀ ਜਿਸ ਵਿਚ ਦੋਸ਼ ਲਗਾਏ ਗਏ ਸਨ ਕਿ ਇਹ ਆਵਾਜ ਐੱਸ.ਐੱਸ.ਪੀ. ਪਟਿਆਲਾ ਦੀ ਹੈ।

ਆਡੀਓ ਵਿਚ ਐੱਸ.ਐੱਸ.ਪੀ. ਵਰੁਣ ਸ਼ਰਮਾ ਵੱਲੋਂ ਚੋਣਾਂ ਨੂੰ ਲੈ ਕੇ ਵਿਵਾਦਿਤ ਨਿਰਦੇਸ਼ ਜਾਰੀ ਕੀਤੇ ਗਏ ਸਨ। ਉਨ੍ਹਾਂ ਦੀ ਥਾਂ 'ਤੇ ਸੰਗਰੂਰ ਦੇ ਐੱਸ.ਐੱਸ.ਪੀ. ਸਰਤਾਜ ਚਹਿਲ ਨੂੰ ਵਾਧੂ ਜ਼ਿੰਮੇਵਾਰੀ ਸੌਂਪੀ ਗਈ ਹੈ।

ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਇਕ ਆਡੀਓ ਕਲਿੱਪ ਵਾਇਰਲ ਹੋਈ ਸੀ ਜਿਸ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਵਿਵਾਦਿਤ ਨਿਰਦੇਸ਼ ਦਿੱਤੇ ਗਏ ਸਨ। ਜਿਸ ਦਾ ਅਕਾਲੀ ਦਲ ਵੱਲੋਂ ਸਖਤ ਵਿਰੋਧ ਕੀਤਾ ਗਿਆ। ਬੀਤੇ ਕੁਝ ਦਿਨਾਂ ਤੋਂ ਪੰਜਾਬ ਵਿਚ ਇਹ ਮਸਲਾ ਜ਼ੋਰਦਾਰ ਤਰੀਕੇ ਨਾਲ ਚੁੱਕਿਆ ਜਾ ਰਿਹਾ ਹੈ।



ਪੰਜਾਬ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਜਲਦ ਹੀ ਹੋਣ ਵਾਲੀਆਂ ਹਨ ਤੇ ਕੁਝ ਦਿਨ ਪਹਿਲਾਂ ਹੀ ਸਿਆਸੀ ਪਾਰਟੀਆਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਉਸ ਦੌਰਾਨ ਵੀ ਪਟਿਆਲਾ ਤੋਂ ਕਈ ਵਿਵਾਦਿਤ ਤਸਵੀਰਾਂ ਆਈਆਂ ਹਨ ਤੇ ਆਡੀਓ ਵੀ ਉਸੇ ਸਮੇਂ ਦੌਰਾਨ ਹੀ ਵਾਇਰਲ ਹੋਈ ਸੀ।

### ਜ਼ਿਲ੍ਹਾ ਪ੍ਰੀਸ਼ਦ ਚੋਣਾਂ

## ਵਾਇਰਲ ਆਡੀਓ ਦੀ ਜਾਂਚ ਸੈਂਟਰਲ ਫੋਰੈਂਸਿਕ ਸਾਇੰਸ ਲੈਬਾਰਟਰੀ ਕਰੇਗੀ

ਚੰਡੀਗੜ੍ਹ, 10 ਦਸੰਬਰ (ਚੜ੍ਹਦੀਕਲਾ ਬਿਊਰੋ): ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੌਰਾਨ ਹੋਈ ਕਥਿਤ ਧੱਕੇਸ਼ਾਹੀ ਅਤੇ ਨਾਮਜ਼ਦਗੀਆਂ ਰੋਕਣ ਦੇ ਮਾਮਲੇ 'ਤੇ ਸੁਣਵਾਈ ਮਗਰੋਂ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਡਿਵੀਜ਼ਨ ਬੈਂਚ ਨੇ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਦਾਇਰ ਜਨਹਿੱਤ ਪਟੀਸ਼ਨਾਂ 'ਤੇ ਇਹ ਸੁਣਵਾਈ ਕੀਤੀ। ਅਦਾਲਤ ਨੇ (ਬਾਕੀ ਸਫਾ 2 'ਤੇ)

# ਜਾਪਾਨ ਅਤੇ ਦੱਖਣੀ ਕੋਰੀਆ ਦਾ ਦੌਰਾ ਸੂਬੇ ਦੀ ਉਦਯੋਗਿਕ ਤਰੱਕੀ 'ਚ ਨਵਾਂ ਮੀਲ ਪੱਥਰ ਸਾਬਤ ਹੋਵੇਗਾ: ਮਾਨ

### ਦੋਵਾਂ ਦੇਸ਼ਾਂ ਦੀ ਆਪਣੀ ਫੇਰੀ ਦੀ ਹਰੇਕ ਦਿਨ ਦੇ ਆਧਾਰ 'ਤੇ ਰਿਪੋਰਟ ਕੀਤੀ ਪੇਸ਼

ਅੰਮ੍ਰਿਤਪਾਲ ਸਿੰਘ

================

ਚੰਡੀਗੜ੍ਹ, 10 ਦਸੰਬਰ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਹਾਲ ਹੀ ਵਿੱਚ ਜਾਪਾਨ ਅਤੇ ਦੱਖਣੀ ਕੋਰੀਆ ਦੇ ਦੌਰੇ ਦੌਰਾਨ ਨਿਵੇਸ਼ਕਾਂ ਦਾ ਮਿਲਿਆ ਭਰਵਾਂ ਹੁੰਗਾਰਾ ਸੂਬੇ ਦੀ ਉਦਯੋਗਿਕ ਤਰੱਕੀ ਵਿੱਚ ਨਵਾਂ ਮੀਲ ਪੱਥਰ ਸਾਬਤ ਹੋਵੇਗਾ ਅਤੇ ਇਸ ਨਾਲ ਪੰਜਾਬ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਉਭਾਰਨ ਵਿੱਚ ਹੋਰ ਤੇਜ਼ੀ ਆਏਗੀ।

ਜਾਪਾਨ ਅਤੇ ਦੱਖਣੀ ਕੋਰੀਆ ਦੇ ਦੌਰਿਆਂ ਦੇ ਆਪਣੇ ਤਜਰਬੇ ਸਾਂਝੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਨੂੰ ਦੁਨੀਆ ਭਰ ਵਿੱਚ ਉਦਯੋਗ ਦੇ ਉੱਭਰਦੇ ਕੇਂਦਰ ਵਜੋਂ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਉਦੇਸ਼ ਸੂਬੇ ਵਿੱਚ ਨਿਵੇਸ਼ ਨੂੰ ਉਤਸ਼ਾਹਤ ਕਰਨਾ ਅਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇ ਕੇ ਨੌਜਵਾਨਾਂ ਲਈ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਕਰਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਇਤਿਹਾਸਕ ਦੌਰਾ ਉਦਯੋਗਿਕ ਵਿਕਾਸ ਨੂੰ ਤੇਜ਼ੀ ਵਾਲੇ ਪਾਸੇ ਲੈ ਜਾ ਕੇ ਇਸ ਨੂੰ ਜ਼ਰੂਰੀ ਹੁਲਾਰਾ ਦੇਣ ਵਿੱਚ ਸਹਾਇਕ ਹੋਵੇਗਾ।




ਮੁੱਖ ਮੰਤਰੀ ਨੇ ਕਿਹਾ ਕਿ ਇਕ ਮੀਟਿੰਗ ਦੌਰਾਨ ਜਾਪਾਨ ਬੈਂਕ ਫਾਰ ਇੰਟਰਨੈਸ਼ਨਲ ਕੋਆਪਰੇਸ਼ਨ (ਜੇ.ਬੀ.ਆਈ.ਸੀ.) ਦੇ ਸੀਨੀਅਰ ਮੈਨੇਜਿੰਗ ਡਾਇਰੈਕਟਰ ਓਗਾਵਾ ਕਾਜ਼ੂਨੋਰੀ ਨੇ ਪੰਜਾਬ ਦੇ ਉਦਯੋਗਿਕ ਅਤੇ ਸਾਫ਼-ਸੁਥਰੀ ਊਰਜਾ ਦੇ ਪ੍ਰਾਜੈਕਟ ਦੀਆਂ ਸੰਭਾਵਨਾਵਾਂ ਤਲਾਸ਼ਣ ਵਿੱਚ ਰੁਚੀ ਦਿਖਾਈ। ਉਨ੍ਹਾਂ ਕਿਹਾ ਕਿ ਉਹ ਜਾਪਾਨੀ ਕੰਪਨੀ ਰਾਹੀਂ ਸੰਭਾਵੀ ਵਿੱਤੀ ਮੌਕਿਆਂ ਬਾਰੇ ਤਕਨੀਕੀ ਵਿਚਾਰ-ਵਟਾਂਦਰਾ ਜਾਰੀ ਰੱਖਣ ਲਈ ਸਹਿਮਤ ਹੋਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੈਂਕ ਨੇ ਪੰਜਾਬ ਨਿਵੇਸ਼ ਸੰਮੇਲਨ ਦੇ ਸੱਦੇ ਦਾ ਵੀ ਸਵਾਗਤ ਕੀਤਾ ਹੈ ਅਤੇ ਇਸ ਵਿੱਚ ਸ਼ਮੂਲੀਅਤ ਦੀ ਇੱਛਾ ਪ੍ਰਗਟਾਈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਆਈਸਨ ਇੰਡਸਟਰੀ ਕੰਪਨੀ ਲਿਮਟਿਡ ਦੇ ਸੀ.ਈ.ਓ. ਅਤੇ ਈ.ਵੀ.ਪੀ. ਟੋਮੋਨੋਰੀ ਕਾਈ ਅਤੇ ਟੋਰੂ ਨਕਾਨੇ ਨੇ ਭਵਿੱਖ ਦੇ ਨਿਰਮਾਣ ਜਾਂ ਖੋਜ ਅਤੇ ਵਿਕਾਸ ਮੌਕਿਆਂ ਲਈ ਪੰਜਾਬ ਦੀਆਂ ਸੰਭਾਵਨਾਵਾਂ ਪ੍ਰਤੀ ਸਕਾਰਾਤਮਕ ਦਿਲਚਸਪੀ ਦਿਖਾਈ। ਉਨ੍ਹਾਂ ਕਿਹਾ ਕਿ ਯਾਮਹਾ ਮੋਟਰ ਕੰਪਨੀ ਲਿਮਟਿਡ ਦੇ ਗਲੋਬਲ ਰਣਨੀਤੀ ਪ੍ਰਬੰਧਕ ਅਤੇ ਉਤਪਾਦ ਯੋਜਨਾ ਸਮੂਹ, ਤਨਾਕਾ ਹਿਰੋਕੀ ਅਤੇ ਸੁਜ਼ੁਕੀ ਮਾਰੀ ਨੇ ਇਲੈਕਟ੍ਰਿਕ ਵਹੀਕਲਜ਼, ਖੋਜ ਅਤੇ ਵਿਕਾਸ ਸਹਿਯੋਗ ਅਤੇ ਹੁਨਰ ਵਿਕਾਸ ਪਹਿਲਕਦਮੀਆਂ ਵਿੱਚ ਨਿਵੇਸ਼ ਬਾਰੇ ਖੁੱਲ੍ਹ ਕੇ ਗੱਲ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ 2026 ਦੇ ਸੱਦੇ ਦਾ ਵੀ ਸਵਾਗਤ ਕੀਤਾ ਅਤੇ ਪੰਜਾਬ ਦੇ ਨਿਵੇਸ਼ ਅਨੁਕੂਲ ਮਾਹੌਲ ਨਾਲ ਜੁੜੇ ਰਹਿਣ ਵਿੱਚ ਦਿਲਚਸਪੀ ਦਿਖਾਈ।

ਮੁੱਖ ਮੰਤਰੀ ਨੇ ਕਿਹਾ ਕਿ ਹੌਂਡਾ ਮੋਟਰ ਕੰਪਨੀ ਲਿਮਟਿਡ ਨਾਲ ਮੀਟਿੰਗ ਦੌਰਾਨ ਡਿਪਾਰਟਮੈਂਟ ਮੈਨੇਜਰ ਤਤਸੁਆ ਨਾਕਾਮੁਰਾ ਅਤੇ ਆਈ.ਟੀ.ਓ. ਕਿਓਸ਼ੀ ਨੇ ਪੰਜਾਬ ਵਿੱਚ ਭਾਰਤੀ ਭਾਈਵਾਲਾਂ ਰਾਹੀਂ ਕੰਪੋਨੈਂਟ ਨਿਰਮਾਣ ਦੀਆਂ ਸੰਭਾਵਨਾਵਾਂ ਤਲਾਸ਼ਣ ਦੀ ਗੱਲ ਆਖੀ। (ਬਾਕੀ ਸਫਾ 2 'ਤੇ)

## ਮੋਦੀ ਅੱਧਾ ਸਮਾਂ ਵਿਦੇਸ਼ 'ਚ ਰਹਿੰਦੇ ਨੇ ਫਿਰ ਰਾਹੁਲ ਦੀ ਵਿਦੇਸ਼ ਯਾਤਰਾ 'ਤੇ ਸਵਾਲ ਕਿਉਂ? : ਪ੍ਰਿਯੰਕਾ ਗਾਂਧੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਦਸੰਬਰ : ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਰਾਹੁਲ ਗਾਂਧੀ ਦੇ ਪ੍ਰਸਤਾਵਿਤ ਜਰਮਨੀ ਦੌਰੇ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਵੱਲੋਂ ਸਵਾਲ ਕੀਤੇ ਜਾਣ ਤੋਂ ਬਾਅਦ ਬੁੱਧਵਾਰ ਨੂੰ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣਾ ਅੱਧਾ ਕੰਮਕਾਜੀ ਸਮਾਂ ਵਿਦੇਸ਼ਾਂ ਵਿੱਚ ਬਿਤਾਉਂਦੇ ਹਨ, ਤਾਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਦੌਰੇ 'ਤੇ ਸਵਾਲ ਕਿਉਂ ਉਠਾਏ ਜਾ ਰਹੇ ਹਨ? ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ 15 ਤੋਂ 20 ਦਸੰਬਰ ਤੱਕ ਜਰਮਨੀ ਦਾ ਦੌਰਾ ਕਰਨਗੇ, ਜਿੱਥੇ ਉਹ ਭਾਰਤੀ ਪ੍ਰਵਾਸੀਆਂ ਨਾਲ ਗੱਲਬਾਤ ਕਰਨਗੇ ਅਤੇ ਜਰਮਨ ਸਰਕਾਰ ਦੇ ਕੁਝ ਮੰਤਰੀਆਂ ਨਾਲ ਮੁਲਾਕਾਤ ਕਰਨਗੇ।



ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਰਾਹੁਲ ਗਾਂਧੀ ਦੀ ਯਾਤਰਾ 'ਤੇ ਭਾਜਪਾ ਵੱਲੋਂ ਸਵਾਲ ਉਠਾਉਣ ਦੇ ਜਵਾਬ ਵਿੱਚ, ਪ੍ਰਿਯੰਕਾ ਗਾਂਧੀ ਨੇ ਸੰਸਦ ਕੰਪਲੈਕਸ ਵਿੱਚ ਪੱਤਰਕਾਰਾਂ ਨੂੰ ਕਿਹਾ,'ਮੋਦੀ ਜੀ ਆਪਣਾ ਲਗਭਗ ਅੱਧਾ ਕੰਮਕਾਜੀ ਸਮਾਂ ਦੇਸ਼ ਤੋਂ ਬਾਹਰ ਬਿਤਾਉਂਦੇ ਹਨ, ਤਾਂ ਉਹ (ਭਾਜਪਾ) ਵਿਰੋਧੀ ਧਿਰ ਦੇ ਨੇਤਾ ਦੀ ਯਾਤਰਾ 'ਤੇ ਸਵਾਲ ਕਿਉਂ ਉਠਾ ਰਹੇ (ਬਾਕੀ ਸਫਾ 2 'ਤੇ)

## ਵਿਰੋਧੀ ਧਿਰ ਨੇ ਭਾਜਪਾ ਸਾਂਸਦ ਵੱਲੋਂ ਸਵਾਲ ਵਾਪਸ ਲੈਣ ਮਗਰੋਂ ਕੀਤਾ ਰਾਜ ਸਭਾ 'ਚੋਂ ਵਾਕਆਊਟ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਦਸੰਬਰ : ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਪਾਰਟੀਆਂ ਨੇ ਬੁੱਧਵਾਰ ਨੂੰ ਰਾਜ ਸਭਾ ਵਿੱਚੋਂ ਵਾਕਆਊਟ ਕਰ ਦਿੱਤਾ, ਜਦੋਂ ਇੱਕ ਭਾਜਪਾ ਸੰਸਦ ਮੈਂਬਰ ਨੇ ਦੇਸ਼ ਵਿੱਚ ਫੋਰੈਂਸਿਕ ਸਮਰੱਥਾਵਾਂ ਨੂੰ ਵਧਾਉਣ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੁੱਛਿਆ ਆਪਣਾ ਸਵਾਲ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਵਾਪਸ ਲੈ ਲਿਆ।

ਭਾਜਪਾ ਸੰਸਦ ਮੈਂਬਰ ਆਦਿਤਿਆ ਪ੍ਰਸਾਦ ਨੇ ਗ੍ਰਹਿ ਮੰਤਰੀ ਨੂੰ ਇੱਕ ਸਵਾਲ ਪੁੱਛਿਆ ਸੀ, ਜਿਸਨੂੰ 'ਸਟਾਰਡ ਸਵਾਲ' ਵਜੋਂ ਸਵੀਕਾਰ ਕੀਤਾ ਗਿਆ ਸੀ। 'ਸਟਾਰਡ ਸਵਾਲ' ਵਿੱਚ ਮੰਤਰੀਆਂ ਨੂੰ ਜ਼ੁਬਾਨੀ ਜਵਾਬ ਦੇਣਾ ਪੈਂਦਾ ਹੈ ਅਤੇ ਇਸ ਦੇ ਤੁਰੰਤ ਬਾਅਦ ਪੂਰਕ ਸਵਾਲ ਪੁੱਛਣ ਦੀ ਇਜਾਜ਼ਤ ਹੁੰਦੀ ਹੈ।

ਰਾਜ ਸਭਾ ਦੀ ਵੈੱਬਸਾਈਟ 'ਤੇ ਉਪਲਬਧ ਸਵਾਲਾਂ ਦੀ ਸੂਚੀ ਅਨੁਸਾਰ ਪ੍ਰਸਾਦ ਦਾ ਸਵਾਲ ਬੁੱਧਵਾਰ ਨੂੰ ਪ੍ਰਸ਼ਨ ਕਾਲ ਲਈ ਕ੍ਰਮ ਵਿੱਚ ਨੰਬਰ 2 'ਤੇ ਸੀ। ਹਾਲਾਂਕਿ, ਇੱਕ ਸੁਧਾਰ ਨੋਟ ਵਿੱਚ ਕਿਹਾ ਗਿਆ ਸੀ ਕਿ ਸਵਾਲ ਨੂੰ 'ਵਾਪਸ ਲਿਆ ਗਿਆ' ਮੰਨਿਆ ਜਾਵੇ। ਜਦੋਂ ਚੇਅਰਮੈਨ ਸੀ ਪੀ ਰਾਧਾਕ੍ਰਿਸ਼ਨਨ ਨੇ ਸਵਾਲ ਨੂੰ (ਬਾਕੀ ਸਫਾ 2 'ਤੇ)

## ਬੈਲਟ ਪੇਪਰ ਪ੍ਰਣਾਲੀ ਵੱਲ ਵਾਪਸੀ ਦਾ ਅਰਥ ਬੂਥ ਕੈਪਚਰਿੰਗ ਦੀ ਵਾਪਸੀ: ਪ੍ਰਸਾਦ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਦਸੰਬਰ :ਵਿਰੋਧੀ ਪਾਰਟੀਆਂ ਵੱਲੋਂ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਉਣ ਦੀ ਮੰਗ ਦੇ ਵਿਚਕਾਰ ਸੀਨੀਅਰ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਬੁੱਧਵਾਰ ਨੂੰ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਇਸ ਦਾ ਮਤਲਬ ਬੂਥ ਕੈਪਚਰਿੰਗ ਦੇ ਦਿਨਾਂ ਵੱਲ ਵਾਪਸ ਜਾਣਾ ਹੋਵੇਗਾ। 'ਚੋਣ ਸੁਧਾਰਾਂ' 'ਤੇ ਲੋਕ ਸਭਾ ਵਿੱਚ ਬਹਿਸ ਵਿੱਚ ਹਿੱਸਾ ਲੈਂਦਿਆਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਪੁਰਾਣੀ ਬੈਲਟ ਪੇਪਰ ਪ੍ਰਣਾਲੀ 'ਤੇ ਵਾਪਸ ਜਾਣ ਦੀ ਗੱਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਵਰਤੋਂ ਨੂੰ ਪ੍ਰਮਾਣਿਤ ਕਰਨ ਵਾਲੇ ਘੱਟੋ-ਘੱਟ ਦੋ ਦਰਜਨ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਫੈਸਲੇ ਹਨ।



## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ 'ਆਪ' ਦੇ 195 ਉਮੀਦਵਾਰ ਬਿਨਾਂ ਵਿਰੋਧ ਰਹੇ ਜੇਤੂ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 10 ਦਸੰਬਰ:ਪੰਜਾਬ ਵਿਚ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਵੱਡੀ ਲੀਡ ਮਿਲੀ ਹੈ। ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ 195 ਉਮੀਦਵਾਰ ਬਿਨਾਂ ਵਿਰੋਧ ਜੇਤੂ ਰਹੇ ਹਨ ਜਿਨ੍ਹਾਂ ਵਿਚੋਂ ਸਿਰਫ ਇਕ ਉਮੀਦਵਾਰ 'ਆਪ' ਤੋਂ ਬਾਹਰ ਹੈ। ਇਸ ਨਾਲ ਦਿਹਾਤੀ ਚੋਣਾਂ ਦੇ ਸ਼ੁਰੂ ਵਿਚ ਹੀ ਸਿਆਸੀ ਮਾਹੌਲ ਗਰਮਾ ਗਿਆ ਹੈ। ਸੂਬੇ ਵਿਚ 357 ਜ਼ਿਲ੍ਹਾ ਪ੍ਰੀਸ਼ਦ ਤੇ 2863 ਬਲਾਕ ਸੰਮਤੀ ਸੀਟਾਂ ਵਿਚੋਂ ਹੁਣ ਤੱਕ 15 ਜ਼ਿਲ੍ਹਾ ਪ੍ਰੀਸ਼ਦ ਤੇ 181 ਬਲਾਕ ਸੰਮਤੀ ਉਮੀਦਵਾਰ ਬਿਨਾਂ ਵਿਰੋਧ ਜਿੱਤ ਚੁੱਕੇ ਹਨ। ਚੋਣ ਪ੍ਰਕਿਰਿਆ ਦੇ ਬਾਅਦ ਵੀ ਲਗਭਗ 9500 ਉਮੀਦਵਾਰ ਚੋਣ ਮੈਦਾਨ ਵਿਚ ਹਨ। ਵਿਰੋਧੀ ਧਿਰਾਂ ਨੇ ਦੋਸ਼ ਲਗਾਇਆ ਹੈ ਕਿ ਕਈ ਥਾਵਾਂ 'ਤੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਨਾਮਜ਼ਦਗੀ ਤੱਕ ਨਹੀਂ ਭਰਨ ਦਿੱਤੀ ਗਈ। ਅੰਕੜਿਆਂ ਮੁਤਾਬਕ ਤਰਨਤਾਰਨ ਵਿਚ 12 ਤੇ ਅੰਮ੍ਰਿਤਸਰ ਵਿਚ 3 ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਪਹਿਲਾਂ ਹੀ ਬਿਨਾਂ ਵਿਰੋਧ ਚੁਣੇ ਜਾ ਚੁੱਕੇ ਹਨ। ਬਲਾਕ ਸੰਮਤੀ ਪੱਧਰ 'ਤੇ 180 ਉਮੀਦਵਾਰ 'ਆਪ' ਦੇ ਹਨ, ਜਿਨ੍ਹਾਂ ਵਿਚੋਂ (ਬਾਕੀ ਸਫਾ 2 'ਤੇ)




### ਅੰਮ੍ਰਿਤਸਰ 'ਚ ਹਾਦਸੇ ਦੌਰਾਨ ਕਾਰ ਸਵਾਰ 3 ਨੌਜਵਾਨਾਂ ਦੀ ਮੌਤ, 1 ਗੰਭੀਰ ਜ਼ਖ਼ਮੀ

ਅੰਮ੍ਰਿਤਸਰ, 10 ਦਸੰਬਰ (ਚੜ੍ਹਦੀਕਲਾ ਬਿਊਰੋ): ਅੰਮ੍ਰਿਤਸਰ 'ਚ ਮਹਿਲਾ ਵਾਲੇ ਪੁੱਲ ਨੇੜੇ ਦਰਦਨਾਕ ਹਾਦਸਾ ਵਾਪਰਿਆ ਜਿਸ ਵਿਚ 3 ਨੌਜਵਾਨਾਂ ਦੀ ਮੌਤ ਹੋ ਗਈ ਤੇ ਇਕ ਦੀ ਹਾਲਤ ਗੰਭੀਰ ਹੈ, ਜਿਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਬੀਤੀ ਰਾਤ ਕਾਰ 'ਚ ਸਵਾਰ 4 ਦੋਸਤ ਕਿਤੇ ਜਾ ਰਹੇ ਸੀ ਕਿ ਰਸਤੇ ਵਿਚ ਉਹ ਹਾਦਸੇ ਦਾ ਸ਼ਿਕਾਰ ਹੋ ਗਏ। ਹਾਦਸਾ ਇੰਨਾ ਭਿਆਨਕ ਸੀ ਕਿ 3 ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਚੌਥਾ ਨੌਜਵਾਨ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਿਹਾ ਹੈ। ਮ੍ਰਿਤਕ ਨੌਜਵਾਨਾਂ ਵਿਚੋਂ ਇਕ ਪਿੰਡ ਲੋਪੋਕੇ ਦਾ, ਇਕ ਪਿੰਡ ਚੱਕ ਮਿਸ਼ਰੀ ਖਾਂ ਤੇ ਇਕ ਬੋਪਾਰਾਏ ਬਾਜਕਲਾਂ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਜ਼ਖਮੀ ਨੌਜਵਾਨ ਵੀ ਪਿੰਡ ਚੱਕ ਮਿਸ਼ਰੀ ਖਾਂ ਦਾ ਰਹਿਣ ਵਾਲਾ ਹੈ। ਹਾਦਸੇ ਦੇ ਅਸਲ (ਬਾਕੀ ਸਫਾ 2 'ਤੇ)

## ਯੂਨੈਸਕੋ ਦਾ ਦਰਜਾ ਮਿਲਣ ਨਾਲ ਦੀਵਾਲੀ ਦੀ ਆਲਮੀ ਹਰਮਨਪਿਆਰਤਾ ਵਧੇਗੀ : ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਦਸੰਬਰ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਦੀਵਾਲੀ ਨੂੰ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ 'ਚ ਸ਼ਾਮਲ ਕੀਤੇ ਜਾਣ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਨਾਲ ਤਿਉਹਾਰ ਦੀ ਗਲੋਬਲ ਲੋਕਪ੍ਰਿਯਤਾ 'ਚ ਹੋਰ ਵਾਧਾ ਹੋਵੇਗਾ। ਪੀ.ਐੱਮ. ਮੋਦੀ ਨੇ ਯੂਨੈਸਕੋ ਵਲੋਂ ਦੀਵਾਲੀ ਨੂੰ ਆਪਣੀ ਵਿਰਾਸਤੀ ਸੂਚੀ 'ਚ ਸ਼ਾਮਲ ਕੀਤੇ ਜਾਣ ਦੇ ਐਲਾਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਐਕਸ' 'ਤੇ ਇਕ ਪੋਸਟ 'ਚ ਕਿਹਾ, "ਭਾਰਤ ਅਤੇ ਦੁਨੀਆ ਭਰ ਦੇ ਲੋਕ ਖ਼ੁਸ਼ ਹਨ।"

ਉਨ੍ਹਾਂ ਕਿਹਾ, "ਦੀਵਾਲੀ ਸਾਡੀ ਸੰਸਕ੍ਰਿਤੀ ਅਤੇ ਕਦਰਾਂ-ਕੀਮਤਾਂ ਨਾਲ ਡੂੰਘਾਈ ਨਾਲ ਜੁੜੀ ਹੋਈ ਹੈ। ਇਹ ਸਾਡੀ ਸੱਭਿਅਤਾ ਦਾ ਸਾਰ ਹੈ। ਇਹ ਗਿਆਨ ਅਤੇ ਧਰਮ ਦਾ ਪ੍ਰਤੀਕ ਹੈ। ਦੀਵਾਲੀ ਨੂੰ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ 'ਚ ਸ਼ਾਮਲ ਕੀਤੇ ਜਾਣ ਨਾਲ ਤਿਉਹਾਰ ਦੀ ਗਲੋਬਲ ਲੋਕਪ੍ਰਿਯਤਾ 'ਚ ਹੋਰ ਵੀ ਵਾਧਾ ਦਰਜ ਹੋਵੇਗਾ।" ਪੀ.ਐੱਮ. ਮੋਦੀ ਨੇ ਕਿਹਾ, "ਪ੍ਰਭੂ ਸ਼੍ਰੀ ਰਾਮ ਦੇ ਆਦਰਸ਼ ਸਾਡਾ ਮਾਰਗਦਰਸ਼ਨ ਕਰਦੇ ਰਹਿਣ।" ਰੌਸ਼ਨੀ ਦੇ ਤਿਉਹਾਰ ਦੀਵਾਲੀ ਨੂੰ ਬੁੱਧਵਾਰ ਨੂੰ ਯੂਨੈਸਕੋ ਦੀ ਵਿਰਾਸਤੀ ਸੂਚੀ 'ਚ ਸ਼ਾਮਲ ਕੀਤਾ ਗਿਆ। ਦਿੱਲੀ ਦੇ ਲਾਲ ਕਿਲ੍ਹੇ 'ਚ ਹੋਈ ਯੂਨੈਸਕੋ ਦੀ ਇਕ ਮਹੱਤਵਪੂਰਨ ਬੈਠਕ ਦੌਰਾਨ ਇਹ ਫ਼ੈਸਲਾ ਲਿਆ ਗਿਆ।



### ਗੁਆਂਢੀ ਦੇਸ਼ਾਂ ਦੀ ਤੁਲਨਾ 'ਚ ਭਾਰਤ ਵਿੱਚ ਰੇਲ ਯਾਤਰਾ ਕਿਫ਼ਾਇਤੀ: ਅਸ਼ਵਨੀ ਵੈਸ਼ਨਵ

ਨਵੀਂ ਦਿੱਲੀ, 10 ਦਸੰਬਰ (ਚੜ੍ਹਦੀਕਲਾ ਬਿਊਰੋ): ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਬੁੱਧਵਾਰ ਨੂੰ ਕਿਹਾ ਕਿ ਗੁਆਂਢੀ ਦੇਸ਼ਾਂ ਦੀ ਤੁਲਨਾ 'ਚ ਭਾਰਤ 'ਚ ਰੇਲ ਟਿਕਟ ਦੀਆਂ ਕੀਮਤਾਂ ਸਭ ਤੋਂ ਸਸਤੀਆਂ ਹਨ ਅਤੇ ਭਾਰਤੀ ਰੇਲ ਨੇ ਇਸ ਬਾਰੇ ਪਿਛਲੇ ਸਾਲ 60,000 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਸੀ। ਲੋਕ ਸਭਾ 'ਚ ਕਾਂਗਰਸ ਮੈਂਬਰ ਐੱਮ.ਕੇ. ਵਿਸ਼ਨੂੰ ਪ੍ਰਸਾਦ ਦੇ ਇਕ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਰੇਲ ਮੰਤਰੀ ਨੇ ਇਹ ਗੱਲ ਕਹੀ। ਕਾਂਗਰਸ ਸੰਸਦ ਮੈਂਬਰ ਨੇ ਪੁੱਛਿਆ ਸੀ ਕਿ ਕੀ ਸਰਕਾਰ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਦੀ ਤਰ੍ਹਾਂ ਸੀਨੀਅਰ ਨਾਗਰਿਕਾਂ ਨੂੰ ਰੇਲ ਟਿਕਟ 'ਤੇ ਮਿਲਣ ਵਾਲੀ ਛੂਟ ਨੂੰ ਬਹਾਲ ਕਰਨ ਦੀ ਯੋਜਨਾ ਬਣਾ ਰਹੀ ਹੈ। ਉੱਤਰ 'ਚ ਵੈਸ਼ਨਵ ਨੇ ਕਿਹਾ ਕਿ ਭਾਰਤ 'ਚ ਟਿਕਟਾਂ ਦੀਆਂ ਕੀਮਤਾਂ ਵਿਕਸਿਤ (ਬਾਕੀ ਸਫਾ 2 'ਤੇ)

## ਕੀ ਹੁਣ ਘੁਸਪੈਠੀਏ ਤੈਅ ਕਰਨਗੇ ਕੌਣ ਹੋਵੇਗਾ ਸੀ.ਐਮ. ਜਾਂ ਪੀ.ਐਮ.? : ਅਮਿਤ ਸ਼ਾਹ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 10 ਦਸੰਬਰ : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਲੋਕ ਸਭਾ 'ਚ ਦੋਸ਼ ਲਗਾਇਆ ਕਿ ਦੇਸ਼ 'ਚ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਮੁੜ ਪ੍ਰੀਖਣ (ਐੱਸਆਈਆਰ) ਨੂੰ ਲੈ ਕੇ ਝੂਠ ਫੈਲਾਇਆ ਗਿਆ ਅਤੇ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਨੇ ਸਦਨ 'ਚ, ਚੋਣ ਸੁਧਾਰਾਂ 'ਤੇ ਚਰਚਾ 'ਤੇ ਜਵਾਬ ਦਿੰਦੇ ਹੋਏ ਇਹ ਵੀ ਕਿਹਾ ਕਿ ਸੰਵਿਧਾਨ ਦੀ ਧਾਰਾ 327 ਚੋਣ ਕਮਿਸ਼ਨ ਨੂੰ ਵੋਟਰ ਸੂਚੀ ਬਣਾਉਣ ਦਾ ਪੂਰਾ ਅਧਿਕਾਰ ਦਿੰਦੀ ਹੈ।



ਗ੍ਰਹਿ ਮੰਤਰੀ ਨੇ ਕਿਹਾ, "ਮੈਂ ਸਦਨ ਅਤੇ ਦੇਸ਼ ਦੀ ਜਨਤਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੀ ਘੁਸਪੈਠੀਏ ਤੈਅ ਕਰਨਗੇ ਕਿ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਕੌਣ ਹੋਵੇਗਾ।"

ਸ਼ਾਹ ਨੇ ਕਿਹਾ ਕਿ ਇਹ ਐੱਸਆਈਆਰ ਵੋਟਰ ਸੂਚੀ ਦੇ ਸ਼ੁੱਧੀਕਰਨ ਦੀ ਪ੍ਰਕਿਰਿਆ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਭਾਰਤ 'ਚ ਵੋਟਿੰਗ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ।

### ਇੰਡੀਗੋ ਸੰਕਟ 'ਤੇ ਹਾਈ ਕੋਰਟ ਵੱਲੋਂ ਕੇਂਦਰ ਨੂੰ ਸਵਾਲ, 'ਇਹ ਸਥਿਤੀ ਕਿਵੇਂ ਪੈਦਾ ਹੋਈ'

ਨਵੀਂ ਦਿੱਲੀ, 10 ਦਸੰਬਰ (ਚੜ੍ਹਦੀਕਲਾ ਬਿਊਰੋ) : ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਅਜਿਹੀ ਸਥਿਤੀ ਕਿਉਂ ਪੈਦਾ ਹੋਈ ਜਿਸ ਕਾਰਨ ਇੰਡੀਗੋ ਦੀਆਂ ਕਈ ਉਡਾਣਾਂ ਰੱਦ ਕੀਤੀਆਂ ਗਈਆਂ।ਹਾਈ ਕੋਰਟ ਨੇ ਕਿਹਾ ਕਿ ਫਸੇ ਹੋਏ ਯਾਤਰੀਆਂ ਨੂੰ ਹੋਣ ਵਾਲੀ ਅਸੁਵਿਧਾ ਅਤੇ ਪਰੇਸ਼ਾਨੀ ਤੋਂ ਇਲਾਵਾ, ਇਹ ਅਰਥਵਿਵਸਥਾ ਨੂੰ ਹੋਣ ਵਾਲੇ ਨੁਕਸਾਨ ਦੀ ਵੀ ਚਿੰਤਾ ਕਰਦਾ ਹੈ।ਚੀਫ਼ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੀ ਬੈਂਚ ਨੇ ਇਹ ਵੀ ਸਵਾਲ ਕੀਤਾ ਕਿ ਹੋਰ ਏਅਰਲਾਈਨਾਂ ਅਜਿਹੇ ਸੰਕਟ ਦਾ ਫਾਇਦਾ ਕਿਵੇਂ ਉਠਾ ਸਕਦੀਆਂ ਹਨ ਅਤੇ ਯਾਤਰੀਆਂ ਤੋਂ ਟਿਕਟਾਂ ਲਈ ਬਹੁਤ ਜ਼ਿਆਦਾ ਵਸੂਲ ਕਰ ਸਕਦੀਆਂ ਹਨ।ਕੇਂਦਰ ਸਰਕਾਰ ਅਤੇ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਵੱਲੋਂ ਪੇਸ਼ ਹੋਏ ਵਕੀਲ ਨੇ (ਬਾਕੀ ਸਫਾ 2 'ਤੇ)

### ਗੋਆ ਦੇ ਨਾਈਟ ਕਲੱਬ 'ਚ ਲੱਗੀ ਅੱਗ ਦੇ ਮਾਮਲੇ ਵਿੱਚ ਅਜੇ ਗੁਪਤਾ ਗ੍ਰਿਫ਼ਤਾਰ

ਨਵੀਂ ਦਿੱਲੀ, 10 ਦਸੰਬਰ (ਚੜ੍ਹਦੀਕਲਾ ਬਿਊਰੋ) : ਗੋਆ ਦੇ ਬਿਰਚ ਬਾਈ ਰੋਮੀਓ ਲੇਨ ਨਾਈਟ ਕਲੱਬ ਵਿੱਚ 6 ਦਸੰਬਰ ਨੂੰ ਲੱਗੀ ਅੱਗ ਕਾਰਨ 25 ਲੋਕਾਂ ਦੀ ਮੌਤ ਵਾਲੇ ਮਾਮਲੇ ਵਿੱਚ ਕਲੱਬ ਦੇ ਚਾਰ ਮਾਲਕਾਂ ਵਿੱਚੋਂ ਇੱਕ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਮੁਲਜ਼ਮ ਦਾ ਨਾਮ ਅਜੈ ਗੁਪਤਾ ਹੈ। ਉਹ ਦਿੱਲੀ ਦਾ ਰਹਿਣ ਵਾਲਾ ਹੈ। ਗੋਆ ਪੁਲਿਸ ਨੇ ਬੁੱਧਵਾਰ ਨੂੰ ਉਸ ਨੂੰ ਦਿੱਲੀ ਤੋਂ ਹੀ ਹਿਰਾਸਤ ਵਿੱਚ ਲਿਆ। ਗੋਆ ਪੁਲਿਸ ਦਿੱਲੀ ਕ੍ਰਾਈਮ ਬ੍ਰਾਂਚ ਦਫ਼ਤਰ ਵਿੱਚ ਮੁਲਜ਼ਮ ਤੋਂ ਪੁੱਛ-ਗਿੱਛ ਕਰ ਰਹੀ ਹੈ। ਉਸ ਨੂੰ ਅੱਜ ਸਾਕੇਤ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਟ੍ਰਾਂਜ਼ਿਟ ਰਿਮਾਂਡ ਦੀ ਪ੍ਰਕਿਰਿਆ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਸੰਭਾਵਨਾ ਹੈ। ਕ੍ਰਾਈਮ ਬ੍ਰਾਂਚ ਦਫ਼ਤਰ ਜਾਂਦੇ ਸਮੇਂ ਮੁਲਜ਼ਮ ਨੇ (ਬਾਕੀ ਸਫਾ 2 'ਤੇ)

### ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ

# ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਯਕੀਨੀ ਬਣਾਉਣ ਲਈ 44 ਹਜ਼ਾਰ ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ

### ਡੀ.ਜੀ.ਪੀ. ਵੱਲੋਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਪੇਸ਼ੇਵਰ ਪੁਲਿਸਿੰਗ ਯਕੀਨੀ ਬਣਾਉਣ ਦੇ ਨਿਰਦੇਸ਼

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 10 ਦਸੰਬਰ:ਸੂਬੇ ਵਿੱਚ ਆਉਣ ਵਾਲੇ ਦਿਨਾਂ 'ਚ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੇ ਮੱਦੇਨਜ਼ਰ, ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਅੱਜ ਕਿਹਾ ਕਿ ਪੰਜਾਬ ਪੁਲਿਸ ਸੂਬੇ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ 14 ਦਸੰਬਰ ਨੂੰ ਹੋਣਗੀਆਂ ਅਤੇ 17 ਦਸੰਬਰ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜੇ ਐਲਾਨੇ ਜਾਣਗੇ।

ਸੂਬੇ ਵਿੱਚ ਸਕਾਰਾਤਮਕ ਮਾਹੌਲ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਡੀਜੀਪੀ ਗੌਰਵ ਯਾਦਵ ਨੇ ਸਾਰੇ ਪੁਲਿਸ ਅਧਿਕਾਰੀਆਂ ਨੂੰ ਪੇਸ਼ੇਵਰ ਪੁਲਿਸਿੰਗ ਅਤੇ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ। ਇਸ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਸੂਬੇ ਦੇ ਸੀ.ਪੀਜ਼/ਐਸ.ਐਸ.ਪੀਜ਼. ਅਤੇ ਰੇਂਜ ਡੀ.ਆਈ.ਜੀਜ਼. ਨਾਲ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਕਿਹਾ ਕਿ ਸੂਬੇ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਫੀਲਡ ਅਧਿਕਾਰੀਆਂ ਨੂੰ, ਚੋਣਾਂ ਦੌਰਾਨ ਤਾਇਨਾਤੀ ਲਈ ਜ਼ਿਲ੍ਹਿਆਂ ਤੋਂ ਘੱਟੋ-ਘੱਟ 75 ਫੀਸਦੀ ਪੁਲਿਸ ਫੋਰਸ ਜੁਟਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਸੀਪੀ/ਐਸਐਸਪੀ ਨੂੰ ਪਹਿਲਾਂ ਹੀ ਸਮਾਜ ਵਿਰੋਧੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖਣ ਅਤੇ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਆਪਣੇ ਅਧਿਕਾਰ ਖੇਤਰਾਂ ਵਿੱਚ ਫਲੈਗ ਮਾਰਚ ਕੱਢਣ ਅਤੇ ਮਜ਼ਬੂਤ ਅੰਤਰ-ਰਾਜੀ ਅਤੇ ਅੰਤਰ-ਜ਼ਿਲ੍ਹਾ ਨਾਕੇ ਲਗਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਗੁਆਂਢੀ ਰਾਜਾਂ ਦੇ ਡੀ.ਜੀ.ਪੀਜ਼. ਨੂੰ ਪੰਜਾਬ ਨਾਲ ਲੱਗਦੀ ਸਰਹੱਦ ਦੇ ਆਪਣੇ ਵਾਲੇ ਪਾਸੇ ਨਾਕੇ ਲਗਾਉਣ ਲਈ ਪਹਿਲਾਂ ਹੀ ਬੇਨਤੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 13395 ਪੋਲਿੰਗ ਸਟੇਸ਼ਨਾਂ 'ਤੇ 18718 ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 860 ਨੂੰ ਅਤਿ-ਸੰਵੇਦਨਸ਼ੀਲ ਅਤੇ 3405 ਨੂੰ ਸੰਵੇਦਨਸ਼ੀਲ ਪੋਲਿੰਗ ਸਟੇਸ਼ਨ ਐਲਾਨਿਆ ਗਿਆ ਹੈ।

ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਸੂਬੇ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਨੂੰ ਯਕੀਨੀ (ਬਾਕੀ ਸਫਾ 2 'ਤੇ)

### ਕੁਰੂਕਸ਼ੇਤਰ 'ਚ 100 ਕਰੋੜ ਦੀ ਹੋਈ ਮਹਾਂਠੱਗੀ!

ਕੁਰੂਕਸ਼ੇਤਰ, 10 ਦਸੰਬਰ (ਚੜ੍ਹਦੀਕਲਾ ਬਿਊਰੋ) : ਹਰਿਆਣਾ ਦੇ ਕੁਰੂਕਸ਼ੇਤਰ ਤੋਂ ਇਕ ਵੱਡੀ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ। ਇਕ ਪ੍ਰਾਈਵੇਟ ਕੰਪਨੀ ਦੇ ਸੰਚਾਲਕਾਂ 'ਤੇ ਹਰਿਆਣਾ ਅਤੇ ਪੰਜਾਬ ਦੇ 100 ਤੋਂ ਜ਼ਿਆਦਾ ਨਿਵੇਸ਼ਕਾਂ ਦੇ ਲਗਭਗ 100 ਕਰੋੜ ਰੁਪਏ ਲੈ ਕੇ ਫਰਾਰ ਹੋਣ ਦਾ ਦੋਸ਼ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਨਿਵੇਸ਼ਕਾਂ ਨੂੰ ਫਸਾਉਣ ਦੇ ਲਈ ਕੰਪਨੀ ਨੇ ਹਰ ਮਹੀਨੇ 4 ਤੋਂ 5 ਪ੍ਰਤੀਸ਼ਤ ਤੱਕ ਉਚੇ ਵਿਆਜ ਦਾ ਲਾਲਚ ਦਿੱਤਾ ਸੀ। ਕੰਪਨੀ ਦੀ ਲੋਕਪ੍ਰਿਯਤਾ ਵਧਾਉਣ ਦੇ ਲਈ ਸਾਲ 2023 'ਚ ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਦੇ ਭਰਾ ਅਰਬਾਜ਼ ਖ਼ਾਨ ਨੂੰ ਵੀ ਪ੍ਰਮੋਸ਼ਨ ਇਵੈਂਟ ਦੇ ਲਈ ਕੁਰੂਕਸ਼ੇਤਰ ਬੁਲਾਇਆ ਗਿਆ ਸੀ। ਦਿੱਲੀ ਨਿਵਾਸੀ ਰਾਜੇਸ਼ ਜੈਨ ਦੀ ਸ਼ਿਕਾਇਤ 'ਤੇ ਪੁਲਿਸ ਨੇ ਥਾਣੇਦਾਰ ਸਦਰ ਥਾਣੇ 'ਚ ਕੰਪਨੀ ਦੇ ਸੰਚਾਲਕਾਂ ਦੇ ਖਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਗਿਆ ਹੈ। ਹੁਣ ਮਾਮਲੇ ਦੀ ਜਾਂਚ ਇਕਨਾਮਿਕ ਸੈਲ ਨੂੰ ਸੌਂਪੀ ਗਈ ਹੈ।

## ਭਾਰਤ-ਕੈਨੇਡਾ ਨੇ ਮੁੜ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ 'ਤੇ ਸੁਰੱਖਿਆ ਸਹਿਯੋਗ ਕੀਤਾ ਸ਼ੁਰੂ

ਚੜ੍ਹਦੀਕਲਾ ਬਿਊਰੋ

================

ਟੋਰਾਂਟੋ/ਨਵੀਂ ਦਿੱਲੀ, 10 ਦਸੰਬਰ : ਭਾਰਤ ਅਤੇ ਕੈਨੇਡਾ ਦਰਮਿਆਨ ਸਬੰਧਾਂ ਵਿੱਚ ਆਏ ਉਤਸ਼ਾਹ ਦੇ ਮੱਦੇਨਜ਼ਰ, ਦੋਵਾਂ ਦੇਸ਼ਾਂ ਦੀਆਂ ਏਜੰਸੀਆਂ ਨੇ ਖੁਫੀਆ ਜਾਣਕਾਰੀ ਸਾਂਝੀ ਕਰਨ ਅਤੇ ਸੁਰੱਖਿਆ ਸਹਿਯੋਗ ਨੂੰ ਮੁੜ ਸ਼ੁਰੂ ਕਰ ਦਿੱਤਾ ਹੈ। ਇਹ ਸੰਵਾਦ ਇਸ ਸਮੇਂ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ (ਐੱਨ.ਐੱਸ.ਏ.) ਦੀ ਅਗਵਾਈ ਹੇਠ ਚੱਲ ਰਿਹਾ ਹੈ।



**ਉੱਚ-ਪੱਧਰੀ ਮੀਟਿੰਗਾਂ:** ਇਸ ਸਹਿਯੋਗ ਦੇ ਹਿੱਸੇ ਵਜੋਂ, ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਪਿਛਲੇ ਹਫ਼ਤੇ ਓਟਾਵਾ ਵਿੱਚ ਕੈਨੇਡਾ ਦੇ ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸਾਂਗਰੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਭਾਰਤ ਅਤੇ ਕੈਨੇਡਾ ਦਰਮਿਆਨ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਦੇ ਸਹਿਯੋਗ ਨੂੰ ਵਧਾਉਣ ਲਈ ਸਾਂਝੀਆਂ ਤਰਜੀਹਾਂ 'ਤੇ ਚਰਚਾ ਕੀਤੀ। ਇਸ ਤੋਂ ਪਹਿਲਾਂ ਸਤੰਬਰ ਵਿੱਚ, ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਸਲਾਹਕਾਰ ਨਥਾਲੀ ਜੀ ਡਰੋਇਨ ਨੇ ਨਵੀਂ ਦਿੱਲੀ ਵਿੱਚ ਐੱਨ.ਐੱਸ.ਏ. ਅਜੀਤ ਡੋਵਾਲ ਨਾਲ ਮੁਲਾਕਾਤ ਕੀਤੀ ਸੀ। ਕੈਨੇਡਾ ਵਾਪਸ ਆ ਕੇ ਉਨ੍ਹਾਂ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਇਹ ਮੁਲਾਕਾਤ 'ਉਤਪਾਦਕ' ਰਹੀ, ਜਿਸ ਰਾਹੀਂ ਆਪਸੀ ਚਿੰਤਾਵਾਂ ਬਾਰੇ ਗੱਲ (ਬਾਕੀ ਸਫਾ 2 'ਤੇ)

‘ਯੁੱਧ ਨਸ਼ਿਆਂ ਵਿਰੁੱਧ’ ਦਾ 284ਵਾਂ ਦਿਨ

# ਪੰਜਾਬ ਪੁਲਿਸ ਵੱਲੋਂ 4 ਕਿੱਲੋ ਆਈਸੀਈ ਅਤੇ 1.7 ਕਿੱਲੋ ਹੈਰੋਇਨ ਸਮੇਤ 84 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 10 ਦਸੰਬਰ (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਵਿੱਢੇ ਗਏ “ਯੁੱਧ ਨਸ਼ਿਆਂ ਵਿਰੁੱਧ”ਦੇ 284ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 339 ਥਾਵਾਂ ’ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 70 ਐਫਆਈਆਰਜ਼ ਦਰਜ ਕਰਕੇ 84 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 284 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 39,984 ਹੋ ਗਈ ਹੈ।

ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਤੋਂ 4 ਕਿੱਲੋ ਆਈਸੀਈ, 1.7 ਕਿੱਲੋ ਹੈਰੋਇਨ, 50 ਗ੍ਰਾਮ ਅਫੀਮ, 33 ਕਿੱਲੋ ਭੁੱਕੀ, 965 ਨਸ਼ੀਲੀਆਂ ਗੋਲੀਆਂ ਅਤੇ 2910 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

**ਨਸ਼ਾ ਛੁਡਾਉਣ ਸਬੰਧੀ ਯਤਨਾਂ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ 42 ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਕਰਵਾਉਣ ਲਈ ਕੀਤਾ ਰਾਜ਼ੀ**

ਇਸ ਆਪ੍ਰੇਸ਼ਨ ਦੌਰਾਨ 68 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 339 ਥਾਵਾਂ ’ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 335 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ ’ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 42 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਮੋਦੀ ਕਰਵਾਉਣਗੇ ਸਾਂਸਦਾਂ ਨੂੰ ਡਿੱਨਰ, ਸਰਦ ਰੁੱਤ ਸੈਸ਼ਨ ਦੀ ਰਣਨੀਤੀ ’ਤੇ ਹੋਵੇਗਾ ਮੰਥਨ

ਨਵੀਂ ਦਿੱਲੀ, 10 ਦਸੰਬਰ (ਚ.ਨ.ਸ.) : ਰਾਸ਼ਟਰੀ ਜਨਤੰਤਰਿਕ ਗਠਜੋੜ (ਰਾਜਗ) ਦੇ ਸੰਸਦ ਮੈਂਬਰਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ 11 ਦਸੰਬਰ ਨੂੰ ਆਪਣੇ ਅਧਿਕਾਰਤ ਨਿਵਾਸ ’ਤੇ ਇੱਕ ਵਿਸ਼ੇਸ਼ ਰਾਤਰੀ ਭੋਜ ਦਾ ਆਯੋਜਨ ਕਰਨਗੇ। ਸੂਤਰਾਂ ਅਨੁਸਾਰ, ਸੰਸਦ ਦੇ ਸਰਦ ਰੁੱਤ ਸੈਸ਼ਨ ਦੇ ਮੱਧ ਵਿੱਚ ਹੋਣ ਵਾਲਾ ਇਹ ਰਾਤਰੀ ਭੋਜ ਨਾ ਸਿਰਫ਼ ਰਸਮੀ ਸਦਭਾਵਨਾ ਮੁਲਾਕਾਤ ਹੋਵੇਗੀ, ਬਲਕਿ ਇਸਨੂੰ ਸਰਕਾਰ ਅਤੇ ਗੱਠਜੋੜ ਦੀ ਵਿਆਪਕ ਰਾਜਨੀਤਿਕ ਅਤੇ ਵਿਧਾਨਕ ਰਣਨੀਤੀ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ।ਇਸ ਰਾਤਰੀ ਭੋਜ ਵਿੱਚ ਰਾਜਗ ਦੇ ਸਾਰੇ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਨੂੰ ਸੱਦਾ ਦਿੱਤਾ ਗਿਆ ਹੈ। ਬੈਠਕ ਦਾ ਮੁੱਖ ਉਦੇਸ਼ ਸੰਸਦ ਮੈਂਬਰਾਂ ਨਾਲ ਗੱਲਬਾਤ ਵਧਾਉਣਾ, ਸਦਨ ਵਿੱਚ ਆਉਣ ਵਾਲੇ ਬਿੱਲਾਂ ਲਈ ਸਮੱਰਥਨ ਅਤੇ ਤਾਲਮੇਲ ਯਕੀਨੀ ਬਣਾਉਣਾ ਹੈ, ਨਾਲ ਹੀ ਸੈਸ਼ਨ ਦੇ ਬਾਕੀ ਹਿੱਸੇ ਲਈ ਇੱਕ ਸਾਂਝੀ ਰਣਨੀਤੀ ਤੈਅ ਕਰਨਾ ਹੈ। ਸਰਕਾਰ ਸਰਦ ਰੁੱਤ ਸੈਸ਼ਨ ਵਿੱਚ ਕਈ ਮਹੱਤਵਪੂਰਨ ਬਿੱਲ ਲਿਆਉਣ ਦੀ ਤਿਆਰੀ ਵਿੱਚ ਹੈ, ਜਿਸ ਲਈ ਗੱਠਜੋੜ ਦੀ ਏਕਤਾ ਬਹੁਤ ਜ਼ਰੂਰੀ ਮੰਨੀ ਜਾ ਰਹੀ ਹੈ।



ਇਸ ਤੋਂ ਇਲਾਵਾ, ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਇਸ ਮੌਕੇ ’ਤੇ ਸੰਸਦ ਮੈਂਬਰਾਂ ਨਾਲ ਉਨ੍ਹਾਂ ਦੇ ਖੇਤਰਾਂ ਦੀ ਸਥਿਤੀ, ਜਨਤਾ ਨਾਲ ਜੁੜੇ ਮੁੱਦਿਆਂ ਅਤੇ ਵਿਕਾਸ ਕਾਰਜਾਂ ਬਾਰੇ ਵੀ ਗੱਲਬਾਤ ਕਰ ਸਕਦੇ ਹਨ। ਕੁਝ ਰਾਜਨੀਤਿਕ ਵਿਸ਼ਲੇਸ਼ਕ ਇਸ ਆਯੋਜਨ ਨੂੰ ਆਉਣ ਵਾਲੇ ਰਾਜ ਚੋਣਾਂ-ਖਾਸ ਕਰਕੇ ਪੱਛਮੀ ਬੰਗਾਲ, ਤਾਮਿਲਨਾਡੂ, ਅਸਾਮ ਅਤੇ ਕੇਰਲ-ਦੇ ਸੰਦਰਭ ਵਿੱਚ ਵੀ ਮਹੱਤਵਪੂਰਨ ਮੰਨ ਰਹੇ ਹਨ, ਕਿਉਂਕਿ ਇਸ ਵਿੱਚ ਗੱਠਜੋੜ ਦੀ ਜ਼ਮੀਨੀ ਤਿਆਰੀਆਂ ’ਤੇ ਚਰਚਾ ਹੋ ਸਕਦੀ ਹੈ।

# ਨਵਜੋਤ ਕੌਰ ਸਿੱਧੂ ਨੂੰ ਮਿਲਣ ਤੋਂ ਹਾਈਕਮਾਨ ਦੀ ਨਾਂਹ! ਵਾਪਸ ਪਰਤੇ ਘਰ

ਨਵੀਂ ਦਿੱਲੀ, 10 ਦਸੰਬਰ (ਚ.ਨ.ਸ.): ਕਾਂਗਰਸ ਵਿੱਚ ਨਵਜੋਤ ਕੌਰ ਸਿੱਧੂ ਦੇ ਬਿਆਨ ਤੋਂ ਬਾਅਦ ਚੱਲ ਰਹੇ ਵਿਵਾਦ ਨਾਲ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਕਾਂਗਰਸ ਵੱਲੋਂ ਸਸਪੈਂਡ ਕੀਤੇ ਜਾਣ ਤੋਂ ਬਾਅਦ ਨਵਜੋਤ ਕੌਰ ਸਿੱਧੂ ਹਾਈਕਮਾਨ ਨੂੰ ਮਿਲਣ ਲਈ ਦਿੱਲੀ ਗਏ, ਪਰ ਕਾਂਗਰਸ ਲੀਡਰਸ਼ਿਪ ਨੇ ਨਵਜੋਤ ਕੌਰ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਹਾਈਕਮਾਨ ਨੂੰ ਮਿਲੇ ਬਿਨਾਂ ਹੁਣ ਨਵਜੋਤ ਕੌਰ ਦਿੱਲੀ ਤੋਂ ਅੰਮ੍ਰਿਤਸਰ ਵਾਪਸ ਆ ਗਏ। ਮਿਲੀ ਜਾਣਕਾਰੀ ਮੁਤਾਬਕ ਹਾਈਕਮਾਨ ਨੇ ਇਸ ਸਬੰਧ ਵਿਚ ਕੋਈ ਵੀ ਬਿਆਨ 19 ਦਸੰਬਰ ਤੱਕ ਨਾ ਦੇਣ ਦੀ ਹਦਾਇਤ ਕੀਤੀ ਹੈ। ਪੰਜਾਬ ਸੰਕਟ ’ਤੇ ਕੋਈ ਵੀ ਵਿਚਾਰ-ਚਰਚਾ ਹੁਣ ਸੰਸਦ ਸੈਸ਼ਨ ਤੋਂ ਬਾਅਦ ਹੀ ਹੋਵੇਗੀ। ਪੰਜਾਬ ਕਾਂਗਰਸ ਹਾਈਕਮਾਨ ਸੰਸਦ ਸੈਸ਼ਨ ਤੋਂ ਬਾਅਦ ਹੀ ਦਿੱਲੀ ਵਿੱਚ ਮੀਟਿੰਗ ਬੁਲਾ ਸਕਦੀ ਹੈ। ਇਸ ਦੌਰਾਨ ਕਾਂਗਰਸ ਲੀਡਰਸ਼ਿਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਜਰਮਨੀ ਦੌਰੇ ’ਤੇ ਜਾਣਗੇ ਰਾਹੁਲ ਗਾਂਧੀ, ਭਾਰਤੀ ਭਾਈਚਾਰੇ ਨਾਲ ਕਰਨਗੇ ਮੁਲਾਕਾਤ



ਨਵੀਂ ਦਿੱਲੀ, 10 ਦਸੰਬਰ (ਚ.ਨ.ਸ.): ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 15 ਤੋਂ 20 ਦਸੰਬਰ ਤੱਕ ਜਰਮਨੀ ਦੌਰੇ ’ਤੇ ਜਾਣਗੇ ਅਤੇ ਇਸ ਦੌਰਾਨ ਉਹ ਭਾਰਤੀ ਭਾਈਚਾਰੇ ਨਾਲ ਮੁਲਾਕਾਤ ਕਰਨ ਦੇ ਨਾਲ-ਨਾਲ ਜਰਮਨ ਸਰਕਾਰ ਦੇ ਮੰਤਰੀਆਂ ਨਾਲ ਵੀ ਗੱਲਬਾਤ ਕਰਨਗੇ। ਪਾਰਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਰਾਹੁਲ ਗਾਂਧੀ 15 ਤੋਂ 20 ਦਸੰਬਰ ਤੱਕ ਜਰਮਨੀ ਦਾ ਦੌਰਾ ਕਰਨਗੇ, ਜਿੱਥੇ ਉਹ ਭਾਰਤੀ ਮੂਲ ਦੇ ਪ੍ਰਵਾਸੀਆਂ ਨਾਲ ਚਰਚਾ ਕਰਨਗੇ ਅਤੇ ਜਰਮਨ ਸਰਕਾਰ ਦੇ ਮੰਤਰੀਆਂ ਨਾਲ ਵੀ ਮੁਲਾਕਾਤ ਕਰਨਗੇ। ਇੰਡੀਅਨ ਓਵਰਸੀਜ਼ ਕਾਂਗਰਸ ਦੀ ਬ੍ਰਿਟੇਨ ਇਕਾਈ ਦੇ ਜਨਰਲ ਸਕੱਤਰ ਵਿਕਰਮ ਦੂਹਨ ਅਨੁਸਾਰ ਰਾਹੁਲ ਗਾਂਧੀ ਦੀ ਜਰਮਨੀ ਯਾਤਰਾ ਭਾਰਤ ਦੀ ਗਲੋਬਲ ਭੂਮਿਕਾ ’ਤੇ ਗੱਲਬਾਤ ਲਈ ਇਕ ਮਹੱਤਵਪੂਰਨ ਮੰਚ ਪ੍ਰਦਾਨ ਕਰੇਗੀ।ਮੰਨਿਆ ਜਾ ਰਿਹਾ ਹੈ ਕਿ ਇਹ ਯਾਤਰਾ ਜਰਮਨ ਸਿਆਸਤਦਾਨਾਂ ਅਤੇ ਪ੍ਰਵਾਸੀ ਭਾਰਤੀਆਂ ਵਿਚਾਲੇ ਵਿਚਾਰਾਂ ਅਤੇ ਮੌਕਿਆਂ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹ ਦੇਵੇਗੀ। ਰਾਹੁਲ ਦੇ ਪ੍ਰਸਤਾਵਿਤ ਦੌਰੇ ਨੂੰ ਲੈ ਕੇ ਇੰਡੀਅਨ ਓਵਰਸੀਜ਼ ਕਾਂਗਰਸ ਨੇ ਪੋਸਟਰ ਵੀ ਜਾਰੀ ਕੀਤਾ ਹੈ। ਜਰਮਨੀ ਦੌਰੇ ਨਾਲ ਸੰਬੰਧਤ ਇਕ ਪੋਸਟਰ ’ਚ ਦੱਸਿਆ ਗਿਆ ਹੈ ਕਿ ਰਾਹੁਲ ਗਾਂਧੀ ਬਰਲਿਨ ’ਚ ਪ੍ਰਵਾਸੀ ਭਾਰਤੀਆਂ ਨਾਲ ਗੱਲਬਾਤ ਕਰਨਗੇ।

# ਪਹਿਲੇ ਸਫ਼ੇ ਦੀ ਬਾਕੀ

## ਜਾਪਾਨ ਅਤੇ ਦੱਖਣੀ ਕੋਰੀਆ ਦਾ ਦੌਰਾ ਸੂਬੇ ਦੀ ਉਦਯੋਗਿਕ

ਭਗਵੰਤ ਸਿੰਘ ਮਾਨ ਨੇ ਕੰਪਨੀ ਨੂੰ ਪੂਰੀ ਸਹੂਲਤ ਅਤੇ ਨੀਤੀਗਤ ਸਹਾਇਤਾ ਦਾ ਭਰੋਸਾ ਦਿੱਤਾ ਅਤੇ ਉਨ੍ਹਾਂ ਨੂੰ ਪੰਜਾਬ ਨਿਵੇਸ਼ ਸੰਮੇਲਨ 2026 ਲਈ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਾਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ (ਜੇ.ਆਈ.ਸੀ.ਏ.) ਦੇ ਦੱਖਣੀ ਏਸ਼ੀਆ ਵਿਭਾਗ ਦੇ ਡਾਇਰੈਕਟਰ ਜਨਰਲ ਯਾਮਾਦਾ ਤਤਸੂਆ ਨੇ ਤਕਨੀਕੀ ਸਹਿਯੋਗ ਅਤੇ ਸਮਰੱਥਾ-ਨਿਰਮਾਣ ਪ੍ਰੋਗਰਾਮਾਂ ਖ਼ਾਸ ਕਰ ਕੇ ਫ਼ਸਲੀ ਵਿਭਿੰਨਤਾ ਵਿੱਚ ਪੰਜਾਬ ਦੀਆਂ ਵਿਕਾਸ ਪਹਿਲਕਦਮੀਆਂ ਦਾ ਸਮੱਰਥਨ ਕਰਨ ਵਿੱਚ ਦਿਲਚਸਪੀ ਦੀ ਪੁਸ਼ਟੀ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਜੇ.ਆਈ.ਸੀ.ਏ. ਨਾਲ ਵਿਚਾਰ-ਵਟਾਂਦਰਾ ਸ਼ਹਿਰੀ ਬੁਨਿਆਦੀ ਢਾਂਚੇ, ਪਾਣੀ ਪ੍ਰਬੰਧਨ ਅਤੇ ਹੁਨਰ ਵਿਕਾਸ ਵਿੱਚ ਸੰਭਾਵੀ ਸਹਿਯੋਗ ’ਤੇ ਕੇਂਦ੍ਰਿਤ ਸੀ। ਉਨ੍ਹਾਂ ਕਿਹਾ ਕਿ ਜੇ.ਆਈ.ਸੀ.ਏ. ਨੇ ਡੂੰਘੀ ਸ਼ਮੂਲੀਅਤ ਅਤੇ ਪ੍ਰੋਜੈਕਟ ਭਾਈਵਾਲੀ ਦੀ ਪੜਚੋਲ ਕਰਨ ਦੀ ਇੱਛਾ ਪ੍ਰਗਟਾਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਟੋਰੇ ਇੰਡਸਟਰੀਜ਼ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਹਾਜੀਮੇ ਇਸ਼ੀ ਨੇ ਪੰਜਾਬ ਦੇ ਆਟੋ ਅਤੇ ਏਅਰੋਸਪੇਸ ਸੈਕਟਰਾਂ ਲਈ ਤਕਨੀਕੀ ਅਤੇ ਟੈਕਸਟਾਈਲ ਖ਼ੇਤਰ ਵਿੱਚ ਦਿਲਚਸਪੀ ਦਿਖਾਈ।

ਮੁੱਖ ਮੰਤਰੀ ਨੇ ਕਿਹਾ ਕਿ ਪਾਰਲੀਮੈਂਟਰੀ ਵਾਈਸ ਮਨਿਸਟਰ ਇਕਾਨਮੀ, ਟਰੇਡ ਤੇ ਇੰਡਸਟਰੀ ਕੋਮੋਰੀ ਤਾਕੂਓ ਨੇ ਜਾਪਾਨੀ ਫਰਮਾਂ ਨੂੰ ਇਨਵੈਸਟ ਪੰਜਾਬ ਨਾਲ ਜੋੜਨ ਲਈ ਤਾਲਮੇਲ ਜਾਰੀ ਰੱਖਣ ’ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਫੁਜਿਤਸੂ ਲਿਮਟਿਡ ਦੇ ਤਕਨਾਲੋਜੀ ਵਪਾਰ ਪ੍ਰਬੰਧਨ ਯੂਨਿਟ ਦੇ ਮੁਖੀ ਜੁੰਗੋ ਓਕਾਈ ਨੇ ਡਿਜੀਟਲ ਗਵਰਨੈਂਸ ਸਾਲਿਊਸ਼ਨਜ਼ ਵਿੱਚ ਦਿਲਚਸਪੀ ਦਿਖਾਈ ਅਤੇ ਭਰੋਸਾ ਦਿੱਤਾ ਕਿ ਉਹ ਭਾਰਤ ਵਿੱਚ ਭਵਿੱਖ ਦੇ ਪ੍ਰਾਜੈਕਟਾਂ ਲਈ ਮੋਹਾਲੀ ਦੀ ਚੋਣ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਜਾਪਾਨ ਫੇਰੀ ਦੇ ਦੂਜੇ ਦਿਨ ਦੀ ਸ਼ੁਰੂਆਤ ਐਨ.ਈ.ਸੀ. ਕਾਰਪੋਰੇਸ਼ਨ ਨਾਲ ਮੀਟਿੰਗ ਨਾਲ ਹੋਈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਸਹਿਯੋਗ ਵਪਾਰ ਵਿਭਾਗ ਦੇ ਡਾਇਰੈਕਟਰ ਮਕੋਟੋ ਨੋਡਾ ਅਤੇ ਮੈਨੇਜਰ ਮਿਹੋ ਹਾਰਾ ਨੇ ਪੰਜਾਬ ਦੀਆਂ ਡਿਜੀਟਲ ਪਹਿਲਕਦਮੀਆਂ ਅਤੇ ਉਦਯੋਗਿਕ ਆਟੋਮੇਸ਼ਨ ਮੌਕਿਆਂ ਵਿੱਚ ਦਿਲਚਸਪੀ ਦਿਖਾਈ ਅਤੇ ਕੰਪਨੀ ਸਹਿਯੋਗ ਲਈ ਪੰਜਾਬ ਦੇ ਆਈ.ਟੀ. ਈਕੋ-ਸਿਸਟਮ ਦਾ ਮੁਲਾਂਕਣ ਕਰਨ ਲਈ ਸਹਿਮਤ ਹੋਈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਬਾਅਦ ਵਿੱਚ ਦਿਨ ਵਿੱਚ 250 ਤੋਂ ਵੱਧ ਭਾਗੀਦਾਰਾਂ, ਜਿਨ੍ਹਾਂ ਵਿੱਚ ਜਾਪਾਨੀ ਉਦਯੋਗ ਅਤੇ ਵਪਾਰਕ ਸੰਸਥਾਵਾਂ ਦੇ ਸੀਨੀਅਰ ਪ੍ਰਤੀਨਿਧ ਸ਼ਾਮਲ ਸਨ, ਨੇ ਟੋਕੀਓ ਰੋਡ ਸ਼ੋਅ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਡੀ.ਜੀ. ਜੈਟਰੋ ਇੰਡੀਆ ਸੁਜ਼ੂਕੀ ਤਾਕਾਸ਼ੀ ਦੀ ਮਜ਼ਬੂਤ ਸੰਸਥਾਗਤ ਭਾਗੀਦਾਰੀ, ਭਾਰਤ-ਜਾਪਾਨ ਆਰਥਿਕ ਸਬੰਧਾਂ ਲਈ ਉੱਚ ਪੱਧਰੀ ਸਮਰਥਨ ਨੂੰ ਦਰਸਾਉਂਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੀਰੋ ਮੋਟੋਕਾਰਪ (ਸੁਮਿਤੋਮੋ ਅਤੇ ਕਿਰੀਯੂ ਕਾਰਪੋਰੇਸ਼ਨ), ਵਰਧਮਾਨ ਸਪੈਸ਼ਲ ਸਟੀਲਜ਼ (ਆਈਚੀ ਸਟੀਲ) ਅਤੇ ਐਕਸਐਲ ਸਕਾਊਟ ਦੁਆਰਾ ਸਾਂਝੇ ਕੀਤੇ ਗਏ ਤਜਰਬਿਆਂ ਨੇ ਪੰਜਾਬ ਵਿੱਚ ਸਫ਼ਲ ਸਾਂਝੇਦਾਰੀ ਦੀ ਮਿਸਾਲ ਪੇਸ਼ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਸੁਮਿਤੋਮੋ ਕਾਰਪੋਰੇਸ਼ਨ ਅਤੇ ਕਿਰੀਯੂ ਕਾਰਪੋਰੇਸ਼ਨ ਨਾਲ ਮੁਲਾਕਾਤ ਦੌਰਾਨ ਕੰਪਨੀ ਦੇ ਨੁਮਾਇੰਦਿਆਂ ਜਿਨ੍ਹਾਂ ਵਿੱਚ ਸ਼ੋਹੀ ਯੋਸ਼ੀਦਾ, ਯੋਸ਼ਿਤੋ ਮਿਆਜ਼ਾਕੀ, ਟੋਮੋ ਟੋਜ਼ਾਵਾ, ਹਿਰੋਕੀ ਯਾਸੂਕਾਵਾ ਅਤੇ ਕਿਟਾਰੂ ਸ਼ਿਮਿਜ਼ੂ ਸ਼ਾਮਲ ਸਨ, ਨੇ ਪੰਜਾਬ ਵਿੱਚ ਹੀਰੋ ਮੋਟੋਕਾਰਪ ਨਾਲ ਆਪਣੇ ਮੌਜੂਦਾ ਸਹਿਯੋਗ ਰਾਹੀਂ ਸਕਾਰਾਤਮਕ ਤਜਰਬੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਉਹ ਭਵਿੱਖੀ ਪ੍ਰੋਜੈਕਟਾਂ ਲਈ ਪੰਜਾਬ ਦੇ ਉਦਯੋਗਿਕ ਕਲੱਸਟਰਾਂ ਦਾ ਮੁਲਾਂਕਣ ਕਰਨ ਅਤੇ ਤਕਨਾਲੋਜੀ ਪਹਿਲਕਦਮੀਆਂ ਲਈ ਮੋਹਾਲੀ ਬਾਰੇ ਵਿਚਾਰ ਕਰਨ ਲਈ ਸਹਿਮਤੀ ਬਣਾਈ ਅਤੇ ਪੰਜਾਬ ਨਾਲ ਹੋਰ ਡੂੰਘੇ ਸਬੰਧਾਂ ਦਾ ਭਰੋਸਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਟੋਪਨ ਹੋਲਡਿੰਗਜ਼ ਨਾਲ ਮੀਟਿੰਗ ਦੌਰਾਨ ਕੰਪਨੀ ਦੇ ਨੁਮਾਇੰਦਿਆਂ, ਜਿਨ੍ਹਾਂ ਵਿੱਚ ਸਤੋਸੀ ਓਇਆ ਪ੍ਰਧਾਨ ਅਤੇ ਮਾਸਾਹੀਕੋ ਤਾਕੇਵਾਕੀ ਪ੍ਰਬੰਧ ਕਾਰਜਕਾਰੀ ਅਧਿਕਾਰੀ ਸ਼ਾਮਲ ਸਨ, ਨੇ ਰਸਮੀ ਤੌਰ ’ਤੇ 300-400 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਨਾਲ ਆਪਣੀ ਪੰਜਾਬ ਸਥਿਤ ਕੰਪਨੀ ਦਾ ਵਿਸਥਾਰ ਕਰਨ ਲਈ ਦਿਲਚਸਪੀ ਦਿਖਾਈ।

ਮੁੱਖ ਮੰਤਰੀ ਨੇ ਕਿਹਾ ਕਿ ਟੋਪਨ ਅਤੇ ਇਨਵੈਸਟ ਪੰਜਾਬ ਦਰਮਿਆਨ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਸਾਰ ‘ਸਕਿੱਲਿੰਗ ਐਕਸੀਲੈਂਸ ਸੈਂਟਰ’ ਵਿਕਸਤ ਕਰਨ ਲਈ ਸਮਝੌਤਾ ਸਹੀਬੰਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਅਤੇ ਸਥਾਨਕ ਭਾਈਵਾਲਾਂ ਨਾਲ ਮੀਟਿੰਗ ਦੌਰਾਨ ਲੰਬੇ ਸਮੇਂ ਦੀ ਭਾਈਵਾਲੀ ਬਣਾਉਣ ਲਈ ਪਰਵਾਸੀ ਭਾਰਤੀਆਂ ਨਾਲ ਰਿਸ਼ਤਿਆਂ ਨੂੰ ਮਜਬੂਤ ਕਰਨ ’ਤੇ ਧਿਆਨ ਕੇਂਦਰਿਤ ਕੀਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਿਰਮਾਣ, ਤਕਨਾਲੋਜੀ ਅਤੇ ਸੇਵਾਵਾਂ ਵਰਗੇ ਮੁੱਖ ਖੇਤਰਾਂ ਵਿੱਚ ਪਰਵਾਸੀ ਭਾਰਤੀਆਂ ਦੀ ਅਗਵਾਈ ਵਾਲੇ ਨਿਵੇਸ ਨੂੰ ਉਤਸਾਹਿਤ ਕਰਨ ’ਤੇ ਵੀ ਜ਼ੋਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਤੀਜੇ ਦਿਨ ਆਈਚੀ ਸਟੀਲ ਦੇ ਮੁੱਖ ਦਫਤਰ ਵਿਖੇ ਮੀਟਿੰਗ ਹੋਈ ਜਿਸ ਵਿੱਚ ਚੇਅਰਮੈਨ ਫੁਜੀਓਕਾ ਤਾਕਾਹਿਰੋ ਅਤੇ ਪ੍ਰਧਾਨ ਇਟੋ ਤੋਸੀਓ ਨੇ ਸੰਮੇਲਨ ਦੇ ਸੱਦੇ ਦਾ ਸਵਾਗਤ ਕੀਤਾ ਕਰਦਿਆਂ ਮਜ਼ਬੂਤ ਰਿਸ਼ਤਿਆਂ ਅਤੇ ਵਿਆਪਕ ਨਿਵੇਸ਼ ਵਿੱਚ ਦਿਲਚਸਪੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਆਈਚੀ ਸਟੀਲ ਅਤੇ ਵਰਧਮਾਨ ਸਪੈਸ਼ਲ ਸਟੀਲਜ਼ ਨੇ ਪੰਜਾਬ ਵਿੱਚ ਨਿਵੇਸ਼ ਕਾਰਜਾਂ ਦਾ ਸਾਂਝੇ ਤੌਰ ’ਤੇ ਅਧਿਐਨ ਕਰਨ ਲਈ ਸਮਝੌਤਾ ਸਹੀਬੰਦ ਕੀਤਾ, ਜਿਸ ਵਿੱਚ 500 ਕਰੋੜ ਰੁਪਏ ਦੇ ਨਿਵੇਸ ਲਈ ਮੁਲਾਂਕਣ ਕਰਨਾ ਸਾਮਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਝੌਤੇ ਵਿੱਚ ਆਈਚੀ ਵੱਲੋਂ ਤਕਨੀਕੀ ਸਹਿਯੋਗ ਅਤੇ ਵਰਧਮਾਨ ਵੱਲੋਂ ਜ਼ਮੀਨ ’ਤੇ ਯੂਨਿਟ ਦੀ ਸਥਾਪਨਾ ਅਤੇ ਪ੍ਰਵਾਨਗੀਆਂ ਸਾਮਲ ਹਨ ਅਤੇ ਸੂਬਾ ਸਰਕਾਰ ਨੇ ਪੰਜਾਬ ਵਿੱਚ ਮੌਜੂਦਾ ਜਾਪਾਨੀ ਕੰਪਨੀਆਂ ਨੂੰ ਪੂਰਾ ਸਮੱਰਥਨ ਦੇਣ ਅਤੇ ਤਰਜੀਹੀ ਵਿਕਾਸ ਦਾ ਭਰੋਸਾ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਯਾਨਮਾਰ ਹੋਲਡਿੰਗਜ਼ ਕੰਪਨੀ ਲਿਮਟਿਡ ਨਾਲ ਮੀਟਿੰਗ ਦੌਰਾਨ ਸੀ.ਓ.ਓ. ਤੇਤਸੁਆ ਯਾਮੋਟੋ, ਪ੍ਰਧਾਨ ਕੇਮਲ ਸੋਸੀ ਅਤੇ ਸੀ.ਐਮ.ਡੀ. ਵਰੁਣ ਖੰਨਾ ਨੇ ਸੋਨਾਲੀਕਾ ਨਾਲ ਸਾਂਝੇਦਾਰੀ ਅਤੇ ਕਲਾਸ ਪਲਾਂਟ ਪ੍ਰਾਪਤੀ ਦਾ ਹਵਾਲਾ ਦਿੰਦੇ ਹੋਏ ਪੰਜਾਬ ਵਿੱਚ ਸਕਾਰਾਤਮਕ ਤਜਰਬੇ ਦਾ ਵਿਸ਼ੇਸ਼ ਤੌਰ ’ਤੇ ਵਰਨਣ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਖੇਤੀਬਾੜੀ-ਤਕਨੀਕ ਅਤੇ ਸਹਾਇਕ ਖੇਤਰਾਂ ਵਿੱਚ ਵਿਸਥਾਰ ਲਈ ਪ੍ਰਗਤੀਸੀਲ ਯੋਜਨਾਵਾਂ ਵੀ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਯਾਨਮਾਰ ਦੀਆਂ ਭਵਿੱਖੀ ਪਹਿਲਕਦਮੀਆਂ ਲਈ ਪੂਰਾ ਸਮਰਥਨ ਅਤੇ ਸਹੂਲਤ ਦਾ ਭਰੋਸਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਜਾਬ ਵਿੱਚ ਖੋਜ ਅਤੇ ਵਿਕਾਸ ਸਥਾਪਨਾ ਸਮੇਤ ਡੂੰਘੇ ਸਬੰਧਾਂ ਦੀ ਪੜਚੋਲ ਕਰਨ ਲਈ ਵੀ ਸਹਿਮਤ ਹੋਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਜਾਪਾਨ ਦੌਰੇ ਦੇ ਆਖਰੀ ਦਿਨ ਉਹ ਓਸਾਕਾ ਵਿੱਚ ਏਅਰ ਵਾਟਰ ਇੰਕ. ਦੇ ਨੁਮਾਇੰਦਿਆਂ ਨਾਲ ਮਿਲੇ ਸਨ, ਜਿਸ ਦੌਰਾਨ ਭਾਰਤ ਅਤੇ ਏਸੀਆ ਡਿਵੀਜਨ ਦੇ ਮੁਖੀ ਕੇਨ ਸ਼ਿਮਿਜ਼ੂ ਅਤੇ ਨਾਓਕੀ ਓਈ ਨੇ ਬਾਇਓ-ਮੀਥੇਨ ਅਤੇ ਵਿਸੇਸ ਗੈਸਾਂ ਵਿੱਚ ਮੌਕਿਆਂ ਨੂੰ ਸਵੀਕਾਰ ਕਰਦੇ ਹੋਏ ਪੰਜਾਬ ਦੇ ਸਾਫ ਊਰਜਾ ਅਤੇ ਉਦਯੋਗਿਕ ਕਲੱਸਟਰਾਂ ਵਿੱਚ ਦਿਲਚਸਪੀ ਦਿਖਾਈ। ਉਨ੍ਹਾਂ ਕਿਹਾ ਕਿ ਉਹ ਟਿਕਾਊ ਊਰਜਾ ਅਤੇ ਪਾਣੀ ਸੋਧਣ ਦੇ ਹੱਲ ਸਮੇਤ ਭਵਿੱਖ ਦੇ ਪ੍ਰੋਜੈਕਟਾਂ ਲਈ ਪੰਜਾਬ ਵਿੱਚ ਸੰਭਾਵਨਾਵਾਂ ਤਲਾਸ਼ਣ ਲਈ ਵੀ ਸਹਿਮਤ ਹੋਏ ਹਨ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਓਸਾਕਾ ਚੈਂਬਰ ਆਫ ਕਾਮਰਸ ਨਾਲ ਮੀਟਿੰਗ ਦੌਰਾਨ ਪ੍ਰਧਾਨ ਇਓਚੀ ਸੇਤਸੁਓ, ਡਾਇਰੈਕਟਰ ਤਾਕਾਯੋਸੀ ਨੇਗੋਰੋ, ਮੈਨੇਜਰ ਇੰਟਰਨੈਸਨਲ ਡਿਵੀਜਨ ਕੈਂਟਾਰੋ ਨਾਗਾਓ ਨੇ ਪੰਜਾਬ ਦੇ ਵਫਦ ਦਾ ਸਵਾਗਤ ਕੀਤਾ ਅਤੇ ਭਾਰਤ-ਜਾਪਾਨ ਵਪਾਰਕ ਸਬੰਧਾਂ ਨੂੰ ਵਧਾਉਣ ਵਿੱਚ ਡੂੰਘੀ ਦਿਲਚਸਪੀ ਪ੍ਰਗਟਾਈ।

ਮੁੱਖ ਮੰਤਰੀ ਨੇ ਕਿਹਾ ਕਿ ਓ.ਸੀ.ਸੀ.ਆਈ. ਵਿਖੇ ਭਾਰਤ ਨਾਲ ਸਬੰਧਤ ਸਰਗਰਮੀਆਂ ਲਈ ਨਾਗਾਓ ਕੇਂਦਰ ਬਿੰਦੂ ਹੋਵੇਗਾ। ਉਨ੍ਹਾਂ ਕਿਹਾ ਕਿ ਓ.ਸੀ.ਸੀ.ਆਈ. ਨੇ ਭਾਰਤ ਨਾਲ ਵਪਾਰ ਕਰਨ ਅਤੇ ਭਾਰਤੀ ਪ੍ਰਤਿਭਾ ਨੂੰ ਪ੍ਰਾਪਤ ਕਰਨ ਵਿੱਚ ਜਾਪਾਨੀ ਕੰਪਨੀਆਂ ਵਿੱਚ ਵੱਧ ਰਹੀ ਦਿਲਚਸਪੀ ਨੂੰ ਸਵੀਕਾਰ ਕੀਤਾ ਅਤੇ ਨਾਲ ਹੀ ਜਾਪਾਨ ਵਿੱਚ ਭਾਰਤੀ ਨਿਵੇਸ ਦਾ ਸਵਾਗਤ ਵੀ ਕੀਤਾ। ਉਨ੍ਹਾਂ ਕਿਹਾ ਕਿ ਉਹ ਇਨਵੈਸਟ ਪੰਜਾਬ ਨਾਲ ਨੇੜਿਓਂ ਤਾਲਮੇਲ ਬਣਾਈ ਰੱਖਣ ਅਤੇ ਢਾਂਚਾਗਤ ਸਹਿਯੋਗ ਦੀ ਪੜਚੋਲ ਕਰਨ ਲਈ ਸਹਿਮਤ ਹੋਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਟੋਕੁਸੀਮਾ ਆਕਸ਼ਨ ਮਾਰਕੀਟ ਐਂਡ ਗਲੋਬਲ ਵੈਂਚਰ ਕੰਪਨੀ ਲਿਮਟਿਡ ਨਾਲ ਮੀਟਿੰਗ ਵਿੱਚ ਸੀ.ਈ.ਓ. ਅਤੇ ਪ੍ਰਧਾਨ ਯੋਸੀਹਿਸਾ ਅਰਾਈ ਨੇ ਖੇਤੀਬਾੜੀ ਮੰਡੀ ਦੇ ਵਿਕਾਸ ਪ੍ਰੋਜੈਕਟਾਂ ਲਈ ਪੰਜਾਬ ਵਿੱਚ ਸੰਭਾਵਨਾਵਾਂ ਤਲਾਸ਼ਣ ਵਿੱਚ ਦਿਲਚਸਪੀ ਪ੍ਰਗਟਾਈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਆਕਸ਼ਨ ਸਿਸਟਮ ਅਤੇ ਖੇਤੀਬਾੜੀ-ਲੌਜਿਸਟਿਕਸ ਵਿੱਚ ਤਕਨਾਲੋਜੀ ਦਾ ਆਦਾਨ-ਪ੍ਰਦਾਨ ਕਰਨ ਅਤੇ ਸਾਂਝੇ ਉੱਦਮਾਂ ਲਈ ਮੌਕਿਆਂ ਦਾ ਮੁਲਾਂਕਣ ਕਰਨ ਲਈ ਵੀ ਸਹਿਮਤ ਹੋਏ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਅਤੇ ਸਥਾਨਕ ਭਾਈਵਾਲਾਂ ਨਾਲ ਭਾਈਚਾਰਕ ਮਿਲਣੀ ਦੌਰਾਨ ਲੰਬੇ ਸਮੇਂ ਦੀ ਭਾਈਵਾਲੀ ਬਣਾਉਣ ਲਈ ਪਰਵਾਸੀਆਂ ਨਾਲ ਸਬੰਧਾਂ ਨੂੰ ਮਜਬੂਤ ਕਰਨ ’ਤੇ ਧਿਆਨ ਕੇਂਦਰਿਤ ਕੀਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੀਟਿੰਗ ਦੌਰਾਨ ਨਿਰਮਾਣ, ਤਕਨਾਲੋਜੀ ਅਤੇ ਸੇਵਾਵਾਂ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਪਰਵਾਸੀਆਂ ਦੀ ਅਗਵਾਈ ਵਾਲੇ ਨਿਵੇਸ਼ ਨੂੰ ਵੀ ਉਤਸਾਹਿਤ ਕੀਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਓਸਾਕਾ ਰੋਡ ਸੋਅ ਵਿੱਚ ਓਸਾਕਾ ਖੇਤਰ ਦੀਆਂ ਚੋਟੀ ਦੀਆਂ ਕੰਪਨੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ ਅਤੇ ਡੀ.ਜੀ. ਜੇਟਰੋ, ਓਸਾਕਾ ਪ੍ਰੀਫੈਕਚਰਲ ਗੌਰਮਿੰਟ ਅਤੇ ਐਮ.ਈ.ਟੀ.ਆਈ. ਕਾਂਸਾਈ ਤੋਂ ਮਜਬੂਤ ਸੰਸਥਾਗਤ ਭਾਈਵਾਲੀ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਕਿਹਾ ਕਿ 80 ਤੋਂ ਵੱਧ ਡੈਲੀਗੇਟਾਂ ਨੇ ਰੋਡ ਸੋਅ ਵਿੱਚ ਸ਼ਿਰਕਤ ਕੀਤੀ, ਜਿਸ ਨਾਲ ਭਵਿੱਖ ਦੇ ਨਿਵੇਸ ਦੀ ਸੰਭਾਵਨਾ ਮਜਬੂਤ ਹੋਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਰੀਆ ਗਣਰਾਜ ਦੀ ਯਾਤਰਾ ਸਿਓਲ ਵਿੱਚ ਭਾਰਤੀ ਦੂਤਾਵਾਸ ਦੇ ਰਾਜਦੂਤ ਗੌਰੰਗਲਾਲ ਦਾਸ ਨਾਲ ਮੁਲਾਕਾਤ ਨਾਲ ਸੁਰੂ ਹੋਈ ਜਿਸ ਦੌਰਾਨ ਉਨ੍ਹਾਂ ਨੇ ਦੱਖਣੀ ਕੋਰੀਆ ਨਾਲ ਆਰਥਿਕ ਤੇ ਤਕਨੀਕੀ ਭਾਈਵਾਲੀ ਲਈ ਪੰਜਾਬ ਦਾ ਰੋਡਮੈਪ ਸਾਂਝਾ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਨਿਵੇਸ ਅਤੇ ਸਹਿਯੋਗ ਲਈ ਕਈ ਖੇਤਰਾਂ ਵਿੱਚ ਮੌਕਿਆਂ ’ਤੇ ਵੀ ਜ਼ੋਰ ਦਿੱਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਉੱਤਰੀ ਭਾਰਤ ਵਿੱਚ ਵਿਸਵ ਵਿਆਪੀ ਕਾਰੋਬਾਰ ਲਈ ਮੁਕਾਬਲੇਬਾਜੀ ਅਤੇ ਰਣਨੀਤਕ ਸਥਾਨ ਵਜੋਂ ਪੰਜਾਬ ਦੀ ਸਥਿਤੀ ਨੂੰ ਮਜਬੂਤੀ ਨਾਲ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਵਿੱਚ ਸਿਓਲ ਵਿਖੇ ਪਰਵਾਸੀ ਭਾਰਤੀਆਂ ਨਾਲ ਮਿਲਣੀ ਕੀਤੀ, ਜਿਸ ਵਿੱਚ ਪੰਜਾਬੀ ਭਾਈਚਾਰੇ ਨੇ ਵਫਦ ਦਾ ਸਵਾਗਤ ਕੀਤਾ ਅਤੇ ਪੰਜਾਬ ਦੀ ਵਿਸਵ ਵਿਆਪੀ ਪਹੁੰਚ ’ਤੇ ਮਾਣ ਪ੍ਰਗਟ ਕੀਤਾ।

ਮੁੱਖ ਮੰਤਰੀ ਨੇ ਦੱਖਣੀ ਕੋਰੀਆ ਦੇ ਨਿਵੇਸਕਾਂ ਤੱਕ ਪੰਜਾਬ ਨੂੰ ਉਤਸ਼ਾਹਿਤ ਕਰਨ ਵਿੱਚ ਪਰਵਾਸੀਆਂ ਭਾਰਤੀਆਂ ਨੂੰ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਪਾਸੋਂ ਫੂਡ ਪ੍ਰੋਸੈਸਿੰਗ ਸੈਕਟਰ ਬਾਰੇ ਜਾਣਕਾਰੀ ਹਾਸਲ ਕੀਤੀ ਗਈ। ਉਨ੍ਹਾਂ ਕਿਹਾ ਕਿ ਡਾਇਵੂ ਈ ਐਂਡ ਸੀ ਨਾਲ ਮੀਟਿੰਗ ਦੌਰਾਨ ਚੇਅਰਮੈਨ ਜੰਗ ਵੌਨ-ਜੂ, ਸੀਨੀਅਰ ਵਾਈਸ ਪ੍ਰੈਜ਼ੀਡੈਂਟ ਰਯੂ ਯੰਗ-ਮਿਨ, ਬਿਜਨਸ ਡਿਵੈਲਪਮੈਂਟ ਮੈਨੇਜਰ ਬਾਏਕ ਇੰਸੂ, ਟੀਮ ਲੀਡਰ ਕਿਮ ਹੋ-ਜੂਨ ਅਤੇ ਬਿਜਨਸ ਡਿਵੈਲਪਮੈਂਟ ਮੈਨੇਜਰ ਕਿਮ ਡੇ-ਯੇਨ ਨੇ ਪੰਜਾਬ ਦੀਆਂ ਵਿਕਾਸ ਯੋਜਨਾਵਾਂ ਅਤੇ ਮੌਕਿਆਂ ਵਿੱਚ ਦਿਲਚਸਪੀ ਦਿਖਾਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਉਦਯੋਗਿਕ ਆਧੁਨਿਕੀਕਰਨ ਨੂੰ ਤੇਜ ਕਰਨ ਲਈ ਵਿਸ਼ਵ ਵਿਆਪੀ ਭਾਈਵਾਲੀ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਜੀ.ਐਸ. ਈ.ਐਨ.ਸੀ. ਨਾਲ ਮੀਟਿੰਗ ਦੌਰਾਨ ਕੰਪਨੀ ਦੇ ਨੁਮਾਇੰਦਿਆਂ ਜਿਨ੍ਹਾਂ ਵਿੱਚ ਵਾਈਸ ਪ੍ਰੈਜੀਡੈਂਟ ਯੰਗ ਹਾ ਰਯੂ (ਡੈਨੀਅਲ) ਅਤੇ ਮੈਨੇਜਰ ਕਿਮ ਜਿਨ-ਵੂਕ ਸਾਮਲ ਹਨ, ਨੇ ਈ.ਪੀ.ਸੀ., ਨਵਿਆਉਣਯੋਗ ਊਰਜਾ ਅਤੇ ਭਾਰਤ ਵਿੱਚ ਚੱਲ ਰਹੇ ਪ੍ਰੋਜੈਕਟਾਂ (ਸੂਰਜੀ, ਹਵਾ, ਬੈਟਰੀ ਸਟੋਰੇਜ) ਵਿੱਚ ਮੁਹਾਰਤ ਦਿਖਾਈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਤਕਨਾਲੋਜੀ ਦੇ ਬਦਲ ’ਤੇ ਚਰਚਾ ਕਰਨ ਤੋਂ ਇਲਾਵਾ ਬਾਇਓਮਾਸ ਅਤੇ ਬੈਟਰੀ ਸਟੋਰੇਜ ਲਾਗਤਾਂ ਵਿੱਚ ਚੁਣੌਤੀਆਂ ਨੂੰ ਵੀ ਉਜਾਗਰ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੱਖਣੀ ਕੋਰੀਆ ਦੌਰੇ ਦੀ ਇੱਕ ਹੋਰ ਮਹੱਤਵਪੂਰਨ ਵਿਸੇਸਤਾ ਨੋਂਗਸ਼ਿਮ ਨਾਲ ਮੁਲਾਕਾਤ ਸੀ, ਜਿਸ ਵਿੱਚ ਕੰਪਨੀ ਨੇ ਭਾਰਤ ਨੂੰ ਤਰਜੀਹੀ ਵਾਲੇ ਬਾਜਾਰ ਵਜੋਂ ਸਵੀਕਾਰ ਕੀਤਾ ਅਤੇ ਭਵਿੱਖ ਦੇ ਵਿਸਥਾਰ ਲਈ ਪੰਜਾਬ ਵਿੱਚ ਦਿਲਚਸਪੀ ਦਿਖਾਈ।

ਮੁੱਖ ਮੰਤਰੀ ਨੇ ਕਿਹਾ ਕਿ ਐਕਸਪੋਰਟ ਸੇਅਰ ਪਾਲਿਸੀ ਦੇ ਅਨੁਸਾਰ ਪੰਜਾਬ ਵਿੱਚ ਨਿਰਮਾਣ ਯੂਨਿਟ ਦਾ ਮੁਲਾਂਕਣ ਕਰਨਾ ਸਾਮਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਕਾਰੋਬਾਰ ਕਰਨ ਵਿੱਚ ਸੌਖ ਬਾਰੇ ਕਾਨੂੰਨੀ ਫਰਮਾਂ ਨਾਲ ਮੀਟਿੰਗਾਂ ਵੀ ਕੀਤੀਆਂ ਅਤੇ ਗੋਲਮੇਜ ਵਿੱਚ ਦੱਖਣੀ ਕੋਰੀਆ ਦੀਆਂ ਪ੍ਰਮੁੱਖ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੇ 42 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਚੋਟੀ ਦੀਆਂ ਕਾਨੂੰਨ ਫਰਮਾਂ ਅਤੇ ਉਦਯੋਗ ਐਸੋਸੀਏਸ਼ਨਾਂ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਦੱਖਣੀ ਕੋਰੀਆ ਉਦਯੋਗ ਦੇ ਆਗੂਆਂ ਨੇ ਉੱਤਰੀ ਭਾਰਤ ਲਈ ਪੰਜਾਬ ਵਿੱਚ ਨਿਰਮਾਣ ਤੇ ਖੋਜ ਅਤੇ ਵਿਕਾਸ ਹੱਬ ਵਜੋਂ ਸੰਭਾਵਨਾਵਾਂ ਤਲਾਸ਼ਣ ਵਿੱਚ ਡੂੰਘੀ ਦਿਲਚਸਪੀ ਦਿਖਾਈ। ਮੁੱਖ ਮੰਤਰੀ ਨੇ ਕਿਹਾ ਕਿ ਉਸੇ ਦਿਨ ਉਨ੍ਹਾਂ ਨੇ ਪੈਂਗਯੋ ਟੈਕਨੋ ਵੈਲੀ ਦਾ ਵੀ ਦੌਰਾ ਕੀਤਾ, ਜਿੱਥੇ ਅਧਿਕਾਰੀਆਂ ਨੇ ਪੈਂਗਯੋ ਦੇ ਨਿਵੇਕਲੇ ਮਾਡਲ ਅਤੇ ਐਕਸਲੇਟਰ ਪ੍ਰੋਗਰਾਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਢਾਂਚਾਗਤ ਪ੍ਰੋਗਰਾਮਾਂ, ਸਪੈਸ਼ਲ ਟੈਸਟ ਬੈੱਡ ਅਤੇ ਪ੍ਰਦਰਸ਼ਨ-ਅਧਾਰਿਤ ਮੁਲਾਂਕਣ ਵਿਧੀਆਂ ਦਾ ਨਿਰੀਖਣ ਕੀਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਮੋਹਾਲੀ ਵਿੱਚ ਸਟਾਰਟਅੱਪ, ਖੋਜ ਤੇ ਵਿਕਾਸ ਅਤੇ ਹੁਨਰਮੰਦ ਰੁਜ਼ਗਾਰ ਦੇ ਮੌਕਿਆਂ ਨੂੰ ਹੁਲਾਰਾ ਦੇਣ ਲਈ ਅਜਿਹੇ ਢਾਂਚੇ ਨੂੰ ਲਾਗੂ ਕਰਨ ਦੀ ਸੰਭਾਵਨਾ ਤਲਾਸ਼ੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਰੀਆ ਡਿਸਪਲੇ ਇੰਡਸਟਰੀ ਐਸੋਸੀਏਸਨ (ਕੇ.ਡੀ.ਆਈ.ਏ.) ਨਾਲ ਮੀਟਿੰਗ ਦੌਰਾਨ ਐਸੋਸੀਏਸਨ ਨੇ ਇਲੈਕਟ੍ਰਾਨਿਕਸ ਅਤੇ ਡਿਸਪਲੇ-ਟੈਕਨਾਲੋਜੀ ਈਕੋ-ਸਿਸਟਮ ਵਿਕਸਤ ਕਰਨ ਵਿੱਚ ਪੰਜਾਬ ਦੀ ਦਿਲਚਸਪੀ ਦੀ ਸ਼ਲਾਘਾ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਇਲੈਕਟ੍ਰਾਨਿਕਸ ਅਤੇ ਡਿਸਪਲੇ-ਟੈਕਨਾਲੋਜੀ ਈਕੋ-ਸਿਸਟਮ ਵਿਕਸਤ ਕਰਨ ਵਿੱਚ ਪੰਜਾਬ ਦੀ ਦਿਲਚਸਪੀ ਦੀ ਸ਼ਲਾਘਾ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਸਿਓਲ ਵਿਖੇ ਤੀਜੇ ਦਿਨ ਪੰਜਾਬ ਨਿਵੇਸ ਰੋਡ ਸੋਅ ਹੋਇਆ, ਜਿਸ ਵਿੱਚ ਭਾਰਤੀ ਰਾਜਦੂਤ ਨੇ ਪੰਜਾਬ ਦੀ ਸਰਗਰਮ ਨਿਵੇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਭਾਰਤ-ਕੋਰੀਆ ਉਦਯੋਗਿਕ ਸਹਿਯੋਗ ਲਈ ਦੂਤਾਵਾਸ ਦੇ ਸਮਰਥਨ ਨੂੰ ਜਾਰੀ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਸੁੰਜਿਨ ਦੇ ਮੈਨੇਜਿੰਗ ਡਾਇਰੈਕਟਰ ਨੇ ਮੋਹਾਲੀ ਅਤੇ ਚੰਡੀਗੜ੍ਹ ਦੀ ਸ਼ਾਨਦਾਰ ਜੀਵਨ ਜਾਚ ਲਈ ਪ੍ਰਸੰਸਾ ਕੀਤੀ ਅਤੇ ਇਨਵੈਸਟ ਪੰਜਾਬ ਦੀ ਪੇਸੇਵਰ ਪਹੁੰਚ ਦੀ ਸ਼ਲਾਘਾ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਰੋਡ ਸ਼ੋਅ ਵਿੱਚ ਪ੍ਰਮੁੱਖ ਕੋਰੀਆਈ ਅਤੇ ਅੰਤਰਰਾਸਟਰੀ ਸੰਗਠਨਾਂ ਦੇ ਸੀਨੀਅਰ ਨੁਮਾਇੰਦੇ ਸਾਮਲ ਹੋਏ, ਜਿਨ੍ਹਾਂ ਵਿੱਚ ਬਲੂਮਬਰਗ, ਬ੍ਰਿਕਸ ਇੰਡੀਆ ਟ੍ਰੇਡ ਪ੍ਰਾਈਵੇਟ ਲਿਮਟਿਡ, ਕਿਮ ਐਂਡ ਚਾਂਗ, ਸ਼ਿਨ ਐਂਡ ਕਿਮ ਐਲ.ਐਲ.ਸੀ., ਕੋਤਰਾ, ਡੇਯੌਂਗ ਕਾਰਪੋਰੇਸ਼ਨ, ਗਾਵੋਨ ਇੰਟਰਨੈਸ਼ਨਲ, ਟੈਗਹਾਈਵੇਅ, ਪੰਜਾਬੀ ਐਸੋਸੀਏਸ਼ਨ ਆਫ ਕੋਰੀਆ ਅਤੇ ਹੋਰ ਸਾਮਲ ਸਨ, ਜੋ ਪੰਜਾਬ ਨਾਲ ਸਾਂਝ ਵਿੱਚ ਮਜਬੂਤ ਸੰਸਥਾਗਤ ਦਿਲਚਸਪੀ ਦਾ ਪ੍ਰਗਟਾਵਾ ਕਰਦੇ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸਿਓਲ ਬਿਜਨਸ ਏਜੰਸੀ (ਐਸ.ਬੀ.ਏ.) ਨਾਲ ਮੀਟਿੰਗ ਦੌਰਾਨ ਭਾਈਵਾਲਾਂ ਨੇ ਸਿਓਲ ਦੀਆਂ ਤਕਨਾਲੋਜੀ ਸਕਤੀਆਂ ਅਤੇ ਪੰਜਾਬ ਦੇ ਉੱਭਰ ਰਹੇ ਆਈ.ਟੀ., ਇਲੈਕਟ੍ਰਾਨਿਕਸ ਅਤੇ ਸਟਾਰਟਅੱਪ ਈਕੋ-ਸਿਸਟਮ ਵਿਚਕਾਰ ਮਜਬੂਤ ਪੂਰਕਤਾ ਨੂੰ ਸਵੀਕਾਰ ਕੀਤਾ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਕੋਰੀਆ ਨੈਸਨਲ ਸਪੋਰਟਸ ਯੂਨੀਵਰਸਿਟੀ ਨੇ (ਕੇ.ਐਨ.ਐਸ.ਯੂ.) ਪੰਜਾਬ ਦੀ ਫੇਰੀ ਦੌਰਾਨ ਖੇਡਾਂ ਦੀ ਵਿਸੇਸ ਸਿਖਲਾਈ ਅਤੇ ਅਕਾਦਮਿਕ ਆਦਾਨ-ਪ੍ਰਦਾਨ ਪ੍ਰੋਗਰਾਮਾਂ ਲਈ ਸਮਝੌਤਿਆਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇ.ਐਨ.ਐਸ.ਯੂ. ਨੇ ਪ੍ਰਸਤਾਵਾਂ ਦਾ ਸਵਾਗਤ ਕੀਤਾ ਹੈ ਅਤੇ ਪੰਜਾਬ ਦੇ ਮਜਬੂਤ ਖੇਡ ਪ੍ਰਦਰਸ਼ਨ ਨੂੰ ਸਵੀਕਾਰ ਕੀਤਾ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਕੇ.ਐਨ.ਐਸ.ਯੂ. ਨੂੰ ਸੂਬੇ ਦੀ ਖੇਡ ਰਾਜਧਾਨੀ ਵਜੋਂ ਜਾਣੇ ਜਾਂਦੇ ਜਲੰਧਰ ਦਾ ਦੌਰਾ ਕਰਨ ਲਈ ਸੱਦਾ ਦਿੱਤਾ ਗਿਆ ਮੁੱਖ ਮੰਤਰੀ ਨੇ ਕਿਹਾ ਕਿ ਸਿਓਲ ਵਿੱਚ ਟੂਰਿਜਮ ਰੋਡ ਸੋਅ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ। ਕਿਉਂਕਿ ਵੱਖ-ਵੱਖ ਟੂਰ ਆਪਰੇਟਰਾਂ ਦੇ 10 ਤੋਂ ਵੱਧ ਨੁਮਾਇੰਦਿਆਂ ਨੇ ਇਸ ਵਿੱਚ ਹਿੱਸਾ ਲਿਆ ਅਤੇ ਸੂਬੇ ਦੀ ਸੈਰ-ਸਪਾਟਾ ਸੰਭਾਵਨਾ ਤਲਾਸ਼ਣ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਕਿਹਾ ਕਿ ਸੁਨਜਿਨ ਨਾਲ ਮੁਲਾਕਾਤ ਦੌਰਾਨ ਕੰਪਨੀ ਨੇ ਪੰਜਾਬ ਵਿੱਚ ਆਪਣੀ ਪਸੂ ਖੁਰਾਕ ਸਮਰੱਥਾ ਦਾ ਵਿਸਥਾਰ ਕਰਨ ਦਾ ਵੀ ਇਰਾਦਾ ਰੱਖਿਆ ਅਤੇ ਸੂਬੇ ਵਿੱਚ ਪੋਲਟਰੀ ਅਤੇ ਡੇਅਰੀ ਕਾਰੋਬਾਰ ਸਥਾਪਤ ਕਰਨ ਦੀਆਂ ਯੋਜਨਾਵਾਂ ਵੀ ਸਾਂਝੀਆਂ ਕੀਤੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਮੁਖੀ ਹੋਣ ਦੇ ਨਾਤੇ ਉਨ੍ਹਾਂ ਦਾ ਫਰਜ ਬਣਦਾ ਹੈ ਕਿ ਉਹ ਲੋਕਾਂ ਨੂੰ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਮੀਟਿੰਗਾਂ ਅਤੇ ਇਨ੍ਹਾਂ ਵਿਚਾਰ-ਵਟਾਂਦਰੇ ਦੇ ਨਤੀਜਿਆਂ ਬਾਰੇ ਦੱਸਣ।ਮੁੱਖ ਮੰਤਰੀ ਨੇ ਕਿਹਾ ਕਿ ਜਾਪਾਨੀ ਅਤੇ ਦੱਖਣੀ ਕੋਰੀਆਈ ਲੋਕਾਂ ਕੋਲ ਉੱਚ-ਪੱਧਰੀ ਤਕਨਾਲੋਜੀ ਹੈ, ਪਰ ਪੰਜਾਬ ਕੋਲ ਸਭ ਤੋਂ ਨਵੀਨਤਾਕਾਰੀ ਅਤੇ ਮਿਹਨਤੀ ਪ੍ਰਤਿਭਾ ਹੈ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਆਉਣ ਵਾਲਾ ਪ੍ਰਗਤੀਸ਼ੀਲ ਪੰਜਾਬ ਨਿਵੇਸਕ ਸੰਮੇਲਨ ਤਕਨਾਲੋਜੀ ਅਤੇ ਪ੍ਰਤਿਭਾ ਵਿਚਕਾਰ ਤਾਲਮੇਲ ਲਈ ਰਾਹ ਪੱਧਰਾ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦੇ ਨਤੀਜੇ ਵਜੋਂ ਪੰਜਾਬ ਦੇਸ ਅਤੇ ਦੁਨੀਆ ਵਿੱਚ ਮੋਹਰੀ ਸੂਬਾ ਬਣੇਗਾ। ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ ਅਤੇ ਹੋਰ ਵੀ ਮੌਜੂਦ ਸਨ।

## ਵਾਇਰਲ ਆਡੀਓ ਦੀ ਜਾਂਚ ਸੈਂਟਰਲ ਫੋਰੈਂਸਿਕ

ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਦੀ ਵਾਇਰਲ ਹੋਈ ਆਡੀਓ ਕਲਿੱਪ ਦੇ ਮਾਮਲੇ ਵਿੱਚ ਅਹਿਮ ਨਿਰਦੇਸ਼ ਜਾਰੀ ਕੀਤੇ ਹਨ। ਹਾਈਕੋਰਟ ਨੇ ਹੁਕਮ ਦਿੱਤਾ ਹੈ ਕਿ ਇਸ ਆਡੀਓ ਦੀ ਫੋਰੈਂਸਿਕ ਜਾਂਚ ਚੰਡੀਗੜ੍ਹ ਦੀ ਸੈਂਟਰਲ ਫੋਰੈਂਸਿਕ ਸਾਇੰਸ ਲੈਬਾਰਟਰੀ ਤੋਂ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਆਡੀਓ ਵਿੱਚ ਕਥਿਤ ਤੌਰ ’ਤੇ ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਪਾੜਨ ਅਤੇ ਨਾਮਜ਼ਦਗੀਆਂ ਰੋਕਣ ਦੇ ਨਿਰਦੇਸ਼ ਦਿੱਤੇ ਗਏ ਸਨ। ਪੁਲਿਸ ਨੇ ਇਸ ਨੂੰ ’ਨਕਲੀ’ ਅਤੇ ਏ.ਆਈ. ਰਾਹੀਂ ਤਿਆਰ ਕੀਤਾ ਦੱਸਿਆ ਸੀ। ਰਿਪੋਰਟਾਂ ਮੁਤਾਬਕ, ਸਬੰਧਤ ਐਸ.ਐਸ.ਪੀ. ਪਹਿਲਾਂ ਹੀ ਛੁੱਟੀ ’ਤੇ ਚੱਲ ਰਹੇ ਹਨ। ਪਟੀਸ਼ਨਕਰਤਾ ਦੇ ਵਕੀਲ ਅਰਸ਼ਪ੍ਰੀਤ ਖੜਿਆਲ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਨੇ ਅਦਾਲਤ ਵਿੱਚ ਆਪਣਾ ਜਵਾਬ ਦਾਇਰ ਕਰਦਿਆਂ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਹੈ। ਅਦਾਲਤ ਨੇ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਹੈ, ਜੋ ਜਲਦ ਸੁਣਾਇਆ ਜਾਵੇਗਾ। ਪਟੀਸ਼ਨਕਰਤਾਵਾਂ ਨੇ ਦੋਸ਼ ਲਾਇਆ ਸੀ ਕਿ ‘ਆਪ’ ਉਮੀਦਵਾਰਾਂ ਨੂੰ ਬਿਨਾਂ ਮੁਕਾਬਲੇ ਜਿਤਾਉਣ ਲਈ ਵਿਰੋਧੀ ਧਿਰਾਂ ਨੂੰ ਨਾਮਜ਼ਦਗੀਆਂ ਭਰਨ ਤੋਂ ਰੋਕਿਆ ਗਿਆ ਸੀ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ’ਚ

ਤਰਨਤਾਰਨ ਤੋਂ 98 ਤੇ ਅੰਮ੍ਰਿਤਸਰ ਤੋਂ 63 ਉਮੀਦਵਾਰ ਸ਼ਾਮਲ ਹਨ। ਹੁਸ਼ਿਆਰਪੁਰ ਦੇ ਚੱਬੇਵਾਲ ਤੋਂ 13 ਉਮੀਦਵਾਰ ਜੇਤੂ ਐਲਾਨੇ ਗਏ ਹਨ। ਨਵਾਂਸ਼ਹਿਰ ਤੋਂ ਇਕ ਆਜ਼ਾਦ ਉਮੀਦਵਾਰ ਨੇ ਵੀ ਬਿਨਾਂ ਮੁਕਾਬਲੇ ਜਿੱਤ ਹਾਸਲ ਕੀਤੀ ਹੈ। ਵਿਧਾਨ ਸਭਾ ਚੋਣਾਂ ਵਿਚ ਲੱਗਭੱਗ 14 ਮਹੀਨੇ ਬਾਕੀ ਹਨ। ਅਜਿਹੇ ਵਿਚ ‘ਆਪ’ ਨੇ ਇਨ੍ਹਾਂ ਚੋਣਾਂ ਨੂੰ ਵੱਕਾਰ ਦਾ ਵਿਸ਼ਾ ਬਣਾ ਦਿੱਤਾ ਹੈ। ਪਾਰਟੀ ਨੇ ਸਾਰੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੂੰ ਹਦਾਇਤ ਕੀਤੀ ਹੈ ਕਿ ਉਨ੍ਹਾਂ ਦੇ ਭਵਿੱਖ ਦੇ ਰਾਜਨੀਤਿਕ ਅਹੁਦੇ ਇਨ੍ਹਾਂ ਚੋਣਾਂ ਵਿੱਚ ਉਨ੍ਹਾਂ ਦੇ ਪ੍ਰਦਰਸ਼ਨ ’ਤੇ ਨਿਰਭਰ ਕਰਨਗੇ।

## ਮੋਦੀ ਅੱਧਾ ਸਮਾਂ ਵਿਦੇਸ਼ ’ਚ ਰਹਿੰਦੇ ਨੇ ਫਿਰ

ਹਨ ?’ ਇਸ ਤੋਂ ਪਹਿਲਾਂ ਭਾਜਪਾ ਬੁਲਾਰੇ ਸ਼ਹਿਜ਼ਾਦ ਪੂਨਾਵਾਲਾ ਨੇ ਐਕਸ ’ਤੇ ਪੋਸਟ ਕੀਤਾ, ’ਇੱਕ ਵਾਰ ਫਿਰ ਵਿਦੇਸ਼ੀ ਨੇਤਾ ਉਹ ਕਰ ਰਿਹਾ ਹੈ ਜੋ ਉਹ ਸਭ ਤੋਂ ਵਧੀਆ ਕਰਦਾ ਹੈ। ਵਿਦੇਸ਼ੀ ਦੌਰੇ ’ਤੇ ਜਾ ਰਿਹਾ ਹੈ। ਸੰਸਦ ਦਾ ਸੈਸ਼ਨ 19 ਦਸੰਬਰ ਤੱਕ ਚੱਲੇਗਾ, ਪਰ ਰਿਪੋਰਟਾਂ ਦੇ ਅਨੁਸਾਰ ਰਾਹੁਲ ਗਾਂਧੀ 15-20 ਦਸੰਬਰ ਤੱਕ ਜਰਮਨੀ ਦਾ ਦੌਰਾ ਕਰਨਗੇ।’ ਉਨ੍ਹਾਂ ਵਿਅੰਗਮਈ ਢੰਗ ਨਾਲ ਕਿਹਾ ਕਿ ਰਾਹੁਲ ਗਾਂਧੀ ’ਐਲ.ਓ.ਪੀ’ ਯਾਨੀ ’ਸੈਰ-ਸਪਾਟੇ ਦੇ ਨੇਤਾ’ ਹਨ।

## ਵਿਰੋਧੀ ਧਿਰ ਨੇ ਭਾਜਪਾ ਸਾਂਸਦ ਵੱਲੋਂ ਸਵਾਲ

ਛੱਡ ਦਿੱਤਾ ਅਤੇ ਅਗਲੇ ਸਵਾਲ ਵੱਲ ਵਧੇ ਤਾਂ ਕਾਂਗਰਸ ਨੇਤਾ ਜੈਰਾਮ ਰਮੇਸ਼ ਅਤੇ ਹੋਰਾਂ ਨੇ ਇਹ ਜਾਨਣਾ ਚਾਹਿਆ ਕਿ ਸਵਾਲ ਕਿਉਂ ਵਾਪਸ ਲਿਆ ਗਿਆ।

ਚੇਅਰਮੈਨ ਨੇ ਕਿਹਾ, ’ਤੁਸੀਂ ਨਿਯਮ ਜਾਣਦੇ ਹੋ। ਨਿਯਮ 53 ਕਿਸੇ ਵੀ ਮੈਂਬਰ ਨੂੰ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਸਵਾਲ ਵਾਪਸ ਲੈਣ ਦੀ ਇਜਾਜ਼ਤ ਦਿੰਦਾ ਹੈ।’ ਉਨ੍ਹਾਂ ਅੱਗੇ ਕਿਹਾ, ’ਜੇਕਰ ਤੁਸੀਂ ਚਾਹੋ ਤਾਂ ਤੁਸੀਂ ਵੀ ਵਾਪਸ ਲੈ ਸਕਦੇ ਹੋ। ਮੈਂ ਮੈਂਬਰਾਂ ਦੇ ਅਧਿਕਾਰਾਂ ਵਿੱਚ ਦਖਲ ਨਹੀਂ ਦੇ ਸਕਦਾ।’

ਜਿਉਂ ਹੀ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਜ਼ੋਰ ਪਾਇਆ ਰਾਧਾਕ੍ਰਿਸ਼ਨਨ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੂੰ ’ਇਹ ਮੁੱਦਾ ਉਠਾਉਣ ਦਾ ਕੋਈ ਹੱਕ ਨਹੀਂ ਹੈ।’

ਰਾਧਾਕ੍ਰਿਸ਼ਨਨ ਨੇ ਸਬੰਧਤ ਮੈਂਬਰ ਨੂੰ ਸਵਾਲ ਪੁੱਛਣ ਲਈ ਕਹਿਣ ਦੀ ਉਨ੍ਹਾਂ ਦੀ ਅਪੀਲ ਨੂੰ ਵੀ ਠੁਕਰਾ ਦਿੱਤਾ। ਉਨ੍ਹਾਂ ਕਿਹਾ, ’ਮੈਂ ਕਿਉਂ ਕਹਾਂ ? ਮੈਨੂੰ ਕਹਿਣ ਦਾ ਕੋਈ ਹੱਕ ਨਹੀਂ ਹੈ। ਇਹ ਉਸਦੀ ਇੱਛਾ ਹੈ। ਤੁਸੀਂ ਵੀ ਕੱਲ੍ਹ ਕੁਝ ਸਵਾਲ ਵਾਪਸ ਲੈ ਸਕਦੇ ਹੋ, ਅਤੇ ਮੈਂ ਇਸ ਵਿੱਚ ਦਖਲ ਨਹੀਂ ਦੇਵਾਂਗਾ,’ ਅਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਇਸ ਮੁੱਦੇ ’ਤੇ ਕਹੀ ਗਈ ਕਿਸੇ ਵੀ ਗੱਲ ਨੂੰ ਰਿਕਾਰਡ ਤੋਂ ਹਟਾਉਣ ਦਾ ਆਦੇਸ਼ ਦਿੱਤਾ।

ਉਨ੍ਹਾਂ ਵਿਰੋਧੀ ਧਿਰ ਨੂੰ ਪ੍ਰਸ਼ਨ ਕਾਲ ਵਿੱਚ ਖਲਲ ਨਾ ਪਾਉਣ ਲਈ ਕਿਹਾ ਅਤੇ ਸੂਚੀਬੱਧ ਸਵਾਲਾਂ ਨਾਲ ਅੱਗੇ ਵਧੇ। ਜਵਾਬ ਤੋਂ ਨਾਖੁਸ਼ ਹੋ ਕੇ, ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸਦਨ ਵਿੱਚੋਂ ਵਾਕਆਊਟ ਕਰ ਦਿੱਤਾ।

ਪ੍ਰਸਾਦ ਨੇ ਗ੍ਰਹਿ ਮਾਮਲਿਆਂ ਬਾਰੇ ਮੰਤਰੀ ਤੋਂ ਜਾਣਨਾ ਚਾਹਿਆ ਸੀ ਕਿ ’ਕੀ ਸਰਕਾਰ ਨਵੇਂ ਅਪਰਾਧਿਕ ਕਾਨੂੰਨਾਂ ਤਹਿਤ ਲਾਜ਼ਮੀ ਕੀਤੇ ਗਏ ਸਬੂਤ ਇਕੱਠੇ ਕਰਨ ਲਈ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀਆਂ (ਸੀ.ਐੱਫ.ਐੱਸ.ਐੱਲ.) ਦਾ ਵਿਸਤਾਰ ਕਰ ਰਹੀ ਹੈ, ਜੇਕਰ ਹਾਂ, ਤਾਂ ਇਸਦੇ ਵੇਰਵੇ ਕੀ ਹਨ।’

ਉਹ ਇਹ ਵੀ ਜਾਣਨਾ ਚਾਹੁੰਦੇ ਸਨ ਕਿ ’ਨਵੇਂ ਅਪਰਾਧਿਕ ਕਾਨੂੰਨਾਂ ਦੇ ਮੱਦੇਨਜ਼ਰ ਨਿਰਭਯਾ ਫੰਡ ਤਹਿਤ ਫੋਰੈਂਸਿਕ ਸਮਰੱਥਾਵਾਂ ਨੂੰ ਵਧਾਉਣ ਲਈ ਕੀ ਉਪਾਅ ਕੀਤੇ ਗਏ ਹਨ; ਅਤੇ ਨਵੇਂ ਅਪਰਾਧਿਕ ਕਾਨੂੰਨਾਂ ਤਹਿਤ ਲਾਜ਼ਮੀ ਕੀਤੇ ਗਏ ਫੋਰੈਂਸਿਕ ਡੇਟਾ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ ਯੋਜਨਾਬੱਧ ਢੰਗ ਨਾਲ ਸਟੋਰ ਅਤੇ ਪ੍ਰਬੰਧਿਤ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ।’

## ਬੈਲਟ ਪੇਪਰ ਪ੍ਰਣਾਲੀ ਵੱਲ ਵਾਪਸੀ ਦਾ

ਪ੍ਰਸਾਦ ਨੇ ਯਾਦ ਕੀਤਾ ਕਿ ਚੋਣ ਕਮਿਸ਼ਨ ਨੇ ਪਾਰਟੀਆਂ ਨੂੰ ਆਪਣੀ ਮੌਜੂਦਗੀ ਵਿੱਚ ਈ ਵੀ ਐੱਮ ਨੂੰ ਹੈਕ ਕਰਨ ਲਈ ਸੱਦਾ ਦਿੱਤਾ ਸੀ, ਪਰ ਕੋਈ ਵੀ ਪੇਸ਼ ਨਹੀਂ ਹੋਇਆ। ਉਨ੍ਹਾਂ ਕਿਹਾ, ’ਹੁਣ ਉਹ (ਈ.ਵੀ.ਐੱਮ. ਦੇ ਖ਼ਿਲਾਫ਼) ਰੌਲਾ ਪਾ ਰਹੇ ਹਨ।’ਪ੍ਰਸਾਦ ਨੇ ਇਹ ਵੀ ਨੋਟ ਕੀਤਾ ਕਿ ਹਾਲ ਹੀ ਵਿੱਚ ਹੋਈਆਂ ਬਿਹਾਰ ਚੋਣਾਂ ਤੋਂ ਬਾਅਦ ਈ ਵੀ ਐੱਮ ਦੇ ਮਾਈਕ੍ਰੋ-ਕੰਟਰੋਲਰਾਂ ਦੀ ਜਾਂਚ ਕਰਨ ਲਈ ‘ਇੱਕ ਵੀ ਅਰਜ਼ੀ’ ਪ੍ਰਾਪਤ ਨਹੀਂ ਹੋਈ।ਉਨ੍ਹਾਂ ਕਿਹਾ ਕਿ ਵੋਟਰਾਂ ਦਾ ਵਿਸ਼ਵਾਸ ਵਧਾਉਣ ਲਈ, ਪ੍ਰਤੀ ਵਿਧਾਨ ਸਭਾ ਹਲਕੇ ਵਿੱਚੋਂ ਬੇਤਰਤੀਬੇ ਤੌਰ ’ਤੇ ਚੁਣੇ ਗਏ ਪੰਜ ਪੋਲਿੰਗ ਸਟੇਸ਼ਨਾਂ ਲਈ ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟ੍ਰੇਲਜ਼ ਯੂਨਿਟ (ਵੀ.ਵੀ.ਪੀ.ਏ.ਟੀ.) ਦੀਆਂ ਪਰਚੀਆਂ ਦੀ ਲਾਜ਼ਮੀ ਤਸਦੀਕ ਕੀਤੀ ਗਈ ਸੀ, ਪਰ ਬਿਹਾਰ ਵਿੱਚ ਕਿਤੇ ਵੀ ਈ ਵੀ ਐੱਮ ਦੀ ਗਿਣਤੀ ਵਿੱਚ ਕੋਈ ਗੜਬੜੀ ਨਹੀਂ ਪਾਈ ਗਈ।ਪ੍ਰਸਾਦ ਨੇ ਕਿਹਾ ਕਿ ਸਰਕਾਰ ਨੇ ਵਾਰ-ਵਾਰ ਬੈਲਟ ਪੇਪਰ ਪ੍ਰਣਾਲੀ ’ਤੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਈ ਵੀ ਐੱਮ ਨੇ ਚੋਣ ਪ੍ਰਕਿਰਿਆ ਨੂੰ ਤੇਜ਼ ਅਤੇ ਸੁਰੱਖਿਅਤ ਬਣਾਇਆ ਹੈ।

## ਇੰਡੀਗੋ ਸੰਕਟ ’ਤੇ ਹਾਈ ਕੋਰਟ ਵੱਲੋਂ

ਅਦਾਲਤ ਨੂੰ ਦੱਸਿਆ ਕਿ ਕਾਨੂੰਨੀ ਪ੍ਰਬੰਧ ਪੂਰੀ ਤਰ੍ਹਾਂ ਲਾਗੂ ਹੋਣ ਯੋਗ ਹਨ ਅਤੇ ਇੰਡੀਗੋ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਨੇ ਮੁਆਫ਼ੀ ਮੰਗੀ ਹੈ।ਸਰਕਾਰੀ ਵਕੀਲ ਨੇ ਇਹ ਵੀ ਕਿਹਾ ਕਿ ਇਹ ਸੰਕਟ ਕਈ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਕਾਰਨ ਹੋਇਆ ਹੈ, ਜਿਸ ਵਿੱਚ ਚਾਲਕ ਦਲ ਦੇ ਮੈਂਬਰਾਂ ਲਈ ਉਡਾਣ ਡਿਊਟੀ ਘੰਟਿਆਂ ਸੰਬੰਧੀ ਨਿਯਮ ਸ਼ਾਮਲ ਹਨ।ਅਦਾਲਤ ਇੱਕ ਜਨਹਿੱਤ ਪਟੀਸ਼ਨ ’ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਇੰਡੀਗੋ ਵੱਲੋਂ ਸੈਂਕੜੇ ਉਡਾਣਾਂ ਰੱਦ ਕਰਨ ਤੋਂ ਪ੍ਰਭਾਵਿਤ ਯਾਤਰੀਆਂ ਨੂੰ ਸਹਾਇਤਾ ਅਤੇ ਰਿਫੰਡ ਪ੍ਰਦਾਨ ਕਰਨ ਲਈ ਕੇਂਦਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

## ਗੁਆਂਢੀ ਦੇਸ਼ਾਂ ਦੀ ਤੁਲਨਾ ’ਚ ਭਾਰਤ

ਦੇਸ਼ਾਂ ਦੀਆਂ ਕੀਮਤਾਂ ਦਾ ਲਗਭਗ 5 ਜਾਂ 10 ਫੀਸਦੀ ਹੈ। ਮੰਤਰੀ ਨੇ ਪ੍ਰਸ਼ਨਕਾਲ ਦੌਰਾਨ ਕਿਹਾ,’’ਗੁਆਂਢੀ ਦੇਸ਼ਾਂ ਦੀ ਤੁਲਨਾ ’ਚ ਵੀ ਟਿਕਟ ਦੀ ਕੀਮਤ ਬਹੁਤ, ਬਹੁਤ ਸਸਤੀ ਰੱਖੀ ਗਈ ਹੈ।’’ ਉਨ੍ਹਾਂ ਕਿਹਾ ਕਿ ਪਿਛਲੇ ਸਾਲ, ਭਾਰਤੀ ਰੇਲਵੇ ਨੇ ਲੱਗਭੱਗ 60,000 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਸੀ ਤਾਂ ਕਿ ਯਾਤਰੀ ਟਰਾਂਸਪੋਰਟ ਸਸਤਾ ਬਣਿਆ ਰਹੇ। ਵੈਸ਼ਨਵ ਨੇ ਕਿਹਾ,’’ਸਾਡੇ ਗੁਆਂਢੀ ਦੇਸ਼ਾਂ ਦੀ ਤੁਲਨਾ ’ਚ ਵੀ, ਭਾਰਤ ਆਪਣੇ ਨਾਗਰਿਕਾਂ ਜਾਂ ਯਾਤਰੀਆਂ ਨੂੰ ਸਭ ਤੋਂ ਸਸਤਾ ਟਰਾਂਸਪੋਰਟ ਸਾਧਨ ਉਪਲੱਬਧ ਕਰਵਾ ਰਿਹਾ ਹੈ।’’

## ਅੰਮ੍ਰਿਤਸਰ ’ਚ ਹਾਦਸੇ ਦੌਰਾਨ ਕਾਰ ਸਵਾਰ 3 ਨੌਜਵਾਨਾਂ ਦੀ

ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਗੱਡੀ ਦਾ ਇੰਜਣ ਵੀ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਮ੍ਰਿਤਕ ਦੇ ਦੋਸਤ ਨੇ ਦੱਸਿਆ ਕਿ ਬੀਤੀ ਰਾਤ ਸਾਨੂੰ 1.30 ਕੁ ਵਜੇ ਪਤਾ ਲੱਗਾ ਕਿ ਹਾਦਸਾ ਵਾਪਰਿਆ ਹੈ। ਕਾਰ ਬੁਰੀ ਤਰ੍ਹਾਂ ਚਕਨਾਚੂਰ ਹੋ ਗਈ।

## ਗੋਆ ਦੇ ਨਾਈਟ ਕਲੱਬ ’ਚ ਲੱਗੀ ਅੱਗ ਦੇ ਮਾਮਲੇ ਵਿੱਚ

ਮਾਸਕ ਟੋਪੀ ਅਤੇ ਹੂਡੀ ਜੈਕੇਟ ਨਾਲ ਆਪਣਾ ਚਿਹਰਾ ਲੁਕੋ ਕੇ ਰੱਖਿਆ ਹੋਇਆ ਸੀ। ਮੀਡੀਆ ਦੇ ਸਵਾਲਾਂ ’ਤੇ ਉਸ ਨੇ ਕਿਹਾ ਕਿ ਮੈਂ ਤਾਂ ਸਿਰਫ਼ ਇੱਕ ਬਿਜ਼ਨਸ ਪਾਰਟਨਰ ਹਾਂ। ਮੈਨੂੰ ਇਸ ਤੋਂ ਵੱਧ ਕੁਝ ਨਹੀਂ ਪਤਾ।

ਇਸ ਦੌਰਾਨ ਕਲੱਬ ਦੇ ਦੋ ਹੋਰ ਮਾਲਕ ਤੇ ਸਕੇ ਭਰਾ ਸੌਰਭ ਲੂਥਰਾ ਅਤੇ ਗੌਰਵ ਲੂਥਰਾ ਨੇ ਦਿੱਲੀ ਦੀ ਰੋਹਿਣੀ ਕੋਰਟ ਵਿੱਚ ਅਗਾਊਂ ਜ਼ਮਾਨਤ ਅਰਜ਼ੀ ਦਾਖ਼ਲ ਕੀਤੀ ਹੈ। ਦੋਵੇਂ ਭਰਾ ਅੱਗ ਲੱਗਣ ਦੇ ਕੁਝ ਘੰਟੇ ਬਾਅਦ ਹੀ 7 ਸੰਬਰ ਨੂੰ ਦਿੱਲੀ ਤੋਂ ਥਾਈਲੈਂਡ ਭੱਜ ਗਏ ਸਨ। ਇੰਟਰਪੋਲ ਨੇ ਦੋਵਾਂ ਭਰਾਵਾਂ ਖ਼ਿਲਾਫ਼ ਬਲੂ ਕਾਰਨਰ ਨੋਟਿਸ ਜਾਰੀ ਕੀਤਾ ਹੈ। ਨਾਈਟ ਕਲੱਬ ਦੇ ਇੱਕ ਹੋਰ ਮਾਲਕ ਸੁਰਿੰਦਰ ਕੁਮਾਰ ਖੋਸਲਾ ਖ਼ਿਲਾਫ਼ ਲੁੱਕ-ਆਊਟ ਸਰਕੁਲਰ ਜਾਰੀ ਕੀਤਾ ਗਿਆ ਹੈ ਅਤੇ ਉਹ ਇੱਕ ਬ੍ਰਿਟਿਸ਼ ਨਾਗਰਿਕ ਹੈ।

## ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ

ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਬਣਾਉਣ ਲਈ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ 44000 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਾਰੇ ਸੀਪੀ ਅਤੇ ਐਸ.ਐਸ.ਪੀਜ਼. ਨੂੰ ਸੰਵੇਦਨਸ਼ੀਲ ਖੇਤਰਾਂ ਵਿੱਚ ਨਿਰੰਤਰ ਅਤੇ ਸਰਗਰਮੀ ਨਾਲ ਗਸ਼ਤ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

## ਭਾਰਤ-ਕੈਨੇਡਾ ਨੇ ਮੁੜ ਖ਼ੁਫ਼ੀਆ ਜਾਣਕਾਰੀ ਸਾਂਝੀ

ਕਰਨ ਲਈ ਸੰਚਾਰ ਦਾ ਇੱਕ ਚੈਨਲ ਸਥਾਪਿਤ ਹੋਇਆ।

**ਸਹਿਯੋਗ ਦਾ ਏਜੰਡਾ:** ਇਸ ਸੰਵਾਦ ਦਾ ਇੱਕ ਵਿਆਪਕ ਏਜੰਡਾ ਹੈ, ਜਿਸ ਵਿੱਚ ਗੈਂਗਾਂ, ਅੱਤਵਾਦੀ ਸਬੰਧਾਂ, ਹਥਿਆਰਾਂ ਅਤੇ ਨਸ਼ਿਆਂ ਦੀ ਆਵਾਜਾਈ ਬਾਰੇ ਜਾਣਕਾਰੀ ਸ਼ਾਮਲ ਹੈ। ਕੈਨੇਡਾ ਦਾ ਟੀਚਾ ’ਕੈਨੇਡਾ ਵਿੱਚ ਸੁਰੱਖਿਅਤ ਸੜਕਾਂ’ ਹੈ, ਜਦੋਂ ਕਿ ਭਾਰਤ ’ਇੱਕ ਭਾਰਤ’ ਅਤੇ ਆਪਣੇ ਖੇਤਰ ਦੀ ਅਖੰਡਤਾ ਦੇ ਸਤਿਕਾਰ ’ਤੇ ਸਪੱਸ਼ਟਤਾ ਚਾਹੁੰਦਾ ਹੈ। ਸੁਰੱਖਿਆ ਸੰਵਾਦ ਵਿੱਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਅਤੇ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ ਵੀ ਸ਼ਾਮਲ ਹਨ, ਜਿਨ੍ਹਾਂ ਵਿਚਕਾਰ ਵਰਚੁਅਲ ਚਰਚਾ ਚੱਲ ਰਹੀ ਹੈ।

**ਵਿਸ਼ਵਾਸ ਮੁੜ ਬਣਾਉਣ ’ਤੇ ਜ਼ੋਰ:** ਏਜੰਸੀਆਂ ਵਿਚਕਾਰ ’ਤਾਲਮੇਲ’ ਬਣਨ ਦੇ ਬਾਵਜੂਦ, ਮੁੱਖ ਧਿਆਨ ਨਿਯਮਤ ਗੱਲਬਾਤ ਰਾਹੀਂ ਵਿਸ਼ਵਾਸ ਨੂੰ ਮੁੜ ਬਣਾਉਣ ’ਤੇ ਹੈ। ਦੱਸਣਯੋਗ ਹੈ ਕਿ ਸਤੰਬਰ, 2023 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੇ ਸਬੰਧਾਂ ਦੇ ’ਭਰੋਸੇਯੋਗ ਦੋਸ਼ਾਂ’ ਦਾ ਜ਼ਿਕਰ ਕਰਨ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਵਿਸ਼ਵਾਸ ਘੱਟ ਗਿਆ ਸੀ। ਭਾਰਤ ਨੇ ਉਸ ਸਮੇਂ ਇਨ੍ਹਾਂ ਦੋਸ਼ਾਂ ਨੂੰ ’ਬੇਤੁਕੇ’ ਅਤੇ ’ਪ੍ਰੇਰਿਤ’ ਦੱਸਿਆ ਸੀ।

ਕੈਨੇਡਾ ’ਚ ਗੈਂਗ ਹਿੰਸਾ ਦੀ ਚਿੰਤਾ: ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹਾਲ ਹੀ ਦੇ ਸਮੇਂ ਵਿੱਚ ਜਬਰੀ ਵਸੂਲੀ ਨਾਲ ਜੁੜੀਆਂ ਹਿੰਸਕ ਘਟਨਾਵਾਂ ਵਿੱਚ ਵਾਧੇ ਤੋਂ ਚਿੰਤਤ ਹਨ, ਜਿਸ ਲਈ ਅਕਸਰ ਲਾਰੈਂਸ ਬਿਸ਼ਨੋਈ ਗੈਂਗ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਉਦਾਹਰਨ ਲਈ, ਸੋਮਵਾਰ ਨੂੰ, ਬ੍ਰਿਟਿਸ਼ ਕੋਲੰਬੀਆ ਐਕਸਟੋਰਸ਼ਨ ਟਾਸਕ ਫੋਰਸ ਨੇ ਐਲਾਨ ਕੀਤਾ ਕਿ 21 ਸਾਲਾ ਅਵਤਾਰ ਸਿੰਘ ਨੂੰ 12 ਨਵੰਬਰ ਨੂੰ ਸਰੀ ਵਿੱਚ ਇੱਕ ਘਰ ’ਤੇ ਗੋਲੀਬਾਰੀ ਕਰਨ ਦੇ ਸਬੰਧ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਅਵਤਾਰ ਸਿੰਘ ਨੂੰ 5 ਦਸੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ ‘ਦਰਦੀ’।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

### ਧਾਲੀਵਾਲ ਦਾ ਬਾਜਵਾ 'ਤੇ ਹਮਲਾ, ਤਰਨਤਾਰਨ ਸੀਟ ਵੇਚਣ ਦੇ ਇਲਜ਼ਾਮਾਂ ਦਾ ਵੀ ਦਿਓ ਜਵਾਬ

# ਮੁੱਖ ਮੰਤਰੀ ਦੀ ਕੁਰਸੀ ਦੀ ਸੌਦੇਬਾਜ਼ੀ 'ਤੇ ਚੁੱਪ ਕਿਉਂ ਨੇ ਬਾਜਵਾ-ਰੰਧਾਵਾ, ਕੀ ਕਾਂਗਰਸ ਨੇ ਮੰਨ ਲਿਆ ਕਿ ਇਲਜ਼ਾਮ ਸਹੀ ਹਨ?: ਧਾਲੀਵਾਲ

ਚੰਡੀਗੜ੍ਹ, 10 ਦਸੰਬਰ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਾਂਗਰਸ ਆਗੂਆਂ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ 'ਤੇ ਨਵਜੋਤ ਕੌਰ ਸਿੱਧੂ ਵੱਲੋਂ ਲਾਏ ਗਏ 500 ਕਰੋੜ ਰੁਪਏ ਦੇ ਗੰਭੀਰ ਇਲਜ਼ਾਮਾਂ 'ਤੇ ਉਨ੍ਹਾਂ ਦੀ ਚੁੱਪੀ ਨੂੰ ਲੈ ਕੇ ਤਿੱਖਾ ਹਮਲਾ ਕੀਤਾ ਹੈ। ਧਾਲੀਵਾਲ ਨੇ ਸਵਾਲ ਕੀਤਾ ਕਿ ਜਿਹੜੇ ਆਗੂ ਹਰ ਮੁੱਦੇ 'ਤੇ ਬੋਲਦੇ ਸਨ, ਉਹ ਹੁਣ ਇੰਨੇ ਵੱਡੇ ਭ੍ਰਿਸ਼ਟਾਚਾਰ ਦੇ ਇਲਜ਼ਾਮ 'ਤੇ ਪੂਰੀ ਤਰ੍ਹਾਂ ਖ਼ਾਮੋਸ਼ ਕਿਉਂ ਹਨ? ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਪਹਿਲਾਂ ਬਹੁਤ ਬੋਲਦੇ ਸਨ, ਪਰ ਨਵਜੋਤ ਕੌਰ ਸਿੱਧੂ ਦੇ ਬਿਆਨ ਤੋਂ ਬਾਅਦ ਉਹ ਪੂਰੀ ਤਰ੍ਹਾਂ ਚੁੱਪ ਹਨ। ਕਾਂਗਰਸੀ ਨੇਤਾਵਾਂ ਦੀ ਇਹ ਚੁੱਪੀ ਸਾਫ਼ ਦੱਸਦੀ ਹੈ ਕਿ ਜਿਹੜੇ ਇਲਜ਼ਾਮ ਸਿੱਧੂ ਤੇ ਬਾਅਦ ਵਿੱਚ ਸੁਨੀਲ ਜਾਖੜ ਵੱਲੋਂ ਲਾਏ



ਗਏ, ਉਹ ਸਹੀ ਹਨ।

ਧਾਲੀਵਾਲ ਨੇ ਮੰਗ ਕੀਤੀ ਕਿ ਬਾਜਵਾ ਪੰਜਾਬ ਦੀ ਜਨਤਾ ਸਾਹਮਣੇ ਇਨ੍ਹਾਂ ਗੰਭੀਰ ਇਲਜ਼ਾਮਾਂ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ। ਉਨ੍ਹਾਂ ਦੀ ਚੁੱਪੀ ਨੂੰ ਜਨਤਾ ਹੁਣ ਜੁਰਮ ਦੀ ਸਵੀਕ੍ਰਿਤੀ ਮੰਨ ਰਹੀ ਹੈ। ਧਾਲੀਵਾਲ ਨੇ ਕਿਹਾ ਕਿ ਪ੍ਰਤਾਪ ਬਾਜਵਾ 'ਤੇ ਤਾਂ ਤਰਨਤਾਰਨ ਦੀ ਸੀਟ ਵੇਚਣ ਦੇ ਵੀ ਇਲਜ਼ਾਮ ਲੱਗੇ ਹਨ। ਹੋ ਸਕਦਾ ਹੈ ਇਸੇ ਲਈ ਉਹ ਇਨ੍ਹਾਂ ਗੰਭੀਰ ਇਲਜ਼ਾਮਾਂ 'ਤੇ ਜਵਾਬ ਨਹੀਂ ਦੇ ਰਹੇ। ਜਨਤਾ ਜਾਣਨਾ ਚਾਹੁੰਦੀ ਹੈ ਕਿ ਕੀ ਕਾਂਗਰਸ ਵਿੱਚ ਸਭ ਕੁਝ ਵਿਕ ਰਿਹਾ ਹੈ? ਕੀ 500 ਕਰੋੜ ਦਾ ਲੈਣ-ਦੇਣ ਹੋਇਆ ਜਾਂ ਨਹੀਂ? ਬਾਜਵਾ ਨੂੰ ਜਵਾਬ ਦੇਣਾ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਦੇ ਆਗੂ ਇਨ੍ਹਾਂ ਇਲਜ਼ਾਮਾਂ 'ਤੇ ਜਵਾਬ ਨਹੀਂ ਦਿੰਦੇ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਕਾਂਗਰਸ ਹਾਈਕਮਾਨ ਨੇ ਪੰਜਾਬ ਵਿੱਚ 500 ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਨੂੰ ਸਵੀਕਾਰ ਕਰ ਲਿਆ ਹੈ।

# ਮੁੱਖ ਮੰਤਰੀ ਦੀ ਕੁਰਸੀ ਤੇ ਟਿਕਟਾਂ ਦੀ ਖ਼ਰੀਦੋ-ਫ਼ਰੋਖਤ 'ਤੇ ਕਾਂਗਰਸੀ ਆਗੂਆਂ ਨੂੰ ਦੇਣਾ ਪਵੇਗਾ ਜਵਾਬ : ਨੀਲ ਗਰਗ

ਚੰਡੀਗੜ੍ਹ, 10 ਦਸੰਬਰ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਤੇ ਬੁਲਾਰੇ ਨੀਲ ਗਰਗ ਨੇ ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸ 'ਤੇ ਮੁੱਖ ਮੰਤਰੀ ਦੇ ਅਹੁਦੇ ਲਈ 500 ਕਰੋੜ ਤੇ ਵਿਧਾਇਕਾਂ ਦੀਆਂ ਟਿਕਟਾਂ ਲਈ 5-5 ਕਰੋੜ ਰੁਪਏ ਦੀ ਕਥਿਤ 'ਡੀਲਿੰਗ' ਦੇ ਲਾਏ ਸਨਸਨੀਖੇਜ਼ ਦੋਸ਼ਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਨੀਲ ਗਰਗ ਨੇ ਕਿਹਾ ਕਿ ਇਹ ਦੋਸ਼ ਨਾ ਸਿਰਫ ਹੈਰਾਨ ਕਰਨ ਵਾਲੇ ਹਨ, ਬਲਕਿ ਪੰਜਾਬ ਦੀ ਰਾਜਨੀਤੀ ਅਤੇ ਲੋਕਤੰਤਰ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਜਿਨ੍ਹਾਂ 'ਤੇ ਇਹ ਦੋਸ਼ ਲੱਗੇ ਹਨ, ਉਹ ਹੁਣ ਤੱਕ ਚੁੱਪ ਕਿਉਂ ਹਨ?

ਗਰਗ ਨੇ ਕਿਹਾ ਕਿ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੀ ਜਨਤਕ ਤੌਰ 'ਤੇ ਦਾਅਵਾ ਕਰ ਚੁੱਕੇ ਹਨ ਕਿ ਚੰਨੀ ਨੇ ਮੁੱਖ ਮੰਤਰੀ ਬਣਨ ਲਈ 350 ਕਰੋੜ



ਰੁਪਏ ਦਿੱਤੇ ਸਨ। ਜੇ ਇਹ ਸੱਚ ਹੈ, ਤਾਂ ਕੀ ਇਹ ਪੰਜਾਬ ਦੀ ਜਨਤਾ ਨਾਲ ਧੋਖਾ ਨਹੀਂ ਹੈ? ਅਤੇ ਜੇ ਦੋਸ਼ ਗਲਤ ਹਨ, ਤਾਂ ਚੰਨੀ ਸਾਹਿਬ ਸਾਹਮਣੇ ਆ ਕੇ ਕਿਉਂ ਨਹੀਂ ਕਹਿੰਦੇ?

ਗਰਗ ਨੇ ਨਵਜੋਤ ਕੌਰ ਸਿੱਧੂ ਵੱਲੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਲਗਾਏ ਗਏ ਗੰਭੀਰ ਦੋਸ਼ਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਬਾਜਵਾ ਵਰਗੇ ਵੱਡੇ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਚੁੱਪੀ ਜਨਤਾ ਵਿੱਚ ਕਈ ਸਵਾਲ ਖੜ੍ਹੇ ਕਰਦੀ ਹੈ। ਇੰਨੇ ਭਾਰੀ ਦੋਸ਼ਾਂ ਤੋਂ ਬਾਅਦ ਵੀ ਬਾਜਵਾ ਸਾਹਿਬ ਦੀ ਚੁੱਪੀ ਆਖ਼ਰ ਕੀ ਸੰਕੇਤ ਦਿੰਦੀ ਹੈ?

ਗਰਗ ਨੇ ਸਪੱਸ਼ਟ ਕਿਹਾ ਕਿ ਪੰਜਾਬ ਨੂੰ ਧੋਖੇਬਾਜ਼ੀ ਜਾਂ ਕਿਸੇ ਵੀ ਤਰ੍ਹਾਂ ਦੀ 'ਡੀਲ' ਨਹੀਂ ਚਾਹੀਦੀ। ਪੰਜਾਬ ਦੀ ਜਨਤਾ ਨੂੰ ਪਾਰਦਰਸ਼ਤਾ ਚਾਹੀਦੀ ਹੈ। ਗਰਗ ਨੇ ਚਰਨਜੀਤ ਸਿੰਘ ਚੰਨੀ ਤੋਂ ਇਨ੍ਹਾਂ ਗੰਭੀਰ ਦੋਸ਼ਾਂ 'ਤੇ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ ਤੇ ਪ੍ਰਤਾਪ ਸਿੰਘ ਬਾਜਵਾ ਤੋਂ 'ਡੀਲ' ਨਾਲ ਸਬੰਧਤ ਇਲਜ਼ਾਮਾਂ 'ਤੇ ਜਵਾਬ ਮੰਗਿਆ।

# ਵਿਦੇਸ਼ੀ ਹੈਂਡਲਰਾਂ ਨਾਲ ਜੁੜੇ ਸਰਹੱਦ ਪਾਰ ਦੇ ਡਰੱਗ ਕਾਰਟੈਲ 4 ਕਿਲੋ ਆਈ.ਸੀ.ਈ. 1 ਕਿਲੋ ਹੈਰੋਇਨ ਸਮੇਤ ਤਿੰਨ ਕਾਬੂ

ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਬਹੁ-ਪੱਧਰੀ ਕਾਰਵਾਈ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਵਿਦੇਸ਼ੀ ਹੈਂਡਲਰਾਂ ਨਾਲ ਜੁੜੇ, ਸਰਹੱਦ ਪਾਰ ਦੇ ਸੰਗਠਿਤ ਡਰੱਗ ਕਾਰਟੈਲਾਂ ਦੇ ਤਿੰਨ ਕਾਰਕੁਨਾਂ ਨੂੰ, 4.083 ਕਿਲੋਗ੍ਰਾਮ ਮੈਥਾਮਫੈਟਾਮਾਈਨ (ਆਈਸੀਈ), ਤੇ 1.032 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਇਨ੍ਹਾਂ ਗਿਰੋਹਾਂ ਨੂੰ ਬੇਅਸਰ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਵਿੰਦਰ ਸਿੰਘ ਉਰਫ਼ ਬਿੰਦਰ (25) ਵਾਸੀ ਪਿੰਡ ਦਾਓਕੇ (ਅੰਮ੍ਰਿਤਸਰ), ਨਵਤੇਜ ਸਿੰਘ (33) ਵਾਸੀ ਪਿੰਡ ਮਾਹਵਾ (ਅੰਮ੍ਰਿਤਸਰ) ਜੋ ਮੌਜੂਦਾ ਸਮੇਂ ਤਰਨਤਾਰਨ ਦੇ ਪਿੰਡ ਵਿਖੇ ਰਹਿ ਰਿਹਾ ਹੈ ਤੇ ਮਹਾਂਬੀਰ ਸਿੰਘ (32) ਵਾਸੀ ਪਿੰਡ ਕਾਲੀਆ ਸਕਾਤਰਾਂ (ਤਰਨਤਾਰਨ) ਵਜੋਂ ਹੋਈ ਹੈ। ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਟੀਮਾਂ ਨੇ ਦੋਸ਼ੀਆਂ ਤੋਂ 2500 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ ਅਤੇ ਉਨ੍ਹਾਂ ਦੀ ਇੱਕ ਕਾਰ ਅਤੇ ਐਕਟਿਵਾ ਸਕੂਟਰ ਵੀ ਜ਼ਬਤ ਕੀਤਾ ਹੈ।

ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਵਟਸਐਪ ਰਾਹੀਂ ਪਾਕਿਸਤਾਨ ਤੇ ਵਿਦੇਸ਼ਾਂ 'ਚ ਸਰਗਰਮ ਤਸਕਰਾਂ ਨਾਲ ਤਾਲਮੇਲ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨੈੱਟਵਰਕ ਦੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਅਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੁਲਿਸ ਨੇ ਸ਼ੱਕੀ ਬਲਵਿੰਦਰ ਸਿੰਘ ਉਰਫ਼ ਬਿੰਦਰ ਨੂੰ 35 ਗ੍ਰਾਮ ਆਈ.ਸੀ.ਈ. ਸਮੇਤ ਗ੍ਰਿਫ਼ਤਾਰ ਕੀਤਾ ਤੇ ਪੁੱਛਗਿੱਛ ਦੌਰਾਨ ਉਸਨੇ ਨੇ ਇੱਕ ਪਾਕਿਸਤਾਨੀ ਤਸਕਰ ਨਾਲ ਆਪਣੇ ਸਬੰਧਾਂ ਦਾ ਖੁਲਾਸਾ ਕੀਤਾ, ਜਿਸ ਵਲੋਂ ਉਸਨੂੰ ਵਟਸਐਪ ਰਾਹੀਂ ਡਰਾਪ ਲੋਕੇਸ਼ਨਾਂ ਸਾਂਝੀਆਂ ਕੀਤੀਆਂ ਗਈਆਂ ਸਨ। ਜਾਂਚ ਤੋਂ ਪਤਾ ਲੱਗਾ ਹੈ ਕਿ ਨਵਤੇਜ ਕੋਰੀਅਰ ਵਜੋਂ ਕੰਮ ਕਰਦੇ ਹੋਏ ਨਸ਼ੀਲੇ ਪਦਾਰਥਾਂ ਦੇ ਪੈਕੇਟ ਪ੍ਰਾਪਤ ਕਰਦਾ ਸੀ ਅਤੇ ਉਨ੍ਹਾਂ ਨੂੰ ਅੱਗੇ ਸਪਲਾਈ ਕਰਦਾ ਸੀ। ਉਸਦੇ ਖੁਲਾਸਿਆਂ ਦੇ ਆਧਾਰ 'ਤੇ, ਪੁਲਿਸ ਨੇ 1.966 ਵਾਧੂ ਆਈ.ਸੀ.ਈ. ਡਰੱਗ ਬਰਾਮਦ ਕੀਤੀ, ਜਿਸ ਨਾਲ ਕੁੱਲ ਬਰਾਮਦਗੀ 2.006 ਕਿਲੋਗ੍ਰਾਮ ਹੋ ਗਈ ਹੈ।

# ਆਜ਼ਾਦ ਚੋਣ ਕਮਿਸ਼ਨ ਸਥਾਪਿਤ ਕਰਨ ਦੀ ਲੋੜ : ਹਰਸਿਮਰਤ ਕੌਰ ਬਾਦਲ

ਚੰਡੀਗੜ੍ਹ, 10 ਦਸੰਬਰ (ਅੰਮ੍ਰਿਤਪਾਲ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਐਮ ਪੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ, ਚੀਫ ਜਸਟਿਸ ਆਫ ਇੰਡੀਆ ਅਤੇ ਵਿਰੋਧੀ ਧਿਰ ਦੇ ਨੇਤਾ ਦੀ ਸਲਾਹ ਨਾਲ ਇਕ ਆਜ਼ਾਦ ਚੋਣ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਤੇ ਸੂਬਾ ਚੋਣਾਂ ਦੌਰਾਨ ਲੋਕਤੰਤਰ ਦੀ ਰਾਖੀ ਵਾਸਤੇ ਬਾਹਰੀ ਆਬਜ਼ਰਵਰ ਲਗਾਏ ਜਾਣ ਤੇ ਚੋਣ ਮਨੋਰਥ ਪੱਤਰਾਂ ਨੂੰ ਕਾਨੂੰਨੀ ਦਸਤਾਵੇਜ਼ਾਂ ਦਾ ਰੂਪ ਦਿੱਤਾ ਜਾਵੇ। ਇਥੇ ਚੋਣ ਸੁਧਾਰਾਂ ਦੀ ਗੱਲ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਸੰਸਦ ਵਿਚ ਕਿਹਾ ਕਿ ਦੇਸ਼ ਨੂੰ ਆਜ਼ਾਦ ਤੇ ਨਿਰਪੱਖ ਚੋਣ ਕਮਿਸ਼ਨ ਦੀ ਜ਼ਰੂਰਤ ਹੈ ਜੋ ਸੱਤਾਧਾਰੀ ਪਾਰਟੀ ਦਾ ਤੋਤਾ ਨਾ ਹੋਵੇ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਦੇਸ਼ ਨੂੰ ਨਾ ਸਿਰਫ ਚੰਗੇ ਕਾਨੂੰਨਾਂ ਦੀ ਜ਼ਰੂਰਤ ਹੈ ਬਲਕਿ ਕਾਨੂੰਨ ਆਜ਼ਾਦ ਤੇ ਨਿਰਪੱਖ ਢੰਗ ਨਾਲ ਲਾਗੂ ਹੋਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਮੰਦੇ ਭਾਗਾਂ ਨੂੰ ਅਸੀਂ ਵੇਖ ਰਹੇ



ਹਾਂ ਕਿ ਅਜਿਹੇ ਕਈ ਕਦਮ ਚੁੱਕੇ ਜਾ ਰਹੇ ਹਨ ਕਿ ਚੋਣ ਪ੍ਰਣਾਲੀ ਨੂੰ ਕਮਜ਼ੋਰ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ ਜਦੋਂ ਕਿ ਚੋਣ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਾਸਤੇ ਕਦਮ ਨਹੀਂ ਚੁੱਕੇ ਜਾ ਰਹੇ। ਉਹਨਾਂ ਕਿਹਾ ਕਿ ਸਿਆਸੀ ਪਾਰਟੀਆਂ ਜਿਹਨਾਂ ਨੇ ਆਪੋ ਆਪਣੇ ਚੋਣ ਮਨੋਰਥ ਪੱਤਰ ਲਾਗੂ ਨਹੀਂ ਕੀਤੇ, ਉਹਨਾਂ 'ਤੇ ਪਾਬੰਦੀ ਕਿਉਂ ਨਹੀਂ ਲੱਗਦੀ ਤੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਨੇ ਅਜਿਹੇ ਵਾਅਦੇ ਕੀਤੇ ਜੋ ਕਦੇ ਪੂਰੇ ਨਹੀਂ ਕੀਤੇ ਗਏ।

ਬੀਬਾ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਣਾਲੀ ਵਿਚ ਸੁਧਾਰ ਵਾਸਤੇ ਹੇਠੋਂ ਲੈ ਕੇ ਉਪਰ ਤੱਕ ਸੁਧਾਰਾਂ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਖੁਦ ਲੋਕਤੰਤਰ ਨੂੰ ਕੇਜਰੀਵਾਲ ਨੇ ਮੁੱਖ ਮੰਤਰੀ ਰਿਹਾਇਸ਼ ਵਿਚ ਬੈਠ ਕੇ ਹਾਈਜੈਕ ਕਰ ਲਿਆ ਹੈ ਜੋ ਸੂਬੇ ਦੇ ਸਰਕਾਰੀ ਜਹਾਜ਼ ਦੀ ਵਰਤੋਂ ਕਰ ਰਹੇ ਹਨ ਤੇ ਸਾਰੇ ਸਰਕਾਰੀ ਫੈਸਲੇ ਲੈ ਰਹੇ ਹਨ। ਬੀਬਾ ਬਾਦਲ ਨੇ ਦੱਸਿਆ ਕਿ ਕਿਵੇਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਨੂੰ ਬਿਨਾਂ ਮੁਕਾਬਲਾ ਜਿਤਾਉਣ ਦੇ ਯਤਨ ਕੀਤੇ ਗਏ। ਉਹਨਾਂ ਕਿਹਾ ਕਿ ਮਜੀਠਾ ਵਿਚ 23 ਵਿਚੋਂ 21 ਸੀਟਾਂ 'ਤੇ ਆਪ ਦੇ ਉਮੀਦਵਾਰ ਬਿਨਾਂ ਮੁਕਾਬਲਾ ਜਿਤਾਏ ਗਏ। ਉਹਨਾਂ ਕਿਹਾ ਕਿ ਰਾਜਾਸਾਂਸੀ ਵਿਚ 35 ਵਿਚੋਂ 25 ਉਮੀਦਵਾਰ ਬਿਨਾਂ ਮੁਕਾਬਲਾ ਜਿਤਾਏ ਗਏ, ਤਰਨ ਤਾਰਨ ਵਿਚ 32 ਵਿਚੋਂ ਸਾਰੇ 32 ਉਮੀਦਵਾਰ, ਗੁਰਦਾਸਪੁਰ ਵਿਚ 22 ਵਿਚੋਂ 20 ਤੇ ਭੋਆ ਵਿਚ ਵਿਰੋਧੀ ਧਿਰ ਦਾ ਕੋਈ ਵੀ ਉਮੀਦਵਾਰ ਮੈਦਾਨ ਵਿਚ ਨਹੀਂ ਨਿਤਰਣ ਦਿੱਤਾ ਗਿਆ। ਬੀਬਾ ਬਾਦਲ ਨੇ ਇਹ ਵੀ ਦੱਸਿਆ ਕਿ ਕਿਵੇਂ ਕਾਂਗਰਸ ਨੂੰ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਬੇਨਕਾਬ ਕੀਤਾ ਤੇ ਦੱਸਿਆ ਕਿ ਕਾਂਗਰਸ ਦੇ ਆਗੂ 500 ਕਰੋੜ ਰੁਪਏ ਦੀ ਰਿਸ਼ਵਤ ਮੁੱਖ ਮੰਤਰੀ ਪੰਜਾਬ ਦੀ ਕੁਰਸੀ ਵਾਸਤੇ ਲੈ ਕੇ ਅਹੁਦੇ ਵੇਚਦੇ ਰਹੇ ਹਨ। ਉਹਨਾਂ ਨੇ ਸਾਰੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ।

# ਵਰੁਣ ਸ਼ਰਮਾ ਨੂੰ ਛੁੱਟੀ ਭੇਜਣ ਦੇ ਫ਼ੈਸਲੇ ਨੇ ਸਾਬਤ ਕੀਤਾ ਕਿ ਐਸ.ਐਸ.ਪੀ. ਦੀ ਵੀਡੀਓ ਕਾਨਫ਼ਰੰਸ ਕਾਲ ਅਸਲੀ ਸੀ : ਸੁਖਬੀਰ ਸਿੰਘ ਬਾਦਲ

ਮਜੀਠਾ, 10 ਦਸੰਬਰ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪਟਿਆਲਾ ਦੇ ਐਸ ਐਸ ਪੀ ਵਰੁਣ ਸ਼ਰਮਾ ਨੂੰ ਛੁੱਟੀ 'ਤੇ ਭੇਜਣ ਦੇ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਉਹਨਾਂ ਦੀ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਾਸਤੇ ਰਿਟਰਨਿੰਗ ਅਫਸਰਾਂ ਦੇ ਦਫਤਰ ਪਹੁੰਚਣ ਤੋਂ ਰੋਕਣ ਵਾਸਤੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੂੰ ਕੀਤੀ ਹਦਾਇਤ ਦੀ ਵਾਇਰਲ ਕਾਨਫਰੰਸ ਕਾਲ ਅਸਲੀ ਸੀ। ਇਥੇ ਪਾਰਟੀ ਦੇ ਵਿਧਾਇਕ ਬੀਬਾ ਗਨੀਵ ਕੌਰ ਮਜੀਠੀਆ ਦੇ ਨਾਲ ਵਿਸ਼ਾਲ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਪਾਰਟੀ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਈ ਜਾਵੇ ਤੇ ਕਿਹਾ ਕਿ ਇਕ ਨਿਰਪੱਖ ਤੇ ਆਜ਼ਾਦ ਚੋਣ ਹੀ ਐਸ.ਐਸ.ਪੀ. ਨੂੰ ਦੋਸ਼ੀ ਠਹਿਰਾ ਸਕਦੀ ਹੈ ਤੇ ਸਾਬਤ ਕਰ ਸਕਦੀ ਹੈ ਕਿ ਵਰੁਣ ਸ਼ਰਮਾ ਨੇ ਕਾਨੂੰਨ ਆਪਣੇ



ਹੱਥਾਂ ਵਿਚ ਲਿਆ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਨੇ ਆਪਣੇ ਵੱਲੋਂ ਕਾਨੂੰਨੀ ਰਾਹ ਅਖ਼ਤਿਆਰ ਕੀਤਾ ਹੈ ਅਤੇ ਯਕੀਨੀ ਬਣਾਇਆ ਹੈ ਕਿ ਐਸ ਐਸ ਪੀ ਦੇ ਖਿਲਾਫ ਫੌਜਦਾਰੀ ਕੇਸ ਦਰਜ ਹੋਵੇ ਤੇ ਉਸਦੇ ਗੈਰ ਸੰਵਿਧਾਨਕ ਕੰਮਾਂ ਵਾਸਤੇ ਉਸਨੂੰ ਜੇਲ੍ਹ ਹੋਵੇ।

ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਵੇਲੇ ਬਿਕਰਮ ਸਿੰਘ ਮਜੀਠੀਆ ਝੂਠੇ ਕੇਸ ਵਿਚ ਜੇਲ੍ਹ ਵਿਚ ਬੰਦ ਹਨ, ਉਸ ਵੇਲੇ ਮਜੀਠੀਆ ਪਰਿਵਾਰ ਦੀ ਹਮਾਇਤ ਕੀਤੀ ਜਾਵੇ ਤੇ ਕਿਹਾ ਕਿ ਬਿਕਰਮ ਤੁਹਾਡੇ ਵਾਸਤੇ ਲੜਦਾ ਸੀ। ਉਹਨਾਂ ਕਿਹਾ ਕਿ ਇਹੀ ਕਾਰਨ ਹੈ ਕਿ ਉਸਦੇ ਖਿਲਾਫ ਝੂਠੇ ਕੇਸ ਦਰਜ ਕੀਤੇ ਗਏ ਕਿਉਂਕਿ ਉਹ ਲੋਕਾਂ ਦੀ ਆਵਾਜ਼ ਚੁੱਕਦਾ ਸੀ। ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਰੀਆਂ 4 ਜ਼ਿਲ੍ਹਾ ਪ੍ਰੀਸ਼ਦ ਸੀਟਾਂ ਦੇ ਨਾਲ-ਨਾਲ ਬਲਾਕ ਸੰਮਤੀ ਦੀਆਂ ਬਹੁ ਗਿਣਤੀ ਸੀਟਾਂ 'ਤੇ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਉਣ।

ਬਾਦਲ ਨੇ ਇਹ ਵੀ ਗੱਲ ਕੀਤੀ ਕਿ ਕਿਵੇਂ ਪਿਛਲੇ 60 ਸਾਲਾਂ ਦੌਰਾਨ ਕਾਂਗਰਸ ਦੇ ਚਾਰ ਮੁੱਖ ਮੰਤਰੀ ਰਹੇ ਜਿਹਨਾਂ ਵਿਚ ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਬੇਅੰਤ ਸਿੰਘ ਤੇ ਕੈਪ. ਅਮਰਿੰਦਰ ਸਿੰਘ ਮੁੱਖ ਮੰਤਰੀ ਰਹੇ। ਉਹਨਾਂ ਕਿਹਾ ਕਿ ਦੂਜੇ ਪਾਸੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ 22 ਸਾਲਾਂ ਦੇ ਕਾਰਜਕਾਲ ਦੌਰਾਨ ਥਰਮਲ ਪਲਾਂਟ ਲਗਾਏ, ਯੂਨੀਵਰਸਿਟੀਆਂ, ਕੈਂਸਰ ਇੰਸਟੀਚਿਊਟ ਤੇ ਵਿਸ਼ਵ ਪੱਧਰੀ ਯਾਦਗਾਰਾਂ ਬਣਾਈਆਂ ਤੇ ਕਿਸਾਨਾਂ ਨੂੰ ਮੁਫਤ ਬਿਜਲੀ ਪ੍ਰਦਾਨ ਕੀਤੀ ਤੇ ਬੁਢਾਪਾ ਪੈਨਸ਼ਨ, ਸ਼ਗਨ ਸਕੀਮ ਤੇ ਆਟਾ ਦਾਲ ਸਕੀਮ ਵਰਗੀਆਂ ਨਿਵੇਕਲੀਆਂ ਸਮਾਜ ਭਲਾਈ ਸਕੀਮਾਂ ਚਲਾਈਆਂ।


ੴ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ**
(ਭਾਰਤ ਸਰਕਾਰ ਦਾ ਅਦਾਰਾ)

ਪੀ.ਐਸ.ਬੀ

ੴ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਹਿ
**PUNJAB & SIND BANK**
(A GOVT. OF INDIA UNDERTAKING)

ਜ਼ੋਨਲ ਦਫਤਰ : ਮੋਗਾ — ਜਿਥੇ ਸੇਵਾ ਹੀ ਜੀਵਨ ਦਾ ਰਾਹ ਹੈ — ਜ਼ੋਨਲ ਦਫਤਰ : ਮੋਗਾ

**ਚੱਲ/ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

ਈ-ਨਿਲਾਮੀ ਦੀ ਮਿਤੀ ਅਤੇ ਸਮਾਂ 30.12.2025 ਨੂੰ ਦੁਪਹਿਰ 12:00 ਵਜੇ ਤੋਂ 02:00 ਵਜੇ ਦੇ ਵਿਚਕਾਰ (5 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ)
(ਵਿਕਰੀ HTTPS//:BAANKNET.COM ਰਾਹੀਂ ਈ-ਨਿਲਾਮੀ ਕੇਵਲ)

**ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਵਿਚ ਜਾਣੂੰ ਦੇਣਦਾਰੀਆਂ ਕੋਈ ਨਹੀਂ**

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ ਨੰ. 54) ਦੇ ਤਹਿਤ ਬੈਂਕ ਨੂੰ ਚਾਰਜ ਕੀਤੇ ਗਏ ਚੱਲ/ਅਚੱਲ ਸੰਪਤੀਆਂ ਦੀ ਵਿਕਰੀ ਜਦੋਂ ਕਿ, ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਧਿਕਾਰੀ ਨੇ ਹਰੇਕ ਖਾਤੇ ਦੇ ਵਿਰੁੱਧ ਦੱਸੀਆਂ ਮਿਤੀਆਂ ਨੂੰ ਧਾਰਾ 13(2) ਦੇ ਤਹਿਤ ਜਾਰੀ ਕੀਤੇ ਗਏ ਨੋਟਿਸ ਦੇ ਅਨੁਸਾਰ ਹੇਠ ਲਿਖੀਆਂ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਸੀ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਾਲ ਪੜ੍ਹਿਆ ਗਿਆ ਹੈ, ਜਿਸ ਨੂੰ ਬੈਂਕ ਦੇ ਬਕਾਏ ਅਤੇ ਵਿਆਜ ਦੀ ਪ੍ਰਾਪਤੀ ਲਈ ÷ਜਿਵੇਂ ਹੈ ਜਿੱਥੇ ਹੈ, ਦੇ ਆਧਾਰ 'ਤੇ÷, ÷ਜਿਵੇਂ ਹੈ ਜੋ ਹੈ, ਦੇ ਆਧਾਰ 'ਤੇ÷ ਅਤੇ ÷ਜਿਵੇਂ ਹੈ, ਉੱਥੇ ਹੈ, ਦੇ ਆਧਾਰ 'ਤੇ÷ ਵੇਚਣ ਦਾ ਅਧਿਕਾਰ ਹੈ, ਜਿਵੇਂ ਕਿ ਇੱਥੇ ਦੱਸਿਆ ਗਿਆ ਹੈ ਅਤੇ ਜਦੋਂ ਕਿ ਅਸਫਲ ਰਹਿਣ 'ਤੇ ਬਕਾਏ ਦੀ ਅਦਾਇਗੀ ਕਰਨ ਵੇਲੇ, ਉਕਤ ਐਕਟ ਦੀ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰਕਰਤਾ ਉਕਤ ਜਾਇਦਾਦ/ਵਸਤੂਆਂ ਦੀ ਵਿਕਰੀ ਦੁਆਰਾ ਬੈਂਕ ਦੇ ਬਕਾਏ ਪ੍ਰਾਪਤ ਕਰਨ ਦਾ ਪ੍ਰਸਤਾਵ ਰੱਖਦਾ ਹੈ। ਇਹ ਵਿਕਰੀ ਵੈੱਬ ਪੋਰਟਲ ਵੈੱਬਸਾਈਟ: https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠ ਹਸਤਾਖਰਕਰਤਾ ਦੁਆਰਾ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ/ਖਾਤਾ/ਕਰਜ਼ਦਾਰ/ਜ਼ਾਮਨ ਦਾ ਨਾਮ | ਮੰਗ ਨੋਟਿਸ ਮਿਤੀ/ ਕੁੱਲ ਵਸੂਲੀਯੋਗ ਰਕਮ | ਅਚੱਲ ਜਾਇਦਾਦ/ਾਂ ਦਾ ਵੇਰਵਾ | ਕਬਜ਼ੇ ਦੀ ਸਥਿਤੀ (ਭੌਤਿਕ/ਸੰਕੇਤਕ) | ਰਿਜ਼ਰਵ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈਐਮਡੀ ਦੀ ਆਖਰੀ ਮਿਤੀ ਅਤੇ ਸਮਾਂ/ਈ ਨਿਲਾਮੀ ਦੀ ਮਿਤੀ ਅਤੇ ਸਮਾਂ | ਨਿਰੀਖਣ ਦੀ ਮਿਤੀ ਅਤੇ ਸਮਾਂ / ਸੰਪਰਕ ਨੰਬਰ ਅਧਿਕਾਰਤ ਦਫ਼ਤਰ ਨਾਮ ਅਤੇ ਸੰਪਰਕ ਨੰਬਰ | QR ਕੋਡ (ਫੋਟੋ) | QR ਕੋਡ (ਸਥਾਨ) | QR BAANKNET |
|---|---|---|---|---|---|---|---|---|---|---|
| 1. | ਸ਼ਾਖਾ ਦਫਤਰ : ਰੇਲਵੇ ਰੋਡ, ਮੋਗਾ<br>1. ਮੈਸਰਜ਼ ਡੇਵ ਆਟੋਮੋਬਾਈਲਜ਼ ਥਰੂ ਪ੍ਰੋਪ. (ਕਰਜ਼ਦਾਰ) ਸ਼੍ਰੀ ਦਵਿੰਦਰ ਕੁਮਾਰ ਪੁੱਤਰ ਮੋਹਨ ਲਾਲ, ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 2. ਸ਼੍ਰੀ ਦਵਿੰਦਰ ਕੁਮਾਰ ਪੁੱਤਰ ਮੋਹਨ ਲਾਲ (ਪ੍ਰੋਪਰਾਈਟਰ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 3. ਸ਼੍ਰੀ ਪਰਦੀਪ ਕੁਮਾਰ ਪੁੱਤਰ ਮੋਹਨ ਲਾਲ (ਜ਼ਾਮਨ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 4. ਸ਼੍ਰੀਮਤੀ ਮਮਤਾ ਰਾਣੀ ਪਤਨੀ ਦਵਿੰਦਰ ਕੁਮਾਰ (ਜ਼ਾਮਨ), ਨੇੜੇ ਪੁਰਾਣੀ ਅਨਾਜ ਮੰਡੀ, ਪਿੰਡ ਅਤੇ ਡਾਕਖਾਨਾ ਬੱਧਨੀ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। 5. ਸ਼੍ਰੀ ਧਰਮਿੰਦਰ ਸਿੰਘ ਧਾਲੀਵਾਲ ਪੁੱਤਰ ਸਤਪਾਲ ਸਿੰਘ (ਜ਼ਾਮਨ), ਪੱਟੀ ਪਥੁਈ, ਵੀ.ਪੀ.ਓ. ਲੋਪੋਂ, ਤਹਿਸੀਲ ਨਿਹਾਲ ਸਿੰਘ ਵਾਲਾ, ਮੋਗਾ। | 06.04.2021<br>Rs. 51,16,691.18<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | 1 ਕਨਾਲ ਦੀ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ 16K-0M ਜ਼ਮੀਨ ਦਾ 20/320 ਹਿੱਸਾ ਸਾਲ 2006-07 ਲਈ ਜਮਾਂਬੰਦੀ ਅਨੁਸਾਰ ਖਸਰਾ ਨੰ. 182//19(8-0), 182//20(8-0), ਖੇਵਟ ਨੰ. 216, ਖਤੌਨੀ ਨੰ. 317, ਲੋਪੋਨ ਦੇ ਖੇਤਰ ਵਿੱਚ ਸਥਿਤ, ਪੱਤੀ ਮਾਲਦੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪਰਦੀਪ ਕੁਮਾਰ ਪੁੱਤਰ ਮੋਹਨ ਲਾਲ ਦੀ ਮਲਕੀਅਤ ਵਾਲਾ ਵਸੀਕਾ ਨੰਬਰ 348 ਮਿਤੀ 19.07.2011 ਸਬ ਰਜਿਸਟਰਾਰ ਬੱਧਨੀ ਕਲਾਂ ਦੇ ਦਫ਼ਤਰ ਵਿੱਚ ਵਿਧੀਵਤ ਰਜਿਸਟਰਡ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਦਵਿੰਦਰ ਕੁਮਾਰ, ਦੱਖਣ: ਮਨਜੀਤ ਕੁਮਾਰ, ਪੂਰਬ: ਕੇਵਲ ਸਿੰਘ, ਪੱਛਮ: ਸੜਕ | ਭੌਤਿਕ | Rs. 25,00,000/-<br>Rs. 2,50,000/-<br>Rs. 25,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ, ਮੋ.ਨੰ. 98888 94378 | | | |
| 2. | ਸ਼ਾਖਾ ਦਫਤਰ : ਨੱਥੂਵਾਲਾ ਜਦੀਦ<br>1. ਮੈਸਰਜ਼ ਪ੍ਰੀਤ ਉਦਯੋਗ (ਕਰਜ਼ਦਾਰ) ਆਪਣੇ ਭਾਈਵਾਲਾਂ ਰਾਹੀਂ ਸ਼੍ਰੀ ਜਸਵਿੰਦਰ ਸਿੰਘ (ਮ੍ਰਿਤਕ) ਅਤੇ ਜਸਪ੍ਰੀਤ ਕੌਰ, ਪਿੰਡ ਅਤੇ ਡਾਕਖਾਨਾ ਕੋਕਰੀ ਫੂਲਾ ਸਿੰਘ, ਮੋਗਾ। 2. ਸ਼੍ਰੀ ਜਸਵਿੰਦਰ ਸਿੰਘ ਪੁੱਤਰ ਚੰਦ ਸਿੰਘ (ਮ੍ਰਿਤਕ) ਨੇ ਆਪਣੇ ਕਾਨੂੰਨੀ ਵਾਰਸਾਂ ਰਾਹੀਂਪਿੰਡ ਅਤੇ ਡਾਕਖਾਨਾ - ਕੋਕਰੀ ਫੂਲਾ ਸਿੰਘ, ਮੋਗਾ। 3. ਸ਼੍ਰੀ ਜਸਪ੍ਰੀਤ ਕੌਰ ਪਤਨੀ ਜਸਵਿੰਦਰ ਸਿੰਘ, ਪਿੰਡ ਅਤੇ ਡਾਕਖਾਨਾ ਕੋਕਰੀ ਫੂਲਾ ਸਿੰਘ, ਮੋਗਾ। 4. ਸ਼੍ਰੀ ਮਨਜੀਤ ਸਿੰਘ ਪੁੱਤਰ ਲੋਹਾਰਾ ਸਿੰਘ (ਜ਼ਾਮਨ), ਪਿੰਡ ਅਤੇ ਡਾਕਖਾਨਾ ਕੋਕਰੀ ਫੂਲਾ ਸਿੰਘ, ਮੋਗਾ। | 10.05.2017<br>Rs. 52,03,209.99<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | 40 ਮਰਲੇ ਦੀ ਜਾਇਦਾਦ, ਜੋ ਕਿ 29 ਕਨਾਲ 15 ਮਰਲੇ ਦੇ 40/595 ਹਿੱਸੇ ਵਜੋਂ ਖਸਰਾ ਨੰਬਰ 11/12(3-15),19(7-(8),22/2(5-16), 18(4-9), 23(8-7) ਖੇਵਟ ਨੰਬਰ 3, ਖਤੌਨੀ ਨੰਬਰ 3 ਤੋਂ 5 ਤੱਕ ਜਮਾਂਬੰਦੀ 2013-14 ਦੇ ਅਨੁਸਾਰ ਹੈ, ਪਿੰਡ ਅਤੇ ਡਾਕਖਾਨਾ ਕੋਕਰੀ ਫੂਲਾ ਸਿੰਘ, ਜ਼ਿਲ੍ਹਾ ਮੋਗਾ ਵਿਖੇ ਸਬ ਰਜਿਸਟਰਾਰ, ਮੋਗਾ ਦੇ ਦਫ਼ਤਰ ਵਿੱਚ ਰਜਿਸਟਰਡ ਟਾਈਟਲ ਡੀਡ ਵਸੀਕਾ ਨੰਬਰ ਮਿਤੀ 02.12.2015 ਅਨੁਸਾਰ ਸਥਿਤ ਹੈ। ਹੱਦਬੰਦੀ: ਉੱਤਰ: ਰਸਤਾ, ਦੱਖਣ: ਮਾਲਕ ਦੀ ਜਾਇਦਾਦ, ਪੂਰਬ: ਰਸਤਾ, ਪੱਛਮ: ਮਾਲਕ। | ਸੰਕੇਤਕ | Rs. 22,00,000/-<br>Rs. 2,20,000/-<br>Rs. 22,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਧੀਰਜ ਕੁਮਾਰ, ਮੁੱਖ ਪ੍ਰਬੰਧਕ, ਮੋ.ਨੰ. 99848-85186 | | | |
| 3. | ਸ਼ਾਖਾ ਦਫਤਰ : ਜੀਐਨਸੀ ਮੋਗਾ<br>1. ਮੈਸਰਜ਼ ਗੁਰੂ ਐਂਟਰਪ੍ਰਾਈਜ਼ਿਜ਼, (ਕਰਜ਼ਦਾਰ) ਰਾਹੀਂ ਪ੍ਰੋਪ. ਸ਼੍ਰੀਮਤੀ ਗੁਰਲੀਨ ਕੌਰ, ਬਾਬਾ ਜੀਵਨ ਸਿੰਘ ਨਗਰ, ਮੋਗਾ। 2. ਸ਼੍ਰੀਮਤੀ ਗੁਰਲੀਨ ਕੌਰ (ਮਾਲਕ), ਵਾਸੀ ਨੇੜੇ ਨੈਸਲੇ ਕੰਪਾਊਂਡ, ਗੇਟ ਨੰ. 2, ਬਾਬਾ ਜੀਵਨ ਸਿੰਘ ਨਗਰ, ਮੋਗਾ। 3. ਸ਼੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਕੁਲਦੀਪ ਸਿੰਘ (ਜ਼ਾਮਨ), ਨੇਸਲੇ ਕੰਪਾਊਂਡ ਦੇ ਨੇੜੇ, ਗੇਟ ਨੰ. 2 ਬਾਬਾ ਜੀਵਨ ਸਿੰਘ ਨਗਰ, ਮੋਗਾ। 4. ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ (ਜ਼ਾਮਨ), ਵਾਸੀ ਨੇੜੇ ਨੇਸਲੇ ਕੰਪਾਊਂਡ, ਗੇਟ ਨੰ.2, ਬਾਬਾ ਜੀਵਨ ਸਿੰਘ ਨਗਰ, ਮੋਗਾ। 5. ਗੁਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ (ਜ਼ਾਮਨ), ਮਕਾਨ ਨੰ. 309, ਵਾਰਡ ਨੰ. 20, ਅਗਵਾਰ ਹਾਕਮ ਕਾ, ਮੋਗਾ। | 07.09.2015<br>Rs. 60,05,056.25<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | 01 ਕਨਾਲ 0 ਮਰਲੇ ਦੀ ਜਾਇਦਾਦ ਜੋ ਕਿ 3 ਕਨਾਲ-9 ਮਰਲੇ ਦੇ 20/69 ਹਿੱਸੇ ਵਿੱਚ ਖਸਰਾ ਨੰਬਰ 15//11/1(3-9) ਖੇਵਟ ਨੰਬਰ 2095, ਖਤੌਨੀ ਨੰਬਰ 2787 ਜਮਾਬੰਦੀ 2003-04 ਦੁਆਰਾ, ਮੋਗਾ ਵਿੱਚ ਸਥਿਤ ਹੈ, ਸੇਲ ਡੀਡ ਨੰਬਰ 7194 ਮਿਤੀ 14.12.2006 ਦੁਆਰਾ ਕੁਲਦੀਪ ਸਿੰਘ ਦੀ ਮਲਕੀਅਤ ਹੈ ਸਬ-ਰਜਿਸਟਰਾਰ ਮੋਗਾ ਦੇ ਦਫ਼ਤਰ ਵਿੱਚ ਰਜਿਸਟਰਡ ਹੈ । ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਗਲੀ, ਦੱਖਣ: ਸੇਮ ਨਾਲਾ, ਪੂਰਬ: ਹੋਰ। ਪੱਛਮ: ਕੁਲਦੀਪ ਸਿੰਘ। | ਭੌਤਿਕ | Rs. 12,95,000/-<br>Rs. 1,29,500/-<br>Rs. 12,950/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ, ਮੋ.ਨੰ. 98888 94378 | | | |
| 4. | ਸ਼ਾਖਾ ਦਫਤਰ : ਆਰਆਰ ਮੋਗਾ<br>1. ਸ਼੍ਰੀ ਹੇਮੰਤ ਕੁਮਾਰ ਸਿੰਗਲਾ ਪੁੱਤਰ ਰਾਜਿੰਦਰ ਕੁਮਾਰ (ਕਰਜ਼ਦਾਰ), ਵਾਸੀ ਮਕਾਨ ਨੰਬਰ 1279, ਵਾਰਡ ਨੰਬਰ 1, ਗਲੀ ਨੰਬਰ 8, ਜਵਾਹਰ ਨਗਰ, ਮੋਗਾ। 2. ਸ਼੍ਰੀਮਤੀ ਰਜਨੀ ਸਿੰਗਲਾ ਪਤਨੀ ਹੇਮੰਤ ਕੁਮਾਰ ਸਿੰਗਲਾ (ਸਹਿ-ਕਰਜ਼ਦਾਰ), ਵਾਸੀ ਮਕਾਨ ਨੰਬਰ 1279, ਵਾਰਡ ਨੰਬਰ 1, ਗਲੀ ਨੰਬਰ 8, ਜਵਾਹਰ ਨਗਰ, ਮੋਗਾ। 3. ਅਮਰਜੀਤ ਸਿੰਘ ਗਿੱਲ ਪੁੱਤਰ ਰਣਜੀਤ ਸਿੰਘ ਗਿੱਲ (ਜ਼ਾਮਨ), ਵਾਸੀ ਮਕਾਨ ਨੰਬਰ 827, ਵਾਰਡ ਨੰਬਰ 30, ਕੋਟਕਪੂਰਾ ਰੋਡ, ਦੇਵ ਹੋਟਲ ਦੇ ਨੇੜੇ, ਮੋਗਾ। | 07.10.2016<br>Rs. 37,70,447.56<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | ਰਿਹਾਇਸ਼ੀ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ 8 ਮਰਲੇ ਜ਼ਮੀਨ ਦਾ 8/42 ਹਿੱਸਾ ਜਿਸਦਾ ਮਾਪ 2 ਕਨਾਲ 2 ਮਰਲੇ ਜ਼ਮੀਨ ਜਿਸ ਵਿੱਚ ਖੇਵਟ ਨੰਬਰ 169 ਅਨੁਸਾਰ ਖਸਰਾ ਨੰਬਰ 145/5//5/2(2-2) ਹੈ, ਸਾਲ 2007-08 ਲਈ ਜਮ੍ਹਾਂਬੰਦੀ ਅਨੁਸਾਰ ਖਤੌਨੀ ਨੰਬਰ 182 ਹੈ ਜੋ ਕਿ ਮੋਗਾ ਮਹਿਲਾ ਸਿੰਘ 99 ਦੇ ਖੇਤਰ ਵਿੱਚ ਸਥਿਤ, ਮੋਗਾ ਵਿਖੇ ਸੇਲ ਡੀਡ ਨੰਬਰ 5763 ਮਿਤੀ 06.02.2015 ਹੇਮੰਤ ਕੁਮਾਰ ਸਿੰਗਲਾ ਪੁੱਤਰ ਰਾਜਿੰਦਰ ਕੁਮਾਰ ਦੇ ਨਾਮ 'ਤੇ ਹੈ।ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਮਹਿੰਦਰ ਸਿੰਘ, ਦੱਖਣ: ਸੂਰਤ ਸਿੰਘ, ਪੂਰਬ: ਚੰਨਣ ਸਿੰਘ, ਪੱਛਮ: ਗਲੀ (ਜਿਵੇਂ ਕਿ ਸੇਲ ਡੀਡ ਵਿੱਚ ਦਰਸਾਇਆ ਗਿਆ ਹੈ)। | ਭੌਤਿਕ | Rs. 7,80,000/-<br>Rs. 78,000/-<br>Rs. 10,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ, ਮੋ.ਨੰ. 98888 94378 | | | |
| 5. | ਸ਼ਾਖਾ ਦਫਤਰ : ਮੰਡੋਰ<br>1. ਮੈਸਰਜ਼ ਪੰਜਾਬ ਖੰਡਸਾਰੀ ਮਿੱਲਜ਼ (ਕਰਜ਼ਦਾਰ) ਇਸਦੇ ਮਾਲਕ ਸ਼੍ਰੀ. ਅੰਸ਼ੂ ਅਗਰਵਾਲ, ਕੋਟ ਈਸੇ ਖਾਂ ਰੋਡ, ਜ਼ੀਰਾ, ਤਹਿਸੀਲ ਜ਼ੀਰਾ, ਜਿਲਾ ਫਿਰੋਜ਼ਪੁਰ, ਪੰਜਾਬ 142047. 2. ਸ਼੍ਰੀਮਤੀ ਅੰਸ਼ੂ ਅਗਰਵਾਲ ਪਤਨੀ ਵਿਕਰਮ ਅਗਰਵਾਲ (ਪ੍ਰੋਪਰਾਈਟਰ), ਵਾਸੀ ਅਗਰਵਾਲ ਸਟਰੀਟ, ਜ਼ੀਰਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ 142047. 3. ਸ਼. ਜਗਦੀਸ਼ ਲਾਲ ਪੁੱਤਰ ਸੋਹਣ ਸਿੰਘ (ਜ਼ਾਮਨ), ਮਕਾਨ ਨੰ. 94, ਨੇੜੇ ਐਸ.ਡੀ.ਐਮ ਕੋਰਟ, ਘੋੜ ਮੁਹੱਲਾ, ਜ਼ੀਰਾ, ਤਹਿਸੀਲ ਜ਼ੀਰਾ, ਜਿਲ੍ਹਾ. ਫਿਰੋਜ਼ਪੁਰ, ਪੰਜਾਬ 142047 | 25.10.2021<br>Rs. 27,27,305.72<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | ਅਚੱਲ ਜਾਇਦਾਦ ਭਾਵ 13 ਮਰਲੇ 2 ਸਰਸਾਈ ਦਾ ਪਲਾਟ ਜੋ ਕਿ 06 ਕਨਾਲ 13 ਮਰਲੇ ਜ਼ਮੀਨ ਦਾ 119/1197 ਹਿੱਸਾ ਹੈ, ਜੋ ਕਿ 2010-11 ਲਈ ਜਮਾਂਬੰਦੀ ਅਨੁਸਾਰ ਖਸਰਾ ਨੰਬਰ 126ਮਰਲੇ//16(6-13), ਖੇਵਟ ਨੰਬਰ 111, ਖਤੌਨੀ ਨੰਬਰ 121 ਅਧੀਨ ਜ਼ੀਰਾ ਦੇ ਖੇਤਰ ਵਿੱਚ ਸਥਿਤ, ਤਹਿਸੀਲ ਜ਼ੀਰਾ ਨੂੰ 27-11-2025 ਨੂੰ ਸਬ-ਰਜਿਸਟਰਾਰ ਜ਼ੀਰਾ ਦੇ ਦਫ਼ਤਰ ਵਿੱਚ ਵਸੀਕਾ ਨੰਬਰ 1445, ਕਿਤਾਬ ਨੰਬਰ 1, ਵਾਲੀਅਮ 5556, ਪੰਨਾ ਨੰਬਰ 91 ਦੁਆਰਾ ਰਜਿਸਟਰਡ ਅਤੇ ਲਾਗੂ ਕੀਤੇ ਗਏ ਟਰਾਂਸਫਰ ਡੀਡ ਦੁਆਰਾ ਮਾਲਕੀ ਅਧਿਕਾਰ ਪ੍ਰਾਪਤ ਹੋਏ। ਹੇਠ ਲਿਖੇ ਅਨੁਸਾਰ ਹੱਦਬੰਦੀ:- ਉੱਤਰ-ਜਾਇਦਾਦ ਰੋਹਿਤ ਅਗਰਵਾਲ ਪਲਾਟ, ਦੱਖਣ: ਸੜਕ ਪੂਰਬ: ਸੁਨੀਤਾ ਬਜਾਜ ਪਲਾਟ ਦੀ ਜਾਇਦਾਦ, ਪੱਛਮੀ: ਸੜਕ। | ਸੰਕੇਤਕ | Rs. 21,00,000/-<br>Rs. 2,10,000/-<br>Rs. 21,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ, ਮੋ.ਨੰ. 98888 94378 | | | |
| 6. | ਸ਼ਾਖਾ ਦਫਤਰ : ਬਾਘਾਪੁਰਾਣਾ<br>1. ਜੀ.ਐਸ. ਆਟਾ ਚੱਕੀ ਇਸਦੇ ਮਾਲਕ (ਕਰਜ਼ਦਾਰ) ਗੁਰਪ੍ਰੀਤ ਸਿੰਘ ਪੁੱਤਰ ਮੱਘਰ ਸਿੰਘ, ਵਾਸੀ ਪਿੰਡ ਗੱਜਣਵਾਲਾ, ਬਾਘਾਪੁਰਾਣਾ, ਮੋਗਾ ਰਾਹੀਂ। 2. ਗੁਰਪ੍ਰੀਤ ਸਿੰਘ ਪੁੱਤਰ ਮੱਘਰ ਸਿੰਘ (ਪ੍ਰੋਪਰਾਈਟਰ), ਵਾਸੀ ਪਿੰਡ ਗੱਜਣਵਾਲਾ, ਬਾਘਾਪੁਰਾਣਾ, ਮੋਗਾ। 3. ਕਰਮਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ (ਜ਼ਾਮਨ), ਵਾਸੀ ਪਿੰਡ ਗੱਜਣਵਾਲਾ, ਬਾਘਾਪੁਰਾਣਾ, ਮੋਗਾ। 4. ਮਾਮ ਚੰਦ ਪੁੱਤਰ ਗੁਰਮੁਖ ਸਿੰਘ (ਜ਼ਾਮਨ), ਅਵਤਾਰ ਨਗਰ ਕਲੋਨੀ, ਨਿਹਾਲ ਸਿੰਘ ਵਾਲਾ ਰੋਡ, ਬਾਘਾਪੁਰਾਣਾ, ਮੋਗਾ। | 29.04.2016<br>Rs. 13,70,273/-<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | 01 ਕਨਾਲ ਦੀ ਜਾਇਦਾਦ, ਜਿਸ ਵਿੱਚ 09 ਕਨਾਲਾਂ ਦਾ 1/9 ਹਿੱਸਾ ਹੈ, ਜਿਸ ਵਿੱਚ ਖਸਰਾ ਨੰਬਰ 168(2-9) 170(4-5), 174(0-11), 170/1(1-15), ਖੇਵਟ ਨੰਬਰ 164, ਖਤੌਨੀ ਨੰਬਰ 303 ਸ਼ਾਮਲ ਹਨ, ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ ਅਤੇ ਵਸੀਕਾ ਨੰਬਰ 2537 ਮਿਤੀ 24.12.2014 ਅਨੁਸਾਰ, ਸਬ-ਰਜਿਸਟਰਾਰ ਬਾਘਾਪੁਰਾਣਾ ਦੇ ਦਫ਼ਤਰ ਵਿੱਚ ਰਜਿਸਟਰਡ ਹੈ ਅਤੇ ਡਰੋਲੀ ਭਾਈ ਰੋਡ, ਪਿੰਡ ਗੱਜਣ ਵਾਲਾ, ਤਹਿਸੀਲ ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਵਿਖੇ ਸਥਿਤ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਉੱਤਰ: ਗਮਦੂਰ ਸਿੰਘ, ਦੱਖਣ: ਨਿਰਮਲ ਸਿੰਘ, ਪੂਰਬ: ਗਲੀ, ਪੱਛਮ: ਸੜਕ। | ਭੌਤਿਕ | Rs. 9,60,000/-<br>Rs. 96,000/-<br>Rs. 10,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਧੀਰਜ ਕੁਮਾਰ, ਮੁੱਖ ਪ੍ਰਬੰਧਕ, ਮੋ.ਨੰ. 99848-85186 | | | |
| 7. | ਸ਼ਾਖਾ ਦਫਤਰ : ਮੰਡੋਰ<br>1. ਅੰਸ਼ੂ ਅਗਰਵਾਲ ਪਤਨੀ ਵਿਕਰਮ ਅਗਰਵਾਲ (ਕਰਜ਼ਦਾਰ), ਅਗਰਵਾਲ ਸਟਰੀਟ, ਜ਼ੀਰਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। 2. ਗੁਰਚਰਨ ਦਾਸ ਪੁੱਤਰ ਦੀਵਾਨ ਚੰਦ (ਜ਼ਾਮਨ), ਮਕਾਨ ਨੰ. 126, ਵਾਰਡ ਨੰ. 13, ਜ਼ੀਰਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। | 27.08.2021<br>Rs. 7,51,672.74<br>30.11.2025 ਨੂੰ ਲਾਗੂ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ ਸਮੇਤ | ਜਾਇਦਾਦ 1. ਅਚੱਲ ਜਾਇਦਾਦ ਭਾਵ 03 ਮਰਲੇ ਦਾ ਪਲਾਟ ਜਿਸ ਵਿੱਚ 05 ਕਨਾਲ 06 ਮਰਲੇ ਜ਼ਮੀਨ ਦਾ 3/106 ਹਿੱਸਾ ਹੈ ਜਿਸ ਵਿੱਚ ਖੇਵਟ ਨੰਬਰ 1059, ਖਤੌਨੀ ਨੰਬਰ 1310, ਖਸਰਾ ਨੰਬਰ 126$//25/2/1/4-5, 25/2/2/1-1 ਸ਼ਾਮਲ ਹਨ, ਨੂੰ ਮਿਤੀ 05.10.2016 ਨੂੰ ਤਬਾਦਲਾ ਡੀਡ ਰਾਹੀਂ ਮਾਲਕੀ ਅਧਿਕਾਰ ਮਿਲੇ ਹਨ ਜੋ ਕਿ ਮਿਤੀ 05.10.2016 ਨੂੰ ਵਾਸਿਕਾ ਨੰਬਰ 2002 ਮਿਤੀ 05.10.2016 ਨੂੰ ਰਜਿਸਟਰਡ ਕੀਤਾ ਗਿਆ ਸੀ, ਇਹ 2010-11 ਲਈ ਜ਼ੀਰਾ, ਤਹਿਸੀਲ ਜ਼ੀਰਾ ਦੇ ਰਿਹਾਇਸ਼ੀ ਖੇਤਰ ਵਿੱਚ ਸਥਿਤ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਉੱਤਰ: ਪੈਸੇਜ ਦੀ ਜਾਇਦਾਦ, ਦੱਖਣ: ਮੇਜਰ ਸਿੰਘ ਆਦਿ ਦੀ ਜਾਇਦਾਦ, ਪੂਰਬ: ਬਿਕਰਮ ਦੀ ਜਾਇਦਾਦ, ਪੱਛਮ: ਕੁਲਦੀਪ ਕੌਰ ਦੀ ਜਾਇਦਾਦ। | ਸੰਕੇਤਕ | Rs. 6,71,000/-<br>Rs. 67,100/-<br>Rs. 10,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ, ਮੋ.ਨੰ. 98888 94378 | | | |
| | | | ਜਾਇਦਾਦ 2. ਅਚੱਲ ਜਾਇਦਾਦ ਭਾਵ 03 ਮਰਲੇ ਦਾ ਪਲਾਟ 02 ਸਰਸਾਈ 29/954 ਹਿੱਸਾ ਜ਼ਮੀਨ ਹੈ ਜਿਸਦੀ ਮਾਪ 05 ਕਨਾਲ 06 ਮਰਲੇ ਹੈ ਜਿਸ ਵਿੱਚ ਖੇਵਟ ਨੰਬਰ 1059, ਖਤੌਨੀ ਨੰਬਰ 1310, ਖਸਰਾ ਨੰਬਰ 126 ਮਰਲੇ//25/2/1/4-5, 25/2/2/1-1 ਸ਼ਾਮਲ ਹਨ, ਨੂੰ ਮਿਤੀ 07.09.2016 ਨੂੰ ਤਬਾਦਲਾ ਡੀਡ ਰਾਹੀਂ ਮਾਲਕੀ ਅਧਿਕਾਰ ਮਿਲੇ ਹਨ ਜੋ ਕਿ ਮਿਤੀ 07.09.2016 ਨੂੰ ਵਸੀਕਾ ਨੰਬਰ 1745 ਦੁਆਰਾ ਰਜਿਸਟਰਡ ਕੀਤਾ ਗਿਆ ਸੀ, ਜੋ ਕਿ 2010-11 ਲਈ ਤਹਿਸੀਲ ਜ਼ੀਰਾ ਦੇ ਰਿਹਾਇਸ਼ੀ ਖੇਤਰ ਵਿੱਚ ਸਥਿਤ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਉੱਤਰ: ਬਿਕਰਮ ਦੀ ਜਾਇਦਾਦ, ਦੱਖਣ: ਬਿਕਰਮ ਦੀ ਜਾਇਦਾਦ, ਪੂਰਬ: ਪੈਸੇਜ ਦੀ ਜਾਇਦਾਦ, ਪੱਛਮ: ਰਾਜੀਵ ਕੌਰ ਦੀ ਜਾਇਦਾਦ। | ਸੰਕੇਤਕ | Rs. 6,94,000/-<br>Rs. 69,400/-<br>Rs. 10,000/- | 29.12.2025 till 05:00 P.M.<br>30.12.2025 from 12:00 P.M. to 02:00 P.M. | 26.12.2025 from 10:00 AM to 05:00 PM<br>ਸ਼੍ਰੀ ਅਨੂਪ ਕੁਮਾਰ ਗੁਪਤਾ ਮੁੱਖ ਪ੍ਰਬੰਧਕ, ਮੋ.ਨੰ. 98888 94378 | | | |

**ਨਿਯਮ ਅਤੇ ਸ਼ਰਤਾਂ:**-ਏ) ਜਾਇਦਾਦ ਸਾਰੇ ਮੌਜੂਦਾ ਅਤੇ ਹੋਰ ਬੋਝਾਂ ਸਮੇਤ ਵੇਚੀ ਜਾ ਰਹੀ ਹੈ, ਭਾਵੇਂ ਬੈਂਕ ਨੂੰ ਪਤਾ ਹੋਵੇ ਜਾਂ ਅਣਜਾਣ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰ ਕਿਸੇ ਵੀ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆਂ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ। ਖਰੀਦਦਾਰ ਨੂੰ ਆਪਣੀ ਸੰਤੁਸ਼ਟੀ ਲਈ ਜਾਇਦਾਦ ਨਾਲ ਸਬੰਧਤ ਸਾਰੇ ਪਹਿਲੂਆਂ 'ਤੇ ਉਚਿਤ ਜਾਂਚ ਕਰਨੀ ਚਾਹੀਦੀ ਹੈ। ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਲੀ ਜਮ੍ਹਾ ਕਰਨ ਤੋਂ ਪਹਿਲਾਂ ਸੁਰੱਖਿਅਤ ਜਾਇਦਾਦ ਨਾਲ ਸਬੰਧਤ ਹੋਰ ਵੇਰਵਿਆਂ ਦੇ ਸਿਰਲੇਖ ਅਤੇ ਸ਼ੁੱਧਤਾ ਨਾਲ ਸੰਤੁਸ਼ਟ ਹੋਣ ਅਤੇ ਸਬੰਧਤ ਅਧਿਕਾਰੀਆਂ ਤੋਂ ਉਨ੍ਹਾਂ ਦੀ ਸੰਤੁਸ਼ਟੀ ਲਈ ਕਿਸੇ ਵੀ ਹੋਰ ਬਕਾਏ/ਦੇਣਦਾਰੀਆਂ/ਬੋਝ ਦਾ ਪਤਾ ਲਗਾਉਣ। ਖਰੀਦਦਾਰ ਬਾਅਦ ਦੀ ਮਿਤੀ 'ਤੇ ਇਸ ਸਬੰਧ ਵਿੱਚ ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰਾਂ ਵਿਰੁੱਧ ਕੋਈ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। ☼) ਕਿਸੇ ਵੀ ਰਕਮ ਦੇ ਭੁਗਤਾਨ ਵਿੱਚ ਕਿਸੇ ਵੀ ਡਿਫਾਲਟ ਦੀ ਸਥਿਤੀ ਵਿੱਚ ਜਾਂ ਜੇਕਰ ਖਰੀਦਦਾਰ/ਬੋਲੀਦਾਰ ਵੱਲੋਂ ਉਪਰੋਕਤ ਸਮਾਂ ਸੀਮਾ ਦੇ ਅੰਦਰ ਡਿਫਾਲਟ ਦੇ ਕਾਰਨਾਂ ਕਰਕੇ ਵਿਕਰੀ ਪੂਰੀ ਨਹੀਂ ਹੁੰਦੀ ਹੈ, ਤਾਂ ਬੈਂਕ ਉਦੋਂ ਤੱਕ ਖਰੀਦਦਾਰ ਬੋਲੀਕਾਰ ਦੁਆਰਾ ਅਦਾ ਕੀਤੇ ਗਏ ਸਾਰੇ ਪੈਸੇ ਜ਼ਬਤ ਕਰਨ ਅਤੇ ਸੁਰੱਖਿਅਤ ਸੰਪਤੀਆਂ ਨੂੰ ਦੁਬਾਰਾ ਵਿਕਰੀ ਲਈ ਰੱਖਣ ਦਾ ਹੱਕਦਾਰ ਹੋਵੇਗਾ, ਆਪਣੇ ਪੂਰਨ ਵਿਵੇਕ ਨਾਲ। e) ਨਿਲਾਮੀ ਬੋਲੀ ਸਿਰਫ "ਔਨਲਾਈਨ ਇਲੈਕਟ੍ਰਾਨਿਕ ਬੋਲੀ" ਰਾਹੀਂ ਵੈੱਬਸਾਈਟ https://baanknet.com ਰਾਹੀਂ ਹੋਵੇਗੀ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਈ-ਨਿਲਾਮੀ ਵਿਕਰੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਿਸਤ੍ਰਿਤ ਸ਼ਰਤਾਂ ਲਈ ਵੈੱਬਸਾਈਟ ਨੂੰ ਦੇਖਣ। d) ਜਾਇਦਾਦ ਨੂੰ ਉਸ ਕੀਮਤ 'ਤੇ ਵੇਚਿਆ ਜਾਵੇਗਾ ਜੋ ਰਿਜ਼ਰਵ ਕੀਮਤ ਤੋਂ ਵੱਧ ਹੈ ਅਤੇ ਭਾਗ ਲੈਣ ਵਾਲੇ ਬੋਲੀਕਾਰ ਚੁਸਤ ਪ੍ਰਕਿਰਿਆ ਦੌਰਾਨ ਆਪਣੀ ਪੇਸ਼ਕਸ਼ ਨੂੰ ਹੋਰ ਬਿਹਤਰ ਬਣਾ ਸਕਦੇ ਹਨ। e) ਰਿਜ਼ਰਵ ਕੀਮਤ ਦਾ 10% EMD ਰਕਮ (M's PSB Alliance Pvt. Ltd.) ਦੇ ਈ-ਵਾਲਿਟ ਵਿੱਚ ਜਮ੍ਹਾਂ ਕੀਤੀ ਜਾਣੀ ਹੈ, (ਸੰਪਰਕ ਨੰਬਰ +918291220220, 5 support baanknet@psballiance.com/portal ਸਿੱਧੇ ਜਾਂ ਜਨਰੇਟ ਕਰਕੇ RTGS/NEFT ਰਾਹੀਂ EMD ਜਮ੍ਹਾਂ ਕਰਵਾਉਣ ਲਈ ਖਾਤੇ ਦੇ ਵੇਰਵਿਆਂ ਵਿੱਚ ਜਿਵੇਂ ਕਿ ਉਕਤ ਚਲਾਨ ਵਿੱਚ ਦੱਸਿਆ ਗਿਆ ਹੈ। 9) EMD ਰਕਮ ਦਾ ਭੁਗਤਾਨ ਕਰਨ ਤੋਂ ਬਾਅਦ, ਇੱਛੁਕ ਬੋਲੀਕਾਰਾਂ ਨੂੰ ਹੇਠ ਲਿਖੇ ਦਸਤਾਵੇਜ਼ਾਂ/ਵੇਰਵਿਆਂ ਦੀ ਇੱਕ ਕਾਪੀ 29.12.2025 ਨੂੰ ਜਾਂ ਇਸ ਤੋਂ ਪਹਿਲਾਂ ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਦਫ਼ਤਰ ਮੋਗਾ ਵਿਖੇ ਹੱਥੀਂ ਜਾਂ ਈਮੇਲ ਰਾਹੀਂ ਜਮ੍ਹਾਂ ਕਰਾਉਣੀ ਚਾਹੀਦੀ ਹੈ। ) ਪੈਨ ਕਾਰਡ, ਆਈਡੀ ਪਰੂਫ਼ ਅਤੇ ਪਤੇ ਦੇ ਸਬੂਤ ਦੀਆਂ ਫੋਟੋਕਾਪੀਆਂ, ਹਾਲਾਂਕਿ, ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਨ ਵੇਲੇ ਬੈਂਕ ਨੂੰ ਇਹ ਦਸਤਾਵੇਜ਼ ਅਸਲ ਵਿੱਚ ਪੇਸ਼ ਕਰਨੇ ਪੈਣਗੇ। I) ਬੋਲੀਕਾਰਾਂ ਦਾ ਨਾਮ, ਸੰਪਰਕ ਨੰਬਰ, ਪਤਾ, ਈ ਮੇਲ ਆਈਡੀ। Iv) EMD ਦੀ ਔਨਲਾਈਨ ਰਿਫੰਡ ਲਈ ਬੋਲੀਕਾਰ ਦੇ 193 ਵੇਰਵੇ। 1) ਅਸਫਲ ਬੋਲੀਕਾਰਾਂ ਦੁਆਰਾ ਜਮ੍ਹਾ ਕੀਤੀ ਗਈ EMD ਉਹਨਾਂ ਨੂੰ ਵਾਪਸ ਕੀਤੀ ਜਾਵੇਗੀ। EMD 'ਤੇ ਕੋਈ ਵਿਆਜ ਨਹੀਂ ਹੋਵੇਗਾ। g) ਨਿਲਾਮੀ ਰਿਜ਼ਰਵ ਕੀਮਤ 'ਤੇ ਸ਼ੁਰੂ ਹੋਵੇਗੀ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਬੋਲੀਕਾਰ ਉੱਪਰ ਦੱਸੇ ਅਨੁਸਾਰ ਰਕਮ ਦੇ ਗੁਣਾ ਵਿੱਚ ਆਪਣੀਆਂ ਪੇਸ਼ਕਸ਼ਾਂ ਨੂੰ ਸੁਧਾਰਣਗੇ। 'ਆਨਲਾਈਨ ਨਿਲਾਮੀ' ਦੇ ਬੰਦ ਹੋਣ 'ਤੇ ਸਭ ਤੋਂ ਵੱਧ ਬੋਲੀ (ਰਿਜ਼ਰਵ ਕੀਮਤ ਤੋਂ ਉੱਪਰ) ਜਮ੍ਹਾਂ ਕਰਵਾਉਣ ਵਾਲੇ ਬੋਲੀਕਾਰਾਂ ਨੂੰ ਸਫਲ ਬੋਲੀਕਾਰਾਂ ਵਜੋਂ ਘੋਸ਼ਿਤ ਕੀਤਾ ਜਾਵੇਗਾ। ਸੁਰੱਖਿਅਤ ਲੈਣਦਾਰ ਦੁਆਰਾ ਇਸਦੀ ਪੁਸ਼ਟੀ ਦੇ ਅਧੀਨ, ਸਫਲ ਬੋਲੀਕਾਰਾਂ ਦੇ ਹੱਕ ਵਿੱਚ ਵਿਕਰੀ ਦੀ ਪੁਸ਼ਟੀ ਕੀਤੀ ਜਾਵੇਗੀ। h) ਸਫਲ ਬੋਲੀਕਾਰ ਸਫਲ ਬੋਲੀਕਾਰ ਵਜੋਂ ਘੋਸ਼ਿਤ ਕਰਨ ਦੇ ਅਗਲੇ ਕੰਮਕਾਜੀ ਦਿਨ ਤੱਕ ਵਿਕਰੀ ਕੀਮਤ ਦਾ 25% (ਪਹਿਲਾਂ ਹੀ ਅਦਾ ਕੀਤੀ ਗਈ EMD ਸਮੇਤ) ਅਤੇ ਸੁਰੱਖਿਅਤ ਲੈਣਦਾਰ ਦੁਆਰਾ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਬਕਾਇਆ ਰਕਮ ਜਮ੍ਹਾਂ ਕਰਵਾਏਗਾ। ਜੇਕਰ ਸਫਲ ਬੋਲੀਕਾਰ ਵਿਕਰੀ ਕੀਮਤ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਅਧਿਕਾਰਤ ਅਧਿਕਾਰੀ ਦੁਆਰਾ ਬਿਨਾਂ ਕਿਸੇ ਨੋਟਿਸ ਦੇ ਉਸ ਦੁਆਰਾ ਕੀਤੀ ਗਈ ਜਮ੍ਹਾਂ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਜਾਇਦਾਦ ਨੂੰ ਤੁਰੰਤ ਦੁਬਾਰਾ ਵਿਕਰੀ ਲਈ ਰੱਖਿਆ ਜਾਵੇਗਾ। 9) ਵਿਕਰੀ ਦੀ ਕਮਾਈ ਲਈ ਰੁਪਏ। 50.00 ਲੱਖ (ਪੰਜਾਹ ਲੱਖ ਰੁਪਏ) ਅਤੇ ਇਸ ਤੋਂ ਵੱਧ ਦੀ ਰਕਮ ਦੀ ਅਦਾਇਗੀ ਕਰਨ 'ਤੇ, ਸਫਲ ਬੋਲੀਕਾਰ ਨੂੰ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਰਕਮ 'ਤੇ 1% ਦੀ ਦਰ ਨਾਲ ਟੀਡੀਐਸ ਕੱਟਣਾ ਪਵੇਗਾ ਅਤੇ ਟੀਡੀਐਸ ਸਰਟੀਫਿਕੇਟ ਦੀ ਅਸਲ ਰਸੀਦ ਬੈਂਕ ਨੂੰ ਜਮ੍ਹਾ ਕਰਨੀ ਪਵੇਗੀ। J) ਲਾਗੂ ਹੋਣ ਵਾਲੇ ਸਾਰੇ ਖਰਚੇ, ਸਟੈਂਪ ਡਿਊਟੀ/ਜੀਐਸਟੀ ਰਜਿਸਟ੍ਰੇਸ਼ਨ ਖਰਚੇ ਆਦਿ ਸਿਰਫ ਸਫਲ ਬੋਲੀਕਾਰ ਦੁਆਰਾ ਹੀ ਸਹਿਣ ਕੀਤੇ ਜਾਣਗੇ। k) ਅਧਿਕਾਰਤ ਅਧਿਕਾਰੀ ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਬਿਨਾਂ ਕੋਈ ਕਾਰਨ ਦੱਸੇ ਮੁਲਤਵੀ/ਰੱਦ ਕਰਨ ਜਾਂ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://baanknet.com ਜਾਂ https://www.punjabandsindbank.co.in ਵੇਖੋ।

**ਵਿਸ਼ੇਸ਼ ਹਦਾਇਤ/ਚੇਤਾਵਨੀ**

ਆਖ਼ਰੀ ਮਿੰਟਾਂ/ਪਲਾਂ ਵਿਚ ਬੋਲੀ ਦੇਣ ਤੋਂ ਬੋਲੀਕਾਰਾਂ ਵੱਲੋਂ ਗੁਰੇਜ਼ ਕੀਤਾ ਜਾਵੇ। ਨਾ ਤਾਂ ਪੰਜਾਬ ਐਂਡ ਸਿੰਧ ਬੈਂਕ, ਨਾ ਹੀ ਸਰਵਿਸ ਪ੍ਰੋਵਾਈਡਰ ਅਜਿਹੇ ਮਾਮਲਿਆਂ ਵਿਚ ਬੋਲੀਕਾਰ ਜਾਂ ਵਿਕ੍ਰੇਤਾ ਦੇ ਪੱਖ 'ਤੇ ਕਿਸੇ ਵੀ ਤਰੁੱਟੀ/ਅਸਫ਼ਲਤਾ (ਇੰਟਰਨੈਟ ਅਸਫ਼ਲਤਾ, ਬਿਜਲੀ ਅਸਫ਼ਲਤਾ ਆਦਿ) ਦੇ ਲਈ ਜੁਆਬਦੇਹ ਹੋਣਗੇ। ਅਜਿਹੀ ਅਚਨਚੇਤੀ ਸਥਿਤ ਨੂੰ ਟਾਲਣ ਦੇ ਸਬੰਧ ਵਿਚ, ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਕ-ਅੱਪ, ਪਾਵਰ ਸਪਲਾਈ ਅਤੇ ਜੋ ਵੀ ਹੋਰ ਲੋੜੀਂਦਾ ਹੋਵੇ ਉਨ੍ਹਾਂ ਸਾਰੇ ਜ਼ਰੂਰੀ ਪ੍ਰਬੰਧਾਂ/ਵਿਕਲਪਾਂ ਦਾ ਇੰਤਜ਼ਾਮ ਰੱਖਣ, ਤਾਂ ਜੋ ਉਹ ਅਜਿਹੀ ਸਥਿਤ ਤੋਂ ਬਚ ਸਕਣ ਦੇ ਸਮਰਥ ਹੋਣ ਅਤੇ ਸਫ਼ਲਤਾ ਪੂਰਵਕ ਨਿਲਾਮੀ ਵਿਚ ਭਾਗ ਲੈਣ ਦੇ ਸਮਰਥ ਹੋਣ।

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ ਵਿਕਰੀ ਸੂਚਨਾ**

ਕਰਜ਼ਦਾਰ/ਜ਼ਾਮਨਾਂ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਤਾਜ਼ਾ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ ਉਕਤ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਸੰਪੱਤੀ ਦੀ ਨਿਲਾਮੀ/ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ ਰਕਮ ਜੇਕਰ ਕੋਈ ਹੋਵੇ, ਵਿਆਜ ਅਤੇ ਲਾਗਤ ਸਮੇਤ ਵਸੂਲ ਕੀਤੀ ਜਾਵੇਗੀ।

ਮਿਤੀ : 10.12.2025 — ਸਥਾਨ : ਮੋਗਾ — (ਅਧਿਕਾਰਤ ਅਧਿਕਾਰੀ, ਪੰਜਾਬ ਐਂਡ ਸਿੰਧ ਬੈਂਕ)

## ਸੰਪਾਦਕੀ

# ਵਿਆਹ ਸਮਾਗਮਾਂ ਵਿੱਚ ਹਥਿਆਰਾਂ ਦਾ ਪ੍ਰਦਰਸ਼ਨ

ਵਿਆਹ ਖੁਸ਼ੀਆਂ ਅਤੇ ਜਸ਼ਨ ਦਾ ਸਮਾਂ ਹੁੰਦਾ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਅਤੇ ਹੋਰ ਉੱਤਰੀ ਰਾਜਾਂ ਵਿੱਚ ਇੱਕ ਖ਼ਤਰਨਾਕ ਰੁਝਾਨ ਸਾਹਮਣੇ ਆਇਆ ਹੈ। ਵਿਆਹ ਸਮਾਗਮਾਂ ਵਿੱਚ ਨੌਜਵਾਨ ਆਪਣੀ ਫੋਕੀ ਸ਼ਾਨ ਅਤੇ ਸ਼ੁਹਰਤ ਦਿਖਾਉਣ ਲਈ ਪਿਸਤੌਲਾਂ ਅਤੇ ਹੋਰ ਹਥਿਆਰ ਲੈ ਕੇ ਸਟੇਜਾਂ 'ਤੇ ਨੱਚਣ ਲੱਗ ਪੈਂਦੇ ਹਨ। ਇਹ ਰੁਝਾਨ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਬੇਹੱਦ ਖ਼ਤਰਨਾਕ ਵੀ ਹੈ ਅਤੇ ਇਸ ਕਾਰਨ ਕਈ ਵਾਰ ਦੁਖਦਾਈ ਹਾਦਸੇ ਹੋ ਚੁੱਕੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਵਿਆਹ ਸਮਾਗਮਾਂ ਵਿੱਚ ਹਥਿਆਰਾਂ ਦੀ ਵਰਤੋਂ ਕਾਰਨ ਕਈ ਮਾਸੂਮ ਲੋਕਾਂ ਦੀ ਜਾਨ ਗਈ ਹੈ। ਕਈ ਵਾਰ ਖੁਸ਼ੀ ਵਿੱਚ ਹਵਾਈ ਫਾਇਰਿੰਗ ਕਰਨ ਸਮੇਂ ਗੋਲੀ ਭੀੜ ਵਿੱਚ ਲੱਗ ਜਾਂਦੀ ਹੈ। ਕਦੇ-ਕਦੇ ਨਸ਼ੇ ਵਿੱਚ ਧੁੱਤ ਨੌਜਵਾਨ ਗਲਤੀ ਨਾਲ ਟ੍ਰਿਗਰ ਦਬਾ ਦਿੰਦੇ ਹਨ। ਕਈ ਵਾਰ ਛੋਟੀਆਂ-ਛੋਟੀਆਂ ਗੱਲਾਂ 'ਤੇ ਝਗੜਾ ਹੋ ਜਾਂਦਾ ਹੈ ਅਤੇ ਹਥਿਆਰਾਂ ਦੀ ਮੌਜੂਦਗੀ ਮਾਮੂਲੀ ਵਿਵਾਦ ਨੂੰ ਜਾਨਲੇਵਾ ਸੰਘਰਸ਼ ਵਿੱਚ ਬਦਲ ਦਿੰਦੀ ਹੈ। ਬੱਚੇ ਅਤੇ ਔਰਤਾਂ ਵੀ ਇਨ੍ਹਾਂ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਇਸ ਖ਼ਤਰਨਾਕ ਰਵਾਇਤ ਦੇ ਪਿੱਛੇ ਕਈ ਕਾਰਨ ਹਨ। ਸਭ ਤੋਂ ਮੁੱਖ ਕਾਰਨ ਹੈ ਗੈਂਗਸਟਰ ਸੱਭਿਆਚਾਰ ਦਾ ਵਧਣਾ ਅਤੇ ਗਲਤ ਆਦਰਸ਼ਾਂ ਦਾ ਪ੍ਰਸਾਰ। ਕੁਝ ਗਾਣਿਆਂ ਅਤੇ ਫਿਲਮਾਂ ਵਿੱਚ ਹਥਿਆਰਾਂ ਅਤੇ ਹਿੰਸਾ ਨੂੰ ਸ਼ਾਨ ਦਾ ਪ੍ਰਤੀਕ ਦਿਖਾਇਆ ਜਾਂਦਾ ਹੈ, ਜਿਸ ਨਾਲ ਨੌਜਵਾਨਾਂ 'ਤੇ ਗਲਤ ਪ੍ਰਭਾਵ ਪੈਂਦਾ ਹੈ। ਸੋਸ਼ਲ ਮੀਡੀਆ 'ਤੇ ਵੱਡਾ ਪ੍ਰਭਾਵ ਪਾਉਣ ਅਤੇ ਮਸ਼ਹੂਰ ਹੋਣ ਦੀ ਚਾਹ ਵੀ ਇਸ ਵਿੱਚ ਭੂਮਿਕਾ ਨਿਭਾਉਂਦੀ ਹੈ। ਨੌਜਵਾਨ ਆਪਣੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਸਾਂਝੇ ਕਰਨ ਲਈ ਅਜਿਹੇ ਖ਼ਤਰਨਾਕ ਕਾਰਨਾਮੇ ਕਰਦੇ ਹਨ। ਇਸ ਤੋਂ ਇਲਾਵਾ ਕਾਨੂੰਨ ਦੀ ਢਿੱਲੀ ਕਾਰਵਾਈ ਲਾਗੂ ਅਤੇ ਸਮਾਜਿਕ ਸੰਵੇਦਨਸ਼ੀਲਤਾ ਦੀ ਕਮੀ ਵੀ ਇਸ ਸਮੱਸਿਆ ਨੂੰ ਵਧਾ ਰਹੀ ਹੈ। ਕਈ ਵਾਰ ਪਰਿਵਾਰਕ ਸਹਿਮਤੀ ਨਾਲ ਜਾਂ ਘੁਮੰਡ ਦਿਖਾਉਣ ਲਈ ਅਜਿਹੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ। ਨਸ਼ਿਆਂ ਦਾ ਸੇਵਨ ਵੀ ਅਜਿਹੇ ਫੈਸਲਿਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤ ਵਿੱਚ ਆਰਮਜ਼ ਐਕਟ ਅਨੁਸਾਰ ਬਿਨਾਂ ਲਾਇਸੰਸ ਹਥਿਆਰ ਰੱਖਣਾ ਅਤੇ ਜਨਤਕ ਥਾਂਵਾਂ 'ਤੇ ਹਥਿਆਰ ਦਿਖਾਉਣਾ ਗੰਭੀਰ ਅਪਰਾਧ ਹੈ। ਹਵਾਈ ਫਾਇਰਿੰਗ ਤਾਂ ਹੋਰ ਵੀ ਖ਼ਤਰਨਾਕ ਅਤੇ ਗੈਰ-ਕਾਨੂੰਨੀ ਹੈ। ਅਜਿਹੇ ਕੇਸਾਂ ਵਿੱਚ ਸਖ਼ਤ ਕਾਰਵਾਈ ਹੋ ਸਕਦੀ ਹੈ, ਪਰ ਅਸਲ ਸਮੱਸਿਆ ਇਹ ਹੈ ਕਿ ਕਾਨੂੰਨ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ। ਪੁਲਿਸ ਨੂੰ ਵੀ ਅਕਸਰ ਰਾਜਨੀਤਿਕ ਅਤੇ ਸਮਾਜਿਕ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੱਸਿਆ ਦਾ ਹੱਲ ਸਿਰਫ਼ ਕਾਨੂੰਨ ਨਾਲ ਨਹੀਂ, ਸਗੋਂ ਸਮਾਜਿਕ ਜਾਗਰੂਕਤਾ ਨਾਲ ਹੋ ਸਕਦਾ ਹੈ। ਮਾਪਿਆਂ ਅਤੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਸਹੀ ਮੁੱਲ ਅਤੇ ਸੰਸਕਾਰ ਦੇਣੇ ਚਾਹੀਦੇ ਹਨ। ਹਥਿਆਰ ਸ਼ਾਨ ਦਾ ਪ੍ਰਤੀਕ ਨਹੀਂ, ਸਗੋਂ ਮੌਤ ਦਾ ਸਾਧਨ ਹਨ - ਇਹ ਗੱਲ ਨੌਜਵਾਨਾਂ ਨੂੰ ਸਮਝਾਉਣੀ ਜ਼ਰੂਰੀ ਹੈ। ਵਿਆਹ ਦੇ ਆਯੋਜਕਾਂ ਨੂੰ ਚਾਹੀਦਾ ਹੈ ਕਿ ਉਹ ਸਮਾਗਮ ਵਿੱਚ ਹਥਿਆਰਾਂ ਦੀ ਮੌਜੂਦਗੀ 'ਤੇ ਪਾਬੰਦੀ ਲਗਾਉਣ। ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣੇ ਚਾਹੀਦੇ ਹਨ। ਪੁਲਿਸ ਨੂੰ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਦੇਣੀ ਚਾਹੀਦੀ। ਮੀਡੀਆ ਅਤੇ ਮਨੋਰੰਜਨ ਉਦਯੋਗ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਹਥਿਆਰਾਂ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਦੀ ਥਾਂ ਸਕਾਰਾਤਮਕ ਸੰਦੇਸ਼ ਦੇਣੇ ਚਾਹੀਦੇ ਹਨ। ਵਿਆਹ ਪਿਆਰ ਅਤੇ ਖੁਸ਼ੀਆਂ ਦਾ ਪ੍ਰਤੀਕ ਹੈ, ਨਾ ਕਿ ਹਥਿਆਰਾਂ ਅਤੇ ਹਿੰਸਾ ਦਾ। ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਖ਼ਤਰਨਾਕ ਰਵਾਇਤ ਨੂੰ ਖਤਮ ਕਰਨਾ ਚਾਹੀਦਾ ਹੈ। ਹਰ ਜਾਨ ਕੀਮਤੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਦਿਖਾਵੇ ਦੀ ਖਾਤਰ ਕਿਸੇ ਦੀ ਜਾਨ ਖਤਰੇ ਵਿੱਚ ਪਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਸਮਾਜਿਕ ਜਾਗਰੂਕਤਾ, ਕਾਨੂੰਨ ਦੀ ਸਖ਼ਤ ਪਾਲਣਾ ਅਤੇ ਸਹੀ ਮੁੱਲਾਂ ਦੀ ਸਿੱਖਿਆ ਰਾਹੀਂ ਅਸੀਂ ਇਸ ਸਮੱਸਿਆ ਨੂੰ ਜੜ੍ਹੋਂ ਖਤਮ ਕਰ ਸਕਦੇ ਹਾਂ ਅਤੇ ਸਾਡੇ ਸਮਾਗਮਾਂ ਨੂੰ ਸੁਰੱਖਿਅਤ ਅਤੇ ਸੱਚੀ ਖੁਸ਼ੀ ਨਾਲ ਭਰਪੂਰ ਬਣਾ ਸਕਦੇ ਹਾਂ।

-ਜਗਜੀਤ ਸਿੰਘ ਦਰਦੀ

# ਪਾਕਿਸਤਾਨ ਵਿੱਚ ਪ੍ਰੈਸ ਤੇ ਖ਼ੁਦਮੁਖ਼ਤਿਆਰ ਵੈਬ ਮੀਡੀਆ ਗੰਭੀਰ ਸੰਕਟ ਵਿੱਚ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਸੰਸਾਰ ਪ੍ਰਸਿੱਧ ਨਿਊਜ਼ ਪੋਰਟਲ ਖਬਰਾਂ ਦੇ ਵਿੱਚ ਪਾਕਿ ਖਬਰਾਂ ਇੱਕ ਅਣਕਿਆਸੇ ਪ੍ਰੈਸ ਮੀਡੀਆ ਸੰਕਟ ਵੱਲ ਇਸ਼ਾਰਾ ਕਰਦੀਆਂ ਹਨ। ਪਾਕਿਸਤਾਨ ਦੇ ਪ੍ਰਸਿੱਧ ਮੀਡੀਆ ਹਾਊਸ ਡਾਨ ਨੇ ਆਪਣਾ ਉਰਦੂ ਵੈਬਸਾਈਟ ਨਿਊਜ਼ ਪੋਰਟਲ ਬੰਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਹੋਰ ਅਖ਼ਬਾਰ ਹਨ ਜੋ ਬੰਦ ਹੋ ਚੁੱਕੇ ਹਨ। ਪ੍ਰੈਸ ਦੀ ਆਜ਼ਾਦੀ ਦਾ ਮਸਲਾ ਅੱਜ ਪਾਕਿਸਤਾਨ ਵਿੱਚ ਇੱਕ ਆਪਣੀ ਤਰ੍ਹਾਂ ਦਾ ਮਸਲਾ ਹੈ, ਜਿਸ ਵਿੱਚ ਸਰਕਾਰ ਪੱਖੀ ਅਖ਼ਬਾਰ ਵੀ ਹਨ ਤੇ ਵਿਰੋਧੀ ਵੀ।

ਇਥੇ ਅਸੀਂ ਪਾਕਿਸਤਾਨ ਮੀਡੀਆ ਦੀ ਸਮੀਖਿਆ ਕਰਦੇ ਹੋਏ ਦੇਖਦੇ ਹਾਂ ਕਿ ਪਾਕਿਸਤਾਨ ਵਿੱਚ ਪੱਤਰਕਾਰੀ ਅਤੇ ਪ੍ਰੈਸ ਦੀ ਆਜ਼ਾਦੀ: ਇੱਕ ਗੰਭੀਰ ਸੰਕਟ ਵਿੱਚ ਹੈ। ਮੁੱਖ ਪੱਤਰਕਾਰੀ ਨੂੰ ਇੱਕ ਮਹੱਤਵਪੂਰਨ ਥਾਂ ਹੈ। ਇਹ ਨਾ ਸਿਰਫ਼ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ, ਸਗੋਂ ਲੋਕਤੰਤਰ ਦੀ ਨੀਂਹ ਵੀ ਹੈ ਪਰ ਅੱਜ, 2025 ਵਿੱਚ, ਪਾਕਿਸਤਾਨੀ ਪੱਤਰਕਾਰੀ ਇੱਕ ਅਜਿਹੇ ਸੰਕਟ ਵਿੱਚ ਫਸੀ ਹੋਈ ਹੈ ਜੋ ਦੁਨੀਆ ਭਰ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਫਿਊਡਲ (ਜ਼ਮੀਂਦਾਰੀ) ਹੱਥਾਂ ਵਿੱਚ ਮੀਡੀਆ ਦਾ ਕੰਟਰੋਲ, ਸਰਕਾਰੀ ਪੱਖਪਾਤੀ ਨੀਤੀਆਂ, ਵੈੱਬਸਾਈਟਾਂ 'ਤੇ ਪਾਬੰਦੀਆਂ ਅਤੇ ਅਖ਼ਬਾਰਾਂ ਦੀਆਂ ਉੱਚੀਆਂ ਕੀਮਤਾਂ ਨੇ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾ ਦਿੱਤਾ ਹੈ।

ਰਿਪੋਰਟਰਜ਼ ਵਿਦਾਉਟ ਬਾਰਡਰਜ਼ (ਆਰਐੱਸਐੱਫ) ਦੇ 2025 ਵਿਸ਼ਵ ਪ੍ਰੈਸ ਆਜ਼ਾਦੀ ਸੂਚਕ ਵਿੱਚ ਪਾਕਿਸਤਾਨ 180 ਦੇਸ਼ਾਂ ਵਿੱਚੋਂ 158ਵੇਂ ਨੰਬਰ 'ਤੇ ਹੈ, ਜੋ ਇੱਕ ਡੂੰਘੇ ਪਤਨ ਨੂੰ ਦਰਸਾਉਂਦਾ ਹੈ। ਇਹ ਰੈਂਕਿੰਗ ਨਾ ਸਿਰਫ਼ ਪੱਤਰਕਾਰਾਂ ਦੀ ਸੁਰੱਖਿਆ ਦੇ ਘਾਟ ਨੂੰ ਉਜਾਗਰ ਕਰਦੀ ਹੈ, ਸਗੋਂ ਇੱਕ ਅਜਿਹੀ ਵਿਵਸਥਾ ਨੂੰ ਵੀ ਜ਼ਾਹਰ ਕਰਦੀ ਹੈ ਜਿੱਥੇ ਵਿਦਰੋਹੀ ਆਵਾਜ਼ਾਂ ਅਤੇ ਲੋਕਾਂ ਦੀਆਂ ਅਸਲੀਆਂ ਚਿੰਤਾਵਾਂ ਨੂੰ ਦਬਾਇਆ ਜਾਂਦਾ ਹੈ। ਇਸ ਲੇਖ ਵਿੱਚ ਅਸੀਂ ਪਾਕਿਸਤਾਨ ਵਿੱਚ ਪ੍ਰਿੰਟ, ਟੈਲੀਵਿਜ਼ਨ ਅਤੇ ਡਿਜੀਟਲ ਮੀਡੀਆ ਦੇ ਹਾਲਾਤਾਂ, ਫਿਊਡਲ ਪ੍ਰਭਾਵ, ਸਰਕਾਰੀ ਨਿਯੰਤਰਣ, ਅਤੇ ਤਾਜ਼ਾ ਘਟਨਾਵਾਂ ਜਿਵੇਂ ਕਿ ਡਾਨ ਵੈੱਬਸਾਈਟ ਦੇ ਬੰਦ ਹੋਣ 'ਤੇ ਚਰਚਾ ਕਰਾਂਗੇ। ਪਾਕਿਸਤਾਨੀ ਪੱਤਰਕਾਰੀ ਦਾ ਇਤਿਹਾਸ ਅਤੇ ਵਿਕਾਸ ਪਾਕਿਸਤਾਨ ਦੀ ਪੱਤਰਕਾਰੀ ਦੀ ਸ਼ੁਰੂਆਤ 1947 ਵਿੱਚ ਦੇਸ਼ ਦੀ ਅਜ਼ਾਦੀ ਨਾਲ ਹੀ ਹੋਈ। ਮੁਹੰਮਦ ਅਲੀ ਜਿਨਾਹ ਨੇ ਡਾਨ ਅਖ਼ਬਾਰ ਦੀ ਸਥਾਪਨਾ ਕੀਤੀ, ਜੋ ਅੱਜ ਵੀ ਅੰਗਰੇਜ਼ੀ ਪ੍ਰੈਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਅੱਜ ਇਸ ਵੇਲੇ ਤੱਕ ਰੇਡੀਓ ਅਤੇ ਟੈਲੀਵਿਜ਼ਨ ਸਰਕਾਰੀ ਨਿਯੰਤਰਣ ਹੇਠ ਸੀ, ਪਰ ਪ੍ਰਿੰਟ ਮੀਡੀਆ ਨੇ ਆਪਣੀ ਆਜ਼ਾਦੀ ਨੂੰ ਬਰਕਰਾਰ ਰੱਖਿਆ। 1960ਵਿਆਂ ਵਿੱਚ ਆਯੂਬ ਖਾਨ ਨੇ ਪ੍ਰੈਸ ਅਤੇ ਪ੍ਰਕਾਸ਼ਨ ਆਰਡੀਨੈਂਸ (ਪੀਪੀਓ) ਲਾਗੂ ਕੀਤਾ, ਜਿਸ ਨੇ ਅਖ਼ਬਾਰਾਂ ਨੂੰ ਜ਼ਬਤ ਕਰਨ ਦੀ ਲਾਇਸੈਂਸ ਨੂੰ ਸੰਭਵ ਬਣਾਇਆ। ਫਿਰ ਜ਼ੀਆ ਉਲ ਹੱਕ ਦੇ ਤਾਨਾਸ਼ਾਹੀ ਯੁੱਗ ਵਿੱਚ ਸੈਂਸਰਸ਼ਿਪ ਨੇ ਪੱਤਰਕਾਰਾਂ ਨੂੰ ਦਬਾਇਆ, ਪਰ 1980ਵਿਆਂ ਵਿੱਚ ਨਿੱਜੀ ਚੈਨਲਾਂ ਦੇ ਆਗ ਨਾਲ ਇੱਕ ਨਵਾਂ ਜ਼ੋਰ ਆਇਆ।

2002 ਵਿੱਚ ਪੀਈਐੱਮਆਰਏ (ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ) ਦੇ ਗਠਨ ਨਾਲ ਟੈਲੀਵਿਜ਼ਨ ਅਤੇ ਰੇਡੀਓ ਵਿੱਚ ਨਿੱਜੀ ਖੇਡ ਅੱਗੇ ਵਧੀ। ਅੱਜ ਪਾਕਿਸਤਾਨ ਵਿੱਚ 40 ਤੋਂ ਵੱਧ ਐੱਫਐੱਮ ਰੇਡੀਓ ਸਟੇਸ਼ਨ ਅਤੇ ਸੈਂਕੜੇ ਟੀਵੀ ਚੈਨਲ ਹਨ, ਪਰ ਇਹ ਵਿਕਾਸ ਨਿਰੰਤਰ ਨਿਯੰਤਰਣ ਅਤੇ ਆਰਥਿਕ ਦਬਾਅ ਨਾਲ ਘਿਰਿਆ ਹੋਇਆ ਹੈ।

ਫਿਊਡਲ ਪ੍ਰਭਾਵ ਹੇਠ ਪੱਤਰਕਾਰੀ ਦਾ ਗੁਲਾਮੀ ਵਾਲਾ ਰੂਪ ਪਾਕਿਸਤਾਨ ਵਿੱਚ ਫਿਊਡਲ ਸਿਸਟਮ ਇੱਕ ਅਜਿਹੀ ਵਿਰਾਸਤ ਹੈ ਜੋ ਬ੍ਰਿਟਿਸ਼ ਰਾਜ ਤੋਂ ਚੱਲੀ ਆ ਰਹੀ ਹੈ। ਜ਼ਮੀਂਦਾਰ ਭਾਈਚਾਰੇ ਨੇ ਨਾ ਸਿਰਫ਼ ਰਾਜਨੀਤੀ 'ਤੇ ਕਬਜ਼ਾ ਕੀਤਾ, ਸਗੋਂ ਮੀਡੀਆ ਨੂੰ ਵੀ ਆਪਣੇ ਹੱਥਾਂ ਵਿੱਚ ਲੈ ਲਿਆ। ਅੱਜ ਵੀ ਨੈਸ਼ਨਲ ਅਸੈਂਬਲੀ ਦੇ ਦੋ-ਤਿਹਾਈ ਮੈਂਬਰ ਫਿਊਡਲ ਪਿਛੋਕੜ ਵਾਲੇ ਹਨ। ਅੱਜ ਇਸ ਨਾਲ ਟੈਲੀਵਿਜ਼ਨ ਚੈਨਲਾਂ ਜਿਵੇਂ ਜੀਓ ਅਤੇ ਏਆਰਵਾਈ ਨੂੰ ਬਾਰ-ਬਾਰ ਬੰਦ ਕੀਤਾ ਗਿਆ ਹੈ। ਸੈਨਿਕ ਅਤੇ ਰਾਜਨੀਤਿਕ ਐਲੀਟ ਨੇ ਮੀਡੀਆ ਨੂੰ ਆਪਣੇ ਹੱਕ ਵਿੱਚ ਵਰਤਿਆ ਹੈ। ਫ੍ਰੀਡਮ ਹਾਊਸ ਦੀ 2025 ਰਿਪੋਰਟ ਮੁਤਾਬਕ, ਸੈਨਿਕ ਨੇ ਰਾਜਨੀਤਿਕ ਹਸਤਕਸ਼ੇਪ ਨੂੰ ਲੁਕਾਉਣ ਲਈ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਹਨ। ਹੁਣ ਨਤੀਜਾ ਇਹ ਹੈ ਕਿ ਵਿਧਰੋਹੀ ਆਵਾਜ਼ਾਂ ਬਹੁਤ ਘੱਟ ਹਨ, ਅਤੇ ਲੋਕਾਂ ਦੀਆਂ ਅਸਲੀਆਂ ਸਮੱਸਿਆਵਾਂ ਜਿਵੇਂ ਗਰੀਬੀ ਅਤੇ ਅੱਤਵਾਦ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਪਾਕਿਸਤਾਨ ਪ੍ਰੈਸ ਫਾਊਂਡੇਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2025 ਵਿੱਚ 137 ਹਮਲੇ ਪੱਤਰਕਾਰਾਂ 'ਤੇ ਹੋਏ, ਜਿਸ ਵਿੱਚ 8 ਮੌਤਾਂ ਸ਼ਾਮਲ ਹਨ। ਉਥੇ ਅਖ਼ਬਾਰਾਂ ਦੀਆਂ ਉੱਚੀਆਂ ਕੀਮਤਾਂ ਅਤੇ ਆਰਥਿਕ ਦਬਾਅ ਪਾਕਿਸਤਾਨ ਵਿੱਚ ਅਖ਼ਬਾਰਾਂ ਦੀਆਂ ਕੀਮਤਾਂ ਬਹੁਤ ਉੱਚੀਆਂ ਹਨ, ਜੋ ਆਮ ਲੋਕਾਂ ਲਈ ਪਹੁੰਚ ਤੋਂ ਬਾਹਰ ਹਨ। ਡਾਨ ਅਖ਼ਬਾਰ ਨੇ 2018 ਵਿੱਚ ਆਪਣੀ ਕੀਮਤ ਰੁਪਏ 22 ਤੋਂ ਵਧਾ ਕੇ 25 ਕੀਤੀ ਅਤੇ ਅੱਜ ਇਹ ਰੁਪਏ 35 ਤੱਕ ਪਹੁੰਚ ਗਈ ਹੈ।

ਇਹ ਘਟਨਾ ਆਰਥਿਕ ਦਬਾਅ ਨੂੰ ਦਰਸਾਉਂਦੀ ਹੈ, ਜਿੱਥੇ ਵਿਗਿਆਪਨਾਂ ਦੀ ਘਾਟ ਅਤੇ ਸਰਕਾਰੀ ਨੀਤੀਆਂ ਨੇ ਮੀਡੀਆ ਨੂੰ ਕੰਬਲ ਵਿੱਚ ਧੱਕ ਦਿੱਤਾ ਹੈ। ਡਾਨ ਵੈੱਬਸਾਈਟ ਦਾ ਬੰਦ ਹੋਣਾ: ਤਾਜ਼ਾ ਚੇਤਾਵਨੀ ਅੱਜ ਦੀਆਂ ਖ਼ਬਰਾਂ ਵਿੱਚ ਆਇਆ ਹੈ ਕਿ ਡਾਨ ਦੀ ਵੈੱਬਸਾਈਟ ਨੂੰ ਬੰਦ ਕਰਵਾ ਦਿੱਤਾ ਗਿਆ ਹੈ। ਹਾਲਾਂਕਿ ਇਹ ਪਹਿਲਾਂ ਵੀ ਹੋ ਚੁੱਕਾ ਹੈ, ਪਰ 2025 ਵਿੱਚ ਡਾਨ ਨਿਊਜ਼ ਟੀਵੀ ਦੇ ਬੰਦ ਹੋਣ ਨੇ ਇਸ ਨੂੰ ਨਵਾਂ ਰੂਪ ਦਿੱਤਾ ਹੈ। ਇਹ ਨਾ ਸਿਰਫ਼ ਇੱਕ ਅਖ਼ਬਾਰ ਨੂੰ ਬੰਦ ਕਰਨ ਵਾਲੀ ਘਟਨਾ ਹੈ, ਸਗੋਂ ਪੂਰੀ ਪੱਤਰਕਾਰੀ ਨੂੰ ਚੁਣੌਤੀ ਹੈ। ਪ੍ਰੈਸ ਆਜ਼ਾਦੀ ਦਾ ਭਵਿੱਖ ਅਤੇ ਸੁਝਾਅ2025 ਨੂੰ ਪਾਕਿਸਤਾਨ ਪ੍ਰੈਸ ਫਾਊਂਡੇਸ਼ਨ ਨੇ 'ਬਲੀਕ ਯੀਅਰ' ਕਿਹਾ ਹੈ, ਜਿੱਥੇ ਹਮਲੇ ਅਤੇ ਸੈਂਸਰਸ਼ਿਪ ਵਧੇ ਹਨ ਪਰ ਉਮੀਦ ਵੀ ਹੈ। ਜਰਨਲਿਸਟਸ ਐਂਡ ਮੀਡੀਆ ਪ੍ਰੋਫੈਸ਼ਨਲਜ਼ ਪ੍ਰੋਟੈਕਸ਼ਨ ਬਿੱਲ 2025 ਨੂੰ ਸੈਨੇਟ ਨੇ ਪਾਸ ਕੀਤਾ ਹੈ, ਜੋ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਦਮ ਹੈ। ਸੁਝਾਅ ਵਜੋਂ, ਸਰਕਾਰ ਨੂੰ ਪੀਸੀਏ ਨੂੰ ਨਰਮ ਕਰਨਾ ਚਾਹੀਦਾ ਹੈ ਅਤੇ ਫਿਊਡਲ ਪ੍ਰਭਾਵ ਨੂੰ ਘਟਾਉਣ ਲਈ ਲੈਂਡ ਰਿਫਾਰਮ ਲਾਗੂ ਕਰਨੇ ਚਾਹੀਦੇ ਹਨ। ਪੱਤਰਕਾਰ ਭਾਈਚਾਰੇ ਨੂੰ ਡਿਜੀਟਲ ਟੂਲਾਂ ਨਾਲ ਤਾਕਤਵਰ ਬਣਾਉਣਾ ਚਾਹੀਦਾ ਹੈ। ਅੰਤ ਵਿੱਚ, ਪ੍ਰੈਸ ਆਜ਼ਾਦੀ ਲੋਕਤੰਤਰ ਦੀ ਨੀਂਹ ਹੈ; ਇਸ ਨੂੰ ਬਚਾਉਣਾ ਹਰ ਪਾਕਿਸਤਾਨੀ ਦੀ ਜ਼ਿੰਮੇਵਾਰੀ ਹੈ।(ਸ਼ਬਦ ਗਿਣਤੀ: 1187) ਅੰਗਰੇਜ਼ੀ ਚੈਨਲ ਤੋਂ ਬਾਅਦ, ਪਾਕਿਸਤਾਨ ਦਾ ਉਰਦੂ ਡਿਜੀਟਲ ਚੈਨਲ, ਡਾਨ ਨਿਊਜ਼, ਵੀ ਚੁੱਪ ਹੋ ਗਿਆ ਹੈ। ਆਪਣੇ 19 ਕੈਂਪਸਾਂ ਰਾਹੀਂ, ਆਧੁਨਿਕ ਡਿਜ਼ਾਈਨਾਂ ਵਿੱਚ ਪਰੰਪਰਾ ਦਾ ਅਹਿਸਾਸ ਲਿਆਉਣ ਲਈ ਕਾਰੀਗਰਾਂ ਅਤੇ ਸਮਕਾਲੀ ਡਿਜ਼ਾਈਨਰਾਂ ਦਰਮਿਆਨ ਸੰਪਰਕ ਬਣਾਏ ਹਨ। ਭੂਗੋਲਿਕ ਸੰਕੇਤ ਰਜਿਸਟਰੀ ਨੇ 366 ਤੋਂ ਵੱਧ ਦਸਤਕਾਰੀਆਂ ਨੂੰ ਸੁਰੱਖਿਅਤ ਬਣਾਇਆ ਹੈ। ਇਹ ਭਾਈਚਾਰਕ ਹੁਨਰ ਦੀ ਸੁਰੱਖਿਆ ਅਤੇ ਹਮਜ਼ਾ ਨਸੀਰ ਇਕ ਰਿਪੋਰਟ ਮੁਤਾਬਕ- ਪਾਕਿਸਤਾਨ ਵਿੱਚ ਪੱਤਰਕਾਰੀ ਅਤੇ ਪ੍ਰੈਸ ਦੀ ਆਜ਼ਾਦੀ ਅੱਜ ਇੱਕ ਗੰਭੀਰ ਸੰਕਟ ਵਿੱਚ ਹੈ, ਜੋ ਕਿ ਪੱਤਰਕਾਰੀ ਨੂੰ ਇੱਕ ਮਹੱਤਵਪੂਰਨ ਥਾਂ ਹੈ। ਇਹ ਨਾ ਸਿਰਫ਼ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ, ਸਗੋਂ ਲੋਕਤੰਤਰ ਦੀ ਨੀਂਹ ਵੀ ਹੈ। ਪਰ ਅੱਜ, 2025 ਵਿੱਚ, ਪਾਕਿਸਤਾਨੀ ਪੱਤਰਕਾਰੀ ਇੱਕ ਅਜਿਹੇ ਸੰਕਟ ਵਿੱਚ ਫਸੀ ਹੋਈ ਹੈ ਜੋ ਦੁਨੀਆ ਭਰ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਫਿਊਡਲ (ਜ਼ਮੀਂਦਾਰੀ) ਹੱਥਾਂ ਵਿੱਚ ਮੀਡੀਆ ਦਾ ਕੰਟਰੋਲ, ਸਰਕਾਰੀ ਪੱਖਪਾਤੀ ਨੀਤੀਆਂ, ਵੈੱਬਸਾਈਟਾਂ 'ਤੇ ਪਾਬੰਦੀਆਂ, ਅਤੇ ਅਖ਼ਬਾਰਾਂ ਦੀਆਂ ਉੱਚੀਆਂ ਕੀਮਤਾਂ ਨੇ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾ ਦਿੱਤਾ ਹੈ। ਰਿਪੋਰਟਰਜ਼ ਵਿਦਾਉਟ ਬਾਰਡਰਜ਼ (ਆਰਐੱਸਐੱਫ) ਦੇ 2025 ਵਿਸ਼ਵ ਪ੍ਰੈਸ ਆਜ਼ਾਦੀ ਸੂਚਕ ਵਿੱਚ ਪਾਕਿਸਤਾਨ 180 ਦੇਸ਼ਾਂ ਵਿੱਚੋਂ 158ਵੇਂ ਨੰਬਰ 'ਤੇ ਹੈ, ਜੋ ਇੱਕ ਡੂੰਘੇ ਪਤਨ ਨੂੰ ਦਰਸਾਉਂਦਾ ਹੈ।

ਇਹ ਰੈਂਕਿੰਗ ਨਾ ਸਿਰਫ਼ ਪੱਤਰਕਾਰਾਂ ਦੀ ਸੁਰੱਖਿਆ ਦੇ ਘਾਟ ਨੂੰ ਉਜਾਗਰ ਕਰਦੀ ਹੈ, ਸਗੋਂ ਇੱਕ ਅਜਿਹੀ ਵਿਵਸਥਾ ਨੂੰ ਵੀ ਜ਼ਾਹਰ ਕਰਦੀ ਹੈ ਜਿੱਥੇ ਵਿਦਰੋਹੀ ਆਵਾਜ਼ਾਂ ਅਤੇ ਲੋਕਾਂ ਦੀਆਂ ਅਸਲੀਆਂ ਚਿੰਤਾਵਾਂ ਨੂੰ ਦਬਾਇਆ ਜਾਂਦਾ ਹੈ। ਇਸ ਲੇਖ ਵਿੱਚ ਅਸੀਂ ਪਾਕਿਸਤਾਨ ਵਿੱਚ ਪ੍ਰਿੰਟ, ਟੈਲੀਵਿਜ਼ਨ ਅਤੇ ਡਿਜੀਟਲ ਮੀਡੀਆ ਦੇ ਹਾਲਾਤਾਂ, ਫਿਊਡਲ ਪ੍ਰਭਾਵ, ਸਰਕਾਰੀ ਨਿਯੰਤਰਣ ਅਤੇ ਤਾਜ਼ਾ ਘਟਨਾਵਾਂ ਜਿਵੇਂ ਕਿ ਡਾਨ ਵੈੱਬਸਾਈਟ ਦੇ ਬੰਦ ਹੋਣ 'ਤੇ ਚਰਚਾ ਕਰਾਂਗੇ। ਅੱਜ ਉਥੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ— DawnNews.tv ਬੰਦ ਹੋ ਗਿਆ ਹੈ। ਪਾਕਿਸਤਾਨ ਵਿੱਚ ਨੈਤਿਕ ਪੱਤਰਕਾਰੀ ਦਾ ਸਭ ਤੋਂ ਮਜ਼ਬੂਤ ਥੰਮ ਸੀ। ਇਸ ਨੂੰ ਕਦੀ ਭਾਰਤੀ ਪੱਤਰਕਾਰਡਾ. ਵੇਦ ਪ੍ਰਤਾਪ ਵੈਦਿਕ ਨੇ 'ਡਾਨ' ਦੀ ਪਾਕਿਸਤਾਨੀ ਪੱਤਰਕਾਰੀ ਨੂੰ ਸਲਾਮ ਕੀਤਾ ਸੀ।- ਡਾ. ਵੇਦ ਪ੍ਰਤਾਪ ਵੈਦਿਕ ਨੇ ਲਿਖਿਆ ਸੀ। ਪਾਕਿਸਤਾਨ ਆਪਣੇ ਲਈ ਇੱਕ ਤੋਂ ਬਾਅਦ ਇੱਕ ਸੰਕਟ ਪੈਦਾ ਕਰ ਰਿਹਾ ਹੈ। ਉੜੀ ਅੱਤਵਾਦੀ ਹਮਲੇ ਕਾਰਨ ਇਸਨੂੰ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਬਦਨਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਅਤੇ ਹੁਣ ਸਰਕਾਰ ਆਪਣੇ ਹੀ ਪੱਤਰਕਾਰਾਂ ਨਾਲ ਟਕਰਾ ਗਈ ਹੈ। ਇਸਨੇ ਮਸ਼ਹੂਰ ਅਖ਼ਬਾਰ 'ਡਾਨ' ਦੇ ਰਿਪੋਰਟਰ ਸਿਰਿਲ ਅਲਮੇਡਾ 'ਤੇ ਵਰ੍ਹਿਆ ਹੈ। ਅਲਮੇਡਾ ਦਾ ਨਾਮ 'ਐਗਜ਼ਿਟ ਕੰਟਰੋਲ ਲਿਸਟ' ਵਿੱਚ ਰੱਖਿਆ ਗਿਆ ਹੈ, ਭਾਵ ਉਹ ਹੁਣ ਵਿਦੇਸ਼ ਯਾਤਰਾ ਨਹੀਂ ਕਰ ਸਕਦਾ। ਉਸਦਾ ਕਸੂਰ ਇਹ ਹੈ ਕਿ ਉਸਨੇ 6 ਅਕਤੂਬਰ ਨੂੰ 'ਡਾਨ' ਵਿੱਚ ਇੱਕ ਲੇਖ ਲਿਖਿਆ, ਜਿਸ ਵਿੱਚ ਸਰਕਾਰ ਅਤੇ ਫੌਜ ਵਿਚਕਾਰ ਅੰਦਰੂਨੀ ਬਹਿਸ ਦਾ ਪਰਦਾਫਾਸ਼ ਕੀਤਾ ਗਿਆ ਸੀ।

ਇਹ ਮੰਦਭਾਗਾ ਹੈ ਕਿ ਜਦੋਂ ਸਰਕਾਰੀ ਅਧਿਕਾਰੀ ਅੱਤਵਾਦੀਆਂ ਵਿਰੁੱਧ ਕਾਰਵਾਈ ਕਰਦੇ ਹਨ, ਤਾਂ ਫੌਜ ਅਤੇ ਖੁਫੀਆ ਏਜੰਸੀਆਂ ਉਨ੍ਹਾਂ ਦੀ ਰੱਖਿਆ ਕਰਦੀਆਂ ਹਨ। ਜਿਵੇਂ ਹੀ ਇਹ ਖ਼ਬਰ ਪ੍ਰਕਾਸ਼ਿਤ ਹੋਈ, ਪਾਕਿਸਤਾਨ ਵਿੱਚ ਹੰਗਾਮਾ ਹੋਇਆ। ਸਰਕਾਰ ਨੇ ਇਸ ਤੋਂ ਤਿੰਨ ਵਾਰ ਇਨਕਾਰ ਕੀਤਾ। ਅਲਮੇਡਾ 'ਤੇ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਗਿਆ ਸੀ। ਗੁਪਤਤਾ ਦੀ ਉਲੰਘਣਾ ਲਈ ਉਸਦੀ ਗ੍ਰਿਫਤਾਰੀ ਦੀ ਮੰਗ ਕੀਤੀ ਜਾ ਰਹੀ ਸੀ, ਅਤੇ ਹੁਣ ਉਸਨੂੰ ਵਿਦੇਸ਼ ਯਾਤਰਾ ਕਰਨ ਤੋਂ ਰੋਕ ਦਿੱਤਾ ਗਿਆ ਹੈ। ਸਰਕਾਰ ਇੰਨੀ ਪਰੇਸ਼ਾਨ ਹੈ ਕਿ ਪ੍ਰਧਾਨ ਮੰਤਰੀ ਅਤੇ ਫੌਜ ਮੁਖੀ ਨੂੰ ਇਸ ਮਾਮਲੇ 'ਤੇ ਚਰਚਾ ਕਰਨ ਲਈ ਮਿਲਣਾ ਪਿਆ। ਪਰ 'ਡਾਨ' ਦੇ ਸੰਪਾਦਕ ਇਸ ਗੱਲ 'ਤੇ ਅੜੇ ਹਨ। ਉਹ ਕਹਿੰਦੇ ਹਨ ਕਿ ਅਲਮੇਡਾ ਨੇ ਜੋ ਵੀ ਲਿਖਿਆ ਹੈ ਉਹ ਸਬੂਤਾਂ 'ਤੇ ਆਧਾਰਿਤ ਹੈ। ਸਰਕਾਰ ਸਿਧਾਂਤਕ ਤੌਰ 'ਤੇ ਸਹੀ ਹੈ ਕਿ ਸਾਰੇ ਰਾਸ਼ਟਰੀ ਸੁਰੱਖਿਆ ਰਾਜ਼ਾਂ ਦਾ ਖੁਲਾਸਾ ਕਰਨਾ ਸਹੀ ਨਹੀਂ ਹੈ, ਪਰ ਇਸ ਬਾਰੇ ਇੰਨਾ ਗੁਪਤ ਕੀ ਹੈ? ਕੀ ਪੂਰੀ ਦੁਨੀਆ ਅਤੇ ਪਾਕਿਸਤਾਨ ਦੇ ਲੋਕ ਨਹੀਂ ਜਾਣਦੇ ਕਿ ਅੱਤਵਾਦੀਆਂ ਦੀ ਮਦਦ ਕੌਣ ਕਰ ਰਿਹਾ ਹੈ? ਇਸ ਤੋਂ ਇਲਾਵਾ, ਜੋ ਪ੍ਰਗਟ ਹੋਇਆ ਹੈ ਉਹ ਬਿਨਾਂ ਸ਼ੱਕ ਪਾਕਿਸਤਾਨ ਦੀ ਛਵੀ ਨੂੰ ਬਿਹਤਰ ਬਣਾਏਗਾ। ਇਹ ਇਹ ਵੀ ਦਰਸਾਉਂਦਾ ਹੈ ਕਿ ਪਾਕਿਸਤਾਨੀ ਨੇਤਾ ਫੌਜ ਦੀਆਂ ਕਠਪੁਤਲੀਆਂ ਨਹੀਂ ਹਨ। ਉਨ੍ਹਾਂ ਕੋਲ ਅਜੇ ਵੀ ਕੁਝ ਤਾਕਤ ਬਚੀ ਹੈ। ਦੂਜਾ, ਪਾਕਿਸਤਾਨ ਵਿੱਚ ਲੋਕਤੰਤਰ ਜ਼ਿੰਦਾ ਹੈ। ਤੀਜਾ, ਅਲਮੇਡਾ ਦੀ ਰਿਪੋਰਟ ਅੱਤਵਾਦੀਆਂ 'ਤੇ ਦਬਾਅ ਵਧਾਏਗੀ ਅਤੇ ਪਾਕਿਸਤਾਨ ਲਈ ਚੰਗਾ ਸਮਾਂ ਲਿਆਏਗੀ। ਬਹੁਤ ਸਾਰੇ ਬਹਾਦਰ ਪਾਕਿਸਤਾਨੀ ਪੱਤਰਕਾਰ ਖੁੱਲ੍ਹ ਕੇ ਅਲਮੇਡਾ ਦਾ ਸਮਰਥਨ ਕਰ ਰਹੇ ਹਨ। ਪਾਕਿਸਤਾਨੀ ਪੱਤਰਕਾਰ ਇੱਕੋ ਜਿਹੇ ਜ਼ੁਲਮ ਦਾ ਸਾਹਮਣਾ ਬਰਾਬਰ ਹਿੰਮਤ ਨਾਲ ਕਰਦੇ ਹਨ। ਇਸਨੂੰ ਸ਼ੁੱਧ (ਪਾਕਿਸਤਾਨੀ) ਪੱਤਰਕਾਰੀ ਕਿਹਾ ਜਾਂਦਾ ਹੈ! ਪਾਕਿਸਤਾਨ ਵਿੱਚ ਪੱਤਰਕਾਰਾਂ ਦੇ ਨਾਲ ਤੇ ਪੱਤਰਕਾਰੀ ਮੀਡੀਆ ਹਾਊਸਿਜ ਦੇ ਨਾਲ ਹੋ ਰਿਹਾ ਹੈ ਉਹ ਠੀਕ ਨਹੀਂ ਹੈ। ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਵੀ ਅੱਜ ਕੱਲ ਇਸ ਤਰ੍ਹਾਂ ਦਾ ਹੀ ਚੱਲਣ ਹੈ। ਅਮਰੀਕਾ ਤੋਂ ਲੈ ਕੇ ਧੁਰ ਆਸਟਰੇਲੀਆ ਤੱਕ ਇਹ ਸਭ ਕੁਝ ਚਲਦਾ ਹੈ ਪ੍ਰੰਤੂ ਗੁਆਂਢ ਵਿੱਚ ਨੇਪਾਲ ਪਾਕਿਸਤਾਨ ਬੰਗਲਾਦੇਸ਼ ਵਿੱਚ ਪ੍ਰੈਸ ਦਾ ਧੁਰਾ ਕੀ ਹੈ ਇਹ ਭਾਰਤ ਵਾਸਤੇ ਇੱਕ ਅਤੇ ਪੱਤਰਕਾਰੀ ਦੀ ਵਰਤਮਾਨ ਦੇ ਵੱਡੀ ਘਟਨਾ ਹੈ।

# ਨਵਜੋਤ ਕੌਰ ਸਿੱਧੂ ਨੇ ਕੀ ਸੱਚੀਂ ਸਿਆਸੀ ਝੂਠ ਬੋਲਿਆ !

ਕਮਲਜੀਤ ਸਿੰਘ ਬਨਵੈਤ
98147 34035



- ਨਵਜੋਤ ਕੌਰ ਸਿੱਧੂ ਨੇ ਪੰਜਾਬ ਕਾਂਗਰਸ ਦੇ ਨੇਤਾਵਾਂ ਨੂੰ ਲਪੇਟਿਆ ਪਰ ਦੋਸ਼ ਢੁੱਕਦੇ ਨੇ ਸਾਰੀਆਂ ਪਾਰਟੀਆਂ ਉੱਤੇ
- ਟਿਕਟਾਂ, ਵਜ਼ੀਰੀਆਂ ਜਾਂ ਮੁੱਖ ਮੰਤਰੀ ਦੀ ਕੁਰਸੀ ਲਈ ਦਿੱਤੇ ਜਾਣ ਵਾਲੇ ਸੂਟਕੇਸਾਂ ਦੇ ਸਬੂਤ ਨਹੀਂ ਹੁੰਦੇ, ਪਰ ਅੱਖਾਂ ਵੀ ਨਹੀਂ ਮੋਟ ਸਕਦੇ ਕੌੜੇ ਸੱਚ ਤੋਂ
- ਜੇ ਅਸੀਂ ਇਸ ਤੋਂ ਵੀ ਮੁੱਕਰ ਗਏ ਤੇ ਸਰਕਾਰਾਂ ਤੋੜਨ ਤੇ ਬਣਾਉਣ ਲਈ ਵਿਧਾਇਕ ਖ਼ਰੀਦੇ ਨਹੀਂ ਜਾਂਦੇ ਤਾਂ ਚਿੱਟੇ ਕਾਗਜ਼ ਕਾਲੇ ਕਰਨ ਦਾ ਕੀ ਫਾਇਦਾ
- ਪਾਰਲੀਮੈਂਟ ਜਾਂ ਵਿਧਾਨ ਸਭਾ ਛੱਡ ਦੇਈਏ ਇਥੋਂ ਤੱਕ ਕਿ ਕਾਰਪੋਰੇਸ਼ਨ ਦੇ ਮੇਅਰ ਅਤੇ ਕੌਂਸਲਰਾਂ ਦੇ ਪ੍ਰਧਾਨ ਦੀ ਚੋਣ ਵੇਲੇ ਵੀ ਲੁਕਾਉਣੇ ਪੈਂਦੇ ਨੇ ਵੋਟਰ

ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਕੈਬਨਿਟ ਵਜ਼ੀਰ ਨਵਜੋਤ ਸਿੰਘ ਸਿੱਧੂ ਕਈ ਸਾਲਾਂ ਤੋਂ ਸਿਆਸਤ ਵਿੱਚੋਂ ਮਨਫੀ ਹੋ ਗਏ ਸਨ। ਉਹਨਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਇੱਕ ਤਰ੍ਹਾਂ ਨਾਲ ਉਦੋਂ ਹੀ ਰਾਜਨੀਤੀ ਵਿੱਚੋਂ ਪਾਸੇ ਹੋ ਗਏ ਸਨ ਜਦੋਂ ਉਹ ਅਕਾਲੀ ਭਾਜਪਾ ਸਰਕਾਰ ਵਿੱਚ ਵਜ਼ੀਰ ਨਹੀਂ ਰਹੇ ਸਨ। ਨਵਜੋਤ ਕੌਰ ਬਿਮਾਰ ਹੋ ਗਏ ਤਾਂ ਸਿੱਧੂ ਜੋੜੇ ਦੀਆਂ ਸਿਆਸੀ ਸਰਗਰਮੀਆਂ ਹੋਰ ਵੀ ਘੱਟ ਗਈਆਂ। ਉਸ ਤੋਂ ਬਾਅਦ ਸਿੱਧੂ ਜੋੜਾ ਦੇਸ਼ ਵਿਦੇਸ਼ ਅਤੇ ਪਹਾੜਾਂ ਦੀਆਂ ਸੈਰਾਂ 'ਤੇ ਚੜ੍ਹਿਆ ਰਿਹਾ। ਉਹਨਾਂ ਦੀਆਂ ਸੋਸ਼ਲ ਮੀਡੀਆ 'ਤੇ ਚੱਲਦੀਆਂ ਤਸਵੀਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਨਵਜੋਤ ਸਿੱਧੂ ਆਪ ਮੁੜ ਮਨੋਰੰਜਨ ਦੀ ਦੁਨੀਆਂ ਵਿੱਚ ਚਲੇ ਗਏ ਪਰ ਉਸ ਤੋਂ ਪਹਿਲਾਂ ਉਹਨਾਂ ਨੇ ਸਿਆਸਤ ਵਿੱਚ ਮਨੋਰੰਜਨ ਦੇ ਖੇਤਰ ਦੀ ਕਮਾਈ ਗੁਆ ਬੈਠਣ ਦਾ ਪਛਤਾਵਾ ਕੀਤਾ। ਨਵਜੋਤ ਕੌਰ ਇਸ ਵੇਲੇ ਇੱਕ ਆਮ ਕਾਂਗਰਸ ਵਰਕਰ ਜਾਂ ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਹੈਸੀਅਤ ਵਿੱਚ ਵਿਚਰ ਰਹੇ ਸਨ। ਉਹਨਾਂ ਵੱਲੋਂ ਪਿਛਲੇ ਦਿਨੀਂ ਮੁੱਖ ਮੰਤਰੀ ਦੀ ਕੁਰਸੀ ਬਦਲੇ 500 ਕਰੋੜ ਦੀ ਭੇਟਾ ਦੇਣ ਦੇ ਦਿੱਤੇ ਬਿਆਨ ਨੂੰ ਮੀਡੀਆ ਨੇ ਬੋਚ ਲਿਆ ਸੀ। ਨਵਜੋਤ ਕੌਰ ਦਾ ਸਿਆਸਤ ਵਿੱਚ ਕੱਦ ਵੱਡਾ ਨਹੀਂ ਪਰ ਕਿਉਂਕਿ ਉਹ ਇੱਕ ਚਰਚਿਤ ਬਿਆਨ ਦੇ ਗਏ ਇਸ ਕਰਕੇ ਉਹ ਮੁੜ ਅਖ਼ਬਾਰਾਂ ਦੀਆਂ ਸੁਰਖੀਆਂ ਬਣੇ।

ਉਹਨਾਂ ਵੱਲੋਂ ਲਾਏ ਇਲਜ਼ਾਮ ਝੂਠੇ ਹਨ ਜਾਂ ਸੱਚੇ, ਸਾਡਾ ਅੱਜ ਦੇ ਲੇਖ ਦਾ ਇਹ ਵਿਸ਼ਾ ਨਹੀਂ ਹੈ। ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ਲਈ ਪੈਸੇ ਨਾਲ ਹਾਈਕਮਾਂਡ ਨੂੰ ਭਰਿਆ ਸੂਟਕੇਸ ਦਿੰਦੇ ਰਹੇ ਹਨ ਜਾਂ ਨਹੀਂ ਸਾਨੂੰ ਇਹ ਵੀ ਨਹੀਂ ਪਤਾ। ਸਾਨੂੰ ਤਾਂ ਇਸ ਗੱਲ ਦਾ ਵੀ ਇਲਮ ਨਹੀਂ ਹੈ ਕਿ ਸਿੱਧੂ ਜੋੜੇ ਕੋਲੇ ਇੰਨੇ ਪੈਸੇ ਹਨ ਜਾਂ ਨਹੀਂ। ਅਸੀਂ ਇਸ ਗੱਲ ਦੀ ਵੀ ਹਾਮੀ ਨਹੀਂ ਭਰਦੇ ਕਿ ਸਿੱਧੂ ਉੱਤੇ 2017 ਦੀਆਂ ਚੋਣਾਂ ਵੇਲੇ ਕੌਂਸਲਰਾਂ ਨੂੰ ਟਿਕਟਾਂ ਵੇਚਣ ਦੇ ਦੋਸ਼ ਸੱਚੇ ਹਨ। ਨਵਜੋਤ ਕੌਰ ਨੇ ਇੱਕ ਬਿਆਨ ਨਾਲ ਪੰਜਾਬ ਕਾਂਗਰਸ ਦੇ ਚਾਰ ਵੱਡੇ ਨੇਤਾਵਾਂ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਪੇਟ ਲਿਆ। ਉਹਨਾਂ ਦੇ ਇਲਜ਼ਾਮਾਂ ਤੋਂ ਤਾਂ ਇੰਝ ਲੱਗਦਾ ਹੈ ਕਿ ਹੁਣ ਤੱਕ ਦੇ ਕਾਂਗਰਸ ਦੇ ਸਾਰੇ ਮੁੱਖ ਮੰਤਰੀ 5 ਸੌ ਕਰੋੜ ਦੇ ਕੇ ਹੀ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਪਾਉਣ ਜੋਗੇ ਹੋਏ ਸਨ। ਸੁਖਜਿੰਦਰ ਸਿੰਘ ਰੰਧਾਵਾ ਉੱਤੇ ਉਹਨਾਂ ਨੇ ਰਾਜਸਥਾਨ ਕਾਂਗਰਸ ਦੇ ਇੰਚਾਰਜ ਹੁੰਦਿਆਂ ਟਿਕਟਾਂ ਵੇਚਣ ਦੇ ਦੋਸ਼ ਲਾਏ ਹਨ। ਸੁਖਜਿੰਦਰ ਸਿੰਘ ਰੰਧਾਵਾ ਉੱਤੇ ਲੱਗੇ ਇਲਜ਼ਾਮ ਆਮ ਬੰਦੇ ਦੇ ਦਿਲ ਨੂੰ ਨਹੀਂ ਲੱਗਦੇ ਹਨ, ਜਿਸ ਕਰਕੇ ਉਹਨਾਂ ਨੇ ਡਾਕਟਰ ਨਵਜੋਤ ਕੌਰ ਨੂੰ ਕਾਨੂੰਨੀ ਨੋਟਿਸ ਭੇਜ ਦਿੱਤਾ ਹੈ।। ਨੋਟਿਸ ਬਾਰੇ ਬੀਤੇ ਦਿਨੀਂ ਇੱਕ ਚੈਨਲ ਨੂੰ ਦਿੱਤੇ ਗਏ ਬਿਆਨ ਬਾਰੇ ਲਿਖ ਦਿੱਤਾ ਗਿਆ, ਜਿਸ ਵਿੱਚ ਉਹਨਾਂ ਕਿਹਾ ਸੀ ਕਿ ਰੰਧਾਵਾ ਦੇ ਗੈਂਗਸਟਰਾਂ ਨਾਲ ਲਿੰਕ ਹਨ, ਇਸ ਦੇ ਨਾਲ ਹੀ ਡਾਕਟਰ ਨਵਜੋਤ ਕੌਰ ਨੇ ਇਹ ਵੀ ਦੋਸ਼ ਲਾਇਆ ਸੀ ਕਿ ਉਹਨਾਂ ਰਾਜਸਥਾਨ ਵਿੱਚ ਕਾਂਗਰਸ ਨੂੰ ਹਰਾਇਆ। ਉਹਨਾਂ ਦੇ ਇਹਨਾਂ ਦੋਸ਼ਾਂ ਬਾਅਦ ਲੀਗਲ ਨੋਟਿਸ ਜਾਰੀ ਕਰਦੇ ਹੋਏ ਸਪੱਸ਼ਟ ਕੀਤਾ ਕਿ ਇਹ ਬਿਆਨ ਬੇਬੁਨਿਆਦ ਝੂਠਾ ਅਤੇ ਉਹਨਾਂ ਦੇ ਅਕਸ ਨੁਕਸਾਨ ਪਹੁੰਚਾਉਣ ਵਾਲਾ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਨਵਜੋਤ ਕੌਰ ਸੱਤ ਦਿਨਾਂ ਅੰਦਰ ਜਨਤਕ ਤੌਰ 'ਤੇ ਮਾਫੀ ਮੰਗਣ ਨਹੀਂ ਤਾਂ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਕਾਂਗਰਸ ਅੰਦਰ ਘਮਸਾਨ ਤਾਂ ਪੈ ਗਿਆ ਹੈ। ਪਹਿਲਾਂ ਤੋਂ ਚੱਲ ਰਿਹਾ ਖਿਲਾਰਾ ਕਿਵੇਂ ਸੰਭਲੂ ਇਹ ਕਿਸੇ ਦੇ ਪੱਲੇ ਨਹੀਂ ਪੈ ਰਿਹਾ ਹੈ।

ਇੱਕ ਗੱਲ ਪੱਕੀ ਹੈ ਕਿ ਨਵਜੋਤ ਕੌਰ ਸਿੱਧੂ ਨੇ ਜਿਹੜਾ ਬਿਆਨ ਦਿੱਤਾ ਹੈ ਉਹ ਪੰਜਾਬ ਦੀ ਸਿਆਸਤ ਦੇ ਆਲੇ ਦੁਆਲੇ ਜ਼ਰੂਰ ਘੁੰਮਦਾ ਹੈ। ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸੀਆਂ ਉੱਤੇ ਲਗਾਏ ਇਲਜ਼ਾਮ ਝੂਠੇ ਹੋ ਸਕਦੇ ਹਨ। ਪਰ ਆਪਾਂ ਇਹ ਕਹਿ ਲਈਏ ਕਿ ਸਿਆਸਤ ਵਿੱਚ ਠੱਗੀ ਨਹੀਂ ਚੱਲਦੀ ਜਾਂ ਸਿਆਸਤ ਵਿੱਚ ਤਾਕਤ ਅਤੇ ਪੈਸੇ ਦਾ ਬੋਲਬਾਲਾ ਨਹੀਂ ਹੈ ਤਾਂ ਸ਼ਾਇਦ ਮੈਂ ਤੁਹਾਡੇ ਨਾਲ ਇਥੇ ਆਪਣੇ ਆਪ ਨਾਲ ਝੂਠ ਬੋਲ ਰਿਹਾ ਹੋਵਾਂਗਾ। ਕੀ ਸਿਆਸਤਦਾਨ ਮੁੱਕਰ ਜਾਣਗੇ ਕਿ ਚੋਣ ਫੰਡ ਦੇ ਨਾਂ 'ਤੇ ਪਾਰਟੀਆਂ ਕਈ ਸੈਂਕੜੇ ਕਰੋੜਾਂ ਇਕੱਠੇ ਨਹੀਂ ਕਰਦੀਆਂ ਹਨ। ਕੀ ਅਸੀਂ ਇਹ ਜਾਣਦੇ ਹੋਏ ਵੀ ਮੁੱਕਰ ਜਾਵਾਂਗੇ ਕਿ ਸਰਕਾਰਾਂ ਤੋੜਨ ਲਈ ਅਤੇ ਸਰਕਾਰਾਂ ਬਣਾਉਣ ਲਈ ਵਿਧਾਇਕ ਖ਼ਰੀਦੇ ਜਾਂਦੇ ਹਨ। ਅਸੀਂ ਇਸ ਗੱਲ ਤੋਂ ਵੀ ਇਨਕਾਰੀ ਹੋ ਜਾਵਾਂਗੇ ਕਿ ਕੌਂਸਲ ਦੇ ਪ੍ਰਧਾਨ ਜਾਂ ਨਗਰ ਨਿਗਮ ਦੇ ਮੇਅਰ ਦੀ ਚੋਣ ਲਈ ਕੌਂਸਲਰਾਂ ਦੀ ਖ਼ਰੀਦੋ ਫਰੋਖਤ ਚਲਦੀ ਹੈ। ਅਸੀਂ ਉਹ ਜਾਣਦੇ ਹੋਇਆਂ ਵੀ ਕਾਗਜ਼ ਦੇ ਸੀਨੇ ਉੱਤੇ ਨਹੀਂ ਲਿਖਾਂਗੇ ਕਿ ਮੁੱਖ ਮੰਤਰੀ ਦੀ ਚੋਣ ਇਥੋਂ ਤੱਕ ਕਿ ਨਗਰ ਨਿਗਮ ਦੇ ਮੇਅਰ ਦੀ ਚੋਣ ਵੇਲੇ ਵਿਧਾਇਕ ਜਾਂ ਕੌਂਸਲਰ ਪਹਾੜਾਂ ਦੇ ਮਹਿੰਗੇ ਹੋਟਲਾਂ ਦੇ ਕਮਰਿਆਂ ਵਿੱਚ ਲੁਕੋਅ ਲਏ ਜਾਂਦੇ ਹਨ। ਸੱਚ ਤਾਂ ਇਹ ਵੀ ਹੈ ਕਿ ਚੋਣਾਂ ਦੇ ਦਿਨਾਂ ਵਿੱਚ ਸ਼ੱਕੀ ਵਿਧਾਇਕਾਂ ਜਾਂ ਕੌਂਸਲਰਾਂ ਦੇ ਫ਼ੋਨ ਰਿਕਾਰਡਿੰਗ ਉੱਤੇ ਲਾ ਲਏ ਜਾਂਦੇ ਹਨ ਜਾਂ ਫਿਰ ਉਹਨਾਂ ਤੋਂ ਫੋਨ ਹੀ ਲੈ ਲਏ ਜਾਂਦੇ ਹਨ। ਹੁਣ ਤਾਂ ਚੋਣਾਂ ਦੇ ਦਿਨ ਹੀ ਵਿਧਾਇਕਾਂ ਅਤੇ ਕੌਂਸਲਰਾਂ ਦੇ ਘਰਾਂ ਮੂਹਰੇ ਚੌਕੀਦਾਰ ਵੀ ਬਿਠਾਏ ਜਾਣ ਲੱਗੇ ਹਨ, ਉਹਨਾਂ ਦੇ ਘਰ ਆਉਣ ਜਾਣ ਵਾਲੇ ਹਰ ਬੰਦੇ ਉੱਤੇ ਨਜ਼ਰ ਰੱਖੀ ਜਾ ਸਕੇ।

ਨਵਜੋਤ ਕੌਰ ਸਿੱਧੂ ਨੇ ਗੱਲ ਸਿਰਫ ਕਾਂਗਰਸ ਪਾਰਟੀ ਦੀ ਕੀਤੀ ਹੈ। ਪਰ ਇਸ ਹਜਾਮ ਵਿੱਚ ਸਾਰੇ ਨੰਗੇ ਹਨ। ਸਿਆਸੀ ਪਾਰਟੀਆਂ ਦੇ ਸੂਬਾ ਇੰਚਾਰਜ ਲੱਗਣ ਲਈ ਵੱਡੇ ਤੋਹਫੇ ਦਿੱਤੇ ਜਾਂਦੇ ਹਨ ਅਤੇ ਫਿਰ ਸੂਟਕੇਸ ਲਏ ਜਾਂਦੇ ਹਨ। ਟਿਕਟਾਂ ਦਾ ਹਿੱਸਾ ਪਾਰਟੀਆਂ ਦੇ ਸੂਬਾ ਇੰਚਾਰਜਾਂ ਦੇ ਘਰੇ ਵੀ ਪੁੱਜਦਾ ਹੈ। ਸਰਕਾਰਾਂ ਪੁਰਾਣੀਆਂ ਰਹੀਆਂ ਹੋਣ ਜਾਂ ਨਵੀਂ ਪਾਰਟੀ ਹਾਈ ਕਮਾਂਡ ਜਾਂ ਫਿਰ ਵੱਡੇ ਲੀਡਰਾਂ ਦੀ ਆਓ ਭਗਤ ਲਈ ਸਰਕਾਰੀ ਜਹਾਜ਼ ਉੱਡਦੇ ਹਨ। ਹੋਰ ਤਾਂ ਹੋਰ ਪਹਿਲਾਂ ਵਿਧਾਇਕ ਦੀ ਟਿਕਟ ਲੈਣ ਲਈ ਸੂਟਕੇਸ ਦਿਖਾਉਣਾ ਪੈਂਦਾ ਹੈ। ਉਸ ਤੋਂ ਬਾਅਦ ਵਜ਼ਾਰਤ ਲਈ ਤਾਂ ਉਸ ਤੋਂ ਵੀ ਵੱਡਾ ਅਟੈਚੀ ਚੁੱਕਣਾ ਪੈਂਦਾ ਹੈ। ਦੁੱਖ ਤਾਂ ਇਹ ਹੈ ਕਿ ਅਟੈਚੀ ਵਿੱਚ ਪਾ ਕੇ ਉੱਤੇ ਪੈਸਿਆਂ ਦੇ ਬਦਲੇ ਘਰਾਂ ਨੂੰ ਬੋਰੇ ਭਰ ਕੇ ਲਿਆਏ ਜਾਂਦੇ ਹਨ। ਘਰਾਂ ਦੀਆਂ ਅਲਮਾਰੀਆਂ ਪੈਸੇ ਨਾਲ ਬੁਕੀਆਂ ਰਹਿੰਦੀਆਂ ਹਨ। ਆਪਾਂ ਅਖ਼ਬਾਰਾਂ ਵਿੱਚ ਛਪੀਆਂ ਖਬਰਾਂ ਕਿਵੇਂ ਭੁੱਲ ਜਾਈਏ ਕਿ ਪਿੱਛੇ ਜਿਹੇ ਸਿਆਸੀ ਲੀਡਰਾਂ ਦੇ ਘਰੋਂ ਈਡੀ ਨੂੰ ਬਰਾਮਦ ਹੋਏ ਪੈਸੇ ਗਿਣਨ ਲਈ ਮਸ਼ੀਨਾਂ ਮੰਗਵਾਉਣੀਆਂ ਪਈਆਂ ਸਨ। ਪੰਜਾਬ ਦੇ ਕਿੰਨੇ ਕਾਂਗਰਸੀ ਅਤੇ ਮੌਜੂਦਾ ਪਾਰਟੀ ਦੇ ਕੁਝ ਵਿਧਾਇਕ ਸਿੱਖ ਸਾਬਕਾ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ ਅੰਦਰ ਜੇਲ੍ਹ ਦੀਆਂ ਰੋਟੀਆਂ ਖਾ ਕੇ ਆਏ ਹਨ। ਚੋਣਾਂ ਉੱਤੇ ਐਵੇਂ ਨਹੀਂ 10 ਤੋਂ 15 ਕਰੋੜ ਪਏ ਖ਼ਰਚੇ ਜਾਣ ਲੱਗੇ ਹਨ। ਹੁਣ ਤਾਂ ਵਿਧਾਨ ਸਭਾ ਦੇ ਛੋਟੇ ਜਿਹੇ ਹਲਕੇ ਦੀ ਚੋਣ ਵੀ ਕਰੋੜਾਂ ਨੂੰ ਪੈਣ ਲੱਗੀ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਖ਼ਰਚੇ ਦੀ ਮਿੱਥੀ ਮਿਆਦ ਦੀ ਪਰਵਾਹ ਕੌਣ ਕਰਦਾ ਹੈ। ਦਾਰੂ ਸਿੱਕਾ ਰੱਜ ਕੇ ਚੱਲਦਾ ਹੈ। ਚੋਣ ਉੱਤੇ 10-15 ਕਰੋੜ ਖਰਚਣ ਵਾਲਾ ਪੰਜ ਸਾਲਾਂ ਵਿੱਚ ਇਸ ਨੂੰ ਸੈਂਕੜਿਆਂ ਨਹੀਂ ਹਜ਼ਾਰਾਂ ਨਾਲ ਮਲਟੀਪਲਾਈ ਕਰਕੇ ਆਪਣਾ ਖਜ਼ਾਨਾ ਮਾਲੋ ਮਾਲ ਕਰ ਲੈਂਦਾ ਹੈ। ਪੈਸੇ ਦੇ ਇਸ ਚਲਦੇ ਅਦਾਨ ਪ੍ਰਦਾਨ ਦਾ ਕੋਈ ਕਿਸੇ ਕੋਲ ਸਬੂਤ ਨਹੀਂ ਪਰ ਅਸੀਂ ਇਸ ਗੱਲ ਤੋਂ ਵੀ ਨਹੀਂ ਮੁੱਕਰ ਸਕਦੇ ਕਿ ਅੱਜ ਇਹ ਹਰ ਵੋਟਰ ਦੇ ਬੁੱਲਾਂ ਉੱਤੇ ਨਹੀਂ। ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਸੱਥਾਂ ਵਿੱਚ ਇਹ ਸਾਰਾ ਕੁਝ ਮਿਥਿਆ ਨਹੀਂ ਜਾ ਰਿਹਾ ਹੈ। ਮੁੱਕਰਿਆ ਇਸ ਗੱਲ ਤੋਂ ਵੀ ਨਹੀਂ ਜਾ ਸਕਦਾ ਕਿ ਸਿਆਸੀ ਪਾਰਟੀਆਂ ਇੱਕ ਦੂਜੇ ਉੱਤੇ ਅਜਿਹੇ ਦੋਸ਼ ਨਹੀਂ ਲਾਉਂਦੀਆਂ ਹਨ। ਨਵਜੋਤ ਕੌਰ ਦੇ ਇਲਜ਼ਾਮ ਕਰਕੇ ਕੌਮੀ ਅਖ਼ਬਾਰਾਂ ਦੀਆਂ ਸੁਰਖੀਆਂ ਬਣੇ ਹਨ ਕਿਉਂਕਿ ਉਹ ਇੱਕ ਵੱਡੀ ਸਿਆਸੀ ਅਤੇ ਮਨੋਰੰਜਨ ਖੇਤਰ ਦੀ ਸ਼ਖਸੀਅਤ ਦੀ ਪਤਨੀ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਸ ਵੱਲੋਂ ਆਪਣੀ ਪਾਰਟੀ ਉੱਤੇ ਇਹ ਇਲਜ਼ਾਮ ਲਾਏ ਗਏ ਹਨ।

ਗੱਲ ਇੱਥੇ ਹੀ ਨਹੀਂ ਮੁੱਕਦੀ ਅਸਲ ਵਿੱਚ ਕੁਰੱਪਸ਼ਨ ਤਾਂ ਵੋਟਰਾਂ ਤੋਂ ਸ਼ੁਰੂ ਹੋ ਜਾਂਦੀ ਹੈ। ਵੋਟਾਂ ਲੈਣ ਲਈ ਅੱਜ ਕੱਲ ਵੋਟਰਾਂ ਨੂੰ ਸਰਕਾਰ ਚੋਗਾ ਪਾਉਣ ਲੱਗੀ ਹੈ। ਉਸ ਤੋਂ ਪਹਿਲਾਂ ਚੋਣ ਲੜਨ ਵੇਲੇ ਵੋਟਰਾਂ ਦੇ ਘਰੀਂ ਬੰਡਲ ਪਹੁੰਚਾਏ ਜਾਂਦੇ ਹਨ। ਕਈਆਂ ਦੇ ਘਰੇ ਦਾਣਿਆਂ ਦੇ ਬੋਰੇ ਸੁੱਟ ਜਾਂਦੇ ਹਨ। ਹੁਣ ਤਾਂ ਗੱਲ ਵਾਹਨ ਤੱਕ ਪੁੱਜ ਗਈ ਹੈ। ਵੋਟਰ ਵੀ ਇਹ ਸੋਚਣ ਲੱਗੇ ਹਨ ਕਿ ਪੰਜ ਸਾਲ ਤਾਂ ਸਿਆਸਤਦਾਨਾਂ ਨੇ ਲੁੱਟਣਾ ਹੋਇਆ ਹੁਣ ਵੇਲਾ ਹੈ ਇਹਨਾਂ ਕੋਲੋਂ ਜੋ ਲਿਆ ਜਾ ਸਕਦਾ ਹੈ ਉਹੀ ਲਾਹੇ ਦਾ ਮੰਨਿਆ ਜਾਵੇ। ਵੱਖਰੀ ਗੱਲ ਹੈ ਕਿ ਅਸੀਂ ਹਾਲੇ ਤੱਕ ਵੋਟਰਾਂ ਨੂੰ ਦਿੱਤੇ ਜਾਣ ਵਾਲੇ ਛੋਟੇ ਵੱਡੇ ਤੋਹਫ਼ਿਆਂ ਨੂੰ ਕੁਰੱਪਸ਼ਨ ਨਹੀਂ ਮੰਨਿਆ ਹੈ। ਮੈਨੂੰ ਤਾਂ ਇਹ ਵੀ ਸਿਆਸਤਦਾਨਾਂ ਦੀ ਇਕ ਚਤੁਰਾਈ ਲੱਗਦੀ ਹੈ ਕਿ ਉਹ ਵੋਟਾਂ ਬਦਲੇ ਨੋਟ ਦੇ ਕੇ ਵੋਟਰਾਂ ਦਾ ਮੂੰਹ ਬੰਦ ਕਰਨ ਲੱਗੇ ਹਨ।

ਸਿਆਸਤ ਠੱਗੀ ਦਾ ਧੰਦਾ ਬਣ ਕੇ ਰਹਿ ਗਿਆ ਹੈ। ਸਿਆਸਤ ਕੁਰੱਪਸ਼ਨ ਦਾ ਦੂਜਾ ਨਾਂ ਕਿਹਾ ਜਾਣ ਲੱਗਿਆ ਹੈ। ਰਾਜਨੀਤੀ ਅਤੇ ਝੂਠ ਨੂੰ ਇੱਕ ਦੂਜੇ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਸੀਂ ਸਾਰੇ ਇਸ ਵਿੱਚ ਏਨੇ ਲਿਪਤ ਹੋ ਗਏ ਤਾਂ ਕਿ ਸਾਨੂੰ ਇਹ ਰੁਟੀਨ ਲੱਗਣ ਲੱਗਾ ਹੈ। ਇਹ ਕੁਝ ਕਿਸੇ ਕੌਮ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਲਈ ਕਾਫ਼ੀ ਹੈ।



ਵਿੰਕਲਜੀਤ ਸਿੰਘ ਸਰਾ
9501477889

# ਸਿੱਖੀ ਦਾ ਰੁਤਬਾ ਮੁਫ਼ਤ ਨਹੀਂ ਮਿਲਿਆ, ਅਰਦਾਸ ਤੋਂ ਬੇਮੁੱਖੀ ਅਤੇ 'ਲੰਗਰ ਤੱਕ ਸੀਮਤ' ਮੱਤ ਦਾ ਸੰਕਟ

## 328 ਸਰੂਪਾਂ ਦਾ ਗੁੰਮ ਹੋਣਾ, ਗੁਰੂਆਂ ਦੀਆਂ ਕੁਰਬਾਨੀਆਂ 'ਤੇ ਭਾਰੀ ਪੈਂਦੀ ਅੰਦਰੂਨੀ ਲਾਚਾਰੀ ਅਤੇ ਅਰਦਾਸ ਦਾ ਅਰਥਹੀਣ ਹੋ ਜਾਣਾ

ਸਿੱਖ ਕੌਮ ਦਾ ਇਤਿਹਾਸ ਦੁਨੀਆਂ ਦੇ ਸਭ ਤੋਂ ਕੁਰਬਾਨੀ ਭਰੇ ਅਧਿਆਵਾਂ ਵਿੱਚੋਂ ਇੱਕ ਹੈ। ਸਿੱਖੀ ਦਾ ਇਹ ਰੁਤਬਾ, ਇਹ ਮਾਣ, ਇਹ ਅਜ਼ਾਦੀ ਸਾਨੂੰ ਤੋਹਫ਼ੇ ਵਜੋਂ ਨਹੀਂ ਮਿਲੀ। ਇਸ ਲਈ ਸਾਡੇ ਗੁਰੂ ਸਾਹਿਬਾਨ ਅਤੇ ਗੁਰੂ ਦੇ ਪਿਆਰਿਆਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

**ਗੌਰਵਮਈ ਅਤੀਤ:** ਲਹੂ ਨਾਲ ਸਿੰਜਿਆ ਸਿੱਖੀ ਦਾ ਰੁਤਬਾ : ਸਾਡੇ ਵੱਡਿਆਂ ਨੇ **'ਦੇਗ, ਤੇਗ, ਫ਼ਤਹਿ'** ਦਾ ਸੰਕਲਪ ਕਾਇਮ ਰੱਖਣ ਲਈ ਆਪਣਾ ਸੁੱਖ, ਚੈਨ, ਪਰਿਵਾਰ ਅਤੇ ਲਹੂ ਤੱਕ ਵਾਰ ਦਿੱਤਾ।

**ਮਹਾਨ ਕੁਰਬਾਨੀਆਂ ਦੀ ਦਾਸਤਾਨ:** ਪੰਜਵੇਂ ਪਾਤਸ਼ਾਹ: ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀਆਂ ਤਵੀਆਂ 'ਤੇ ਬੈਠ ਕੇ **'ਤੇਰਾ ਭਾਣਾ ਮੀਠਾ ਲਾਗੇ'** ਦਾ ਸਿਧਾਂਤ ਦਿੱਤਾ। **ਨੌਵੇਂ ਪਾਤਸ਼ਾਹ ਅਤੇ ਧਰਮ ਦੀ ਰਾਖੀ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਨਾ ਸਿਰਫ਼ ਸਿੱਖੀ ਲਈ, ਸਗੋਂ ਦੂਸਰੇ ਧਰਮ ਦੀ ਰਾਖੀ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹਾਦਤ ਦਿੱਤੀ ਤੇ ਅੱਜ ਅਸੀਂ ਆਪਣੀ ਕੌਮ ਦੇ ਧਰਮ ਦੀ ਰੱਖਿਆ ਕਰਨ ਤੋਂ ਵੀ ਅਪਾਹਜ ਹੋ ਗਏ ਹਾਂ।

**ਗੁਰੂ ਕੇ ਲਾਲ:** ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਦਿੱਤਾ।

**ਕੌਮੀ ਜਰਨੈਲ:** ਭਾਈ ਮਤੀ ਦਾਸ ਜੀ ਨੂੰ ਆਰਿਆਂ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਿਆ ਗਿਆ। ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ।

**ਵੱਡੇ ਸਾਕੇ:** ਇਹ ਉਹ ਕੌਮ ਹੈ ਜਿਸ ਦੇ ਯੋਧਿਆਂ ਨੇ ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪਵਾਏ ਅਤੇ ਚਰਖੜੀਆਂ 'ਤੇ ਚਾੜ੍ਹਿਆ ਗਿਆ।

**ਇਤਿਹਾਸ ਦਾ ਸੱਚ:** ਸਾਡਾ ਇਤਿਹਾਸ ਕੁਰਬਾਨੀਆਂ ਨਾਲ ਇੰਨਾ ਭਰਿਆ ਪਿਆ ਹੈ ਕਿ ਇਸ ਨੂੰ ਸੁਣਨ ਲਈ ਵੀ ਬਹੁਤ ਵੱਡਾ ਜਿਗਰਾ ਚਾਹੀਦਾ ਹੈ।

**ਅੰਦਰੂਨੀ ਦੁਸ਼ਮਣ ਦੀ ਚਿਤਾਵਨੀ** : ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ (ਮੁਕਤਸਰ ਸਾਹਿਬ) ਪਹੁੰਚੇ ਤਾਂ ਉਸ ਸਮੇਂ ਚਾਰੋਂ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਹਜ਼ੂਰ ਨੇ ਆਪਣਾ ਤੀਰ ਚਲਾਇਆ। ਉਹ ਤੀਰ ਬਹੁਤ ਸਾਰੇ ਲੋਕਾਂ ਨੂੰ ਵਿੰਨ੍ਹਦਾ ਹੋਇਆ ਕਮਾਨ ਵਿੱਚ ਵਾਪਸ ਆ ਗਿਆ। ਦੂਜੀ ਵਾਰ ਫਿਰ ਇਵੇਂ ਹੀ ਹੋਇਆ। ਜਦੋਂ ਤੀਸਰੀ ਵਾਰ ਹਜ਼ੂਰ ਤੀਰ ਚੜ੍ਹਾਉਣ ਲੱਗੇ, ਤਾਂ ਭਾਈ ਦਇਆ ਸਿੰਘ ਜੀ ਹੱਥ ਜੋੜ ਕੇ ਖਲੋ ਗਏ ਅਤੇ ਪੁੱਛਿਆ ਕਿ ਪਾਤਸ਼ਾਹ ਜੇ ਸਾਡੇ ਕੋਲ ਏਨੀ ਤਾਕਤ ਸੀ ਤਾਂ ਅਸੀਂ ਸਾਰਾ ਪਰਿਵਾਰ ਤੇ ਸਿੰਘ ਕਿਉਂ ਸ਼ਹੀਦ ਕਰਵਾਏ ? ਜਵਾਬ ਵਿੱਚ ਗੁਰੂ ਸਾਹਿਬ ਨੇ ਫੁਰਮਾਇਆ ਕਿ ਇਹ ਵੀ ਜੋ ਹੋਇਆ ਹੈ ਉਹ ਗਲਤ ਹੋਇਆ ਹੈ। ਭਾਈ ਦਇਆ ਸਿੰਘ ਜੀ ਦੇ ਹੋਰ ਪੁੱਛਣ 'ਤੇ ਹਜ਼ੂਰ ਨੇ ਦੱਸਿਆ ਕਿ ਇਹ ਤੀਰ ਜਿਨ੍ਹਾਂ ਜਿਨ੍ਹਾਂ ਨੂੰ ਮਾਰ ਕੇ ਆਇਆ ਹੈ, ਉਹ ਸਿੱਖ ਕੌਮ ਵਿੱਚ ਪੈਦਾ ਹੋਣਗੇ, ਪਰ ਹੋਣਗੇ ਸਿੱਖਾਂ ਦੇ ਦੁਸ਼ਮਣ। ਅੱਜ ਦੇ ਹਲਾਤਾਂ ਨੂੰ ਦੇਖ ਕੇ ਇਹ ਕਹਾਣੀ ਸੱਚ ਲੱਗਦੀ ਹੈ। ਇਹ ਚਿਤਾਵਨੀ ਦਿੰਦੀ ਹੈ ਕਿ ਕੌਮ ਨੂੰ ਬਾਹਰਲੇ ਦੁਸ਼ਮਣ ਨਾਲੋਂ ਵੱਧ ਅੰਦਰੂਨੀ ਗੱਦਾਰਾਂ ਤੋਂ ਖ਼ਤਰਾ ਹੈ। ਇਹ ਸਿੱਖੀ ਦੇ ਰੂਪ ਵਿੱਚ ਸਿੱਖ ਕੌਮ ਦੇ ਅੰਦਰ ਹੀ ਪੈਦਾ ਹੋਏ ਉਹ ਲੋਕ ਹਨ ਜੋ ਆਪਣੀਆਂ ਨਿੱਜੀ ਸਵਾਰਥਾਂ ਲਈ ਕੌਮ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੇ ਹਨ। 328 ਸਰੂਪਾਂ ਦਾ ਗੁੰਮ ਹੋਣਾ ਇਸ ਅੰਦਰੂਨੀ ਖੋਰ ਦਾ ਸਭ ਤੋਂ ਵੱਡਾ ਪ੍ਰਮਾਣ ਹੈ।

**ਅਰਦਾਸ ਦੀ ਅਣਸੁਣੀ ਆਵਾਜ਼:** ਕੀ ਸਾਡੀ ਮੱਤ ਸਿਰਫ਼ 'ਲੰਗਰ' ਤੱਕ ਸੀਮਤ ਰਹਿ ਗਈ ਹੈ ? ਅਸੀਂ ਹਰ ਰੋਜ਼ ਸਵੇਰੇ-ਸ਼ਾਮ ਗੁਰੂ ਘਰਾਂ ਵਿੱਚ ਅਰਦਾਸ ਕਰਦੇ ਹਾਂ ਜਿਸ ਵਿੱਚ ਅਸੀਂ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ। ਪਰ ਸਾਨੂੰ ਲੱਗਦਾ ਹੈ ਕਿ ਅਸੀਂ ਉਹ ਅਰਦਾਸ ਸਿਰਫ਼ ਸੁਣਦੇ ਹਾਂ ਸਮਝਦੇ ਨਹੀਂ। ਜਦੋਂ ਅਸੀਂ ਅਰਦਾਸ ਵਿੱਚ ਇੰਨੀ ਮਹਾਨ ਕੁਰਬਾਨੀ ਦਾ ਜ਼ਿਕਰ ਕਰਨ ਤੋਂ ਬਾਅਦ ਆਪਣੇ ਧਰਮ ਦੀ ਸੰਭਾਲ ਵੀ ਨਹੀਂ ਕਰ ਸਕਦੇ ਅਤੇ ਆਪਣੇ ਮਸਲੇ ਥਾਣੇ-ਕਚਹਿਰੀਆਂ ਵਿੱਚ ਲੈ ਕੇ ਜਾਂਦੇ ਹਾਂ ਤਾਂ ਇਹ ਅਰਦਾਸ ਦਾ ਸਭ ਤੋਂ ਵੱਡੀ ਦੁਖ ਦੀ ਗੱਲ ਹੈ।

**ਸੀਮਤ ਮੱਤ ਦਾ ਸੰਕਟ:** ਕੀ ਸਾਡੀ ਸੇਵਾ ਦੀ ਭਾਵਨਾ ਅਤੇ ਮੱਤ ਸਿਰਫ਼ ਲੰਗਰ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ? ਕੀ ਅਸੀਂ ਸੇਵਾ ਨੂੰ ਰੋਟੀ ਖਿਲਾਉਣ ਤੱਕ ਸਮਝਦੇ ਹਾਂ ਪਰ ਗੁਰੂ ਦੀ ਮਰਿਆਦਾ, ਕੌਮੀ ਇਨਸਾਫ਼ ਅਤੇ ਪ੍ਰਬੰਧਕੀ ਸਿਧਾਂਤਾਂ ਦੀ ਰੱਖਿਆ ਦੀ ਸੇਵਾ ਨੂੰ ਭੁੱਲ ਗਏ ਹਾਂ?

**ਅਸਲੀ ਸੇਵਾ:** ਅਸਲੀ ਸੇਵਾ ਸਿਰਫ਼ ਸਰੀਰਕ ਨਹੀਂ ਨੈਤਿਕ ਅਤੇ ਬੌਧਿਕ ਵੀ ਹੁੰਦੀ ਹੈ। ਗ਼ੱਦਾਰਾਂ ਨੂੰ ਰਸਤਾ ਦਿਖਾਉਣਾ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣਾ ਅਤੇ ਕੌਮ ਨੂੰ ਇਕਮੁੱਠ ਕਰਨਾ ਇਹ ਵੀ ਸੇਵਾ ਹੈ।

**ਅਜੋਕਾ ਪਤਨ: 'ਗੁਰੂ'** ਤੋਂ **'ਪਾਰਟੀ'** ਤੱਕ ਦਾ ਸਫ਼ਰ : ਕੁਰਬਾਨੀਆਂ ਦੇ ਅਮੀਰ ਇਤਿਹਾਸ ਤੋਂ ਬਾਅਦ ਅੱਜ ਦੀ ਸਿੱਖ ਲੀਡਰਸ਼ਿਪ ਗੁਰੂ ਦੇ ਫਲਸਫੇ ਤੋਂ ਭਟਕ ਗਈ ਹੈ।

**ਵਿਚਾਰਧਾਰਕ ਤਬਦੀਲੀ:** ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਬਜਾਏ ਕਾਗਜ਼ੀ ਪੁਸਤਕ ਸਮਝ ਬੈਠੇ।

**ਸੇਵਾ ਦਾ ਰੂਪ ਬਦਲਣਾ:** ਨਿਰਸਵਾਰਥ ਸੇਵਾ ਦੀ ਥਾਂ 'ਤੇ ਕਮਾਈ (ਪੈਸਾ/ਲਾਭ) ਮੁੱਖ ਹੋ ਗਈ।

**ਪੰਥ ਦਾ ਸਿਆਸੀਕਰਨ:** ਪੰਥ ਦੀ ਏਕਤਾ ਅਤੇ ਸਰਬਉੱਚਤਾ ਦੀ ਥਾਂ ਪਾਰਟੀਬਾਜ਼ੀ ਨੇ ਲੈ ਲਈ। ਤਰਜੀਹਾਂ ਦਾ ਬਦਲਾਅ: ਗੁਰੂ ਦੀ ਰਖਵਾਲੀ ਦੀ ਥਾਂ ਅਹੁਦਾ, ਪੈਸਾ ਅਤੇ ਕੁਰਸੀ ਦੀ ਭੁੱਖ ਪਹਿਲ ਬਣ ਗਈ।

**ਵਰਤਮਾਨ ਦਾ ਦਰਦ:** ਲਾਚਾਰੀ ਅਤੇ ਚੌਧਰ ਦੀ ਭੁੱਖ : ਅੱਜ ਅਸੀਂ ਉਸੇ ਸਿੱਖ ਕੌਮ ਦੇ ਵਾਰਸ ਹਾਂ ਪਰ ਸਾਡਾ ਹਾਲ ਇਹ ਹੈ।

**ਕੁਰਸੀ ਦੀ ਭੁੱਖ:** ਅੱਜ ਅਸੀਂ ਸਾਰੇ **'ਚੌਧਰ'** ਦੇ ਭੁੱਖੇ ਬਣ ਗਏ ਹਾਂ। ਹਰ ਕੋਈ ਲੀਡਰ ਬਣਨਾ ਚਾਹੁੰਦਾ ਹੈ ਸੇਵਾਦਾਰ ਨਹੀਂ।

**ਗ਼ੱਦਾਰਾਂ ਨੂੰ ਰਸਤਾ ਨਾ ਦਿਖਾਉਣਾ:** ਅਸੀਂ ਜਾਣਦੇ ਹਾਂ ਕਿ ਸਾਡੇ ਧਾਰਮਿਕ ਪ੍ਰਬੰਧਾਂ ਵਿੱਚ ਕੁਰਸੀਆਂ ਵਿਕੀਆਂ ਹਨ ਅਤੇ ਅਹੁਦੇਦਾਰ ਵਿਕੇ ਹਨ। ਪਰ ਅਸੀਂ ਸੰਗਤ ਵਜੋਂ ਇਨ੍ਹਾਂ ਵਿਕੇ ਹੋਏ ਅਤੇ ਗ਼ੱਦਾਰ ਅਹੁਦੇਦਾਰਾਂ ਨੂੰ ਬਾਹਰ ਦਾ ਰਸਤਾ ਕਿਉਂ ਨਹੀਂ ਦਿਖਾ ਸਕਦੇ ? ਇਹ ਸਾਡੀ ਅੰਦਰੂਨੀ ਲਾਚਾਰੀ ਦਾ ਸਭ ਤੋਂ ਵੱਡਾ ਸਬੂਤ ਹੈ।

**ਹੋਂਦ ਦਾ ਸੰਕਟ:** ਅੰਦਰੂਨੀ ਘੁਣ ਨੂੰ ਮਾਰੋ ! ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ: 328 ਸਰੂਪਾਂ ਦਾ ਗੁੰਮ ਹੋਣਾ ਉਸ ਸਿੱਖ ਕੌਮ ਦੀ ਸਮੂਹਿਕ ਨਲਾਇਕੀ ਦਾ ਪ੍ਰਤੀਬਿੰਬ ਹੈ ਜੋ ਆਪਣੀ ਹੋਂਦ ਗੁਆ ਰਹੀ ਹੈ।

**ਅਕਾਲ ਤਖ਼ਤ ਸਾਹਿਬ ਤੋਂ ਪੁਲਿਸ ਚੌਂਕੀ:** ਅੱਜ ਗੁਰੂ ਦੇ ਸਰੂਪਾਂ ਦਾ ਮਾਮਲਾ ਵੀ ਅਸੀਂ ਸਰਕਾਰੀ ਥਾਣਿਆਂ ਅਤੇ ਕਚਹਿਰੀਆਂ ਵਿੱਚ ਭੇਜ ਦਿੱਤਾ। ਇਹ ਸਾਡੇ ਗੁਰੂ ਦੀ ਸਿੱਖਿਆ ਤੋਂ ਨੈਤਿਕ ਪਤਨ ਦੀ ਸਿਖਰ ਹੈ।

**ਸਿੱਖੀ ਇਤਿਹਾਸ ਦਾ ਵਿਨਾਸ਼:** ਸਰੂਪਾਂ ਦਾ ਗੁੰਮ ਹੋਣਾ ਜਿਵੇਂ ਕਿ ਅਗਨੀ ਭੇਟ ਦੇ ਬਹਾਨੇ ਕਈ ਵਾਰ ਸਿੱਖੀ ਦਾ ਇਤਿਹਾਸ ਨਸ਼ਟ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ, ਇਹ ਸਾਡੀ ਧਾਰਮਿਕ ਪ੍ਰਮਾਣਿਕਤਾ ਨੂੰ ਖ਼ਤਮ ਕਰ ਰਿਹਾ ਹੈ।

**ਜਾਗੋ ਅਤੇ ਇੱਕਮੁੱਠ ਹੋਵੋ** ! ਕੁਰਬਾਨੀਆਂ ਦੇ ਵਾਰਸੋ, ਅੱਜ ਸਮਾਂ ਬਾਹਰਲੀਆਂ ਤਾਕਤਾਂ ਨਾਲ ਲੜਨ ਦਾ ਨਹੀਂ। ਤੁਹਾਨੂੰ ਘੁਣ ਅੰਦਰ ਹੀ ਲੱਗਾ ਹੋਇਆ ਹੈ।

**ਸਿੱਖ ਕੌਮ ਨੂੰ ਲਲਕਾਰ:** ਜਾਗੋ ! ਤੁਹਾਡਾ ਇਤਿਹਾਸ, ਤੁਹਾਡੀ ਮਰਿਆਦਾ ਅਤੇ ਤੁਹਾਡੇ ਗੁਰੂ ਦੇ ਪਾਵਨ ਸਰੂਪ ਨਸ਼ਟ ਕੀਤੇ ਜਾ ਰਹੇ ਹਨ। ਇਹ ਕਾਰਵਾਈਆਂ ਬਾਹਰੋਂ ਨਹੀਂ ਸਾਡੇ ਹੀ ਪ੍ਰਬੰਧਕਾਂ ਸਾਡੇ ਹੀ ਆਗੂਆਂ ਦੁਆਰਾ ਹੋ ਰਹੀਆਂ ਹਨ। ਆਪਣੇ ਅੰਦਰੋਂ ਇਸ ਘੁਣ ਨੂੰ ਮਾਰਨਾ ਸ਼ੁਰੂ ਕਰੋ!

**ਕਾਰਵਾਈ ਦੀ ਮੰਗ, ਇੱਕਮੁੱਠ ਹੋਣ ਦੀ ਲੋੜ ! ਗ਼ੱਦਾਰਾਂ ਦਾ ਬਾਈਕਾਟ:** ਕੌਮ ਨੂੰ ਚਾਹੀਦਾ ਹੈ ਕਿ ਉਹ ਕੁਰਸੀ ਦੀ ਭੁੱਖ ਵਿੱਚ ਗੁਰੂ ਨੂੰ ਵੇਚਣ ਵਾਲੇ ਸਾਰੇ ਆਗੂਆਂ ਅਤੇ ਅਹੁਦੇਦਾਰਾਂ ਦਾ ਸਮਾਜਿਕ ਅਤੇ ਧਾਰਮਿਕ ਬਾਈਕਾਟ ਕਰੇ।

**ਅਕਾਲ ਤਖ਼ਤ ਦੀ ਪੁਨਰ-ਸੁਰਜੀਤੀ:** ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਮੁੜ ਸਥਾਪਿਤ ਕਰੋ।

**ਇੱਕਮੁੱਠ ਦਾ ਸੰਕਲਪ:** ਸਿੱਖ ਕੌਮ ਨੂੰ ਜਾਤ-ਪਾਤ, ਪਾਰਟੀਬਾਜ਼ੀ ਅਤੇ ਚੌਧਰ ਦੀ ਲਾਲਸਾ ਨੂੰ ਛੱਡ ਕੇ ਇੱਕਜੁੱਟ ਹੋਣ ਦੀ ਲੋੜ ਹੈ। ਜੇ ਅਸੀਂ ਇੱਕ ਹੋ ਗਏ ਤਾਂ ਦੁਨੀਆ ਦੀ ਕੋਈ ਵੀ ਤਾਕਤ ਸਾਨੂੰ ਨਹੀਂ ਹਰਾ ਸਕਦੀ। ਜੇ ਸਾਡੇ ਵੱਡਿਆਂ ਨੇ ਧਰਮ ਦੀ ਰੱਖਿਆ ਲਈ ਆਪਣਾ ਲਹੂ ਡੋਲ੍ਹਿਆ ਤਾਂ ਅਸੀਂ ਕੀ ਕੁਰਸੀ ਦੀ ਭੁੱਖ ਵਿੱਚ ਗ੍ਰਸਤ ਗ਼ੱਦਾਰਾਂ ਨੂੰ ਪੰਥ ਵਿੱਚੋਂ ਬਾਹਰ ਕੱਢਣ ਲਈ ਵੀ ਤਿਆਰ ਨਹੀਂ ਹਾਂ ? ਸਿੱਖ ਕੌਮ ਨੂੰ ਅੱਜ ਅੰਦਰੂਨੀ ਇਨਕਲਾਬ ਦੀ ਲੋੜ ਹੈ। ਘੁਣ ਨੂੰ ਮਾਰਨਾ ਸ਼ੁਰੂ ਕਰੋ!



# ਮਾਝਾ-ਦੁਆਬਾ

ਆਸ ਪਾਸ



## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਕੈਂਸਰ ਜਾਂਚ ਕੈਂਪ 16 ਨੂੰ



ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ 16 ਦਸੰਬਰ ਨੂੰ ਵਿਸ਼ੇਸ਼ ਕੈਂਸਰ ਮੈਡੀਕਲ ਕੈਂਪ ਦਾ ਆਯੋਜਨ ਗੁਰਇਕਬਾਲ ਸਿੰਘ ਤੇ ਮੈਨੇਜਿੰਗ ਡਾਇਰੈਕਟਰ ਭਾਈ ਹਰਿੰਦਰਪਾਲ ਸਿੰਘ ਲਿਟਲ ਵੀਰ ਜੀ ਦੀ ਅਗਵਾਈ ਹੇਠ ਲਗਾਇਆ ਜਾਵੇਗਾ। ਜਿਸ ਦਾ ਮਕਸਦ ਜਨਤਕ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਕੈਂਸਰ ਦੀਆਂ ਸ਼ੁਰੂਆਤੀ ਨਿਸ਼ਾਨੀਆਂ ਦੀ ਸਮੇਂ ਸਿਰ ਪਛਾਣ ਕਰਨਾ ਹੈ।ਇਸ ਸਬੰਧੀ ਅੱਜ ਹਸਪਤਾਲ ਪ੍ਰਬੰਧਕ ਤੌਰ ਵੱਲੋਂ ਸਮੂਹ ਸਾਹਿਬ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਕੈਂਪ ਦੀਆਂ ਤਿਆਰੀਆਂ, ਡਾਕਟਰੀ ਟੀਮ ਦੀ ਤਾਇਨਾਤੀ ਤੇ ਮੈਡੀਕਲ ਸਹੂਲਤਾਂ ਦੇ ਪ੍ਰਬੰਧ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕੈਂਪ ਦੌਰਾਨ ਤਜਰਬੇਕਾਰ ਓਂਕੋਲੋਜਿਸਟਾਂ ਤੇ ਮੈਡੀਕਲ ਵਿਸ਼ੇਸ਼ਗਿਆਨਾਂ ਵੱਲੋਂ ਕੈਂਸਰ ਸਕ੍ਰੀਨਿੰਗ, ਚੈਕਅਪ, ਕਾਊਂਸਲਿੰਗ ਤੇ ਜ਼ਰੂਰੀ ਟੈਸਟ ਮੁਫ਼ਤ ਕੀਤੇ ਜਾਣਗੇ।ਭਾਈ ਹਰਿੰਦਰਪਾਲ ਸਿੰਘ ਲਿਟਲ ਵੀਰ ਜੀ ਨੇ ਕਿਹਾ ਕਿ ਸਮਾਜ ਦੇ ਹਰੇਕ ਵਰਗ ਤੱਕ ਸਿਹਤ ਸੇਵਾਵਾਂ ਪਹੁੰਚਾਉਣਾ ਉਨ੍ਹਾਂ ਦਾ ਮੁੱਖ ਮਿਸ਼ਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਪੂਰਾ ਧਰਮਕ ਪ੍ਰਬੰਧ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਕਰਨ ਦਾ ਸੰਦੇਸ਼ ਵੀ ਦਿੰਦਾ ਹੈ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ।ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ 16 ਦਸੰਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹਸਪਤਾਲ ਪਹੁੰਚ ਕੇ ਇਸ ਮੁਫ਼ਤ ਕੈਂਪ ਦਾ ਲਾਭ ਚੁੱਕਣ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰਨ। ਹਸਪਤਾਲ ਦੇ ਸਟਾਫ ਨੇ ਵੀ ਕੈਂਪ ਨੂੰ ਸਫਲ ਬਣਾਉਣ ਲਈ ਪੂਰੀ ਤਿਆਰੀ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਮੈਨੇਜਰ ਪਰਮਜੀਤ ਸਿੰਘ ਮੈਨੇਜਰ ਦਲਬੀਰ ਸਿੰਘ ਗੁਰਪ੍ਰੀਤ ਸਿੰਘ ਚਾਹਤ ਜਗਮੋਹਨ ਸਿੰਘ ਟਹਿਲਇੰਦਰ ਸਿੰਘ ਕੰਵਲਜੀਤ ਸਿੰਘ ਭਾਟੀਆ ਸਤਵਿੰਦਰ ਪਾਲ ਸਿੰਘ ਕਾਲੂ ਹਰਿੰਦਰ ਸਿੰਘ ਗੋਲਡੀ ਸਤਵਿੰਦਰ ਰਿੰਕੂ ਰਾਹੁਲ ਭਾਟੀਆ ਮਨਪ੍ਰੀਤ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

## ਭਾਈ ਹਰਿੰਦਰ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਖਿਮਾ ਜਾਚਨਾ, ਦੋ ਦਿਨ ਦੀ ਸੇਵਾ ਪੂਰੀ ਕਰਨ ਉਪਰੰਤ ਭਰੀ ਹਾਜ਼ਰੀ



ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦੌਰਾਨ ਨਿਰਵੈਰ ਖ਼ਾਲਸਾ ਜਥਾ ਯੂਕੇ ਨਾਲ ਸੰਬੰਧਤ ਭਾਈ ਹਰਿੰਦਰ ਸਿੰਘ ਵੱਲੋਂ ਕੀਤੀ ਬਿਆਨਬਾਜ਼ੀ ਦੇ ਲਈ ਅਧਿਕਾਰਕ ਤੌਰ 'ਤੇ ਖਿਮਾ ਜਾਚਨਾ ਪੇਸ਼ ਕੀਤੀ। ਉਨ੍ਹਾਂ ਨੇ ਸਵੈਚਾਲ ਸਾਹਿਬ ਅੱਗੇ ਸਵੀਕਾਰਿਆ ਕਿ ਉਨ੍ਹਾਂ ਵੱਲੋਂ ਕੀਤੀਆਂ ਕੁਝ ਗੱਲਾਂ ਬਾਣੀਆਂ ਸਿੱਖ ਰਹਿਤ ਮਰਯਾਦਾ ਨਾਲ ਮੇਲ ਨਹੀਂ ਖਾਂਦੀਆਂ ਸਨ ਅਤੇ ਇਹ ਬਿਆਨ ਗੁਰਮਤ ਦੀ ਮਰਿਆਦਾ ਅਤੇ ਵਿਸ਼ਵਾਸਯੋਗਤਾ ਨੂੰ ਠੇਸ ਪਹੁੰਚਾਉਣ ਦੇ ਯੋਗ ਹੋ ਸਕਦੇ ਸਨ।ਭਾਈ ਹਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਬਿਆਨਾਂ ਕਾਰਨ ਜਿਹੜਾ ਭਰਮ ਜਾਂ ਚਰਚਾ ਪੈਦਾ ਹੋਈ, ਉਸ ਲਈ ਉਹ ਖੇਦਮੰਦ ਹਨ ਤੇ ਆਗਾਮੀ ਸਮੇਂ ਵਿੱਚ ਪੂਰੀ ਸਾਵਧਾਨੀ ਬਰਤਣ ਦਾ ਭਰੋਸਾ ਦਿਵਾਇਆ। ਪੰਜ ਸਿੰਘ ਸਾਹਿਬਾਨ ਨੇ ਉਨ੍ਹਾਂ ਦੀ ਖਿਮਾ ਜਾਚਨਾ ਨੂੰ ਗੁਰਮਤਿ ਅਨੁਸਾਰ ਸਵੀਕਾਰਦੇ ਹੋਏ ਉਨ੍ਹਾਂ ਉਤੇ ਦੋ ਦਿਨ ਦੀ ਸੇਵਾ ਦੀ ਸਜ਼ਾ ਲਗਾਈ ਸੀ।ਨਿਰਧਾਰਤ ਸੇਵਾ ਪੂਰੀ ਕਰਨ ਮਗਰੋਂ ਭਾਈ ਹਰਿੰਦਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰੀ ਭਰੀ। ਉਨ੍ਹਾਂ ਨੇ ਮੱਥਾ ਟੇਕ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਤੇ ਕਿਹਾ ਕਿ ਇਹ ਪੂਰਾ ਪ੍ਰਕਿਰਿਆ ਉਨ੍ਹਾਂ ਲਈ ਆਤਮਕ ਸਿੱਖਿਆ ਤੇ ਅੰਦਰੂਨੀ ਮਨਨ ਦਾ ਕਾਰਨ ਬਣੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਸੰਗਤ ਅਤੇ ਪੰਥ ਦੀ ਚੰਗੀ ਸੇਵਾ ਲਈ ਹੋਰ ਵੱਧ ਨਿਮਰਤਾ ਨਾਲ ਕੰਮ ਕਰਨਗੇ। ਸੰਗਤ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਇਹ ਗਲ ਕਹੀ ਜਾ ਰਹੀ ਹੈ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਅਤੇ ਪੰਥਕ ਇਕਤਾ ਨੂੰ ਕਾਇਮ ਰੱਖਣ ਲਈ ਅਜਿਹੇ ਕਦਮ ਬੜੇ ਅਹਿਮ ਹਨ।

## ਐਡ. ਧਾਮੀ ਨੇ ਨਿਊਜ਼ੀਲੈਂਡ 'ਚ ਹੋਏ ਤੀਜੇ ਵਿਸ਼ਵ ਕਬੱਡੀ ਕੱਪ ਦੀ ਸਫ਼ਲਤਾ 'ਤੇ ਸਮੂਹ ਭਾਈਚਾਰੇ ਨੂੰ ਦਿੱਤੀ ਵਧਾਈ



ਅੰਮ੍ਰਿਤਸਰ, 10 ਦਸੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਨਿਊਜ਼ੀਲੈਂਡ ਵਿਚ ਵੱਸਦੇ ਸਿੱਖ ਤੇ ਪੰਜਾਬੀ ਭਾਈਚਾਰੇ ਵੱਲੋਂ ਬੀਤੇ ਦਿਨੀ ਕਰਵਾਏ ਗਏ ਤੀਜੇ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਤੇ ਵਧਾਈ ਦਿੱਤੀ ਹੈ। ਐਡ. ਧਾਮੀ ਨੇ ਕਿਹਾ ਕਿ ਪੰਜਾਬੀ ਜਿਸ ਵੀ ਦੇਸ਼ ਵਿਚ ਗਏ ਹਨ ਉਨ੍ਹਾਂ ਨੇ ਆਪਣੀ ਮੇਹਨਤ ਸਦਕਾ ਵੱਡੇ ਮੁਕਾਮ ਹਾਸਲ ਕੀਤੇ ਹਨ। ਪੰਜਾਬੀਆਂ ਨੇ ਵਿਦੇਸ਼ ਅੰਦਰ ਰਹਿੰਦਿਆ ਆਪਣੇ ਸਭਿਆਚਾਰ ਤੇ ਖੇਡਾਂ ਪ੍ਰਤੀ ਹਮੇਸ਼ਾ ਵੱਡੇ ਉਪਰਾਲੇ ਕੀਤੇ ਤੇ ਆਪਣੀਆਂ ਰਵਾਇਤਾਂ ਤੇ ਖੇਡ ਸਭਿਆਚਾਰ ਨੂੰ ਬਰਕਰਾਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਸਰੀਰਿਕ ਤੰਦਰੁਸਤੀ ਲਈ ਵਿਰਾਸਤੀ ਖੇਡਾਂ ਨਾਲ ਜੋੜਨਾ ਵੱਡਾ ਉਪਰਾਲਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਬੀਤੇ ਕਈ ਸਾਲਾਂ ਤੋਂ ਨਿਊਜ਼ੀਲੈਂਡ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਜਾਬੀ ਭਾਈਚਾਰੇ ਵੱਲੋਂ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਕੀਤੇ ਜਾ ਰਹੇ ਅਜਿਹੇ ਉਪਰਾਲੇ ਸ਼ਲਾਘਾਯੋਗ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵਿਸ਼ਵ ਕਬੱਡੀ ਕੱਪ ਲਈ ਕੀਤੇ ਇਸ ਉਪਰਾਲੇ ਲਈ ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਤੇ ਸਾਰੇ ਪ੍ਰਬੰਧਕਾਂ ਦੇ ਇਸ ਕਾਰਜ ਦੀ ਪ੍ਰਸੰਸਾ ਕਰਦਿਆਂ ਅਜਿਹੇ ਉਪਰਾਲੇ ਇਸੇ ਤਰ੍ਹਾਂ ਜਾਰੀ ਰੱਖਣ ਦੀ ਆਸ ਪ੍ਰਗਟਾਈ।

## ਖ਼ਾਲਸਾ ਕਾਲਜ ਐਜੂਕੇਸ਼ਨ ਜੀ.ਟੀ. ਰੋਡ ਵਿਖੇ ਸਕਿੱਲ-ਇਨ-ਟੀਚਿੰਗ ਮੁਕਾਬਲਾ ਕਰਵਾਇਆ



ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਜੀ.ਟੀ. ਰੋਡ ਵਿਖੇ ਵਿਦਿਆਰਥੀਆਂ ਅਧਿਆਪਕਾਂ ਦੇ ਅਧਿਆਪਨ ਕੌਸ਼ਲਾ ਦਾ ਮੁਲਾਂਕਣ ਕਰਨ ਸਬੰਧੀ ਸਕਿੱਲ-ਇਨ-ਟੀਚਿੰਗ ਦਾ ਮੁਕਾਬਲਾ ਕਰਵਾਇਆ ਗਿਆ। ਖਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਮੁਕਾਬਲੇ ਦੌਰਾਨ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ 12 ਭਾਗੀਦਾਰਾਂ ਨੇ ਭਾਗ ਲਿਆ। ਉਕਤ ਪ੍ਰੋਗਰਾਮ ਦੀ ਸ਼ੁਰੂਆਤ 'ਚ ਡਾ: ਕੁਮਾਰ ਨੇ ਕਾਲਜ ਦੇ ਵਾਈਸ ਪ੍ਰਿੰਸੀਪਲ ਤੇ ਸਕਿਲ-ਇਨ-ਟੀਚਿੰਗ, ਕੋ-ਆਰਡੀਨੇਟਰ ਡਾ. ਨਿਰਮਲਜੀਤ ਕੌਰ ਨਾਲ ਮਿਲ ਕੇ ਆਏ ਹੋਏ ਮਹਿਮਾਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਉਪਰੰਤ ਡਾ. ਕੁਮਾਰ ਨੇ ਕਿਹਾ ਕਿ ਵਿਦਿਆਰਥੀ ਅਧਿਆਪਕਾਂ ਨੂੰ ਅਭਿਪ੍ਰੇਰਿਤ ਕਰਨ ਲਈ ਤੇ ਸਾਲਾਨਾ ਪ੍ਰੀਖਿਆ ਤੋਂ ਪਹਿਲਾਂ ਸੁਚਾਰੂ ਤਿਆਰੀ ਕਰਨ ਲਈ ਵਿਦਿਆਰਥੀਆਂ ਨੂੰ ਇਹ ਮੌਕਾ ਪ੍ਰਦਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮੁਕਾਬਲੇ ਦੌਰਾਨ ਬੀ. ਐੱਡ. ਸਮੈਸਟਰ-ਤੀਸਰਾ ਦੇ ਵਿਦਿਆਰਥੀ ਰੌਮਨਜੀਤ ਕੌਰ, ਧਨਵੀਰ ਕੌਰ ਨੇ ਪਹਿਲਾ, ਮਨਮੋਹਿਕ ਕੌਰ ਨੇ ਦੂਜਾ ਤੇ ਕੋਮਲ ਜੋਸ਼ਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ।

ਇਸ ਮੌਕੇ ਡਾ. ਕੁਮਾਰ ਨੇ ਕਿਹਾ ਕਿ ਉਪਰੋਕਤ ਮੁਕਾਬਲੇ ਦੌਰਾਨ ਕਾਲਜ ਦੇ ਐਲੂਮਨੀ 'ਚ ਜਗਤ ਜਯੋਤੀ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਤੋਂ ਪ੍ਰਿੰਸੀਪਲ ਅਭਿਸ਼ੇਕ ਪੁਰੀ, ਫਾਰ. ਐਸ. ਮਾਡਰਨ ਸਕੂਲ ਅਧਿਆਪਕ ਅਨੁਪਮ ਭਾਰਤੀ, ਫਾਰ. ਐਸ. ਮਾਡਰਨ ਸਕੂਲ ਤੋਂ ਅਧਿਆਪਕ ਰਜਨੀਸ਼ ਪਠਾਨੀਆ, ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਤੋਂ ਸਮਾਇਲੀ ਤੇ ਅਮਰਜਯੋਤੀ ਸੀਨੀਅਰ ਸੈਕੰਡਰੀ ਸਕੂਲ ਤੋਂ ਅਧਿਆਪਕ ਜੋਬਨਜੀਤ ਕੌਰ ਨੇ ਜੱਜ ਵਜੋਂ ਪ੍ਰਮੁੱਖ ਭੂਮਿਕਾ ਨਿਭਾਈ। ਇਸ ਮੌਕੇ ਡਾ. ਨਿਰਮਲਜੀਤ ਕੌਰ ਨੇ ਸਕੂਲੀ ਅਧਿਆਪਕਾਂ ਨੂੰ ਯਕੀਨ ਦਿਵਾਉਂਦਿਆ ਕਿਹਾ ਕਿ ਦਿੱਤੇ ਗਏ ਸੁਝਾਆਂ ਨੂੰ ਅਮਲੀ ਰੂਪ ਪ੍ਰਦਾਨ ਕੀਤਾ ਜਾਵੇਗਾ। ਇਸ ਮੌਕੇ ਡਾ: ਕੁਮਾਰ ਨੇ ਡਾ. ਨਿਰਮਲਜੀਤ ਕੌਰ, ਪ੍ਰੋਗਰਾਮ ਕੋ-ਆਰਡੀਨੇਟਰ ਡਾ. ਪੂਨਮਪ੍ਰੀਤ ਕੌਰ (ਅਸਿਸਟੈਂਟ ਪ੍ਰੋਫੈਸਰ) ਤੇ ਮਨਯੋਗਿਤਾ (ਅਸਿਸਟੈਂਟ ਪ੍ਰੋਫੈਸਰ) ਨਾਲ ਮਿਲ ਕੇ ਆਏ ਹੋਏ ਮਹਿਮਾਨਾਂ ਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਰਮਨਦੀਪ ਕੌਰ, ਸੰਦੀਪ ਕੌਰ, ਸੁਖਵਿੰਦਰ ਕੌਰ, ਮਨਪ੍ਰੀਤ ਕੌਰ ਆਦਿ ਤੋਂ ਇਲਾਵਾ ਹੋਰ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਸੈਂਟਰਲ ਜੇਲ੍ਹ 'ਚ ਮਨਾਇਆ 'ਮਾਨਵ ਅਧਿਕਾਰ ਦਿਵਸ'

ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ.ਐਲ.ਐੱਸ.ਏ ) ਅੰਮ੍ਰਿਤਸਰ ਵੱਲੋਂ ਵਿਸ਼ਵ ਮਾਨਵ ਅਧਿਕਾਰ ਦਿਵਸ ਦੇ ਮੌਕੇ 'ਤੇ ਸੈਂਟਰਲ ਜੇਲ, ਅੰਮ੍ਰਿਤਸਰ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਦੀ ਅਗਵਾਈ ਅਮਰਦੀਪ ਸਿੰਘ ਬੈਂਸ, ਸਕੱਤਰ/ਸਿਵਲ ਜੱਜ (ਸੀਨੀਅਰ ਡਿਵੀਜ਼ਨ) ਵੱਲੋਂ ਕੀਤੀ ਗਈ। ਉਨ੍ਹਾਂ ਨੇ ਕੈਦੀਆਂ ਨੂੰ ਮਾਨਵ ਅਧਿਕਾਰਾਂ ਦੀ ਮਹੱਤਤਾ, ਹਰ ਨਾਗਰਿਕ ਨੂੰ ਪ੍ਰਾਪਤ ਸੰਵੈਧਾਨਕ ਸੁਰੱਖਿਆ ਤੇ ਨਿਆਂ ਤੱਕ ਪਹੁੰਚ ਯਕੀਨੀ ਬਣਾਉਣ ਵਿੱਚ ਮੁਫ਼ਤ ਕਾਨੂੰਨੀ ਸਹਾਇਤਾ ਦੀ ਅਹਿਮ ਭੂਮਿਕਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਵਿਸ਼ਵ ਮਾਨਵ ਅਧਿਕਾਰ ਦਿਵਸ ਇਜ਼ਜ਼ਤ, ਸਮਾਨਤਾ ਤੇ ਆਜ਼ਾਦੀ ਦੇ ਸਰਬਵਿਆਪੀ ਸਿਧਾਂਤਾਂ ਦੀ ਗਲੋਬਲ ਯਾਦਗਾਰੀ ਹੈ ਤੇ ਖ਼ਾਸਕਰ ਨਾਜ਼ੁਕ ਤੇ ਹਾਸੀਏ 'ਤੇ ਰਹਿੰਦੇ ਵਰਗਾਂ ਲਈ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਨ ਦੀ ਲੋੜ ਬਾਰੇ ਵੀ ਰੋਸ਼ਨੀ ਪਾਈ। ਬੈਂਸ ਨੇ ਇਸ ਗੱਲ ਨੂੰ ਵੀ ਉਜਾਗਰ ਕੀਤਾ ਕਿ ਅਸਲੀ ਤਰੱਕੀ ਤਦੋਂ ਹੀ ਸੰਭਵ ਹੈ ਜਦੋਂ ਪੂਰਾ ਸਮਾਜ ਮਿਲਜੁਲ ਕੇ ਮਾਨਵ ਅਧਿਕਾਰਾਂ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਨਿਆਂ ਸਭ ਲਈ ਬਿਨਾਂ ਕਿਸੇ ਭੇਦਭਾਵ ਦੇ ਸੁਲਭ ਰਹਿੰਦਾ ਹੈ।

ਵਿਸ਼ਵ ਮਾਨਵ ਅਧਿਕਾਰ ਦਿਵਸ ਦੇ ਅਵਸਰ 'ਤੇ, ਡੀ.ਐਲ.ਐੱਸ.ਏ ਅੰਮ੍ਰਿਤਸਰ ਵੱਲੋਂ ਜ਼ਿਲ੍ਹੇ ਭਰ ਵਿੱਚ ਹੋਰ ਪੰਜ ਜਾਗਰੂਕਤਾ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ। ਦੂਜਾ ਸੈਮੀਨਾਰ/ਜਾਗਰੂਕਤਾ ਪ੍ਰੋਗਰਾਮ ਅਮਰਦੀਪ ਸਿੰਘ ਬੈਂਸ ਵੱਲੋਂ



ਮਾਧਵ ਵਿਦਿਆ ਨਿਕੇਤਨ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਵਿੱਚ NGO LAAWA ਦੇ ਸਹਿਯੋਗ ਨਾਲ ਸ਼ਰਤ ਵਸ਼ਿਸ਼ਟ ਰਾਹੀਂ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਮੁੱਖ ਵਿਸ਼ਾ "YOUTH AGAINST DRUGS" ਸੀ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ੇ ਦੀਆਂ ਬੁਰਾਈਆਂ, ਨਸ਼ੇ ਨਾਲ ਸਬੰਧਿਤ ਕਾਨੂੰਨੀ ਨਤੀਜੇ ਤੇ ਸਿਹਤਮੰਦ, ਨਸ਼ਾਮੁਕਤ ਜੀਵਨ ਵਲ ਪ੍ਰੇਰਿਤ ਕਰਨਾ ਸੀ। ਇਸ ਦੌਰਾਨ ਬੱਚਿਆਂ ਨੂੰ ਆਪਣੇ ਸਮਾਜ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਦੇ ਰਾਜਦੂਤ ਬਣਨ ਲਈ ਉਤਸ਼ਾਹਿਤ ਕੀਤਾ ਗਿਆ।

ਹੋਰ ਪ੍ਰੋਗਰਾਮਾਂ ਵਿੱਚ ਸ਼ੈਲਟਰ ਹੋਮਾਂ ਵਿੱਚ ਮਹਿਲਾਵਾਂ, ਬੱਚਿਆਂ ਤੇ ਬੇਘਰਾਂ ਦੇ ਅਧਿਕਾਰਾਂ 'ਤੇ ਸੈਸ਼ਨ; ਸਕੂਲਾਂ ਤੇ ਕਾਲਜਾਂ ਵਿੱਚ ਕਾਨੂੰਨੀ ਸਾਖਰਤਾ, ਲਿੰਗ ਸਮਾਨਤਾ ਤੇ ਸਾਈਬਰ ਸੁਰੱਖਿਆ ਬਾਰੇ ਜਾਗਰੂਕਤਾ ਤੇ ਇਕ ਪੁਲਿਸ ਸਟੇਸ਼ਨ ਵਿੱਚ ਕਸਟੋਡੀਅਲ ਸੁਰੱਖਿਆ, ਕਾਨੂੰਨੀ ਪੁਲਿਸਿੰਗ ਅਤੇ ਹਿਰਾਸਤ ਵਿੱਚ ਇਨਸਾਨੀ ਸੁਲੂਕ ਬਾਰੇ ਸੈਸ਼ਨ ਸ਼ਾਮਲ ਸਨ। ਇਨ੍ਹਾਂ ਸਾਰੀਆਂ ਗਤੀਵਿਧੀਆਂ ਰਾਹੀਂ, ਡੀ.ਐਲ.ਐੱਸ.ਏ ਅੰਮ੍ਰਿਤਸਰ ਨੇ ਮਾਨਵ ਅਧਿਕਾਰਾਂ ਦੇ ਪ੍ਰਚਾਰ, ਕਾਨੂੰਨੀ ਜਾਗਰੂਕਤਾ ਦੇ ਵਧਾਵੇ, ਨਸ਼ੇ ਵਰਗੀਆਂ ਸਮਾਜਕ ਬੁਰਾਈਆਂ ਦੇ ਖ਼ਾਤਮੇ ਤੇ ਇੱਕ ਅਜਿਹੇ ਸਮਾਜ ਦੀ ਸਿਰਜਣਾ ਵਾਸਤੇ ਆਪਣੀ ਅਟੱਲ ਵਚਨਬੱਧਤਾ ਨੂੰ ਦੁਹਰਾਇਆ, ਜਿਥੇ ਹਰ ਵਿਅਕਤੀ ਦੀ ਇੱਜ਼ਤ ਤੇ ਅਧਿਕਾਰਾਂ ਦੀ ਰੱਖਿਆ ਨੂੰ ਯਕੀਨੀ ਬਣਾਈ ਜਾ ਸਕੇ।

## ਬਲਾਕ ਸੰਮਤੀਆਂ ਦੀਆਂ ਚੋਣਾਂ 'ਚ ਕਾਂਗਰਸ ਦੇ ਉਮੀਦਵਾਰ ਮਨਜੀਤ ਸਿੰਘ ਚੋਹਾਨ ਦੀ ਜਿੱਤ ਯਕੀਨੀ : ਟਿੱਕਾ ਨਾਰਵੇ

ਜੰਡਿਆਲਾ ਗੁਰੂ, 10 ਦਸੰਬਰ (ਰਾਮ ਸ਼ਰਨਜੀਤ ਸਿੰਘ): ਇਸ ਵਕਤ ਪੂਰੇ ਪੰਜਾਬ ਵਿੱਚ ਬਲਾਕ ਸੰਪਤੀ ਦੀਆਂ ਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਤੇ ਰਾਜਨੀਤਿਕ ਨੇਤਾ ਆਪੋ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ। ਸਾਰੀਆਂ ਹੀ ਪਾਰਟੀਆਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲੱਗ ਰਿਹਾ ਤੇ ਆਪੋ ਆਪਣੇ ਉਮੀਦਵਾਰਾਂ ਦੇ ਪ੍ਰਤੀ ਪਿੰਡਾਂ ਵਿੱਚ ਚੋਣ ਪ੍ਰਚਾਰ ਤੇਜ਼ੀ ਨਾਲ ਹੋ ਰਿਹਾ ਤੇ ਸਾਰੀਆਂ ਹੀ ਪਾਰਟੀਆਂ ਦੇ ਉਮੀਦਵਾਰ ਪੱਬਾਂ ਭਾਰ ਹੋ ਕੇ ਆਪਣਾ ਚੋਣ ਪ੍ਰਚਾਰ ਕਰ ਰਹੇ। ਪਰ ਇਸ ਵਕਤ ਬਲਾਕ ਸੰਮਤੀ ਜੰਡਿਆਲਾ ਗੁਰੂ ਤੋਂ ਤਲਾਵਾਂ (ਤਾਰਾਗੜ੍ਹ) ਜੋਨ ਤੋਂ ਉਮੀਦਵਾਰ ਮਨਜੀਤ ਸਿੰਘ ਚੌਹਾਨ ਦੇ ਪੱਖ ਵਿੱਚ ਲੋਕ ਨਿੱਤਰਦੇ ਨਜ਼ਰ ਆ ਰਹੇ ਹਨ। ਇਸ ਮੌਕੇ ਤੇ ਹਰਿੰਦਰਪਾਲ ਸਿੰਘ ਟਿੱਕਾ ਨਾਰਵੇ ਵੱਲੋਂ ਪੱਤਰਕਾਰ ਨਾਲ ਫੋਨ ਤੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪਿੰਡ ਬਾਲੀਆ ਮੰਝਪੁਰ ਵਿੱਚ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਸਾਬਕਾ ਵਿਧਾਇਕ ਵੱਲੋਂ ਇੱਕ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਉਪਰੰਤ ਟਿੱਕਾ ਨਾ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਵੋਟਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਪਰ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਲੜਾਈ ਝਗੜੇ ਤੋਂ ਬਚ ਕੇ ਵੋਟਾਂ ਦਾ ਭੁਗਤਾਨ ਕਰੋ। ਇਸ ਮੌਕੇ ਤੇ ਲੋਕਾਂ ਨੇ ਟਿੱਕਾ ਨਾਰਵੇ ਦੇ ਕੰਮਾਂ ਤੋਂ ਖੁਸ਼ ਹੋ ਕੇ ਕਾਂਗਰਸ ਪਾਰਟੀ ਨੂੰ ਵੋਟ ਪਾਉਣ ਦਾ ਪ੍ਰਣ ਕੀਤਾ ਤੇ ਟਿੱਕਾ ਨਾਰਵੇ ਨੂੰ ਭਰੋਸਾ ਦਵਾਇਆ ਕਿ ਅਸੀਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ।



ਇਸ ਮੌਕੇ ਤੇ ਮਨਜੀਤ ਸਿੰਘ ਨਿਰਮਲ ਸਿੰਘ ਬਲਵਿੰਦਰ ਸਿੰਘ ਕਿਰਪਾਲ ਸਿੰਘ ਸੁਖਦੇਵ ਸਿੰਘ ਹਰਦੀਪ ਸਿੰਘ ਕੁਲਵੰਤ ਸਿੰਘ ਹਰਪ੍ਰੀਤ ਸਿੰਘ ਜਗਦੀਪ ਸਿੰਘ ਅਮਨਦੀਪ ਸਿੰਘ ਬਰਜਿੰਦਰ ਸਿੰਘ ਲਾਲੀ ਜਸਵਿੰਦਰ ਸਿੰਘ ਬਿਕਰਮਜੀਤ ਸਿੰਘ ਰੁਪਿੰਦਰ ਸਿੰਘ ਗੁਰਨਾਮ ਸਿੰਘ , ਗੁਰਵਿੰਦਰ ਸਿੰਘ ਗੋਲਾ ਬਾਲਮੀਕ ਪ੍ਰਧਾਨ ,ਜਗਜੀਤ ਸਿੰਘ ਤਲਵੰਡੀ ਵਾਲਾ ਜਗ ਚੈਨ ਸਿੰਘ ਲੱਡੂ, ਰਣਜੀਤ ਸਿੰਘ ਟਿੱਬੇ ਵਾਲਾ, ਜੋਬਨਜੀਤ ਸਿੰਘ ਮਾਹਲਾ ,ਮਹਿਤਾਬ ਸਿੰਘ ਧੀਰੇ ਕੋਟੀ ਆ, ਜਗਜੀਤ ਸਿੰਘ ਸੋਨੂ, ਸੁੱਚਾ ਸਿੰਘ ਸ਼ਾਹ ਗੁਰਨਾਮ ਸਿੰਘ ਪੰਚ ਬਾਲੀਆ ਕੇਵਲ ਸਿੰਘ ਕਵੀਸ਼ਰ ਇਸਾਈ ਭਰੇ ਚ ਭਾਈਚਾਰੇ ਨਾਲ ਸਬੰਧਤ ਪਾਸਟਰ ਬਿੱਲਾ ਜੁਗਿੰਦਰ ਸਿੰਘ ਜੰਗੀ ਸ਼ਰਨਜੀਤ ਸਿੰਘ ਰੰਘਰੇਟੇ ਤੇ ਇਸ ਤੋ ਇਲਾਵਾ ਅਨੇਕਾਂ ਦੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

## ਏ.ਐਸ.ਆਈ. ਲਖਬੀਰ ਸਿੰਘ ਨੂੰ ਸੇਵਾ ਮੁਕਤੀ ਮੌਕੇ ਸਮੂਹ ਸਟਾਫ਼ ਨੇ ਦਿੱਤੀ ਵਿਦਾਇਗੀ ਪਾਰਟੀ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 10 ਦਸੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਥਾਣਾ ਘੁਮਾਣ ਦੇ ਅਧੀਨ ਆਉਂਦੇ ਸਾਂਝ ਕੇਂਦਰ ਘੁਮਾਣ ਵਿਖੇ ਪਿਛਲੇ ਲੰਮੇ ਸਮੇਂ ਤੋਂ ਏ ਐਸ ਆਈ ਦੀ ਡਿਊਟੀ ਨਿਭਾਉਣ ਵਾਲੇ ਏ ਐਸ ਆਈ ਲਖਬੀਰ ਸਿੰਘ ਬੀਤੇ ਦਿਨ ਸੇਵਾ ਮੁਕਤ ਹੋਏ। ਲਖਬੀਰ ਸਿੰਘ ਨੇ ਆਪਣੀ 33 ਸਾਲ ਦੀ ਨੌਕਰੀ ਵਿੱਚ ਲੰਮਾਂ ਸਮਾਂ ਸਾਂਝ ਕੇਂਦਰ ਘੁਮਾਣ ਵਿੱਚ ਡਿਊਟੀ ਨਿਭਾਉਣ ਤੋਂ ਬਾਅਦ ਅੱਜ ਸੇਵਾ ਮੁਕਤ ਹੋਏ। ਇਸ ਮੌਕੇ ਥਾਣਾ ਘੁਮਾਣ ਦੇ ਮੁੱਖੀ ਐਸ ਐਚ ਓ ਗਗਨਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਏ ਐਸ ਆਈ ਲਖਬੀਰ ਸਿੰਘ ਇੱਕ ਨੇਕ ਦਿਲ ਇਨਸਾਨ ਤੇ ਇਮਾਨਦਾਰ ਕਰਮਚਾਰੀ ਸਨ ਅਤੇ ਉਨ੍ਹਾਂ ਨੇ ਆਪਣੀ ਲੰਮੇ ਸਮੇਂ ਦੀ ਨੌਕਰੀ ਦੌਰਾਨ ਸਾਂਝ ਕੇਂਦਰ ਘੁਮਾਣ ਵਿੱਚ ਇਮਾਨਦਾਰੀ ਨਾਲ ਚੰਗੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ ਥਾਣਾ ਘੁਮਾਣ ਤੇ ਸਾਂਝ ਕੇਂਦਰ ਦੇ ਸਮੂਹ ਸਟਾਫ ਵੱਲੋਂ ਏ ਐਸ ਆਈ ਲਖਬੀਰ ਸਿੰਘ ਦੀਆਂ ਵਧੀਆ ਸੇਵਾਵਾਂ ਨਿਭਾਉਣ ਅਤੇ ਬਦਲੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੁਲਿਸ ਥਾਣਾ ਘੁਮਾਣ ਦੇ ਮੁਖੀ ਐਸ ਐੱਚ ਓ ਗਗਨਦੀਪ ਸਿੰਘ ਢੀਂਡਸਾ, ਏਂ ਐਸ ਆਈ ਸੁਰਿੰਦਰ ਸਿੰਘ ਇੰਚਾਰਜ ਸਬ ਡਵੀਜ਼ਨ ਸ੍ਰੀ ਹਰਗੋਬਿੰਦਪੁਰ ਸਾਹਿਬ, ਏਂ ਐਸ ਆਈ ਸਤਨਾਮ ਸਿੰਘ, ਸਬ ਇੰਸਪੈਕਟਰ ਮੇਜਰ ਸਿੰਘ, ਏ ਐਸ ਆਈ ਸਤਪਾਲ ਸਿੰਘ, ਮੁੱਖ ਮੁਨਸ਼ੀ ਏ ਐਸ ਆਈ ਪਰਮਜੀਤ ਸਿੰਘ, ਸ਼ਰਨਜੀਤ ਕੌਰ, ਸੁਭਕਿਰਨ ਕੋਰ, ਏ.ਐਸ.ਆਈ. ਸ਼ਿਵਚਰਨ, ਰੀਡਰ ਪ੍ਰਮਜੀਤ ਸਿੰਘ, ਰੀਡਰ ਸਤਿੰਦਰ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਐਂਡ ਸਿੰਧ ਬੈਂਕ ਵੱਲੋਂ ਜ਼ੋਨਲ ਮੈਨੇਜਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਐਮ.ਐਸ.ਐਮ.ਈ. ਮੀਟ

ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਪੰਜਾਬ ਐਂਡ ਸਿੰਧ ਬੈਂਕ ਵੱਲੋਂ ਇੱਕ ਵਿਸ਼ਾਲ ਐਮਐਸਐਮਈ ਮੀਟ



ਦਾ ਆਯੋਜਨ ਜ਼ੋਨਲ ਆਫਿਸ, ਦੇ ਜ਼ੋਨਲ ਮੈਨੇਜਰ ਸਰਦਾਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਤੇ ਮੁੱਖ ਮਹਿਮਾਨ ਚਮਨ ਲਾਲ, ਫੀਲਡ ਜਨਰਲ ਮੈਨੇਜਰ, ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਉਦਯੋਗਪਤੀਆਂ ਨੂੰ ਬੈਂਕ ਵੱਲੋਂ ਮੁਹੱਈਆ ਕੀਤੀਆਂ ਜਾ ਰਹੀਆਂ ਨਵੀਂ ਸਹੂਲਤਾਂ ਤੇ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਮੀਟ ਵਿੱਚ ਖੇਤਰ ਦੇ ਸੈਂਕੜਿਆਂ ਐਮਐਸਐਮਈ ਉਦਯੋਗਪਤੀਆਂ, ਨਵੇਂ ਉਦਯਮੀਆਂ, ਮਹਿਲਾ ਉੱਦਮੀਆਂ ਤੇ ਵੱਖ-ਵੱਖ ਉਦਯੋਗਿਕ ਸੰਗਠਨਾਂ ਦੇ ਪ੍ਰਤੀਨਿਧੀ ਮੌਜੂਦ ਸਨ। ਸਮਾਗਮ ਦਾ ਉਦੇਸ਼ ਛੋਟੇ, ਲਘੂ ਤੇ ਮੱਧਮ ਉਦਯੋਗਾਂ ਨੂੰ ਵਿੱਤੀ ਸਹਾਇਤਾ, ਸਰਕਾਰੀ ਯੋਜਨਾਵਾਂ ਤੇ ਡਿਜ਼ਿਟਲ ਬੈਂਕਿੰਗ ਮਾਡਲਾਂ ਬਾਰੇ ਜਾਗਰੂਕ ਕਰਨਾ ਸੀ।ਮੁੱਖ ਮਹਿਮਾਨ ਚਮਨ ਲਾਲ ਨੇ ਆਪਣੇ ਸਮਬੋਧਨ ਵਿੱਚ ਕਿਹਾ ਕਿ ਐਮਐਸਐਮਈ ਸੈਕਟਰ ਦੇਸ਼ ਦੀ ਆਰਥਿਕ ਵਾਧ ਦੀ ਰੱਡੀ ਹੈ ਤੇ ਪੰਜਾਬ ਐਂਡ ਸਿੰਧ ਬੈਂਕ ਹਮੇਸ਼ਾਂ ਉਦਯੋਗਪਤੀਆਂ ਦੀਆਂ ਲੋੜਾਂ ਦੇ ਮੁਤਾਬਕ ਸਹਾਇਤਾ ਦੇਣ ਲਈ ਅੱਗੇ ਰਹਿੰਦਾ ਹੈ। ਉਨ੍ਹਾਂ ਨੇ ਦੱਸਿਆ ਕਿ ਬੈਂਕ ਵੱਲੋਂ ਐਮਐਸਐਮਈ ਗਰਾਹਕਾਂ ਲਈ ਸਧਾਰਣ ਪ੍ਰਕਿਰਿਆ ਵਾਲੀਆਂ ਯੋਜਨਾਵਾਂ ਜਿਵੇਂ CGTMSE, PMEGP, MUDRA Loan, Stand-Up India, ਅਤੇ Export-Linked Finance Scheme ਨੂੰ ਹੋਰ ਵੀ ਮਜ਼ਬੂਤ ਕੀਤਾ ਗਿਆ ਹੈ, ਤਾਂ ਜੋ ਉਦਯੋਗ ਤੇਜ਼ੀ ਨਾਲ ਅੱਗੇ ਵਧ ਸਕਣ।ਜ਼ੋਨਲ ਮੈਨੇਜਰ ਗੁਰਮੀਤ ਸਿੰਘ ਨੇ ਕਿਹਾ ਕਿ ਬੈਂਕ ਦੀ ਪ੍ਰਾਇਰਟੀ ਐਮਐਸਐਮਈ ਕਾਰੋਬਾਰ ਨੂੰ ਤਕਨਾਲੋਜੀ, ਡਿਜ਼ਿਟਲ ਫਾਇਨੈਂਸ ਤੇ ਆਸਾਨ ਲੋਨ ਪ੍ਰਕਿਰਿਆ ਰਾਹੀਂ ਮਜ਼ਬੂਤ ਕਰਨਾ ਹੈ। ਉਨ੍ਹਾਂ ਨੇ ਹਾਜ਼ਰੀਨ ਨੂੰ ਭਰੋਸਾ ਦਿਵਾਇਆ ਕਿ ਬੈਂਕ ਹਮੇਸ਼ਾਂ ਹੀ ਉਦਯਮੀਆਂ ਨਾਲ ਕੰਧ ਨਾਲ ਕੰਧ ਜੋੜ ਕੇ ਖੜ੍ਹਾ ਹੈ। ਉਨ੍ਹਾਂ ਨੇ ਇਹ ਵੀ ਜੋੜਿਆ ਕਿ ਬੈਂਕ ਦੇ ਡਿਜ਼ਿਟਲ ਪਲੇਟਫਾਰਮ-ਈ-ਲੋਨ, ਆਨਲਾਈਨ ਅਪਲੀਕੇਸ਼ਨ ਤੇ ਤੁਰੰਤ ਅਪ੍ਰਵਲ ਸਿਸਟਮ-ਉਦਯੋਗਪਤੀਆਂ ਲਈ ਵੱਡੀ ਸਹੂਲਤ ਬਣ ਰਹੇ ਹਨ।ਮੀਟ ਦੌਰਾਨ ਬੈਂਕ ਦੇ ਸੀਨੀਅਰ ਅਧਿਕਾਰੀਆਂ ਨੇ ਵਿੱਤੀ ਸਾਖਰਤਾ, ਨਿਵੇਸ਼ ਮਾਰਗਦਰਸ਼ਨ, ਡੌਕੂਮੈਂਟੇਸ਼ਨ ਪ੍ਰਕਿਰਿਆ, ਬਿਆਜ ਦਰਾਂ ਤੇ ਸਰਕਾਰੀ ਸਬਸਿਡੀ ਸਬੰਧੀ ਵੇਰਵੇ ਪ੍ਰਸਤੁਤ ਕੀਤੇ। ਉਦਯੋਗਪਤੀਆਂ ਨੇ ਵੀ ਆਪਣੇ ਤਜਰਬੇ ਬਾਂਟੇ ਅਤੇ ਬੈਂਕ ਵੱਲੋਂ ਮਿਲ ਰਹੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਬੈਂਕ ਵੱਲੋਂ ਕੁਝ ਚੁਣਿੰਦੇ ਉਦਯੋਗਪਤੀਆਂ ਨੂੰ ਉਨ੍ਹਾਂ ਦੀ ਉਪਲਬਧੀਆਂ ਲਈ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਸਮਾਪਤ ਹੋਣ ਤੋਂ ਪਹਿਲਾਂ ਗੁਰਮੀਤ ਸਿੰਘ ਅਤੇ ਚਮਨ ਲਾਲ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਬੈਂਕ ਅੱਗੇ ਵੀ ਐਮਐਸਐਮਈ ਖੇਤਰ ਦੀ ਮਜ਼ਬੂਤੀ ਲਈ ਨਵੀਂਆਂ ਸਹੂਲਤਾਂ ਲਿਆਉਂਦਾ ਰਹੇਗਾ। ਇਸ ਮੋਕੇ ਤੇ ਪਰਵੀਨ ਕੁਮਾਰ ਚੰਦਰ ਪਾਲ ਮੋਹਿਤ ਅਰੋਆ ਰਾਹੁਲ ਕੁਮਾਰ ਪੁਨੀਤ ਸਿੰਗਲਾ ਅਨਮੋਲ ਸ਼ਰਮਾ ਰਾਜਬੀਰ ਸਿੰਘ ਜਤਿੰਦਰ ਪਾਲ ਰਜਿੰਦਰ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

## ਕਿੱਡਜ਼ ਕੇਅਰ ਇੰਟਰਨੈਸ਼ਨਲ ਤੇ ਡੀ.ਏ.ਵੀ. ਪਬਲਿਕ ਸਕੂਲ ਦੇ ਖੇਡ ਦਿਵਸ 'ਚ 600 ਬੱਚਿਆਂ ਨੇ ਲਿਆ ਭਾਗ

ਦੀਨਾਨਗਰ, 10 ਦਸੰਬਰ (ਡਾ. ਰਮੇਸ਼ ਸਰੰਗਲ): ਕਿਡਜ਼ ਕੇਅਰ



ਇੰਟਰਨੈਸ਼ਨਲ ਸਕੂਲ ਤੇ ਐੱਸ.ਐੱਸ. ਡੀ.ਏ.ਵੀ.ਸੀ. ਸੈਕ. ਸਕੂਲ ਅਵਾਂਖਾ, ਦੀਨਾਨਗਰ ਦਾ ਸੰਯੁਕਤ ਖੇਡ ਦਿਵਸ ਸਵਾਮੀ ਸ਼ੰਕਰ ਆਨੰਦ ਆਰਿਆ ਹਿੰਦੀ ਪ੍ਰਾਇਮਰੀ ਸਕੂਲ ਦੇ ਵਿਹੜੇ 'ਚ ਬੜੇ ਧੂਮ ਧਾਮ ਨਾਲ ਪ੍ਰਧਾਨ ਅਰਵਿੰਦ ਮਹਿਤਾ ਤੇ ਸਚਿਵ ਮਧੁਰ ਭਾਸ਼ਿਣੀ ਦੀ ਪ੍ਰਧਾਨਗੀ 'ਚ ਮਨਾਇਆ ਗਿਆ। ਇਸ 'ਚ ਕੁਲ 600 ਬੱਚਿਆਂ ਨੇ ਭਾਗ ਲਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਦੇ ਰੂਪ ਵਿੱਚ ਰਿਟਾਇਰਡ ਪ੍ਰਿੰਸੀਪਲ ਟ੍ਰੇਨਿੰਗ ਸੈਂਟਰ ਗੁਰਦਾਸਪੁਰ ਸੁਮਨ ਖਜੂਰੀਆ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਦੇ ਨਾਲ ਕੀਤੀ ਗਈ। ਇਸ ਤੋ ਬਾਅਦ ਨਰਸਰੀ ਤੋਂ ਦੂਸਰੀ ਜਮਾਤ ਦੇ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਕੇ ਮੁੱਖ ਮਹਿਮਾਨ ਨੂੰ ਸਲਾਮੀ ਦਿੱਤੀ। ਬੱਚਿਆਂ ਨੇ ਵੱਖ-ਵੱਖ ਖੇਡਾਂ ਜਿਵੇਂ ਫਰੋਗ ਰੇਸ, ਲੇਮੈਨ ਰੇਸ, ਰੈਬਿਟ ਰੇਸ, ਬੁੱਕ ਬੈਲੇਂਸ ਆਦਿ ਵਿੱਚ ਭਾਗ ਲੈ ਕੇ ਬਹੁਤ ਉਤਕ੍ਰਿਸਟ ਪ੍ਰਦਰਸ਼ਨ ਕੀਤਾ। ਇਸ ਵਿੱਚ ਦੇਸ਼ ਭਗਤੀ ਦਾ ਡਾਂਸ ਤੇ ਗਿੱਧਾ ਮੁੱਖ ਆਕਰਸ਼ਣ ਦਾ ਕੇਂਦਰ ਰਹੇ।

ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਤਮਗੇ ਦੇ ਕੇ ਸਨਮਾਨਤ ਕੀਤਾ ਗਿਆ ਗਿਆ। ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਦੇ [illegible] ਸਮਾਜਿਕ ਵਿਕਾਸ ਲਈ ਬਹੁਤ ਜਰੂਰੀ ਹਨ। ਐੱਸ. ਐੱਸ. ਡੀ. ਏ. ਵੀ. ਸਕੂਲ ਦੀ ਪ੍ਰਿੰਸੀਪਲ ਰਚਨਾ ਸੈਣੀ ਨੇ ਆਏ ਹੋਏ ਮਾ ਪਿ ਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਖੇਡਾਂ ਸਾਨੂੰ ਹਾਰ ਜਿੱਤ ਨੂੰ ਸਵਿਕਾਰ ਕ ਰ ਨਾ ਸਿੱਖਣ ਦਾ ਮੌਕਾ ਦਿੰਦੀਆਂ ਹਨ। ਵਿਸ਼ੇਸ ਮੇਹਮਾਨ ਸੁਮਨ ਖਜੂਰੀਆ ਨੇ ਇਸ ਅਵਸਰ ਤੇ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਖੇਡਾਂ ਬੱਚਿਆ ਦੇ ਸੰਪੂਰਨ ਵਿਕਾਸ ਲਈ ਬਹੁਤ ਜਰੂਰੀ ਹਨ। ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਬੱਚਿਆਂ ਨੂੰ ਤਮਗੇ ਪ੍ਰਾਪਤ ਕਰਨ ਦੀ ਵਧਾਈ ਦਿੱਤੀ। ਇਸ ਅਵਸਰ ਤੇ ਸੁਸ਼ੀਲ ਕੁਮਾਰ, ਜਯੋਤੀ ਗੁਪਤਾ, ਮੀਨੂ, ਪੂਜਾ ਵਰਮਾ ਆਦਿ [illegible]

## ਏਡਿਡ ਕਾਲਜਿਜ਼ ਮੈਨੇਜਮੈਂਟ ਫ਼ੈਡਰੇਸ਼ਨ ਵੱਲੋਂ ਪੀ.ਸੀ. ਸੀ.ਟੀ.ਯੂ. ਦੀ ਭਲਕੇ ਹੋਣ ਵਾਲੀ ਰੈਲੀ ਦੀ ਹਮਾਇਤ

ਅੰਮ੍ਰਿਤਸਰ, 10 ਦਸੰਬਰ (ਬਬਲੂ ਮਹਾਜਨ): ਨਾਨ-ਗੌਰਮਿੰਟ ਏਡਿਡ ਕਾਲਜਿਜ਼ ਮੈਨੇਜਮੈਂਟ ਫੈਡਰੇਸ਼ਨ ਵੱਲੋਂ ਪੀ. ਸੀ. ਸੀ. ਟੀ. ਯੂ. ਦੇ ਦਿੜਬਾ (ਪਟਿਆਲਾ) ਵਿਖੇ 12 ਦਸੰਬਰ ਨੂੰ ਪੰਜਾਬ ਸਰਕਾਰ ਵੱਲੋਂ ਗ੍ਰਾਂਟਾਂ ਨਾ ਜਾਰੀ ਕਰਨ ਦੇ ਰੋਸ ਵਜੋਂ ਕੀਤੀ ਜਾ ਰਹੀ ਰੈਲੀ ਦੀ ਹਮਾਇਤ ਕਰਨ ਦਾ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ। ਇਸ ਸਬੰਧੀ ਫ਼ੈਡਰੇਸ਼ਨ ਦੀ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਦਫ਼ਤਰ ਵਿਖੇ ਹੋਈ ਹੰਗਾਮੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਜੁਲਾਈ-2025 ਤੋਂ ਬਾਅਦ ਸੂਬਾ ਸਰਕਾਰ ਵੱਲੋਂ ਗ੍ਰਾਂਟਾਂ ਜਾਰੀ ਨਹੀਂ ਕੀਤੀਆਂ ਗਈਆਂ ਹਨ, ਜਿਸ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ), ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਤੇ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਨਾਲ ਸਬੰਧਤ ਕਾਲਜ਼ਿਜ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ।



ਉਨ੍ਹਾਂ ਕਿਹਾ ਕਿ 12 ਦਸੰਬਰ ਨੂੰ [illegible] ਗਿਆ ਹੈ, ਜਿਸ ਸਬੰਧੀ ਉਕਤ ਦਿਨ ਪੀ. ਸੀ. ਸੀ. ਟੀ. ਵੱਲੋਂ ਸੂਬੇ ਭਰ ਦੇ ਸਮੂਹ 136 ਏਡਿਡ ਕਾਲਜਾਂ ਨੂੰ ਬੰਦ ਰੱਖਣ ਦੇ ਫੈਸਲੇ ਦਾ ਸਮਰਥਨ ਕੀਤਾ ਗਿਆ ਹੈ।

ਮੀਟਿੰਗ ਦੌਰਾਨ ਏਡਿਡ ਕਾਲਜਾਂ ਨੂੰ ਦਰਪੇਸ਼ ਵੱਖ-ਵੱਖ ਚੁਣੌਤੀਆਂ 'ਤੇ ਵਿਚਾਰਾਂ ਸਾਂਝੀਆਂ ਕਰਦਿਆਂ ਅਹੁੱਦੇਦਾਰਾਂ ਨੇ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਉਚੇਰੀ ਸਿੱਖਿਆ ਵਿਭਾਗ ਤੇ ਹੋਰ ਸਬੰਧਤ ਮਹਿਕਮਿਆਂ ਵੱਲੋਂ ਕਾਲਜਾਂ ਦੇ ਅਹਿਮ ਮੁੱਦਿਆਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਜਨਰਲ ਸਕੱਤਰ ਐੱਸ. ਐੱਮ. ਸ਼ਰਮਾ, ਸਲਾਹਕਾਰ ਰਵਿੰਦਰ ਜੋਸ਼ੀ, ਐਗਜੀਕਿਊਟਿਵ ਮੈਂਬਰ ਗੁਰਵਿੰਦਰ ਸਿੰਘ ਸਰਨਾ, ਪਵਿੱਤਰਪਾਲ ਸਿੰਘ ਪੰਗਲੀ, [illegible]

## ਚੇਅਰਮੈਨ ਬੱਬੂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਜਸਮੀਤ ਸਿੰਘ ਦੇ ਹੱਕ 'ਚ ਮੀਟਿੰਗਾਂ



ਅਜਨਾਲਾ/ਚੇਤਨਪੁਰਾ, 10 ਦਸੰਬਰ (ਸੁਖਦੇਵ ਸਿੰਘ ਖਾਲਸਾ): ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਜੋ 14 ਦਸੰਬਰ ਨੂੰ ਹੋ ਰਹੀਆਂ ਹਨ ਤੇ ਮੱਦੇ ਨਜ਼ਰ ਹਲਕਾ ਅਜਨਾਲਾ ਦੇ ਜਿਲਾ ਪ੍ਰੀਸ਼ਦ ਚੇਤਨਪੁਰਾ ਜੋਨ ਤੋਂ ਚੋਣ ਲੜ ਰਹੇ ਜਸਮੀਤ ਸਿੰਘ ਜੋ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ ਉਹਨਾਂ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ ਜਦੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ ਵਲੋਂ ਚੇਤਨਪੁਰਾ, ਮੁੱਜੂਪੁਰਾ, ਪਾਠਣ ਨੰਗਲ, ਸੰਗਤਪੁਰਾ ਵਿਖੇ ਜਸਮੀਤ ਸਿੰਘ ਦੇ ਹੱਕ ਵਿਚ ਵਿਸ਼ਾਲ ਚੋਣ ਮੀਟਿੰਗਾਂ ਕਰਕੇ ਲੋਕਾਂ ਨੂੰ ਜਸਮੀਤ ਸਿੰਘ ਦੇ ਹੱਕ ਵਿੱਚ ਲਾਮਬੰਦ ਕੀਤਾ ਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵਲੋਂ ਕੀਤੇ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਇਸ ਮੌਕੇ ਚੇਅਰਮੈਨ ਬਲਦੇਵ ਸਿੰਘ ਬੱਬੂ ਤੋਂ ਇਲਾਵਾ ਜਸਬੀਰ ਸਿੰਘ ਸਰਪੰਚ ਚੇਤਨਪੁਰਾ, ਸ਼ਮਸ਼ੇਰ ਸਿੰਘ ਸਰਪੰਚ ਸੰਗਤਪੁਰਾ, ਰਵੇਲ ਸਿੰਘ ਸਰਪੰਚ ਪਠਾਣ ਨੰਗਲ, ਜਗਦੀਪ ਸਿੰਘ ਸਰਪੰਚ ਮੱਜੂਪੁਰਾ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਦੇਵ ਡੇ ਬੋਰਡਿੰਗ ਸਕੂਲ ਦੀਆਂ ਸਾਲਾਨਾ ਖੇਡਾਂ ਦੀ ਸ਼ੁਰੂਆਤ

ਜੰਡਿਆਲਾ ਗੁਰੂ, 10 ਦਸੰਬਰ (ਰਾਮ ਸ਼ਰਨਜੀਤ ਸਿੰਘ): ਪੇਂਡੂ ਏਰੀਏ ਵਿੱਚ ਵਿਦਿਆ ਦੇ ਨਾਲ ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰ ਕੇ ਆਪਣੀ ਧਾਂਕ ਜਮਾਉਣ ਵਾਲਾ ਸ੍ਰੀ ਗੁਰੂ ਅਰਜਨ ਦੇਵ ਡੇ ਬੋਰਡਿੰਗ ਸਕੂਲ ਨਵਾਂ ਪਿੰਡ ਬਡਾਲਾ ਨੇ ਆਪਣਾ ਸਲਾਨਾ ਸਪੋਟਸ ਮੀਟ ਚਾਰ ਦਿਨਾਂ ਰੋਜ਼ਾ ਬੜੀ ਧੂਮਧਾਮ ਨਾਲ ਮਨਾਇਆ ਗਿਆ ਇਸ ਸਪੋਰਟਸ ਮੀਡ ਦਾ ਪਹਿਲੇ ਦਿਨ ਉਦਘਾਟਨ ਪੰਜਾਬ ਦੇ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਈਟੀਓ ਦੀ ਧਰਮ ਪਤਨੀ ਸ੍ਰੀਮਤੀ ਸੁਹਿੰਦਰ ਕੌਰ ਵੱਲੋਂ ਗੁਬਾਰੇ ਛੱਡ ਕੇ ਕੀਤਾ ਗਿਆ ਇਸ ਮੌਕੇ ਉਨਾਂ ਨੇ ਸਕੂਲ ਦੇ ਬੱਚਿਆਂ ਵੱਲੋਂ ਕੀਤੀ ਗਈ ਮਾਰਚ ਪਾਸ ਤੋਂ ਸਲਾਮੀ ਲਈ ਇਸ ਸਪੋਰਟਸ ਮੀਟ ਦਾ ਆਗਾਜ ਧਾਰਮਿਕ ਸ਼ਬਦ ਤੋਂ ਕੀਤਾ ਗਿਆ ਉਪਰੰਤ ਬੱਚਿਆਂ ਵੱਲੋਂ ਸ਼ਾਨਦਾਰ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਇਸ ਮੌਕੇ ਸਕੂਲ ਦੇ ਖਿਡਾਰੀਆਂ ਨੂੰ ਸਤਲੁਜ ਬਿਆਸ ਰਾਵੀ ਚਨਾਬ, ਹਾਊਸਾਂ ਵਿੱਚ ਵੰਡਿਆ ਗਿਆ ਤੇ ਖੇਡ ਕੋਚ ਵੱਲੋਂ ਬੱਚਿਆਂ ਨੂੰ ਅਨੁਸ਼ਾਸ਼ਨ ਵਿੱਚ ਰਹਿ ਕੇ ਏਕਤਾ ਤੇ ਨਿਯਮਾਂ ਵਿੱਚ ਖੇਡਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਮੈਡਮ ਸੁਹਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਸ੍ਰੀ ਗੁਰੂ ਅਰਜਨ ਦੇਵ ਬੋਰਡਿੰਗ ਸਕੂਲ ਦੇ ਬੱਚਿਆਂ ਜੋ ਨੈਸ਼ਨਲ ਤੇ ਸਟੇਟ ਲੈਵਲ



ਵਿੱਚ ਪਹੁੰਚੇ ਹਨ ਉਨ੍ਹਾਂ ਨੂੰ ਸਨਮਾਨਿਤ ਕੀਤਾ। ਅਖੀਰ ਚੋਂ ਸ੍ਰੀ ਗੁਰੂ ਅਰਜਨ ਦੇਵ ਡੇ ਬੋਰਡਿੰਗ ਸਕੂਲ ਦੀ ਸਿਫਤ ਕਰਦੇ ਹੋਏ ਮੈਡਮ ਸੁਹਿੰਦਰ ਕੌਰ ਕਾਫੀ ਖੁਸ਼ ਨਜ਼ਰ ਆਏ ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨਦੀਪ ਕੌਰ ਵੱਲੋਂ ਸੁਹਿੰਦਰ ਕੌਰ ਦਾ ਸਕੂਲ ਪਹੁੰਚਣ ਤੇ ਧੰਨਵਾਦ ਕੀਤਾ ਤੇ ਉਹਨਾਂ ਨੂੰ ਯਾਦਗਾਰ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ। ਇਸ ਖੇਡ ਮੇਲੇ ਵਿੱਚ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਹੁੰਦਲ ਵੀ ਉਚੇਚੇ ਤੌਰ ਤੇ ਪਹੁੰਚੇ ਇਸ ਖੇਡ ਸਮਾਰੋਹ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਦੌੜਾਂ ਕਰਵਾਈਆਂ ਗਈਆਂ ਜਿਸ ਵਿੱਚ 100 ਮੀਟਰ ਦੌੜ ਵਿੱਚ ਤਰਨਬੀਰ ਸਿੰਘ ਨੇ ਪਹਿਲਾ ਐਸਬੀਰ ਸਿੰਘ ਨੇ ਦੂਸਰਾ ਤੇ ਗੁਰਮਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ ਤੇ 200 ਮੀਟਰ ਦੌੜ ਵਿੱਚ ਹਰ ਸਿਮਰਨ ਕੌਰ ਨੇ ਪਹਿਲਾ ਸ਼ਗਨਦੀਪ ਕੌਰ ਨੇ ਦੂਸਰਾ ਤੇ ਏਕਮ ਜੋਤ ਨੇ ਤੀਸਰਾ ਸਥਾਨ ਹਾਸਿਲ ਕੀਤਾ ਤੇ 400 ਮੀਟਰ ਦੌੜ ਵਿੱਚ ਗੁਰਜੋਤ ਕੌਰ ਨੇ ਪਹਿਲਾ ਕਰਨਪ੍ਰੀਤ ਸਿੰਘ ਨੇ ਦੂਸਰਾ ਤੇ ਅਵੀਜੋਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। 800 ਮੀਟਰ ਦੌੜ ਵਿੱਚ ਅਨਮੋਲ ਪ੍ਰੀਤ ਕੌਰ ਨੇ ਪਹਿਲਾ ਹਰਲੀਨ ਕੌਰ ਨੇ ਦੂਸਰਾ ਤੇ ਜਸਮੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ ਰੱਸਾ ਕੱਸੀ ਦੇ ਮੁਕਾਬਲੇ ਕਰਵਾਏ ਗਏ ਦੇਸ਼ ਵਿੱਚ ਸਤਲੁਜ ਹਾਊਸ ਨੇ ਪਹਿਲਾ ਤੇ ਚਨਾਬ ਹਾਊਸ ਨੇ ਦੂਸਰਾ ਸਥਾਨ ਹਾਸਿਲ ਕੀਤਾ ਸਕੂਲ ਵਿੱਚ ਹੋਰ ਵੀ ਕਈ ਤਰ੍ਹਾਂ ਦੀਆਂ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਗੋਲਾ ਸੁੱਟਣਾ ਲੰਮੀ ਛਾਲ ਅਤੇ ਛੋਟੇ ਬੱਚਿਆਂ ਦੀਆਂ ਕੁਝ ਮਨੋਰੰਜਨ ਭਰਪੂਰ ਖੇਡਾਂ ਵੀ ਕਰਵਾਈਆਂ ਗਈਆਂ। ਇਸੇ ਤਰ੍ਹਾਂ ਚਾਰ ਦਿਨ ਚੱਲੇ ਇਸ ਖੇਡ ਮੇਲੇ ਵਿੱਚ ਸਭ ਤੋਂ ਵੱਧ ਅੰਕ ਹਾਸਲ ਕਰਕੇ ਬਿਆਸ ਹਾਊਸ ਨੇ ਓਵਰ ਆਲ ਟਰਾਫ਼ੀ ਤੇ ਕਬਜ਼ਾ ਕੀਤਾ। ਇਸੇ ਤਰ੍ਹਾਂ ਇਹਨਾਂ ਖੇਡਾਂ ਵਿੱਚੋਂ ਸਭ ਤੋਂ ਵੱਧ ਮੈਡਲ ਹਾਸਿਲ ਕਰਨ ਵਾਲੇ ਬੱਚਿਆਂ ਵਿੱਚੋਂ ਬੈਸਟ ਅਥਲੀਟ ਅਰਮਨਪ੍ਰੀਤ ਕੌਰ ਅਤੇ ਐਸ ਵੀਰ ਸਿੰਘ ਨੂੰ ਵੀ ਟਰੋਫੀ ਦੇ ਕੇਸ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਜਸਕਰਨ ਸਿੰਘ ਹੁੰਦਲ ਡਾਇਰੈਕਟਰ ਰਾਜਵੀਰ ਸਿੰਘ ਹੁੰਦਲ ਮੈਨੇਜਰ ਗਗਨਦੀਪ ਸਿੰਘ ਹੁੰਦਲ ਪ੍ਰਿੰਸੀਪਲ ਮਨਦੀਪ ਕੌਰ, ਰਾਮ ਸ਼ਰਨਜੀਤ ਸਿੰਘ ਪ੍ਰਧਾਨ ਪ੍ਰੈੱਸ ਸੰਘਰਸ਼ ਜੌਰਨਲਿਸਟ ਜੰਡਿਆਲਾ ਗੁਰੂ ਨੇ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਅੱਗੇ ਤੋਂ ਵੱਧ ਤੋਂ ਵੱਧ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ।

## ਜ਼ਿਲ੍ਹਾ ਪ੍ਰੀਸ਼ਦ ਜ਼ੋਨ ਲੋਪੋਕੇ ਤੋਂ 'ਆਪ' ਉਮੀਦਵਾਰ ਲਖਬੀਰ ਸਿੰਘ ਮੰਝ ਦੇ ਹੱਕ 'ਚ ਮੀਟਿੰਗ



ਚੋਗਾਵਾਂ, 10 ਦਸੰਬਰ (ਸੁਬੇਗ ਸਿੰਘ ਸੋਨਾ): ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਸਰਹੱਦੀ ਪਿੰਡ ਕਾਕੜ ਵਿਖੇ ਜ਼ਿਲ੍ਹਾ ਪ੍ਰੀਸ਼ਦ ਜੋਨ ਲੋਪੋਕੇ ਤੋਂ 'ਆਪ' ਪਾਰਟੀ ਦੇ ਉਮੀਦਵਾਰ ਰਾਜਵਿੰਦਰ ਕੌਰ ਪਤਨੀ ਲਖਬੀਰ ਸਿੰਘ ਆੜ੍ਹਤੀ ਮੰਝ ਤੇ ਜੋਨ ਸੋੜੀਆਂ ਤੋਂ ਬਲਾਕ ਸੰਮਤੀ ਉਮੀਦਵਾਰ ਪਰਮਜੀਤ ਸਿੰਘ ਫੌਜੀ ਦੇ ਹੱਕ ਵਿੱਚ ਹਲਕਾ ਇੰਚਾਰਜ ਸੋਨੀਆ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਪੰਚ ਹਰਜੀਤ ਕੌਰ ਧਰਮ ਪਤਨੀ ਮੁਖਤਾਰ ਸਿੰਘ ਦੀ ਅਗਵਾਈ ਹੇਠ ਵਿਸ਼ਾਲ ਚੋਣ ਮੀਟਿੰਗ ਹੋਈ। ਜਿਸ ਵਿੱਚ 'ਆਪ' ਪਾਰਟੀ ਦੇ ਸਮਰਥਕਾਂ ਅਤੇ ਵਰਕਰਾਂ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ। 'ਆਪ' ਦੇ ਉਮੀਦਵਾਰ ਲਈ ਵੋਟਾਂ ਮੰਗੀਆਂ ਗਈਆਂ। ਇਸ ਮੌਕੇ ਤੇ ਹਾਜਰ ਸੁਖਦੀਪ ਸਿੰਘ ਛੀਨਾ, ਰਾਜਬੀਰ ਸਿੰਘ, ਬਲਜੀਤ ਸਿੰਘ ਸੈਦਪੁਰ, ਸਰਪੰਚ ਹਰਜੀਤ ਕੌਰ ਕਾਕੜ, ਮੰਗਲ ਸਿੰਘ, ਮੁਖਤਾਰ ਸਿੰਘ, ਦਲੇਰ ਸਿੰਘ, ਪੰਜਾਬ ਸਿੰਘ ਪੰਚ, ਸੁਖਵੰਤ ਕੌਰ, ਸੁੱਖਾ ਸਿੰਘ , ਗੁਰਜੰਟ ਸਿੰਘ, ਪ੍ਰਿਤਪਾਲ ਸਿੰਘ, ਗੁਰਲਾਲ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਦਿਲਬਾਗ ਸਿੰਘ, ਗੁਰਮੁਖ ਸਿੰਘ, ਮੁਖਤਾਰ ਸਿੰਘ, ਪ੍ਰਗਟ ਸਿੰਘ, ਬਿੱਲੂ ਸਿੰਘ, ਅਜੇਪਾਲ ਸਿੰਘ, ਮੈਂਬਰ ਕਾਲਾ ਸਿੰਘ ਸੈਦਪੁਰ, ਗੁਰਮੁਖ ਸਿੰਘ, ਸਰਪੰਚ ਜਗਬੀਰ ਸਿੰਘ ਤੱਲੇ, ਦਇਆ ਸਿੰਘ, ਅਰਸ਼ ਸਿੰਘ, ਪੀਏ ਗੁਰਪ੍ਰੀਤ ਸਿੰਘ ਮਾਨ ਆਦਿ ਹਾਜਰ ਸਨ। ਅਖੀਰ ਦੇ ਵਿੱਚ ਸਰਪੰਚ ਮੁਖਤਾਰ ਦੇ ਵੱਲੋਂ ਹਲਕਾ ਇੰਚਾਰਜ ਸੋਨੀਆ ਮਾਨ ਤੇ ਜ਼ਿਲ੍ਹਾ ਪ੍ਰੀਸ਼ਦ ਜੋਨ ਲੋਪੋਕੇ ਤੋਂ 'ਆਪ' ਪਾਰਟੀ ਦੇ ਉਮੀਦਵਾਰ ਲਖਬੀਰ ਸਿੰਘ ਮੰਝ ਨੂੰ ਸਨਮਾਨਿਤ ਕੀਤਾ ਗਿਆ।

# ਵਿਧਾਇਕ ਇਯਾਲੀ ਨੇ ਸੁਰਿੰਦਰਪਾਲ ਸਿੰਘ ਮਿੱਠੂ ਦੀ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਪਹੁੰਚਾਇਆ



ਮੁੱਲਾਂਪੁਰ ਦਾਖਾ, 10 ਦਸੰਬਰ (ਦਵਿੰਦਰ ਸਿੰਘ ਲੰਮੇ) ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਲਈ ਨਿਸ਼ਚਿਤ ਤਰੀਕ ਜਿਵੇਂ ਜਿਵੇਂ ਨਜ਼ਦੀਕ ਆ ਰਹੀ ਹੈ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਆਪਣੇ ਉਮੀਦਵਾਰਾਂ ਦੀ ਚੋਣ ਮੁਹਿੰਮ ਤੇਜ਼ ਕਰ ਦਿੱਤੀ ਹੈ। ਬਲਾਕ ਸੰਮਤੀ ਜੋਨ ਮੁੱਲਾਂਪੁਰ ਤੋਂ ਉਮੀਦਵਾਰ ਸੁਰਿੰਦਰਪਾਲ ਸਿੰਘ ਮਿੱਠੂ ਗਿਆਨੀ ਦੀ ਚੋਣ ਮੁਹਿੰਮ ਨੂੰ ਉਹਨਾਂ ਨੇ ਅੱਜ ਸਿਖਰਾਂ ਤੇ ਪਹੁੰਚਾ ਦਿੱਤਾ ਅਤੇ ਮਿੱਠੂ ਦੇ ਹੱਕ ਚ ਵੱਡਾ ਚੋਣ ਜਲਸਾ ਕੀਤਾ, ਜਿਸ ਵਿੱਚ ਜੋਨ ਨਾਲ ਸੰਬੰਧਿਤ ਪਿੰਡਾਂ ਤੋਂ ਵੱਡੀ ਗਿਣਤੀ ਉਹਨਾਂ ਦੇ ਸਮਰਥਕ ਵੋਟਰ ਪੁੱਜੇ, ਜਿਨਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਉਹਨਾਂ ਦੀ ਲੜਾਈ ਸਿਧਾਂਤਾਂ ਦੀ ਲੜਾਈ ਹੈ। ਜਿਸ ਕਾਰਨ ਉਹਨਾਂ ਦੇ ਉਮੀਦਵਾਰਾਂ ਨੂੰ ਵੋਟਰਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਗਿਆਨੀ ਸੁਰਿੰਦਰਪਾਲ ਸਿੰਘ ਮਿੱਠੂ ਵੱਲੋਂ ਕੀਤੇ ਆਪਣੇ ਧੁਆਂਧਾਰ ਚੋਣ ਪ੍ਰਚਾਰ ਨੇ ਵੋਟਰਾਂ ਤੇ ਗਹਿਰਾ ਪ੍ਰਭਾਵ ਛੱਡਿਆ। ਉਹਨਾਂ ਪਿੰਡ ਵਿੱਚ ਆਪਣੇ ਵੱਲੋਂ ਕੀਤੇ ਕੰਮਾਂ ਤੋਂ ਪਿੰਡ ਵਾਸੀਆਂ ਨੂੰ ਜਾਣੂ ਕਰਵਾਇਆ ਅਤੇ ਕਿਸਾਨੀ ਸੰਘਰਸ਼ ਅਤੇ ਧਾਰਮਿਕ ਖੇਤਰ ਚ ਪਾਏ ਯੋਗਦਾਨ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਸੰਗਤਾਂ ਨੇ ਉਹਨਾਂ ਦੇ ਹੱਕ ਚ ਫਤਵਾ ਦਿੱਤਾ ਤਾਂ ਪਿੰਡ ਦੇ ਚੁਫੇਰਿਓਂ ਗੰਦਗੀ ਨਜ਼ਰ ਨਹੀਂ ਆਵੇਗੀ ਅਤੇ ਸਰਕਾਰੀ ਡਿਸਪੈਂਸਰੀ ਦੇ ਨਜ਼ਦੀਕ ਮਾਤਾ ਬਸੰਤ ਕੌਰ ਦੀ ਯਾਦ ਚ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦੇ ਸਹਿਯੋਗ ਨਾਲ ਇੱਕ ਸ਼ਾਨਦਾਰ ਪਾਰਕ ਦਾ ਨਿਰਮਾਣ ਵੀ ਕਰਵਾਇਆ ਜਾਵੇਗਾ । ਇਸ ਮੌਕੇ ਸਾਬਕਾ ਚੇਅਰਮੈਨ ਜੱਥੇਦਾਰ ਮੱਘਰ ਸਿੰਘ ਵੜੈਚ ਅਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਅਮਰਜੀਤ ਸਿੰਘ ਮੁੱਲਾਂਪੁਰ ਨੇ ਵੀ ਸੁਰਿੰਦਰ ਪਾਲ ਸਿੰਘ ਮਿੱਠੂ ਗਿਆਨੀ ਦੇ ਹੱਕ ਚ ਵੋਟਾਂ ਪਾਉਣ ਦੀ ਅਪੀਲ ਕੀਤੀ ।ਇਸ ਮੌਕੇ ਸਰਪੰਚ ਬੀਬੀ ਜਗਦੀਪ ਕੌਰ ਮਹਿਤੋਂ,ਸਾਬਕਾ ਸਰਪੰਚ ਸਿਕੰਦਰ ਸਿੰਘ ਧਨੋਆ, ਇੰਦਰਜੀਤ ਸਿੰਘ ਮਹਿਤੋਂ, ਜੱਥੇਦਾਰ ਬਖਸ਼ੀਸ਼ ਸਿੰਘ,ਸਾਬਕਾ ਟਰੱਕ ਯੂਨੀਅਨ ਪ੍ਰਧਾਨ ਦਰਸ਼ਨ ਸਿੰਘ ਧਨੋਆ, ਸਾਬਕਾ ਬਲਾਕ ਸੰਮਤੀ ਮੈਂਬਰ ਹਰਦੇਵ ਸਿੰਘ ਪੰਮਾ,ਰਾਮ ਆਸਰਾ ਸਿੰਘ ਚੱਕ ਕਲਾਂ, ਪੰਚ ਮਨਪ੍ਰੀਤ ਸਿੰਘ , ਪੰਚ ਸੁਖਵਿੰਦਰ ਸਿੰਘ ,ਪੰਚ ਕਰਮਜੀਤ ਸਿੰਘ ਖਾਲਸਾ, ਦਲਜੀਤ ਸਿੰਘ ਧਨੋਆ, ,ਕਰਮਜੀਤ ਸਿੰਘ ਗਿੱਲ, ਜਗਵਿੰਦਰ ਸਿੰਘ ਮਹਿਤੋਂ,ਜਗਰੂਪ ਸਿੰਘ ਚੱਕ ਕਲਾਂ, ਤਜਿੰਦਰ ਸਿੰਘ ਮਾਹਲ ਚੱਕ ਕਲਾਂ, ਅਵਤਾਰ ਸਿੰਘ ਚੱਕ, ਗੁਰਮੀਤ ਸਿੰਘ, ਪ੍ਰਧਾਨ ਇਕਬਾਲ ਸਿੰਘ, ਮਨਜਿੰਦਰ ਸਿੰਘ ਧਾਲੀਵਾਲ, ਕੁਲਦੀਪ ਸਿੰਘ ਬਾਬੇ ਕੇ, ਮਨਜੀਤ ਸਿੰਘ ਗਿੱਲ, ਸੰਤਾ ਸਿੰਘ ਧਨੋਆ , ਨੀਟੂ ਬਾਬਾ , ਕੁਲਦੀਪ ਸਿੰਘ ਬਾਬੇ ਕੇ, ਜਥੇਦਾਰ ਜੋਰਾ ਸਿੰਘ ,ਕਰਮਜੀਤ ਸਿੰਘ ਮਾਨ ਭਾਗ ਸਿੰਘ ਗਿੱਲ ਸੁਰਿੰਦਰ ਸਿੰਘ ਨੱਤ, ਅਕਾਲੀ ਬਲਵੰਤ ਸਿੰਘ, ਦਵਿੰਦਰ ਸਿੰਘ ਗਿੱਲ, ਨੰਬਰਦਾਰ ਰਣਜੀਤ ਸਿੰਘ ਬੜੈਚ, ਸਾਬਕਾ ਸਰਪੰਚ ਨਿਰਮਲ ਸਿੰਘ ਕੈਲਪੁਰ, ਗੁਰਮੀਤ ਸਿੰਘ ਉੱਪਲ ਆਦਿ ਹਾਜ਼ਰ ਸਨ।

# ਮੱਕੜ ਦੀ ਅਗਵਾਈ ਹੇਠ 'ਆਪ' ਦੀ ਚੋਣ ਮੁਹਿੰਮ ਨੂੰ ਮਿਲਿਆ ਭਾਰੀ ਹੁੰਗਾਰਾ




ਲੁਧਿਆਣਾ, 10 ਦਸੰਬਰ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਲੁਧਿਆਣਾ ਵਿੱਚ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ, ਲੋਕ ਸਭਾ ਇੰਚਾਰਜ, ਸ਼ਰਨਪਾਲ ਸਿੰਘ ਮੱਕੜ ਦੀ ਅਗਵਾਈ ਹੇਠ ਇੱਕ ਗਤੀਸ਼ੀਲ ਅਤੇ ਪ੍ਰਭਾਵਸ਼ਾਲੀ ਚੋਣ ਮੁਹਿੰਮ ਦਾ ਆਯੋਜਨ ਕੀਤਾ ਗਿਆ। ਮੁਹਿੰਮ ਨੂੰ ਭਾਰੀ ਜਨਤਕ ਹੁੰਗਾਰਾ ਮਿਲਿਆ, ਜੋ ਆਮ ਆਦਮੀ ਪਾਰਟੀ ਦੇ ਵਿਕਾਸਵਾਦੀ ਦ੍ਰਿਸ਼ਟੀਕੋਣ ਵਿੱਚ ਮਜ਼ਬੂਤ ਸਮਰਥਨ ਅਤੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਪ੍ਰਮੁੱਖ ਆਗੂਆਂ ਵਿਧਾਇਕ ਹਲਕਾ ਗਿੱਲ, ਜੀਵਨ ਸਿੰਘ ਸੰਗੋਵਾਲ, ਵਿਧਾਇਕ ਜਗਰਾਉਂ, ਸਰਬਜੀਤ ਕੌਰ ਮਾਣੂੰਕੇ, ਅਤੇ ਹਲਕਾ ਇੰਚਾਰਜ ਦਾਖਾ, ਡਾ. ਕੇ.ਐਨ.ਐਸ. ਕੰਗ ਦੀ ਮੌਜੂਦਗੀ ਨੇ ਮੁਹਿੰਮ ਨੂੰ ਮਹੱਤਵਪੂਰਨ ਤਾਕਤ ਦਿੱਤੀ। ਉਨ੍ਹਾਂ ਦੇ ਸਮੂਹਿਕ ਮਾਰਗਦਰਸ਼ਨ, ਸਮਰਪਣ, ਅਤੇ ਪਾਰਦਰਸ਼ੀ ਸ਼ਾਸਨ ਅਤੇ ਲੋਕ ਭਲਾਈ ਤੇ ਜ਼ੋਰ ਨੇ ਵਰਕਰਾਂ ਅਤੇ ਸਮਰਥਕਾਂ ਨੂੰ ਹੋਰ ਉਤਸ਼ਾਹਿਤ ਕੀਤਾ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਸ਼ਰਨਪਾਲ ਸਿੰਘ ਮੱਕੜ ਨੇ ਪ੍ਰਭਾਵਸ਼ਾਲੀ ਜ਼ਮੀਨੀ ਪ੍ਰਸ਼ਾਸਨ ਅਤੇ ਲੁਧਿਆਣਾ ਜ਼ਿਲ੍ਹੇ ਦੀ ਸਮੁੱਚੀ ਤਰੱਕੀ ਨੂੰ ਯਕੀਨੀ ਬਣਾਉਣ ਲਈ ਇਮਾਨਦਾਰ ਅਤੇ ਵਚਨਬੱਧ ਪ੍ਰਤੀਨਿਧੀਆਂ ਦੀ ਚੋਣ ਦੀ ਮਹੱਤਤਾ ਤੇ ਚਾਨਣਾ ਪਾਇਆ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਏਕਤਾ, ਅਨੁਸ਼ਾਸਨ ਅਤੇ ਮਜ਼ਬੂਤ ਜਨਤਕ ਸਮਰਥਨ ਨਾਲ, ਆਮ ਆਦਮੀ ਪਾਰਟੀ ਇਨ੍ਹਾਂ ਚੋਣਾਂ ਵਿੱਚ ਇੱਕ ਨਿਰਣਾਇਕ ਜਿੱਤ ਪ੍ਰਾਪਤ ਕਰਨ ਲਈ ਤਿਆਰ ਹੈ। ਇਹ ਮੁਹਿੰਮ ਸਥਾਨਕ ਲੋਕਤੰਤਰ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਦੀ ਭਲਾਈ ਅਤੇ ਉੱਨਤੀ ਲਈ ਅਣਥੱਕ ਕੰਮ ਕਰਨ ਦੇ ਨਵੇਂ ਇਰਾਦੇ ਨਾਲ ਸਮਾਪਤ ਹੋਈ।

# ਜਵੱਦੀ ਟਕਸਾਲ ਵਿਖੇ 34ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਅੱਜ ਤੋਂ



ਲੁਧਿਆਣਾ 10 ਦਸੰਬਰ (ਕਰਨੈਲ ਸਿੰਘ ਐੱਮ.ਏ.) ਰਬਾਬ ਦੀ ਤਾਰ ਤੋਂ ਤੇਗ ਦੀ ਧਾਰ ਤੱਕ ਫੈਲੇ ਸਿੱਖ ਧਰਮ ਦੇ ਰੂਹਾਨੀ ਅਨੰਦ ਵਾਲੇ ਗੁਰਮਤਿ ਸੰਗੀਤ ਦਾ ਚਾਰ ਦਿਨਾਂ ਮਹਾਨ ਕੁੰਭ, 34 ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਅੱਜ ਤੋਂ ਜਵੱਦੀ ਟਕਸਾਲ ਵਿਖੇ ਆਰੰਭ ਹੋ ਰਿਹਾ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜਵੱਦੀ ਟਕਸਾਲ ਦੇ ਸਿਰਜਿਤ ਗੁਰਪੁਰਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਵੱਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਸਾਰ ਲਈ ਆਰੰਭੇ ਕਾਰਜਾਂ ਦੀ ਲੜੀ ਅਧੀਨ ਅਤੇ ਇਸ ਵਾਰ ਦਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ 350ਵੇਂ ਗੁਰਤਾ ਗੱਦੀ ਗੁਰਪੁਰਬ ਨੂੰ ਸਮਰਪਿਤ ਹੋਵੇਗਾ। ਗੁਰਮਤਿ ਸੰਗੀਤ ਸੰਮੇਲਨ ਦੇ ਪਹਿਲੇ ਦਿਨ ਦੀ ਆਰੰਭਤਾ ਦੀ ਅਰਦਾਸ ਸ਼ਾਮ 6 ਵਜੇ ਹੋਵੇਗੀ। ਇਸ ਤੋਂ ਪਹਿਲਾਂ ਜਵੱਦੀ ਟਕਸਾਲ ਦੇ ਵਿਦਿਆਰਥੀ ਗਿਆਨੀ ਜਸਵਿੰਦਰ ਸਿੰਘ ਗੁਰ ਇਤਿਹਾਸ ਦੀ ਵਿਚਾਰ ਕਰਨਗੇ ਅਤੇ ਰੋਜ਼ਾਨਾ ਦੀ ਮਰਿਆਦਾ ਅਨੁਸਾਰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਹੋਣਗੇ। ਗੁਰਮਤਿ ਸੰਗੀਤ ਸੰਮੇਲਨ ਦੀ ਆਰੰਭਤਾ ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਵਿਦਿਆਰਥੀ ਭਾਈ ਗੁਰਸੇਵਕ ਸਿੰਘ ਵੱਲੋਂ ਆਰਤੀ ਅਤੇ ਰਾਗ ਜੈਤਸਰੀ ਵਿੱਚ ਸ਼ਬਦ ਕੀਰਤਨ ਨਾਲ ਹੋਵੇਗੀ, ਉਪਰੰਤ ਭਾਈ ਬਿਨੀਤ ਸਿੰਘ ਦਿੱਲੀ ਵਾਲੇ ਗਉੜੀ, ਕੇਦਾਰਾ, ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਕੀਰਤਨੀਏ ਭਾਈ ਜਗਤਾਰ ਸਿੰਘ ਸੋਰਠਿ, ਸਿਰੀ ਰਾਗ ਅਤੇ ਭਾਈ ਅਵਤਾਰ ਸਿੰਘ ਬੈਂਕ ਵਾਲੇ ਧਨਾਸਰੀ, ਕਲਿਆਨ ਅਤੇ ਭਾਈ ਸ਼ਮਿੰਦਰਪਾਲ ਸਿੰਘ ਜਲੰਧਰ ਵਾਲੇ ਰਾਗ ਜੈਜਾਵੰਤੀ, ਨਟ ਨਰਾਇਣ ਵਿੱਚ ਗੁਰਬਾਣੀ ਸ਼ਬਦ ਕੀਰਤਨ ਕਰਨਗੇ। ਜਵੱਦੀ ਟਕਸਾਲ ਦੇ ਮੁਖੀ ਮਹਾਂਪੁਰਸ਼ ਸੰਤ ਗਿਆਨੀ ਅਮੀਰ ਸਿੰਘ ਨੇ ਅੱਜ ਆਪਣੇ ਸਹਾਇਕ ਪ੍ਰਬੰਧਕਾਂ ਟਕਸਾਲ ਦੇ ਵਿਦਿਆਰਥੀਆਂ ਨੂੰ ਮਿਲ ਕੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀਆਂ ਪ੍ਰਬੰਧਾਂ ਨੂੰ ਬਾਰੀਕੀ ਨਾਲ ਵੇਖਿਆ ਅਤੇ ਤਸੱਲੀ ਪ੍ਰਗਟਾਈ। ਦੱਸ ਦੇਈਏ ਕਿ ਵੱਡੇ ਮਹਾਂਪੁਰਸ਼ਾਂ ਦੇ ਵੇਲੇ ਤੋਂ ਗੁਰਮਤਿ ਸੰਗੀਤ ਦੇ ਬੇਅੰਤ ਪ੍ਰੇਮੀ ਆਤਮ ਮੰਡਲ ਦੇ ਅਨੰਦ ਲਈ ਗੁਰਬਾਣੀ ਸ਼ਬਦ ਕੀਰਤਨ ਸਰਵਣ ਕਰਨ ਲਈ ਸੰਗਤੀ ਰੂਪ ਵਿੱਚ ਇਕੱਠੇ ਹੁੰਦੇ ਹਨ। ਗੁਰਬਾਣੀ ਕੀਰਤਨ ਦੁਆਰਾ ਲੱਖਾਂ ਪ੍ਰਾਣੀ ਗੁਰਮਤਿ ਦੇ ਪਾਂਧੀ ਬਣੇ ਹਨ। ਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਗੁਰਮਤਿ ਸੰਗੀਤ ਦੇ ਪ੍ਰੇਮੀ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਸ਼ਮੂਲੀਅਤ ਕਰਨ ਲਈ ਉਚੇਚੇ ਤੌਰ ਤੇ ਪੁੱਜਦੇ ਹਨ।

# ਪੰਜਾਬ ਟੈਕਸ ਬਾਰ ਐਸੋ: ਅਤੇ ਹੋਰ ਜਥੇਬੰਦੀਆਂ ਵੱਲੋਂ ਕੱਲ੍ਹ ਦਾ ਧਰਨਾ ਰੱਦ

ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਨਿੱਝਰ) : ਪੰਜਾਬ ਟੈਕਸ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਵੱਖ-ਵੱਖ ਵਪਾਰਕ ਜਥੇਬੰਦੀਆਂ ਦੀ ਇੱਕ ਮਹੱਤਵਪੂਰਨ ਮੀਟਿੰਗ ਅਨਿਲ ਸਰੀਨ, ਪ੍ਰਧਾਨ ਪੰਜਾਬ ਟੈਕਸ ਬਾਰ ਐਸੋਸੀਏਸ਼ਨ, ਦੀ ਅਗਵਾਈ ਹੇਠ ਟੈਕਸੇਸ਼ਨ ਕਮਿਸ਼ਨਰ ਪੰਜਾਬ ਜਤਿੰਦਰ ਜੋਰਵਾਲ ਨਾਲ ਹੋਈ। ਮੀਟਿੰਗ ਦੌਰਾਨ ਪੰਜਾਬ ਟੈਕਸ ਬਾਰ ਐਸੋਸੀਏਸ਼ਨ ਅਤੇ ਵਪਾਰਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਰਿਫੰਡਾਂ ਵਿੱਚ ਹੋ ਰਹੀ ਦੇਰੀ ਅਤੇ ਫਾਈਲਾਂ ਦੀ ਲਟਕਣ ਕਾਰਨ ਪੈਦਾ ਹੋ ਰਹੀਆਂ ਗੰਭੀਰ ਸਮੱਸਿਆਵਾਂ ਨੂੰ ਵਿਸਥਾਰ ਨਾਲ ਰੱਖਿਆ। ਇਸ ਮੌਕੇ ਸਭ ਪੈਂਡਿੰਗ ਰਿਫੰਡ ਕੇਸਾਂ ਦੇ ਸਮੇਂ-ਬੱਧ ਨਿਪਟਾਰੇ ਦੀ ਲੋੜ 'ਤੇ ਖ਼ਾਸ ਜ਼ੋਰ ਦਿੱਤਾ ਗਿਆ।ਸਰੀਨ ਨੇ ਦੱਸਿਆ ਕਿ ਟੈਕਸੇਸ਼ਨ ਕਮਿਸ਼ਨਰ ਵੱਲੋਂ ਭਰੋਸਾ ਦਿਵਾਇਆ ਗਿਆ ਹੈ ਕਿ ਸਤੰਬਰ 2025 ਤੱਕ ਦੀਆਂ ਸਾਰੀਆਂ ਬਕਾਇਆ ਜੀਐਸਟੀ ਅਤੇ ਵੈਟ ਰਿਫੰਡ ਫਾਈਲਾਂ 15 ਦਸੰਬਰ ਤੱਕ,

ਜਦਕਿ ਨਵੰਬਰ 2025 ਤੱਕ ਦੀਆਂ ਸਾਰੀਆਂ ਪੈਂਡਿੰਗ ਫਾਈਲਾਂ 31 ਦਸੰਬਰ ਤੱਕ ਨਿਪਟਾ ਦਿੱਤੀਆਂ ਜਾਣਗੀਆਂ।ਇਸ ਭਰੋਸੇ ਦੇ ਮੱਦੇਨਜ਼ਰ ਪੰਜਾਬ ਟੈਕਸ ਬਾਰ ਐਸੋਸੀਏਸ਼ਨ ਅਤੇ ਵਪਾਰਕ ਜਥੇਬੰਦੀਆਂ ਵੱਲੋਂ 12 ਦਸੰਬਰ ਨੂੰ ਸੂਬੇ ਭਰ ਦੇ ਜ਼ਿਲ੍ਹਾ ਟੈਕਸੇਸ਼ਨ ਦਫ਼ਤਰਾਂ ਦੇ ਬਾਹਰ ਕਰਨ ਵਾਲੇ ਧਰਨੇ ਨੂੰ ਰੱਦ ਕਰ ਦਿੱਤਾ ਗਿਆ ਹੈ ।ਮੀਟਿੰਗ ਵਿੱਚ ਜਤਿੰਦਰ ਮਿੱਤਲ, ਬੌਬੀ ਜਿੰਦਲ, ਅਡਵੋਕੇਟ ਰੁਪਿੰਦਰ ਕਾਂਸਲ, ਅਰੁਣ ਕੰਵਲ, ਸੁਨੀਲ ਸ਼ਰਮਾ, ਰਾਕੇਸ਼ ਕਾਜਲਾ, ਮਨਮੋਹਰ ਗੁਪਤਾ, ਸਕੇਤ ਗਰਗ, ਲਲਿਤ ਮੋਹਨ ਗੁਪਤਾ, ਰਾਮ ਬੰਸਲ ਅਤੇ ਮਨੋਜ ਬਜਾਜ ਵੀ ਮੌਜੂਦ ਰਹੇ।

# ਇਮਾਨਦਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਕਰਮਚਾਰੀਆਂ ਨੂੰ ਡੀ.ਜੀ.ਪੀ. ਡਿਸਕ ਨਾਲ ਕੀਤਾ ਸਨਮਾਨਿਤ



ਜਗਰਾਓਂ10 ਦਸੰਬਰ ( ਵਿਸ਼ਾਲ ਅੱਤਰੇ/ਆਰੀਅਨ ਅੱਤਰੇ)- ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵਧੀਆ ਕਾਰਗੁਜ਼ਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਅਫਸਰਾਂ ਅਤੇ ਮੁਲਾਜ਼ਮਾਂ ਨੂੰ ਅਕਸਰ ਹੀ ਸਨਮਾਨਿਤ ਕੀਤਾ ਜਾਂਦਾ ਹੈ। ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਦੇ ਰੀਡਰ ਉਪਕਾਰ ਸਿੰਘ, ਐਸ ਐਚ ਓ ਦਾਖਾ ਹਮਰਾਜ ਸਿੰਘ, ਮੁਲਾਜ਼ਮ ਸੰਦੀਪ ਸਿੰਘ, ਕੁਲਦੀਪ ਸਿੰਘ ਅਤੇ ਸੁਖਵੰਤ ਸਿੰਘ ਨੂੰ ਅੱਜ ਡੀਜੀਪੀ ਡਿਸਕ ਨਾਲ ਸਨਮਾਨਿਤ ਕੀਤਾ ਗਿਆ। ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਡਿਸਕ ਲਗਾ ਕੇ ਉਹਨਾਂ ਨੂੰ ਸਨਮਾਨਿਤ ਕੀਤਾ। ਇੱਥੇ ਇਹ ਗੱਲ ਦੱਸਣ ਯੋਗ ਹੈ ਕਿ ਇਹ ਮੁਲਾਜ਼ਮ ਆਪਣੀ ਡਿਊਟੀ ਨੂੰ ਬਹੁਤ ਹੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਹਨ। ਜੋ ਲੋਕ ਅਕਸਰ ਹੀ ਇਨਸਾਫ ਦੀ ਉਮੀਦ ਲੈ ਕੇ ਐਸਐਸਪੀ ਦੇ ਦਫਤਰ ਵਿਖੇ ਪਹੁੰਚਦੇ ਹਨ, ਉਨਾਂ ਦੀ ਮਦਦ ਲਈ ਹਮੇਸ਼ਾ ਹੀ ਤਤਪਰ ਰਹਿੰਦੇ ਹਨ। ਡੀਜੀਪੀ ਡਿਸਕ ਨਾਲ ਸਨਮਾਨਿਤ ਹੋਣ ਤੇ ਉਹਨਾਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਅੱਗੇ ਤੋਂ ਹੋਰ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਹਮੇਸ਼ਾ ਨਿਭਾਉਂਦੇ ਰਹਿਣਗੇ

# ਨਹਿਰੀ ਜਲ ਸਪਲਾਈ ਪਾਈਪਲਾਈਨ ਵਿਛਾਉਣ ਲਈ ਮੇਅਰ ਵੱਲੋਂ ਕੰਮ ਦੀ ਸ਼ੁਰੂਆਤ



ਲੁਧਿਆਣਾ, 10 ਦਸੰਬਰ (ਵਿਸ਼ਾਲ ਸ਼ਰਮਾ) : ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਰਾਜ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਬੁੱਧਵਾਰ ਨੂੰ ਕਾਲਜ ਰੋਡ ਤੇ ਨਹਿਰੀ ਜਲ ਸਪਲਾਈ ਪ੍ਰੋਜੈਕਟ ਤਹਿਤ ਜਲ ਸਪਲਾਈ ਪਾਈਪਲਾਈਨ ਵਿਛਾਉਣ ਲਈ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਕੌਂਸਲਰ ਨੰਦਿਨੀ ਮਨੂ ਜੈਰਥ ਦੇ ਨਾਲ, ਮੇਅਰ ਇੰਦਰਜੀਤ ਕੌਰ ਨੇ ਨਹਿਰੂ ਰੋਜ਼ ਗਾਰਡਨ ਦੇ ਬਾਹਰੋਂ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਤਹਿਤ, ਲਗਭਗ 7 ਕਰੋੜ ਰੁਪਏ ਦੀ ਲਾਗਤ ਨਾਲ 2.8 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਈ ਜਾਵੇਗੀ। ਮੇਅਰ ਇੰਦਰਜੀਤ ਕੌਰ ਨੇ ਦੱਸਿਆ ਕਿ ਇਹ ਕੰਮ ਵਰਲਡ ਬੈਂਕ ਅਤੇ ਏ.ਆਈ.ਆਈ.ਬੀ ਦੁਆਰਾ ਫੰਡ ਪ੍ਰਾਪਤ ਨਹਿਰੀ ਜਲ ਸਪਲਾਈ ਪ੍ਰੋਜੈਕਟ ਦੇ ਪਹਿਲੇ ਪੜਾਅ ਤਹਿਤ ਕੀਤਾ ਜਾ ਰਿਹਾ ਹੈ ਜਿਸ ਅਧੀਨ ਪਿੰਡ ਬਿਲਗਾ (ਸਾਹਨੇਵਾਲ ਦੇ ਨੇੜੇ) ਵਿੱਚ ਇੱਕ ਵਿਸ਼ਵ ਪੱਧਰੀ ਵਾਟਰ ਟ੍ਰੀਟਮੈਂਟ ਪਲਾਂਟ (ਡਬਲਯੂ.ਟੀ.ਪੀ) ਵੀ ਸਥਾਪਤ ਕੀਤਾ ਜਾ ਰਿਹਾ ਹੈ। ਲਗਭਗ 1300 ਕਰੋੜ ਰੁਪਏ ਦੀ ਲਾਗਤ ਨਾਲ ਕੀਤੇ ਜਾ ਰਹੇ ਇਸ ਪ੍ਰੋਜੈਕਟ ਦੇ ਪਹਿਲੇ ਪੜਾਅ ਤਹਿਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪਾਣੀ ਵਾਲੀਆਂ ਟੈਂਕੀਆਂ ਅਤੇ ਸੰਬੰਧਿਤ ਪਾਈਪਲਾਈਨਾਂ ਵੀ ਵਿਛਾਈਆਂ ਜਾ ਰਹੀਆਂ ਹਨ। ਮੇਅਰ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੰਮ ਕਰਦੇ ਹੋਏ, ਸੂਬੇ ਭਰ ਵਿੱਚ ਲੋਕ-ਕੇਂਦ੍ਰਿਤ ਪ੍ਰੋਜੈਕਟ ਕੀਤੇ ਜਾ ਰਹੇ ਹਨ। ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 10 ਦਸੰਬਰ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਬੀਤੀ ਰਾਤ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਕੀਤਾ ਗਿਆ।ਜਿਸ ਵਿੱਚ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। । ਇਸ ਦੌਰਾਨ ਪ੍ਰਬੰਧਕਾਂ ਵੱਲੋ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ ਰਜਿੰਦਰ ਸਿੰਘ ਡੰਗ,ਭੁਪਿੰਦਰ ਸਿੰਘ ਜੁਨੇਜਾ, ਸਰਬਜੀਤ ਸਿੰਘ ਦਸ਼ਮੇਸ਼ ਪੰਪ ਵਾਲੇ, ਬਲਬੀਰ ਸਿੰਘ ਭਾਟੀਆ ,ਹਰਪਾਲ ਸਿੰਘ ਖਾਲਸਾ, ਹਰਮੀਤ ਸਿੰਘ ਡੰਗ ਗੁਰਬਚਨ ਸਿੰਘ ਅਤੱਰ ਸਿੰਘ ਮਕੱੜ, ਅਵਤਾਰ ਸਿੰਘ ਮਿੱਢਾ,ਦਵਿੰਦਰ ਸਿੰਘ ਬਿੱਟੂ ,ਖੁਸ਼ਹਾਲ ਚਸਿੰਘ ,ਹਰਚਰਨ ਸਿੰਘ ਕਾਲੜਾ,ਕਵੰਲਪ੍ਰੀਤ ਸਿੰਘ ਸੋਢੀ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ, ਜੋਗਿੰਦਰ ਸਿੰਘ ਸਲੂਜਾ ਵਿਸ਼ੇਸ਼ ਤੌਰ ਤੇ ਹਾਜਰ ਸਨ ।

# ਵਿਧਾਇਕ ਸਿੱਧੂ ਨੇ ਮੋਬਾਈਲ ਵੈਨ ਰਾਹੀਂ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ



ਲੁਧਿਆਣਾ, 10 ਦਸੰਬਰ (ਵਿਸ਼ਾਲ ਸ਼ਰਮਾ) ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਅੱਜ ਮੋਬਾਇਲ ਵੈਨ ਰਾਹੀਂ ਵਾਰਡ ਨੰਬਰ 41 ਡਾਬਾ ਰੋਡ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਉਹਨਾਂ ਨੂੰ ਮੌਕੇ ਤੇ ਹੀ ਹੱਲ ਕੀਤਾ ਗਿਆ। ਜ਼ਿਕਰਯੋਗ ਹੈ ਕਿ ਵਿਧਾਇਕ ਸਿੱਧੂ ਲੰਮੇ ਸਮੇਂ ਤੋਂ ਹਲਕੇ ਦੇ ਅਲੱਗ ਅਲੱਗ ਵਾਰਡਾਂ ਵਿੱਚ ਮੋਬਾਇਲ ਵੈਨ ਰਾਹੀਂ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹਨ ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਸਬੰਧਤ ਸਰਕਾਰੀ ਅਧਿਕਾਰੀ ਨੂੰ ਆਪਣੇ ਨਾਲ ਮੌਜੂਦ ਰੱਖਦੇ ਹਨ ਤਾਂ ਜੋ ਇੱਕੋ ਜਗ੍ਹਾ ਤੇ ਲੋਕਾਂ ਦੇ ਸਾਰੇ ਮਸਲੇ ਹੱਲ ਹੋ ਸਕਣ। ਇਸ ਬਾਰੇ, ਵਿਧਾਇਕ ਸਿੱਧੂ ਦਾ ਕਹਿਣਾ ਹੈ ਕਿ ਜਦੋਂ ਅਸੀਂ ਵੋਟਾਂ ਮੰਗਣ ਲੋਕਾਂ ਦੇ ਦਰ ਤੇ ਜਾਂਦੇ ਹਾਂ ਤਾਂ ਉਹਨਾਂ ਦੇ ਕੰਮ ਕਰਨ ਲਈ ਉਹਨਾਂ ਦੇ ਦਰ ਤੇ ਕਿਉਂ ਨਹੀਂ ਜਾ ਸਕਦੇ ? ਇਸ ਮੌਕੇ ਵਿਧਾਇਕ ਸਿੱਧੂ ਨਾਲ ਕੌਂਸਲਰ ਮਨੀ ਭਗਤ, ਡੀ ਐਸ ਪੀ ਸਤਵਿੰਦਰ ਸਿੰਘ ਵਿਰਕ, ਐਸ ਐਚ ਓ ਧਰਮਿੰਦਰ ਸਿੰਘ, ਇਲਾਕਾ ਪਟਵਾਰੀ ਅਤੇ ਨਗਰ ਨਿਗਮ ਦੇ ਅਧਿਕਾਰੀ ਮੌਜੂਦ ਸਨ ਜਿਨ੍ਹਾਂ ਰਾਹੀਂ ਲੋਕਾਂ ਦੀਆਂ ਮੁਸ਼ਕਿਲਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਵਾਇਆ ਗਿਆ। ਇਸ ਮੌਕੇ ਇਲਾਕਾ ਨਿਵਾਸੀਆਂ ਵੱਲੋਂ ਕੁਝ ਸ਼ਰਾਰਤੀ ਅਨਸਰਾਂ ਬਾਰੇ ਵਿਧਾਇਕ ਸਿੱਧੂ ਨੂੰ ਸ਼ਿਕਾਇਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਸਖਤ ਤਾੜਨਾ ਕਰਦੇ ਕਿਹਾ ਗਿਆ ਕਿ ਮੇਰੇ ਹਲਕਾ ਨਿਵਾਸੀਆਂ ਦੀ ਖੁਸ਼ੀ ਮੇਰੀ ਖੁਸ਼ੀ ਹੈ ਅਤੇ ਉਹਨਾਂ ਦਾ ਦੁੱਖ ਮੇਰਾ ਦੁੱਖ ਹੈ, ਆਪਣੇ ਹਲਕੇ ਵਿੱਚ ਕਿਸੇ ਵੀ ਪ੍ਰਕਾਰ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਾਂਗਾ। ਉਹਨਾਂ ਪੁਲਿਸ ਅਧਿਕਾਰੀਆਂ ਨੂੰ ਇਸ ਸਬੰਧੀ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਵਿਧਾਇਕ ਸਿੱਧੂ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਮਾਹੌਲ ਬੜਾ ਭਾਵਨਾਤਮਕ ਬਣ ਗਿਆ ਜਦੋਂ ਇੱਕ ਬਿਰਧ ਮਾਤਾ ਨੂੰ ਸਰਦੀਆਂ ਵਿੱਚ ਹਲਕੇ ਕੱਪੜਿਆਂ ਵਿੱਚ ਦੇਖ ਵਿਧਾਇਕ ਸਿੱਧੂ ਵੱਲੋਂ ਮੌਕੇ ਤੇ ਹੀ ਗਰਮ ਕੱਪੜੇ ਅਤੇ ਸ਼ੌਲ ਮਾਤਾ ਨੂੰ ਭੇਟ ਕਰ ਉਸ ਦੇ ਪੈਰੀਂ ਹੱਥ ਲਾ ਕੇ ਅਸ਼ੀਰਵਾਦ ਲਿਆ ਅਤੇ ਦੋ ਬਿਰਧ ਮਾਤਾਵਾਂ ਨੂੰ ਦਵਾਈ ਲੈਣ ਲਈ ਆਪਣੀ ਜੇਬ ਵਿੱਚੋਂ ਪੈਸੇ ਦਿੱਤੇ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਗਿੱਲ, ਪੀਏ ਕਮਲਦੀਪ ਕਪੂਰ, ਬਲਾਕ ਪ੍ਰਧਾਨ ਦਲੀਪ ਕੁਮਾਰ, ਬਲਾਕ ਪ੍ਰਧਾਨ ਬਿਪਨ ਸੇਠੀ, ਵਾਰਡ ਪ੍ਰਧਾਨ ਲਖਵਿੰਦਰ ਸਿੰਘ ਭੁੱਲਰ ਵੀ ਹਾਜਰ ਸਨ।

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੀ ਕੋਰ ਕਮੇਟੀ ਦੀ ਮੀਟਿੰਗ



ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਨਿੱਝਰ)ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਅੱਜ ਲੁਧਿਆਣਾ ਵਿਖੇ ਹੋਈ। ਜਿਸ ਵਿੱਚ ਜਥੇਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬਾਬੂ ਸਿੰਘ ਬਰਾੜ, ਪ੍ਰਗਟ ਸਿੰਘ ਜੱਲੂਪੁਰ, ਐਡਵੋਕੇਟ ਹਰਪਾਲ ਸਿੰਘ ਖਾਰਾ, ਕਾਬਲ ਸਿੰਘ ਫਿਰੋਜ਼ਪੁਰ, ਅਵਤਾਰ ਸਿੰਘ ਜਵਾਹਰਕੇ, ਚਰਨਜੀਤ ਸਿੰਘ ਭਿੰਡਰ, ਪ੍ਰਿਥੀਪਾਲ ਸਿੰਘ ਬਟਾਲਾ ਅਤੇ ਗੁਰਲਾਲ ਸਿੰਘ ਸਖੀਰਾ ਸ਼ਾਮਲ ਹੋਏ। ਮੀਟਿੰਗ ਵਿੱਚ ਪਾਰਟੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦਾ ਮੁਲਅੰਕਣ ਕੀਤਾ ਗਿਆ। ਪਾਰਟੀ ਦੇ ਸੰਗਠਨ, ਜਥੇਬੰਦਕ ਢਾਂਚਾ ਅਤੇ ਪਾਰਟੀ ਦੀ ਮੈਂਬਰਸ਼ਿਪ ਸਬੰਧੀ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਤਰਨਤਾਰਨ ਜਿਮਨੀ ਚੋਣ ਸਬੰਧੀ, ਪਾਰਟੀ ਨੂੰ ਦਰਪੇਸ਼ ਚੁਣੌਤੀਆਂ ਅਤੇ ਨਵੇਂ ਬਣੇ ਹਾਲਾਤਾਂ ਸਬੰਧੀ ਮਸਲੇ ਵਿਚਾਰੇ ਗਏ।

ਮੀਟਿੰਗ ਵਿੱਚ ਲੰਮੀ ਵਿਚਾਰ ਚਰਚਾ ਤੋਂ ਬਾਅਦ ਫੈਸਲੇ ਲਏ ਗਏ ਕਿ ਪਾਰਟੀ ਸੰਗਠਨ ਨੂੰ ਮਜਬੂਤ ਕਰਨ ਅਤੇ ਪਾਰਟੀ ਦੀ ਮੈਂਬਰਸ਼ਿਪ ਵਿੱਚ ਤੇਜ਼ੀ ਲਿਆਉਣ ਲਈ ਨਵਾਂ ਜਥੇਬੰਦਕ ਢਾਂਚਾ ਅਮਲ ਵਿੱਚ ਲਿਆਉਣ ਨੂੰ ਪ੍ਰਵਾਨਗੀ ਦਿੱਤੀ ਗਈ। ਜਿਸ ਤਹਿਤ ਵਰਕਿੰਗ ਕਮੇਟੀ, ਸਟੇਟ ਕਾਰਜਕਾਰੀ ਢਾਂਚਾ ਅਤੇ ਜ਼ਿਲ੍ਹਾ ਪੱਧਰੀ ਕਾਰਜਕਾਰੀ ਢਾਂਚਾ ਬਣਾਉਣ ਦਾ ਨਿਰਨਾ ਲਿਆ ਗਿਆ। ਪਾਰਟੀ ਦੀ ਅਨੁਸ਼ਾਸਨੀ ਕਮੇਟੀ ,ਜੋਨ ਇੰਚਾਰਜ ,ਪ੍ਰੈਸ ਸਕੱਤਰ,ਆਈਟੀ ਅਤੇ ਸੋਸ਼ਲ ਮੀਡੀਆ ਸੈਲ ਅਤੇ ਪਾਰਟੀ ਦੇ ਬੁਲਾਰਿਆਂ ਸਬੰਧੀ ਅਹਿਮ ਫੈਸਲੇ ਲਏ ਗਏ। ਪਾਰਟੀ ਦਾ ਧਾਰਮਿਕ ਵਿੰਗ, ਇਸਤਰੀ ਵਿੰਗ ,ਐਸਸੀ ਵਿੰਗ ,ਯੂਥ ਵਿੰਗ ਅਤੇ ਲੀਗਲ ਸੈਲ ਬਣਾਉਣ ਲਈ ਰੂਪ ਰੇਖਾ ਤਿਆਰ ਕੀਤੀ ਗਈ।

ਸ੍ਰੀ ਮੁਕਤਸਰ ਦੀ ਪਵਿੱਤਰ ਧਰਤੀ ਤੇ ਮਾਘੀ ਮੌਕੇ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ।

ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਸ੍ਰੀ ਖਡੂਰ ਸਾਹਿਬ ਅਤੇ ਮੁੱਖ ਸੇਵਾਦਾਰ ਪਾਰਟੀ ,ਦੀ ਪੈਰੋਲ ਅਤੇ ਐਨ ਐਸ ਏ ਦੇ ਸੰਬੰਧ ਵਿੱਚ ਨਵੀਂ ਰਣਨੀਤੀ ਉਲੀਕੀ ਗਈ।

ਅਖੀਰ ਵਿਚ ਕੋਰ ਕਮੇਟੀ ਵੱਲੋਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਦੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਪ੍ਰਤੀ ਅਪਨਾਏ ਗਏ ਮਾੜੇ ਰੱਵਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ । ਉਨ੍ਹਾਂ ਕਿਹਾ ਕਿ ਦੋਵੇਂ ਸਰਕਾਰਾਂ ਆਪਣੀ ਸਤਾ ਦੀ ਕੁਰਸੀ ਹਿਲਦੀ ਵੇਖ ਕੇ ਸਿਆਸੀ ਬਦਲਾਖੋਰੀ ਤਹਿਤ ਭਾਈ ਅੰਮ੍ਰਿਤ ਪਾਲ ਸਿੰਘ ਨੂੰ ਬਾਹਰ ਨਹੀਂ ਆਉਣ ਦੇ ਰਹੀਆਂ। ਪਰ ਪੰਜਾਬ ਦੇ ਲੋਕ ਉਹਨਾਂ ਨੂੰ ਆਪਣਾ ਆਗੂ ਮੰਨ ਚੁੱਕੇ ਹਨ। ਪੰਜਾਬ ਵਿੱਚ ਅਗਲੀ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ,ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੀ ਬਣੇਗੀ।

# ਟੱਲੇਵਾਲੀਏ ਦਾ ਲਿਖਿਆ ਗੀਤ 'ਜੱਗ ਜਣਨੀ' ਰਿਲੀਜ਼



ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਨਿੱਝਰ) ਗੀਤਕਾਰ ਇੰਜੀਨੀਅਰ ਵਰਿੰਦਰ ਟੱਲੇਵਾਲੀਆ ਜੋ ਕਿ ਹੁਣ ਤੱਕ ਆਪਣੇ ਲਿਖੇ ਅਨੇਕਾਂ ਗੀਤਾਂ ਦੇ ਵੱਖ ਵੱਖ ਨਾਮੀ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਕੇ ਸਰੋਤਿਆਂ ਵਿੱਚ ਵਧੀਆ ਨਾਮਣਾ ਖੱਟਣ ਕਾਰਣ ਕਾਫੀ ਚਰਚਾ ਵਿੱਚ ਹਨ, ਉਹਨਾਂ ਦਾ ਲਿਖਿਆ ਸੱਜਰਾ ਗੀਤ 'ਜੱਗ ਜਣਨੀ' ਹੁਣ ਪਾਲੀ ਦੇਤਵਾਲੀਆ ਦੀ ਆਵਾਜ਼ ਵਿੱਚ ਰਿਲੀਜ਼ ਹੋਇਆ ਹੈ। ਟੱਲੇਵਾਲੀਆ ਨੇ ਦੱਸਿਆ ਕਿ ਉਹਨਾਂ ਦੁਆਰਾ ਲਿਖੇ ਇਸ ਗੀਤ ਦੇ ਸੰਗੀਤਕਾਰ ਨਿਰਮਲ ਸਹੋਤਾ ਹਨ ਅਤੇ ਵੀਡੀਓ ਅਵਤਾਰ ਵਰਮਾ ਦੀ ਨਿਰਦੇਸ਼ਨਾ ਹੇਠ ਵੱਖ-ਵੱਖ ਥਾਵਾਂ ਤੇ ਬਣਾਈ ਗਈ ਹੈ। ਉਨਾਂ ਆਖਿਆ ਕਿ ਪਰਿਵਾਰਿਕ ਬੋਲਾਂ 'ਧੀਆਂ ਲਾਡਲੀਆਂ ਨੂੰ ਲਾਡ ਲਡਾਇਆ ਕਰੋ, ਜੱਗ ਜਣਨੀ ਦਾ ਮਾਣ ਵਧਾਇਆ ਕਰੋ' ਬੋਲਾਂ ਵਾਲਾ ਇਹ ਗੀਤ ਹਰ ਘਰ ਵਿੱਚ ਪੂਰੇ ਪਰਿਵਾਰ ਵਿੱਚ ਬੈਠ ਕੇ ਬੜੇ ਮਾਣ ਨਾਲ ਸੁਣਿਆ ਜਾ ਸਕਦਾ ਹੈ।

# ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਟੀਮ ਹੌਬੀ ਨੇ ਕੀਤੀ ਵਿਸ਼ੇਸ਼ ਮੀਟਿੰਗ



ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਭਾਜਪਾ ਪੰਜਾਬ ਦੇ ਸੀਨੀਅਰ ਆਗੂ ਜਸਪ੍ਰੀਤ ਸਿੰਘ ਹੌਬੀ ਵੱਲੋਂ ਲੁਧਿਆਣਾ ਹਲਕਾ ਪੱਛਮੀ ਵਿਖੇ ਆਪਣੇ ਮੁੱਖ ਦਫਤਰ ਵਿੱਚ ਕੁੱਝ ਵਿਸ਼ੇਸ਼ ਸਾਥੀਆਂ ਨਾਲ ਆਉਣ ਵਾਲੇ ਦਿਨਾਂ ਵਿੱਚ ਹੋ ਰਹੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਲੁਧਿਆਣਾ ਹਲਕਾ ਗਿੱਲ ਅਤੇ ਸਾਹਨੇਵਾਲ ਵਰਗੇ ਨੇੜਲੇ ਹਲਕਿਆਂ ਨਾਲ ਸੰਬੰਧਿਤ ਭਾਜਪਾ ਦੇ ਉਮੀਦਵਾਰਾਂ ਨੂੰ ਜਿਤਾਉਣ ਅਤੇ ਪੂਰਨ ਮਦਦ ਕਰਨ ਲਈ ਅਪੀਲ ਕੀਤੀ ਗਈ।ਮੀਟਿੰਗ ਦੌਰਾਨ ਸੀਨੀਅਰ ਮੈਂਬਰਾਂ ਗੁਰਨਿੰਦਰ ਸਿੰਘ ਗੋਜੀ, ਮਾਨਵਜੋਤ ਸਿੰਘ, ਗੁਰਪ੍ਰੀਤ ਸਿੰਘ ਸਰਨਾ, ਜਗਰੂਪ ਸਿੰਘ ਖਾਲਸਾ, ਜਗਪ੍ਰੀਤ ਸਿੰਘ, ਜੋਬਨਜੋਤ ਸਿੰਘ ਖਹਿਰਾ, ਨਰਿੰਦਰ ਸਿੰਘ ਖਾਲਸਾ ਅਤੇ ਅਮਰਪਾਲ ਸਿੰਘ ਸੁਧਾਰ ਨੇ ਭਾਜਪਾ ਦੇ ਉਮੀਦਵਾਰਾਂ ਨੂੰ ਜਿਤਾਉਣ ਸਬੰਧੀ ਆਪਣੇ ਵੱਖ-ਵੱਖ ਸੁਝਾਅ ਦਿੱਤੇ ਅਤੇ ਚੋਣਾਂ ਸਬੰਧੀ ਰਣਨੀਤੀ ਬਣਾਈ। ਇਸ ਮੌਕੇ ਸ. ਹੌਬੀ ਨੇ ਟੀਮ ਦੇ ਸੀਨੀਅਰ ਮੈਂਬਰਾਂ ਨੂੰ ਭਾਜਪਾ ਦੇ ਉਮੀਦਵਾਰਾਂ ਲਈ ਆਪਣੇ ਆਪਣੇ ਸਕੇ ਸਬੰਧੀਆਂ ਨੂੰ ਪ੍ਰਚਾਰ ਕਰਨ ਅਤੇ ਚੋਣਾਂ ਸਬੰਧੀ ਕੁਝ ਵਿਸ਼ੇਸ਼ ਕਾਰਜਾਂ ਲਈ ਡਿਊਟੀਆਂ ਵੀ ਲਗਾਈਆਂ। ਇਸ ਮੌਕੇ ਸ. ਹੌਬੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਜੋ ਕਿ ਦੇਸ਼ ਦੇ ਵਿੱਚ ਇੱਕ ਕਾਮਯਾਬ ਸਰਕਾਰ ਦੇ ਰੂਪ ਵਿੱਚ ਦੇਸ਼ ਅਤੇ ਸੂਬਿਆਂ ਦੀ ਸੰਗਤ ਦੀ ਸੇਵਾ ਕਰ ਰਹੀ ਹੈ ਅਤੇ ਜੇਕਰ ਪੰਜਾਬ ਸੂਬੇ ਦੀ ਤਰੱਕੀ ਵੀ ਸੰਗਤ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਪੰਜਾਬ ਸੂਬੇ ਦੇ ਪਿੰਡਾਂ ਦੀ ਤਰੱਕੀ ਹੋਣੀ ਲਾਜ਼ਮੀ ਹੈ ਅਤੇ ਜੇਕਰ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨਾਲ ਸੰਬੰਧਿਤ ਭਾਜਪਾ ਪਾਰਟੀ ਤੋਂ ਜਿੱਤੇ ਹੋਏ ਉਮੀਦਵਾਰ ਪਿੰਡਾਂ ਦੀ ਸੇਵਾ ਸੰਭਾਲਣਗੇ ਤਾਂ ਪਿੰਡਾਂ ਦੇ ਵਿਕਾਸ ਦੀ ਗੱਡੀ ਦੁਬਾਰਾ ਮੁੜ ਤੋਂ ਲੀਹ ਉਪਰ ਚੜ੍ਹ ਜਾਵੇਗੀ ਅਤੇ ਪੰਜਾਬ ਫਿਰ ਤੋਂ ਇੱਕ ਵਾਰ ਸੋਨੇ ਦੀ ਚਿੜੀ ਕਹਾਉਣ ਲੱਗ ਜਾਵੇਗਾ। ਸ. ਹੌਬੀ ਨੇ ਲੁਧਿਆਣਾ ਜ਼ਿਲੇ ਅਤੇ ਸਮੁੱਚੇ ਪੰਜਾਬ ਸੂਬੇ ਦੀ ਸੰਗਤ ਨੂੰ ਅਪੀਲ ਕੀਤੀ ਕਿ ਇੱਕ ਵਾਰ ਭਾਜਪਾ ਦੇ ਉਮੀਦਵਾਰਾਂ ਅਤੇ ਭਾਰਤੀ ਜਨਤਾ ਪਾਰਟੀ ਨੂੰ ਮੌਕਾ ਜ਼ਰੂਰ ਦੇਣ ਤਾਂ ਜੋ ਦੇਸ਼ ਦੀ ਭਾਜਪਾ ਸਰਕਾਰ ਦੇਸ਼ ਦੇ ਨਾਲ ਨਾਲ ਪੰਜਾਬ ਸੂਬੇ ਦੇ ਪਿੰਡਾਂ ਵਿੱਚ ਵੀ ਆ ਕੇ ਸੰਗਤ ਦੀ ਸੇਵਾ ਕਰ ਸਕੇ।

# ਚੋਣਾਂ ਸਬੰਧੀ ਸੁਧਾਰ ਅਤੇ ਐਸ.ਆਈ.ਆਰ. ਨੂੰ ਲੈ ਕੇ ਸਾਂਸਦ ਮਨੀਸ਼ ਤਿਵਾੜੀ ਲੋਕ ਸਭਾ ਵਿੱਚ ਬੋਲੇ



ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਨਿੱਝਰ) : ਚੰਡੀਗੜ੍ਹ ਦੇ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿੱਚ ਚੋਣਾਂ ਸਬੰਧੀ ਸੁਧਾਰਾਂ ਅਤੇ ਸਪੈਸ਼ਲ ਇਨਸੈਂਟਿਵ ਰਿਵੀਜ਼ਨ (ਐਸਆਈਆਰ) ਉੱਪਰ ਚੱਲ ਰਹੇ ਚਰਚਾ ਦੌਰਾਨ ਦੇਸ਼ ਅੰਦਰ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਉਸ ਵੱਲੋਂ ਚਲਾਈ ਜਾ ਰਹੀ ਐਸਆਈਆਰ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕੀਤੇ। ਇਸ ਮੌਕੇ ਸੰਬੋਧਨ ਕਰਦਿਆਂ, ਲੋਕਤੰਤਰ ਵਿੱਚ ਦੇਸ਼ ਦੇ ਕਰੀਬ 98 ਕਰੋੜ ਵੋਟਰ ਅਤੇ ਸਿਆਸੀ ਦਲਾਂ ਦੇ ਰੂਪ ਵਿੱਚ ਦੋ ਦੋ ਵੱਡੇ ਭਾਗੀਦਾਰ ਹਨ ਅਤੇ ਇੱਕ ਨਿਊਟਰਲ ਅੰਪਾਇਰ ਵਜੋਂ ਚੋਣ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਤਿਵਾੜੀ ਨੇ ਕਿਹਾ ਕਿ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਪਰ ਸਵਾਲ ਉੱਠ ਰਹੇ ਹਨ।

ਉਹਨਾਂ ਨੇ ਕਿਹਾ ਕਿ 2023 ਵਿੱਚ ਬਣੇ ਕਾਨੂੰਨ ਵਿੱਚ ਸੁਧਾਰ ਦੀ ਲੋੜ ਤਹਿਤ ਚੋਣ ਕਮਿਸ਼ਨ ਦੀ ਨਿਯੁਕਤੀ ਵਾਸਤੇ ਬਣੀ ਕਮੇਟੀ ਅੰਦਰ ਦੋ ਲੋਕ ਸਰਕਾਰ, ਦੋ ਵਿਰੋਧੀ ਧਿਰ ਅਤੇ ਇੱਕ ਜਸਟਿਸ ਆਫ ਇੰਡੀਆ ਸ਼ਾਮਿਲ ਹੋਣੇ ਚਾਹੀਦੇ ਹਨ, ਤਾਂ ਜੋ ਸਹੀ ਤਰੀਕੇ ਨਾਲ ਪ੍ਰਕਿਰਿਆ ਅਮਲ ਵਿੱਚ ਲਿਆਈ ਜਾ ਸਕੇ। ਇਸ ਵਿਚ ਰਾਜ ਸਭਾ ਦੇ ਵਿਰੋਧੀ ਧਿਰ ਦੇ ਲੀਡਰ ਅਤੇ ਦੇਸ਼ ਦੇ ਚੀਫ ਜਸਟਿਸ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ । ਉਹਨਾਂ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਇਹਵੀਐਮ ਮੈਨੂਪਲੇਟ ਹੋ ਸਕਦੇ ਹਨ।ਉਹਨਾਂ ਨੇ ਖੁਲਾਸਾ ਕੀਤਾ ਕਿ ਉਹ ਪਹਿਲਾਂ ਵੀ ਪੁੱਛ ਚੁੱਕੇ ਹਨ ਕਿ ਏਵੀਐਮ ਦਾ ਸੋਰਸ ਕੋਡ ਕਿਸ ਕੋਲ ਹੈ। ਇਹ ਸੋਰਸ ਕੋਡ ਕੰਪਨੀ ਕੋਲ ਹੈ, ਜਾਂ ਫਿਰ ਚੋਣ ਕਮਿਸ਼ਨ ਕੋਲ ਹੈ, ਲੇਕਿਨ ਇਸ ਬਾਰੇ ਹਾਲੇ ਤੱਕ ਜਵਾਬ ਨਹੀਂ ਮਿਲਿਆ। ਉਹ ਇੱਕ ਵਾਰ ਫਿਰ ਤੋਂ ਪੁੱਛਣਾ ਚਾਹੁੰਦੇ ਹਨ ਕਿ ਇਸ ਦਾ ਸੋਰਸ ਕੋਡ ਜਾਂ ਮਦਰ ਬੋਰਡ ਪ੍ਰੋਗਰਾਮ ਕਿਸ ਕੋਲ ਹੈ।ਇਸ ਮੌਕੇ ਉਨਾਂ ਨੇ ਚੋਣਾਂ ਨੂੰ ਮੁੜ ਤੋਂ ਬੈਲਟ ਪੇਪਰਾਂ ਉੱਪਰ ਲਿਆਉਣ ਦੀ ਜੋਰਦਾਰ ਮੰਗ ਕੀਤੀ। ਉਹਨਾਂ ਕਿਹਾ ਭਾਵੇਂ ਗਿਣਤੀ ਵਿੱਚ ਦੋ ਤੋਂ ਤਿੰਨ ਦਿਨ ਲੱਗਣਗੇ, ਲੇਕਿਨ ਲੋਕਾਂ ਦਾ ਭਰੋਸਾ ਤਾਂ ਮੁੜ ਤੋਂ ਪਰਤੇਗਾ। ਕਈ ਦੇਸ਼ ਬੈਲਟ ਪੇਪਰ ਰਾਹੀ ਵੋਟਿੰਗ ਤੇ ਪਰਤੇ ਹਨ। ਜੇਕਰ ਸੁਧਾਰ ਕੀਤੇ ਜਾਣਗੇ, ਤਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ।

# ਸਰਕਾਰਾਂ ਮਨੁੱਖੀ ਅਧਿਕਾਰਾਂ ਦਾ ਹੁੰਦਾ ਘਾਣ ਰੋਕਣ ਲਈ ਕੋਈ ਠੋਸ ਕਾਰਵਾਈ ਨਹੀਂ ਕਰ ਰਹੀਆਂ : ਸੰਤ ਜਗੇੜਾ



ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਨਿੱਝਰ) ਸੰਤ ਸ਼ਮਸ਼ੇਰ ਸਿੰਘ ਜਗੇੜਾ ਪ੍ਰਧਾਨ ਮਨੁੱਖੀ ਅਧਿਕਾਰ ਸੰਸਥਾ ਸੰਤ ਸਿਪਾਹੀ ਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਜੋਕੇ ਸਮਾਜ ਵਿੱਚ ਮਨੁੱਖੀ ਅਧਿਕਾਰਾਂ ਦੀ ਰੋਜ਼ ਹੋ ਰਹੀ ਉਲੰਘਣਾ ਭਾਰੀ ਚਿੰਤਾ ਦਾ ਵਿਸ਼ਾ ਹੈ, ਜਿਸ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ । ਉਨ੍ਹਾਂ ਕਿਹਾ ਕਿ 1948 ਨੂੰ ਇਸ ਦਿਨ ਯੂ.ਐਨ.ਓ. ਵਿੱਚ ਮਨੁੱਖੀ ਅਧਿਕਾਰਾਂ ਦੇ ਲਈ ਮਤਾ ਪਾਸ ਕੀਤਾ ਗਿਆ ਸੀ ।ਉਨ੍ਹਾਂ ਕਿਹਾ ਕਿ ਰਾਜਾਂ ਵਿੱਚ ਵੀ ਸਰਕਾਰਾਂ ਨੇ ਮਨੁੱਖੀ ਅਧਿਕਾਰ ਕਮਿਸ਼ਨ ਬਣਾਏ ਹਨ ਪਰ ਉਨ੍ਹਾਂ ਦਾ ਸਾਰਥਿਕ ਨਤੀਜਾ ਸਾਹਮਣੇ ਨਹੀਂ ਨਿਕਲਿਆ, ਲੋਕਾਂ ਨੂੰ ਇਨਸਾਫ਼ ਲਈ ਦਰ-ਦਰ ਭਟਕਣਾ ਪੈ ਰਿਹਾ ਹੈ ਅਤੇ ਆਪਣਾ ਕੀਮਤੀ ਸਮਾਂ ਵੀ ਅਜਾਈਂ ਗਵਾਉਣਾ ਪੈ ਰਿਹਾ ਹੈ । ਸਰਕਾਰਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੋਈ ਵੀ ਠੋਸ ਕਦਮ ਨਹੀਂ ਉਠਾ ਰਹੀਆਂ ਅਤੇ ਨਾ ਹੀ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਰੋਕਣ ਲਈ ਕੁਝ ਕਰ ਰਹੀਆਂ ਹਨ॥ ਉਹਨਾਂ ਕਿਹਾ ਕਿ ਲੋਕਾਂ ਨੂੰ ਆਪਣੇ ਅਧਿਕਾਰ ਲੈਣ ਲਈ ਸਰਕਾਰਾਂ ਤੇ ਨਿਰਭਰ ਰਹਿਣ ਦੀ ਬਜਾਏ ਖੁਦ ਜਾਗ੍ਰਿਤ ਹੋਣਾ ਪਏਗਾ।

# ਕੀ ਭਾਰਤ ਵੀ ਆਸਟ੍ਰੇਲੀਆ ਵਾਂਗ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਇਸਤੇਮਾਲ ਕਰਨ 'ਤੇ ਪਾਬੰਦੀ ਲਗਾਏਗਾ?



ਲੁਧਿਆਣਾ 10 ਦਸੰਬਰ (ਰਵਿੰਦਰ ਸਿੰਘ ਨਿੱਝਰ) : ਜਦੋਂ ਤੋਂ ਸੋਸ਼ਲ ਮੀਡੀਆ ਵਰਤੋਂ ਵਿੱਚ ਆਇਆ ਹੈ ਇਸਦੇ ਜਿੱਥੇ ਬਹੁਤ ਸਾਰੇ ਫਾਇਦੇ ਹੋਏ ਹਨ ਉੱਥੇ ਨੁਕਸਾਨਾਂ ਦੀ ਲਿਸਟ ਵੀ ਬਹੁਤ ਲੰਬੀ ਹੈ। ਛੋਟੇ ਬੱਚੇ ਇਸ ਦੇ ਨੁਕਸਾਨਾਂ ਦਾ ਵਧੇਰੇ ਸ਼ਿਕਾਰ ਹੋ ਰਹੇ ਹਨ ਇਸ ਨੂੰ ਲੈ ਕੇ ਸਰਕਾਰਾਂ ਦੀ ਸੋਚਣਾ ਸ਼ੁਰੂ ਕਰ ਦਿੱਤਾ ਹੈ ਕਿ ਕਿਉਂ ਨਾ ਛੋਟੇ ਬੱਚਿਆਂ ਤੇ ਸੋਸ਼ਲ ਮੀਡੀਆ ਵਰਤਨ ਤੇ ਪਾਬੰਦੀ ਲਗਾਈ ਜਾਵੇ ਇਸ ਸੰਦਰਭ ਵਿੱਚ ਪਹਿਲਾ ਕਦਮ ਆਸਟਰੇਲੀਆ ਨੇ ਚੁੱਕਿਆ ਹੈ। ਆਸਟਰੇਲੀਆ ਰਹਿੰਦੇ ਪ੍ਰਵਾਸੀ ਪੰਜਾਬੀ ਅਸ਼ਵਨੀ ਬਾਵਾ ਤੋਂ ਮਿਲੀ ਜਾਣਕਾਰੀ ਮੁਤਾਬਕ ਕਈ ਆਸਟ੍ਰੇਲੀਆਈ ਬੱਚੇ ਜੋ 16 ਸਾਲ ਤੋਂ ਛੋਟੇ ਹਨ 10 ਦਸੰਬਰ ਤੋਂ ਦੇਸ਼ ਵਿਆਪੀ ਬੈਨ ਲਾਗੂ ਹੋਣ ਕਰਕੇ ਸੋਸ਼ਲ ਮੀਡੀਆ ਨਹੀਂ ਵਰਤ ਸਕਣਗੇ। ਸਰਕਾਰ ਮੰਨਦੀ ਹੈ ਕਿ ਨਿਯਮ 100 ਫੀਸਦੀ ਪ੍ਰਭਾਵੀ ਨਹੀਂ ਹੋਵੇਗਾ ਅਤੇ ਬੱਚੇ ਫਿਰ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਪਲੇਟਫਾਰਮਾਂ ਤਕ ਪਹੁੰਚ ਬਣਾ ਸਕਦੇ ਹਨ। 16 ਸਾਲ ਤੋਂ ਘੱਟ ਉਮਰ ਦੇ ਬੱਚੇ ਆਪਣੇ ਨਾਂ 'ਤੇ ਸੋਸ਼ਲ ਮੀਡੀਆ ਅਕਾਊਂਟ ਨਹੀਂ ਬਣਾ ਸਕਣਗੇ। ਪਰ ਜੇਕਰ ਕੋਈ ਕੰਪਨੀ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਦਿੰਦੀ ਹੈ, ਤਾਂ ਉਸਨੂੰ ਜਵਾਬਦੇਹ ਬਣਾਇਆ ਜਾਵੇਗਾ ਅਤੇ ਜੁਰਮਾਨਾ ਵਸੂਲ ਕੀਤਾ ਜਾਵੇਗਾ।ਬੈਨ ਦਾ ਮਕਸਦ ਬੱਚਿਆਂ ਨੂੰ ਸਜ਼ਾ ਦੇਣਾ ਨਹੀਂ, ਬਲਕਿ ਉਹਨਾਂ ਦੀ ਸੁਰੱਖਿਅਤ ਕਰਨਾ ਹੈ। ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ ਦੀ ਲਤ ਕਰਕੇ ਬੱਚੇ ਮਾਨਸਿਕ ਤਣਾਅ ਸਮੇਤ ਸ਼ਰਮਨਾਕ ਸਥਿਤੀ ਦਾ ਸ਼ਿਕਾਰ ਬਣ ਜਾਂਦੇ ਹਨ। ਜੇ ਕੋਈ ਸੋਸ਼ਲ ਮੀਡੀਆ ਪਲੇਟਫਾਰਮ 16 ਤੋਂ ਘੱਟ ਉਮਰ ਦੇ ਬੱਚਿਆਂ ਨੂੰ ਰੋਕਣ ਦੇ ਲਈ ਲੋੜੀਂਦੇ ਕਦਮ ਨਹੀਂ ਚੁੱਕਦੀ ਜਿਵੇਂ ਉਨ੍ਹਾਂ ਦੇ ਖਾਤਿਆਂ ਨੂੰ ਮਿਟਾਉਣਾ, ਨਵੇਂ ਖਾਤੇ ਬਣਨ 'ਤੇ ਰੋਕ ਲਗਾਉਣਾ, ਜਾਂ ਗਲਤੀ ਨਾਲ ਕੋਈ ਬੱਚਾ ਰਹਿ ਗਿਆ ਹੋਵੇ ਤਾਂ ਉਸ ਨੂੰ ਸਹੀ ਢੰਗ ਨਾਲ ਹਟਾਉਣਾ ਤਾਂ ਉਸ 'ਤੇ ਸਜ਼ਾ ਹੋ ਸਕਦੀ ਹੈ। ਅਜਿਹਾ ਨਾ ਕਰਨ 'ਤੇ ਪਲੇਟਫਾਰਮ ਨੂੰ ਲਗਭਗ 49.5 ਮਿਲਿਅਨ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਸ ਪਾਬੰਦੀ ਦੇ ਘੇਰੇ ਵਿੱਚ ਫੇਸਬੁੱਕ ਇੰਸਟਾਗਰਾਮ, ਥਰੈਡਸ, ਸਨੈਪਚੈਟ, ਟਿਕਟੋਕ, ਐਕਸ, ਯੂਟਿਊਬ, ਰੈਡਿਟ, ਕਿੱਕ ਅਤੇ ਟਵਿੱਚ ਆਦ ਲਿਆਂਦੇ ਗਏ ਹਨ ? ਪ੍ਰੰਤੂ ਗੂਗਲ ਕਲਾਸ ਰੂਮ, ਫੇਸਬੁੱਕ ਮੈਸੇਂਜਰ, ਪਿੰਟਰੈਸਟ, ਵਟਸਐਪ ਅਤੇ ਯੂਟਿਊਬ ਕਿਡਜ ਨੂੰ ਇਸ ਦਾਇਰੇ ਤੋਂ ਫਿਲਹਾਲ ਬਾਹਰ ਰੱਖਿਆ ਗਿਆ ਹੈ। ਮਾਪਿਆਂ ਨੂੰ ਆਪਣੇ ਬੱਚੇ ਦੇ ਨਾਲ ਵਾਪਰ ਰਹੀਆਂ ਘਟਨਾਵਾਂ (ਬੱਚੇ ਦੁਆਰਾ ਬਣਾਏ ਗਏ ਫੇਕ ਅਕਾਊਂਟਸ, ਉਹਨਾਂ ਦੀ ਸਕੂਲ ਵਿੱਚ ਹੁੰਦੀ ਬੁਲਿੰਗ ਅਤੇ ਉਹਨਾਂ ਦੇ ਦੋਸਤਾਂ ਦੀ ਜਾਣਕਾਰੀ ਆਦਿ ਬਾਰੇ ਜਾਗਰੂਕ ਰਹਿਣ ਲਈ ਕਿਹਾ ਗਿਆ ਹੈ। ਮਾਪਿਆਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਆਪਣੇ ਬੱਚਿਆਂ ਨੂੰ ਖੇਡ ਗਤੀਵਿਧੀਆਂ ਆਦਿ ਵਿੱਚ ਉਤਸ਼ਾਹਿਤ ਕਰਨ।

## ਤੇਜ਼ੀ ਨਾਲ ਬੁੱਢੀ ਹੋ ਰਹੀ ਹੈ ਅਬਾਦੀ

### ☛2036 ਤੱਕ ਬਜ਼ੁਰਗਾਂ ਦੀ ਗਿਣਤੀ 22.74 ਕਰੋੜ ਤੱਕ ਪੁੱਜਣ ਦਾ ਅਨੁਮਾਨ

ਨਵੀਂ ਦਿੱਲੀ, 10 ਦਸੰਬਰ (ਚ.ਨ.ਸ): ਦੇਸ਼ ਦੀ ਅਬਾਦੀ ਤੇਜ਼ੀ ਨਾਲ ਬੁੱਢੀ ਹੋ ਰਹੀ ਹੈ ਤੇ 2036 ਤੱਕ ਬਜ਼ੁਰਗਾਂ ਦੀ ਗਿਣਤੀ 22.74 ਕਰੋੜ ਤੱਕ ਪੁੱਜਣ ਦਾ ਅਨੁਮਾਨ ਹੈ । ਇਸ ਕਾਰਨ ਸਿਹਤ ਸੇਵਾ, ਸਮਾਜਿਕ ਸੁਰੱਖਿਆ, ਆਰਥਿਕ ਨਿਰਭਰਤਾ ਤੇ ਡਿਜੀਟਲ ਸਹੂਲਤਾਂ ਦਾ ਇਸਤੇਮਾਲ ਵਰਗੀਆਂ ਚੁਣੌਤੀਆਂ ਵੀ ਵਧਦੀਆਂ ਜਾ ਰਹੀਆਂ ਹਨ । ਕਾਂਗਰਸ ਦੇ ਸੰਸਦ ਮੈਂਬਰ ਸੀਕੇ ਕੁਮਾਰ ਰੈਡੀ ਦੇ ਸਵਾਲ 'ਤੇ ਲੋਕ ਸਭਾ 'ਚ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਸ਼ਟਰੀ ਅਬਾਦੀ ਕਮਿਸ਼ਨ ਵੱਲੋਂ ਗਠਿਤ ਅਬਾਦੀ ਅਨੁਮਾਨਾਂ 'ਤੇ ਤਕਨੀਕੀ ਸਮੂਹ ਦੇ ਨਤੀਜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 60 ਸਾਲ ਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ 2011 'ਚ 10.16 ਕਰੋੜ ਤੋਂ ਵੱਧ ਕੇ 2036 'ਚ 22.74 ਕਰੋੜ ਹੋਣ ਦੀ ਉਮੀਦ ਹੈ। ਇਸੇ ਮਿਆਦ ਦੌਰਾਨ ਕੁਲ ਅਬਾਦੀ 'ਚ ਉਨ੍ਹਾਂ ਦੀ ਭਾਈਵਾਲੀ 8.4 ਫ਼ੀਸਦ ਤੋਂ ਵਧ ਕੇ 14.9 ਫ਼ੀਸਦ ਹੋਣ ਦਾ ਅਨੁਮਾਨ ਹੈ ਯਾਨੀ ਹਰ 7 'ਚੋਂ ਇਕ ਭਾਰਤੀ ਸੀਨੀਅਰ ਨਾਗਰਿਕ ਹੋਵੇਗਾ। ਉੱਥੇ ਹੀ 2036 ਤੱਕ ਅਨੁਮਾਨਤ ਅਬਾਦੀ 153 ਕਰੋੜ ਹੋਵੇਗੀ।



**ਸੀਨੀਅਰ ਨਾਗਰਿਕਾਂ ਲਈ 'ਅਵਯਯ' ਯੋਜਨਾ**

ਗ੍ਰਹਿ ਰਾਜ ਮੰਤਰੀ ਨੇ ਦੱਸਿਆ ਕਿ ਬਜ਼ੁਰਗਾਂ ਦੀ ਅਬਾਦੀ 'ਚ ਤੇਜ਼ ਵਾਧਾ ਸਿਹਤ, ਸਮਾਜਿਕ, ਆਰਥਿਕ ਤੇ ਡਿਜੀਟਲ ਖੇਤਰਾਂ 'ਚ ਚੁਣੌਤੀਆਂ ਖੜ੍ਹੀ ਕਰੇਗੀ। ਇਨ੍ਹਾਂ ਉੱਭਰਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਨੇ ਇਕ ਅਪ੍ਰੈਲ, 2021 ਤੋਂ ਅਟਨ ਵਯੋ ਅਭੁਦਯ ਯੋਜਨਾ (ਅਵਯਯ) ਲਾਗੂ ਕੀਤੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸੀਨੀਅਰ ਨਾਗਰਿਕਾਂ ਨੂੰ ਬੁਨਿਆਦੀ ਸਹੂਲਤਾਂ ਜਿਵੇਂ ਆਸਰਾ, ਭੋਜਨ, ਮੈਡੀਕਲ ਦੇਖਭਾਲ ਤੇ ਮਨੋਰੰਜਨ ਦੇ ਮੌਕੇ ਮੁਹੱਈਆ ਕਰਵਾਉਣਾ ਹੈ ਤੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ 'ਚ ਸੁਧਾਰ ਕਰਨਾ ਹੈ। ਨਾਲ ਹੀ ਉਨ੍ਹਾਂ ਦੀ ਉਤਪਾਦਕ ਤੇ ਸਰਗਰਮ ਬਿਰਧ ਅਵਸਥਾ ਨੂੰ ਉਤਸ਼ਾਹਤ ਕਰਨਾ ਹੈ। ਇਸ ਯੋਜਨਾ ਤਹਿਤ ਪੂਰੇ ਦੇਸ਼ 'ਚ ਸੀਨੀਅਰ ਨਾਗਰਿਕਾਂ ਲਈ ਸਹਾਇਤਾ ਤੇ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਰਕਾਰ ਨੇ ਰਾਸ਼ਟਰੀ ਸੀਨੀਅਰ ਨਾਗਰਿਕ ਪ੍ਰੀਸ਼ਦ ਵੀ ਬਣਾਈ ਹੈ, ਜਿਸ ਦੀ ਪ੍ਰਧਾਨਗੀ ਸਮਾਜਿਕ ਨਿਆਂ ਅਧਿਕਾਰਤਾ ਮੰਤਰੀ ਕਰਦੇ ਹਨ । ਇਸ ਪ੍ਰੀਸ਼ਦ 'ਚ ਵੱਖ-ਵੱਖ ਖੇਤਰਾਂ ਦੇ ਮਾਹਰ ਤੇ ਨੁਮਾਇੰਦੇ ਸ਼ਾਮਲ ਹਨ, ਜਿਹੜੇ ਬਜ਼ੁਰਗਾਂ ਨਾਲ ਜੁੜੇ ਮੁੱਦਿਆਂ 'ਤੇ ਸਲਾਹ ਦਿੰਦੇ ਹਨ।

**2050 ਤੱਕ ਹਰ ਪੰਜਵਾਂ ਭਾਰਤੀ ਬਜ਼ੁਰਗ:ਨੀਤੀ ਆਯੋਗ**

ਜ਼ਿਕਰਯੋਗ ਹੈ ਕਿ ਸਾਲ 2023 'ਚ ਨੀਤੀ ਆਯੋਗ ਨੇ ਦੱਸਿਆ ਹੈ ਕਿ ਦੁਨੀਆ ਭਰ 'ਚ ਸੀਨੀਅਰ ਨਾਗਰਿਕਾਂ ਦੀ ਅਬਾਦੀ ਤੇਜ਼ੀ ਨਾਲ ਵੱਧ ਰਹੀ ਹੈ। ਭਾਰਤ 'ਚ ਵੀ ਜਨਮ ਦਰ ਡਿੱਗਣ ਤੇ ਸਿਹਤ ਪ੍ਰਤੀ ਜਾਗਰੂਕਤਾ ਕਾਰਨ ਬਜ਼ੁਰਗਾਂ ਦੀ ਗਿਣਤੀ ਵੱਧ ਰਹੀ ਹੈ। ਕਮਿਸ਼ਨ ਨੇ ਅਨੁਮਾਨ ਪ੍ਰਗਟਾਇਆ ਸੀ ਕਿ 2050 ਤੱਕ ਕੁਲ ਅਬਾਦੀ ਦੇ 19.5 ਫ਼ੀਸਦ ਬਜ਼ੁਰਗ ਹੋਣਗੇ, ਜਿਹੜੇ ਫਿਲਹਾਲ 10 ਫ਼ੀਸਦ ਹਨ। ਅਨੁਮਾਨ ਹੈ ਕਿ 2050 ਤੱਕ ਹਰ ਪੰਜਵਾਂ ਭਾਰਤੀ ਬਜ਼ੁਰਗ ਹੋਵੇਗਾ।

## 1 ਅਰਬ ਤੋਂ ਵੱਧ ਔਰਤਾਂ ਬਚਪਨ 'ਚ ਹੀ ਹੋਈਆਂ ਜਿਣਸੀ ਹਿੰਸਾ ਦਾ ਸ਼ਿਕਾਰ

### ☛ਉਪ-ਸਹਾਰਾ ਅਫਰੀਕਾ ਤੇ ਦੱਖਣੀ ਏਸ਼ੀਆ ਦੀਆਂ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ

ਨਵੀਂ ਦਿੱਲੀ, 10 ਦਸੰਬਰ (ਚ.ਨ.ਸ): ਇੱਕ ਰਿਪੋਰਟ ਅਨੁਸਾਰ, 2023 ਵਿੱਚ ਦੁਨੀਆ ਭਰ ਵਿੱਚ 15 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ ਇੱਕ ਅਰਬ ਤੋਂ ਵੱਧ ਔਰਤਾਂ ਨੇ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ।ਜਦ ਕਿ ਲਗਭਗ 608 ਮਿਲੀਅਨ ਔਰਤਾਂ ਨੇ ਨਜ਼ਦੀਕੀ ਸਾਥੀ ਦੀ ਹਿੰਸਾ ਦਾ ਸਾਹਮਣਾ ਕੀਤਾ । ਨਜ਼ਦੀਕੀ ਸਾਥੀ ਤੇ ਜਿਨਸੀ ਹਿੰਸਾ ਦੋਵਾਂ ਦੀ ਸਭ ਤੋਂ ਵੱਧ ਪ੍ਰਚੱਲਿਤ ਦਰ ਉਪ-ਸਹਾਰਾ ਅਫਰੀਕਾ ਤੇ ਦੱਖਣੀ ਏਸ਼ੀਆ ਵਿੱਚ ਪਾਈ ਗਈ । ਖੋਜਕਰਤਾਵਾਂ ਨੇ ਨੋਟ ਕੀਤਾ ਕਿ ਇਨ੍ਹਾਂ ਖੇਤਰਾਂ ਵਿੱਚ ਹਿੰਸਾ ਦੇ ਸਿਹਤ ਪ੍ਰਭਾਵ ਐਚਆਈਵੀ ਤੇ ਹੋਰ ਪੁਰਾਣੀਆਂ ਬਿਮਾਰੀਆਂ ਦੀਆਂ ਉੱਚ ਦਰਾਂ ਕਾਰਨ ਹੋਰ ਵੀ ਵਧ ਜਾਂਦੇ ਹਨ ।ਭਾਰਤ ਵਿੱਚ 15 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਨਜ਼ਦੀਕੀ ਸਾਥੀ ਦੀ ਹਿੰਸਾ ਦੀ ਪ੍ਰਚੱਲਤ ਦਰ 23 ਫੀਸਦ ਹੋਣ ਦਾ ਅਨੁਮਾਨ ਹੈ।ਅਨੁਮਾਨ ਮੁਤਾਬਕ 15 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ 30 ਫੀਸਦੀ ਤੋਂ ਵੱਧ ਔਰਤਾਂ ਤੇ 13 ਫੀਸਦੀ ਮਰਦਾਂ ਨੇ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ । ਖੋਜਕਰਤਾਵਾਂ ਨੇ ਗਲੋਬਲ ਬਰਡਨ ਆਫ਼ ਡਿਜ਼ੀਜ਼ (Global Burden of Disease-GBD) ਅਧਿਐਨ 2023 ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ, ਜੋ ਕਿ ਸਥਾਨਾਂ ਤੇ ਸਮੇਂ ਦੇ ਨਾਲ ਸਿਹਤ ਦੇ ਨੁਕਸਾਨ ਨੂੰ ਮਾਪਣ ਲਈ ਸਭ ਤੋਂ ਵੱਡਾ, ਸਭ ਤੋਂ ਵਿਆਪਕ ਯਤਨ ਹੈ । ਅਮਰੀਕਾ ਦੀ ਵਾਸ਼ਿੰਗਟਨ ਯੂਨੀਵਰਸਿਟੀ ਇਸ ਜੀ ਬੀ ਡੀ ਅਧਿਐਨ ਦਾ ਤਾਲਮੇਲ ਕਰਦੀ ਹੈ।ਲੇਖਕਾਂ ਨੇ ਲਿਖਿਆ ਕਿ ਵਿਸ਼ਵ ਪੱਧਰ 'ਤੇ 2023 ਵਿੱਚ ਅਸੀਂ ਅੰਦਾਜ਼ਾ ਲਗਾਇਆ ਕਿ 15 ਸਾਲ ਤੇ ਇਸ ਤੋਂ ਵੱਧ ਉਮਰ ਦੀਆਂ 608 ਮਿਲੀਅਨ ਔਰਤਾਂ ਕਦੇ ਨਾ ਕਦੇ IPV (ਨਜ਼ਦੀਕੀ ਸਾਥੀ ਦੀ ਹਿੰਸਾ) ਦਾ ਸ਼ਿਕਾਰ ਹੋਈਆਂ ਸਨ ਤੇ 15 ਸਾਲ ਤੇ ਇਸ ਤੋਂ ਵੱਧ ਉਮਰ ਦੇ 1.01 ਅਰਬ ਵਿਅਕਤੀਆਂ ਨੇ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਸੀ।ਚਿੰਤਾ ਤੇ ਵੱਡੇ ਡਿਪਰੈਸ਼ਨ ਸੰਬੰਧੀ ਵਿਕਾਰ ਨਜ਼ਦੀਕੀ ਸਾਥੀ ਦੀ ਹਿੰਸਾ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਅਪੰਗਤਾ ਦੇ ਅੱਠ ਪ੍ਰਮੁੱਖ ਕਾਰਨਾਂ ਵਿੱਚੋਂ ਸਨ, ਜਦੋਂ ਕਿ ਬਚਪਨ ਵਿੱਚ ਜਿਨਸੀ ਹਿੰਸਾ ਦਾ ਅਨੁਭਵ 14 ਸਿਹਤ ਨਤੀਜਿਆਂ ਨਾਲ ਜੁੜਿਆ ਹੋਇਆ ਸੀ, ਜਿਸ ਵਿੱਚ ਮਾਨਸਿਕ



ਸਿਹਤ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਬੰਧੀ ਵਿਕਾਰ ਤੇ ਪੁਰਾਣੀਆਂ ਬਿਮਾਰੀਅ ਸ਼ਾਮਲ ਹਨ ।ਬਚਪਨ ਵਿੱਚ ਜਿਨਸੀ ਹਿੰਸਾ ਕਾਰਨ ਪੈਦਾ ਹੋਣ ਵਾਲੀ ਅਪੰਗਤਾ ਦੇ ਪ੍ਰਮੁੱਖ ਕਾਰਨਾਂ ਵਿੱਚ ਸਵੈ-ਨੁਕਸਾਨ ਤੇ ਸ਼ਾਈਜ਼ੋਫਰੀਨੀਆ ਪਾਏ ਗਏ । ਖੋਜਕਰਤਾਵਾਂ ਨੇ ਕਿਹਾ ਕਿ ਔਰਤਾਂ ਤੇ ਬੱਚਿਆਂ ਵਿਰੁੱਧ ਹਿੰਸਾ ਦਾ ਨਿਪਟਾਰਾ ਕਰਨਾ ਨਾ ਸਿਰਫ਼ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ, ਸਗੋਂ ਇੱਕ ਮਹੱਤਵਪੂਰਨ ਜਨਤਕ ਸਿਹਤ ਤਰਜੀਹ ਵੀ ਹੈ ਜੋ ਲੱਖਾਂ ਜਾਨਾਂ ਬਚਾਅ ਸਕਦੀ ਹੈ। ਵਿਸ਼ਵ ਸਿਹਤ ਸੰਗਠਨ (WHO) ਨੇ ਨਵੰਬਰ ਵਿੱਚ ਪ੍ਰਕਾਸ਼ਿਤ ਇੱਕ ਗਲੋਬਲ ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਸੀ ਕਿ 2023 ਵਿੱਚ ਭਾਰਤ ਵਿੱਚ 15-49 ਸਾਲ ਦੀ ਉਮਰ ਦੀਆਂ ਇੱਕ ਪੰਜਵੇਂ ਤੋਂ ਵੱਧ ਔਰਤਾਂ ਨਜ਼ਦੀਕੀ ਸਾਥੀ ਦੀ ਹਿੰਸਾ ਦਾ ਸ਼ਿਕਾਰ ਹੋਈਆਂ ਸਨ, ਜਦੋਂ ਕਿ ਲਗਭਗ 30 ਫੀਸਦੀ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਪ੍ਰਭਾਵਿਤ ਹੋਈਆਂ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਵ ਭਰ ਵਿੱਚ ਲਗਭਗ ਤਿੰਨ ਵਿੱਚੋਂ ਇੱਕ, ਜਾਂ 840 ਮਿਲੀਅਨ ਔਰਤਾਂ ਨੇ ਆਪਣੇ ਜੀਵਨ ਕਾਲ ਦੌਰਾਨ ਸਾਥੀ ਜਾਂ ਜਿਨਸੀ ਹਿੰਸਾ ਦਾ ਸਾਹਮਣਾ ਕੀਤਾ ਹੈ। ਇਹ ਅੰਕੜਾ 2000 ਤੋਂ ਲੈ ਕੇ ਹੁਣ ਤੱਕ ਬਹੁਤ ਘੱਟ ਬਦਲਿਆ ਹੈ।

## ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ ਸੁਹਾਗਹੇੜੀ 'ਚ ਲਗਾਇਆ ਕਾਨੂੰਨੀ ਸਹਾਇਤਾ ਜਾਗਰੂਕਤਾ ਕੈਂਪ



ਮੰਡੀ ਗੋਬਿੰਦਗੜ੍ਹ, 10 ਦਸੰਬਰ (ਅੰਮ੍ਰਿਤਪਾਲ ਸਿੰਘ/ਸੂਦ): ਏਡੀਆਰ ਸੈਂਟਰ ਲੀਗਲ ਏਡ ਸੈਲ ਤੇ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਪ੍ਰੋ. ਬੋਨੋ ਲੀਗਲ ਸਰਵਿਸ ਕਲੱਬ ਵੱਲੋਂ ਦੇਸ਼ ਭਗਤ ਯੂਨੀਵਰਸਿਟੀ ਦੇ ਮਹਿਲਾ ਸ਼ਿਕਾਇਤ ਨਿਵਾਰਣ ਸੈਲ ਤੇ ਐਨਐਸਐਸ ਯੂਨਿਟ ਦੇ ਸਹਿਯੋਗ ਨਾਲ ਸੁਹਾਗਹੇੜੀ ਵਿਖੇ 'ਨਸ਼ਾ ਮੁਕਤੀ ਅਭਿਆਨ ਤੇ ਮਨੁੱਖੀ ਅਧਿਕਾਰ ਦਿਵਸ' ਸਬੰਧੀ ਕਾਨੂੰਨੀ ਸਹਾਇਤਾ ਜਾਗਰੂਕਤਾ ਕੈਂਪ ਲਗਾਇਆ, ਜਿਸ ਵਿੱਚ ਐਲਐਲਬੀ ਪਹਿਲਾ, ਤੀਜਾ, ਪੰਜਵਾਂ ਸਮੈਸਟਰ ਤੇ ਬੀਏਐਲਐਲਬੀ ਆਨਰਜ਼ ਦੇ ਪਹਿਲਾ, ਤੀਜਾ, ਪੰਜਵਾਂ, ਸੱਤਵਾਂ ਤੇ ਨੌਵੇਂ ਸਮੈਸਟਰ ਦੇ 70 ਕਾਨੂੰਨ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦਾ ਉਦੇਸ਼ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾਉਣਾ ਤੇ ਪੇਂਡੂ ਭਾਈਚਾਰੇ ਨੂੰ ਬੁਨਿਆਦੀ ਮਨੁੱਖੀ ਅਧਿਕਾਰਾਂ, ਕਾਨੂੰਨੀ ਉਪਚਾਰਾਂ ਤੇ ਨਿਆਂ ਤੱਕ ਪਹੁੰਚ ਬਾਰੇ ਸਿੱਖਿਅਤ ਕਰਨਾ ਸੀ। ਡਾ. ਅਨੂ ਮੁਤਨੇਜਾ ਨੇ ਸਵਾਗਤ ਕਰਦੇ ਹੋਏ ਪ੍ਰੋਗਰਾਮ ਬਾਰੇ ਦੱਸਿਆ ਜਦੋਂ ਕਿ ਫੈਕਲਟੀ ਡਾ. ਆਰਤੀ, ਡਾ. ਪ੍ਰਭਜੋਤ ਕੌਰ ਘੁੰਮਣ, ਮਨਪ੍ਰੀਤ ਕੌਰ ਤੇ ਸੁਸ਼ਾਨ ਬਾਲੀ ਨੇ ਮਨੁੱਖੀ ਅਧਿਕਾਰ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਨਸ਼ਿਆਂ ਖਿਲਾਫ਼ ਜਾਗਰੂਕਤਾ ਭਾਸ਼ਣ ਨੇ ਹਾਜ਼ਰੀਨ ਨੂੰ ਇਨ੍ਹਾਂ ਦੇ ਸਰੀਰਕ, ਮਨੋਵਿਗਿਆਨਕ ਤੇ ਸਮਾਜਿਕ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਾਨੂੰਨੀ ਸਾਖਰਤਾ ਸੈਸ਼ਨ ਵੀ ਕਰਵਾਇਆ ਗਿਆ, ਜਿਸ ਵਿੱਚ ਸੰਵਿਧਾਨਕ ਅਧਿਕਾਰਾਂ, ਧਾਰਾ 39-ਏ, ਕਾਨੂੰਨੀ ਸੇਵਾਵਾਂ ਅਥਾਰਟੀਆਂ ਦੇ ਕੰਮਕਾਜ, ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਦੀ ਸੁਰੱਖਿਆ ਸ਼ਾਮਲ ਸੀ। ਇੱਕ ਇੰਟਰ ਐਕਟਿਵ ਸੈਗਮੈਂਟ ਨੇ ਹਾਜ਼ਰੀਨ ਦਾ ਜ਼ਮੀਨੀ, ਘਰੇਲੂ ਹਿੰਸਾ ਤੇ ਸਰਕਾਰੀ ਭਲਾਈ ਸਕੀਮਾਂ ਬਾਰੇ ਮਾਰਗ ਦਰਸ਼ਨ ਕੀਤਾ। ਵਿਦਿਆਰਥੀਆਂ ਵੱਲੋਂ ਨਸ਼ਿਆਂ ਦੀ ਰੋਕਥਾਮ ਅਤੇ ਕਾਨੂੰਨੀ ਅਧਿਕਾਰਾਂ ਬਾਰੇ ਪੈਂਫਲੇਟ ਵੀ ਵੰਡੇ ਗਏ ਤੇ ਨਸ਼ਿਆਂ ਖਿਲਾਫ਼ ਸਹੁੰ ਵੀ ਚੁਕਵਾਈ ਗਈ। ਸਰਪੰਚ ਗੁਰਸੇਵਕ ਸਿੰਘ ਨੇ ਇਸ ਪਹਿਲਕਦਮੀ ਲਈ ਯੂਨੀਵਰਸਿਟੀ ਦੀ ਸ਼ਲਾਘਾ ਕੀਤੀ। ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਆਊਟਰੀਚ ਪ੍ਰੋਗਰਾਮ ਕਾਨੂੰਨੀ ਸੰਸਥਾਵਾਂ ਤੇ ਪੇਂਡੂ ਭਾਈਚਾਰਿਆਂ ਵਿਚਕਾਰ ਸਬੰਧ ਨੂੰ ਮਜ਼ਬੂਤ ਕਰਦੇ ਹਨ।

## ਯੂਨੈਸਕੋ ਦੀ ਤਿਉਹਾਰਾਂ ਦੀ ਸੂਚੀ 'ਚ ਸ਼ਾਮਲ ਹੋਈ ਦੀਵਾਲੀ

### ☛ਲਾਲ ਕਿਲ੍ਹੇ 'ਤੇ ਹੋਈ ਯੂਨੈਸਕੋ ਦੀ ਮੀਟਿੰਗ 'ਚ ਲਿਆ ਗਿਆ ਫੈਸਲਾ

ਨਵੀਂ ਦਿੱਲੀ, 10 ਦਸੰਬਰ (ਚ.ਨ.ਸ): ਭਾਰਤ ਦੇ ਪ੍ਰਮੁੱਖ ਤਿਉਹਾਰ ਦੀਵਾਲੀ ਨੂੰ ਬੁੱਧਵਾਰ ਨੂੰ ਯੂਨੈਸਕੋ (UNESCO) ਦੀ ਮਨੁੱਖਤਾ ਦੀ ਅਮੂਰਤ ਸੱਭਿਆਚਾਰਕ ਵਿਰਾਸਤ (Intangible Cultural Heritage) ਦੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਹ ਫੈਸਲਾ ਦਿੱਲੀ ਵਿੱਚ ਲਾਲ ਕਿਲੇ 'ਤੇ ਕਰਵਾਈ ਯੂਨੈਸਕੋ ਦੀ ਇੱਕ ਅਹਿਮ ਬੈਠਕ ਵਿੱਚ ਲਿਆ ਗਿਆ। ਇਹ ਪਹਿਲੀ ਵਾਰ ਹੈ ਕਿ ਭਾਰਤ ਅਮੂਰਤ ਸੱਭਿਆਚਾਰਕ ਵਿਰਾਸਤ (ICH) ਦੀ ਸੰਭਾਲ ਲਈ ਅੰਤਰ-ਸਰਕਾਰੀ ਕਮੇਟੀ ਦੇ ਸੈਸ਼ਨ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਕਮੇਟੀ ਦਾ 20ਵਾਂ ਸੈਸ਼ਨ ਲਾਲ ਕਿਲੇ ਵਿੱਚ 8 ਤੋਂ 13 ਦਸੰਬਰ ਤੱਕ ਚੱਲ ਰਿਹਾ ਹੈ। ਯੂਨੈਸਕੋ ਵੱਲੋਂ ਦੀਵਾਲੀ ਦੇ ਤਿਉਹਾਰ ਨੂੰ ਇਸ ਵੱਕਾਰੀ ਸੂਚੀ ਵਿੱਚ ਸ਼ਾਮਲ ਕਰਨ ਦੇ ਐਲਾਨ ਤੋਂ ਬਾਅਦ 'ਵੰਦੇ ਮਾਤਰਮ' ਅਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਗੂੰਜ ਉੱਠੇ।



**ਯੂਨੈਸਕੋ ਦਾ ਦਰਜਾ ਮਿਲਣ ਨਾਲ ਦੀਵਾਲੀ ਦੀ ਵਿਸ਼ਵਵਿਆਪੀ ਪ੍ਰਸਿੱਧੀ ਵਧੇਗੀ**

ਮੋਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਦੀਵਾਲੀ ਨੂੰ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦਾ ਸੁਆਗਤ ਕੀਤਾ ਤੇ ਕਿਹਾ ਕਿ ਇਸ ਨਾਲ ਤਿਉਹਾਰ ਦੀ ਵਿਸ਼ਵਵਿਆਪੀ ਪ੍ਰਸਿੱਧੀ ਵਿੱਚ ਹੋਰ ਵਾਧਾ ਹੋਵੇਗਾ । ਮੋਦੀ ਨੇ ਯੂਨੈਸਕੋ ਵੱਲੋਂ ਦੀਪਾਵਲੀ ਨੂੰ ਆਪਣੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦੇ ਐਲਾਨ 'ਤੇ ਪ੍ਰਤੀਕਿਰਿਆ ਦਿੰਦਿਆਂ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਭਾਰਤ ਤੇ ਦੁਨੀਆ ਭਰ ਦੇ ਲੋਕ ਰੋਮਾਂਚਿਤ ਹਨ, ਦੀਵਾਲੀ ਸਾਡੇ ਸੱਭਿਆਚਾਰ ਤੇ ਕਦਰਾਂ-ਕੀਮਤਾਂ ਨਾਲ ਡੂੰਘਾਈ ਨਾਲ ਜੁੜੀ ਹੋਈ ਹੈ। ਇਹ ਸਾਡੀ ਸੱਭਿਅਤਾ ਦਾ ਸਾਰ ਹੈ। ਇਹ ਗਿਆਨ ਤੇ ਧਰਮ ਦਾ ਪ੍ਰਤੀਕ ਹੈ। ਦੀਵਾਲੀ ਨੂੰ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਨਾਲ ਤਿਉਹਾਰ ਦੀ ਵਿਸ਼ਵਵਿਆਪੀ ਪ੍ਰਸਿੱਧੀ ਵਿੱਚ ਹੋਰ ਵੀ ਵਾਧਾ ਹੋਵੇਗਾ। ਸ਼੍ਰੀ ਰਾਮ ਦੇ ਆਦਰਸ਼ ਸਾਡਾ ਸਦੀਵੀਂ ਰੂਪ ਵਿੱਚ ਮਾਰਗਦਰਸ਼ਨ ਕਰਦੇ ਰਹਿਣ।' ਦੱਸ ਦਈਏ ਕਿ ਦੀਵਾਲੀ ਨੂੰ ਸ਼ਾਮਲ ਕਰਨ ਨਾਲ, ਭਾਰਤ ਦੀਆਂ 15 ਚੀਜ਼ਾਂ ਹੁਣ ਯੂਨੈਸਕੋ ਦੀ ਅਮੂਰਤ ਸੱਭਿਆਚਾਰਕ ਵਿਰਾਸਤ ਸੂਚੀ ਵਿੱਚ ਸ਼ਾਮਲ ਹਨ, ਜਿਨ੍ਹਾਂ ਵਿੱਚ ਕੁੰਭ ਮੇਲਾ, ਕੋਲਕਾਤਾ ਦੀ ਦੁਰਗਾ ਪੂਜਾ, ਗੁਜਰਾਤ ਦਾ ਗਰਬਾ ਡਾਂਸ, ਯੋਗ, ਵੈਦਿਕ ਮੰਤਰਾਂ ਦੇ ਉਚਾਰਨ ਦੀ ਪਰੰਪਰਾ ਅਤੇ ਰਾਮਲੀਲਾ ਮਹਾਂਕਾਵਿ 'ਰਾਮਾਇਣ' ਦਾ ਰਵਾਇਤੀ ਪ੍ਰਦਰਸ਼ਨ ਸ਼ਾਮਲ ਹਨ।

## ਸ਼ਹੀਦੀ ਸਭਾ ਮੌਕੇ ਸਰਕਸਾਂ, ਝੂਲੇ, ਡਾਂਸ ਤੇ ਮਨੋਰੰਜਨ ਦੀਆਂ ਖੇਡਾਂ 'ਤੇ ਹੋਵੇਗੀ ਪਾਬੰਦੀ

ਫਤਹਿਗੜ੍ਹ ਸਾਹਿਬ, 10 ਦਸੰਬਰ (ਹਰਪ੍ਰੀਤ ਕੌਰ ਟਿਵਾਣਾ): ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ 25 ਤੋਂ 27 ਦਸੰਬਰ ਤੱਕ ਆਯੋਜਿਤ ਕੀਤੀ ਜਾਣ ਵਾਲੀ ਸ਼ਹੀਦੀ ਸਭਾ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਪੁੱਜਣ ਵਾਲੀਆਂ ਸੰਗਤਾਂ ਦੀਆਂ ਭਾਵਨਾਵਾਂ ਅਤੇ ਸ਼ਹੀਦੀ ਸਭਾ ਦੀ ਧਾਰਮਿਕ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸ਼ਹੀਦੀ ਸਭਾ ਦੇ ਏਰੀਏ ਵਿੱਚ ਹਰੇਕ ਕਿਸਮ ਦੀਆਂ ਸਰਕਸਾਂ, ਝੂਲੇ, ਡਾਂਸ ਅਤੇ ਧਾਰਮਿਕ ਮਹੌਲ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਲਿਆਂ ਹੋਰ ਕਿਸੇ ਵੀ ਤਰਾਂ ਦੀਆਂ ਮਨੋਰੰਜਨ ਦੀਆਂ ਖੇਡਾਂ ਦਿਖਾਉਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 15 ਦਸੰਬਰ ਤੋਂ 31 ਦਸੰਬਰ, 2025 ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਸ਼ਹੀਦੀ ਸਭਾ ਦੇ ਏਰੀਏ ਵਿੱਚ ਸਰਕਸਾਂ/ਝੂਲੇ/ਜਿੰਦਾ ਡਾਂਸ ਅਤੇ ਕਈ ਤਰ੍ਹਾਂ ਦੇ ਮਨੋਰੰਜਨ ਦੇ ਖੇਡ ਆਦਿ ਕੀਤੇ ਜਾਂਦੇ ਹਨ। ਸ਼ਹੀਦੀ ਸਭਾ ਦੌਰਾਨ ਅਜਿਹੇ ਮਨੋਰੰਜਨ ਪ੍ਰੋਗਰਾਮ/ਖੇਡਾਂ ਸ਼ੋਭਾ ਨਹੀਂ ਦਿੰਦੀਆਂ। ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂ ਇਨ੍ਹਾਂ ਮਨੋਰੰਜਨ ਭਰਪੂਰ ਪ੍ਰੋਗਰਾਮਾਂ ਨੂੰ ਉਚਿਤ ਨਹੀਂ ਮੰਨਦੇ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸ਼ਹੀਦੀ ਸਭਾ ਦੇ ਏਰੀਏ ਵਿੱਚ ਹਰੇਕ ਕਿਸਮ ਦੀਆਂ ਸਰਕਸਾਂ/ਝੂਲੇ/ਜਿੰਦਾ ਡਾਂਸ ਅਤੇ ਕਿਸੇ ਤਰ੍ਹਾਂ ਦੇ ਮਨੋਰੰਜਨ ਦੇ ਖੇਡ ਆਦਿ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਜਾਵੇ।



## ਹਾਈ ਵੋਲਟੇਜ ਤਾਰਾਂ ਨੂੰ ਖੰਭੇ ਦੀ ਜਗ੍ਹਾ ਪੌੜੀ ਲਗਾਉਣੀ ਪਈ

ਭੋਗਪੁਰ, 10 ਦਸੰਬਰ (ਜੰਡੀਰ ਸੈਣੀ): ਹਲਕਾ ਆਦਮਪੁਰ ਦੇ ਭੋਗਪੁਰ ਵਿੱਚ ਹਾਈ ਵੋਲਟੇਜ ਲਮਕ ਰਹੀਆਂ ਸੈਕੰਡਰੀ ਸਕੂਲ ਦੇ ਨਾਲ ਹਾਈ ਵੋਲਟੇਜ ਕੇਬਲਾਂ ਲਮਕ ਰਹੀਆਂ ਹਨ। ਸਕੂਲੀ ਬੱਚਿਆਂ ਦਾ ਜਾਂ ਹੋਰ ਲੋਕਾਂ ਦਾ ਵੀ ਨੁਕਸਾਨ ਹੋ ਸਕਦਾ ਹੈ।ਪਰ ਅਜੇ ਤੱਕ ਵਰਕਰਾਂ ਨੇ ਮੌਕਾ ਦੇਖਣ ਤੋਂ ਸਿਵਾਏ ਹੋਰ ਕੁਝ ਨਹੀਂ ਕੀਤਾ ਤੇ ਅੱਜ ਪਾਵਰ ਕਾਮ ਦਾ ਅਜ਼ਬ ਨਜ਼ਾਰਾ ਉਦੋਂ ਦੇਖਣ ਨੂੰ ਮਿਲਿਆ ਜਦ ਭੋਗਪੁਰ ਦੇ ਸੀ. ਹਾਈ ਸਕੰਡਰੀ ਸਕੂਲ ਕੰਨਿਆ ਦੇ ਬਾਹਰ ਗੇਟ 'ਤੇ ਲਮਕ ਰਹੀ ਹਾਈ ਵੋਲਟੇਜ ਕੇਬਲ ਪੌੜੀ ਨਾਲ ਉੱਪਰ ਨੂੰ ਉਠਾਈ ਹੋਈ ਦੇਖੀ ਗਈ। ਇਸ ਦੇ ਸਬੰਧ ਵਿੱਚ ਜਦ ਮੌਕੇ 'ਤੇ ਅਧਿਕਾਰੀਆਂ ਨੂੰ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਸਕੂਲ ਅੰਦਰ ਅੱਜ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸਬੰਧੀ ਕੋਈ ਅਧਿਕਾਰੀਆਂ ਨੇ ਪਹੁੰਚਣਾ ਸੀ ਤੇ ਹਾਈ ਵੋਲਟੇਜ ਕੇਬਲ ਲਮਕ ਰਹੀ ਸੀ, ਇਸ ਕਰਕੇ ਐਮਰਜੈਂਸੀ ਪਾਵਰਕਾਮ ਵਰਕਰਾਂ ਨੇ ਖੰਭੇ ਦੀ ਜਗ੍ਹਾ ਪੌੜੀ ਨਾਲ ਹੀ ਕੇਵਲ ਨੂੰ ਉੱਪਰ ਚੁੱਕ ਦਿੱਤਾ।



ਕੇਬਲ ਤਾਰਾਂ ਕਿਸੇ ਵੇਲੇ ਵੀ ਵੱਡਾ ਖਤਰਾ ਬਣ ਸਕਦੀਆਂ ਹਨ, ਪਰ ਪਾਵਰ ਕਾਮ ਕਿਸੀ ਵੱਡੀ ਘਟਨਾ ਦਾ ਇੰਤਜ਼ਾਰ ਕਰ ਰਿਹਾ ਹੈ । ਕੁਝ ਦਿਨ ਪਹਿਲੇ ਹੀ ਭੋਗਪੁਰ ਦੇ ਬਿਨਪਾਲਕੇ ਪਿੰਡ ਦੀ ਖਬਰ ਲੱਗੀ ਸੀ ਕਿ ਸੀਨੀਅਰ

## ਏਡੀਸੀ ਗਰੇਵਾਲ ਵੱਲੋਂ ਖਾਣ-ਪੀਣ ਦੀਆਂ ਵਸਤਾਂ ਦੇ ਨਿਯਮਿਤ ਸੈਂਪਲ ਲੈਣ ਦੀ ਹਦਾਇਤ



ਫਤਹਿਗੜ੍ਹ ਸਾਹਿਬ, 10 ਦਸੰਬਰ (ਨਰਿੰਦਰ ਸਿੰਘ): ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਾਸਿਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ ਨੇ ਸਿਹਤ ਵਿਭਾਗ ਦੇ ਵੱਖ-ਵੱਖ ਮੁੱਦਿਆਂ ਤੇ ਪ੍ਰਾਪਤੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ । ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਨਸ਼ਾ ਪੀੜਤ ਵਿਅਕਤੀਆਂ ਦੀ ਨਸ਼ਾ ਛੱਡਣ ਵਿੱਚ ਹਰ ਸੰਭਵ ਮਦਦ ਕੀਤੀ ਜਾਵੇ ਤੇ ਨਸ਼ਾ ਮੁਕਤੀ ਤੇ ਮੁੜ ਵਸੇਬਾ ਕੇਂਦਰ ਵਿੱਚ ਦਾਖਲ ਵਿਅਕਤੀਆਂ ਨੂੰ ਕਰਵਾਏ ਜਾ ਰਹੇ ਕਿੱਤਾ ਮੁਖੀ ਕੋਰਸਾਂ ਦੀ ਗਿਣਤੀ ਵਿੱਚ ਹੋਰ ਵਾਧਾ ਕੀਤਾ ਜਾਵੇ ਤਾਂ ਕਿ ਜੀਵਨ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋਕੇ ਉਹ ਸਵੈ ਰੁਜ਼ਗਾਰ ਦੇ ਸਮਰੱਥ ਬਣ ਸਕਣ।ਉਨ੍ਹਾਂ ਕੇਂਦਰ ਤੇ ਰਾਜ ਸਰਕਾਰ ਦੇ ਵੱਖ-ਵੱਖ ਲੋਕ ਪੱਖੀ ਸਿਹਤ ਪ੍ਰੋਗਰਾਮਾਂ ਬਾਰੇ ਜਾਣਕਾਰੀ ਲੈਂਦੇ ਹੋਏ ਸਿਵਲ ਸਰਜਨ ਡਾ. ਅਰਵਿੰਦ ਪਾਲ ਸਿੰਘ ਨੂੰ ਹਦਾਇਤ ਕੀਤੀ ਕਿ ਹਰ ਸ਼ੁਕਰਵਾਰ-ਡੇਂਗੂ 'ਤੇ ਵਾਰ ਮੁਹਿੰਮ ਤਹਿਤ ਲਾਰਵਾ ਮਿਲਣ ਵਾਲੇ ਘਰਾਂ ਦੇ ਚਲਾਨ ਕੀਤੇ ਜਾਣ ਤੇ ਪਿੰਡਾਂ ਸ਼ਹਿਰਾਂ ਵਿੱਚ ਇਸਦੀ ਅਗੇਤੀ ਮੁਨਿਆਦੀ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ 15 ਤੋਂ 22 ਦਸੰਬਰ ਤੱਕ ਵਿਸ਼ੇਸ਼ ਟੀਕਾਕਰਨ ਹਫਤੇ ਦੌਰਾਨ ਟੀਕਾਕਰਨ ਲਈ ਸਪੈਸ਼ਲ ਕੈਂਪ ਲਗਾਇਆ ਜਾਵੇ ਤੇ ਵਿਭਾਗ ਵੱਲੋਂ ਨਿਰਧਾਰਤ ਟੀਚੇ ਸਮੇਂ ਸਿਰ ਪੂਰੇ ਕੀਤੇ ਜਾਣ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਮ ਲੋਕਾਂ ਨੂੰ ਖਾਣ ਪੀਣ ਦੀਆਂ ਸ਼ੁੱਧ ਤੇ ਮਿਆਰੀ ਵਸਤਾਂ ਉਪਲਬਧ ਕਰਾਉਣ ਲਈ ਹਲਵਾਈ ਦੀਆਂ ਦੁਕਾਨਾਂ, ਮੈਰਿਜ ਪੈਲਸਾਂ ਆਦਿ 'ਤੇ ਫੂਡ ਸੈਂਪਲਿੰਗ ਵਿੱਚ ਵਾਧਾ ਕੀਤਾ ਜਾਵੇ।ਉਹਨਾਂ ਕਿਹਾ ਕਿ ਅਕਸਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਕਈ ਵਾਰ ਸਿਹਤ ਅਧਿਕਾਰੀ ਕੇਵਲ ਫੈਸਟੀਵਲ ਸੀਜ਼ਨ ਦੌਰਾਨ ਹੀ ਸੈਂਪਲਿੰਗ ਕਰਦੇ ਹਨ ਜਦਕਿ ਲੋਕਾਂ ਦੀ ਸਿਹਤ ਸੁਰੱਖਿਆ ਲਈ ਨਿਯਮਤ ਤੌਰ 'ਤੇ ਖਾਣ ਪੀਣ ਦੀਆਂ ਵਸਤਾਂ ਦੇ ਨਮੂਨੇ ਲੈ ਕੇ ਜਾਂਚ ਲਈ ਭੇਜੇ ਜਾਣ 'ਤੇ ਜੇਕਰ ਕੋਈ ਸੈਂਪਲ ਫੇਲ੍ਹ ਪਾਇਆ ਜਾਂਦਾ ਹੈ ਤਾਂ ਸਬੰਧਤ ਦੁਕਾਨਦਾਰਾਂ ਖਿਲਾਫ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

## ਪੰਜਾਬ ਦੀ 'ਆਪ' ਸਰਕਾਰ ਨੇ ਚੋਣਾਂ ਤੋਂ ਪਹਿਲਾਂ ਕੀਤੇ 11 ਵਾਅਦਿਆਂ 'ਚੋਂ 10 ਪੂਰੇ ਕੀਤੇ: ਗੈਰੀ ਬੜਿੰਗ

ਅਮਲੋਹ, 10 ਦਸੰਬਰ (ਜਸਵੰਤ ਸਿੰਘ): ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਜ਼ਿਲ੍ਹਾ ਪ੍ਰੀਸ਼ਦ ਦੇ ਸੌਂਟੀ ਜ਼ੋਨ ਤੋਂ ਉਮੀਦਵਾਰ ਅਮਨਦੀਪ ਕੌਰ ਗਰੇਵਾਲ ਡਡਹੇੜੀ ਤੇ ਬਲਾਕ ਸਮਿਤੀ ਦੇ ਖਨਿਆਣ ਜ਼ੋਨ ਤੋਂ ਕਰਮਜੀਤ ਕੌਰ ਸ਼ੇਰਗਿੱਲ ਦੇ ਹੱਕ ਵਿਚ ਪਿੰਡ ਮਾਜਰੀ ਕਿਸਨੇ ਵਾਲੀ ਤੇ ਮਾਜਰੀ ਅਰਾਈਆਂ ਵਿਚ ਪ੍ਰਭਾਵਸ਼ਾਲੀ ਇਕੱਤਰਤਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਹਿਣੀ ਅਤੇ ਕਰਨੀ ਦੀ ਪਰਪੱਕ ਹੈ ਤੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਜਿਹੜੇ 11 ਵਾਅਦੇ ਕੀਤੇ ਸਨ ਉਨ੍ਹਾਂ ਵਿਚੋਂ 10 ਪੂਰੇ ਕਰ ਦਿੱਤੇ ਤੇ ਔਰਤਾਂ ਦਾ 1 ਹਜ਼ਾਰ ਰੁਪਏ ਮਹੀਨੇ ਦਾ ਵਾਅਦਾ ਜਲਦ ਪੂਰਾ ਕੀਤਾ ਜਾਵੇਗਾ ਜਦੋਂ ਕਿ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਸਮੇਂ ਸਾਢੇ 4 ਸਾਲ ਕੋਈ ਵੀ ਕੰਮ ਨਹੀਂ ਹੋਇਆ ਤੇ ਅਖੀਰਲੇ 6 ਮਹੀਨੇ ਦੌਰਾਨ ਨਾਮਾਤਰ ਕੰਮ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਦੇ 6 ਮਹੀਨੇ ਵਿਚ ਹੀ



300 ਯੂਨਿਟ ਬਿਜਲੀ ਮੁਫ਼ਤ ਕੀਤਾ ਗਿਆ, ਕਰੋੜਾਂ ਰੁਪਏ ਸਕੂਲਾਂ ਦਾ ਮਿਆਰ ਉਚਾ ਚੁੱਕਣ, ਆਮ ਆਦਮੀ ਕਲੀਨਿਕ ਖੋਲ੍ਹ ਕੇ ਸਿਹਤ ਸਹੂਲਤਾਂ, ਪਿੰਡਾਂ ਵਿਚ ਨਹਿਰੀ ਪਾਣੀ, ਬੇਰੁਜ਼ਗਾਰਾਂ ਨੂੰ ਬਗੈਰ ਰਿਸ਼ਵਤ ਤੇ ਸਿਫ਼ਾਰਸ਼ ਰੁਜ਼ਗਾਰ ਅਤੇ ਨਸ਼ਿਆਂ ਦੇ ਖਾਤਮੇ ਲਈ ਵੱਡੇ ਸੁਦਾਗਰਾਂ ਨੂੰ ਅੰਦਰ ਕਰਕੇ ਨਸ਼ਾ ਤਸਕਰਾਂ ਦੇ ਮਕਾਨ ਢਾਹੇ ਗਏ।ਉਨ੍ਹਾਂ ਕਿਹਾ ਕਿ 10 ਲੱਖ ਦਾ ਸਿਹਤ ਬੀਮਾ ਯੋਜਨਾ ਦਾ ਹਜ਼ਾਰ ਹਸਪਤਾਲਾਂ ਵਿਚ ਲਾਭ ਮਿਲੇਗਾ, ਜਦੋਂ ਕਿ ਪ੍ਰਧਾਨ ਮੰਤਰੀ 5 ਲੱਖ ਦੇ ਬੀਮੇ ਦਾ ਕੇਵਲ 4-5 ਹਸਪਤਾਲਾਂ ਵਿਚ ਲਾਭ ਮਿਲਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿਚ 19 ਹਜ਼ਾਰ ਕਿਲੋਮੀਟਰ ਸੜਕਾਂ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ 47 ਹਲਕਾ ਅਮਲੋਹ ਦੀਆਂ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਇਕਬਾਲ ਸਿੰਘ ਅੰਨੀਆਂ, ਅਮਨਿੰਦਰ ਸਿੰਘ ਸਰਪੰਚ ਡਡਹੇੜੀ, ਸਲਾਣੀ ਜ਼ੋਨ ਤੋਂ ਉਮੀਦਵਾਰ ਗੁਰਬਚਨ ਸਿੰਘ, ਬਲਾਕ ਪ੍ਰਧਾਨ ਗੁਰਸੇਵਕ ਸਿੰਘ ਮੁੱਢੜੀਆਂ, ਦਵਿੰਦਰ ਸਿੰਘ ਰੰਘੇੜਾ, ਕਰਨੈਲ ਸਿੰਘ ਮੁੱਢੜੀਆਂ ਤੇ ਗੁਰਸ਼ਰਨ ਸਿੰਘ ਰੰਘੇੜੀ ਨੇ ਵਿਚਾਰ ਪੇਸ਼ ਕੀਤੇ।

## ਕੁਲਵਿੰਦਰ ਕਾਲਾ ਨੇ ਰਾਜੂ ਖੰਨਾ ਦੀ ਅਗਵਾਈ 'ਚ ਸਾਥੀਆਂ ਸਮੇਤ ਕਾਂਗਰਸ ਛੱਡ ਕੇ ਅਕਾਲੀ ਦਲ 'ਚ ਕੀਤੀ ਸ਼ਿਰਕਤ

ਅਮਲੋਹ, 10 ਦਸੰਬਰ (ਜਸਵੰਤ ਸਿੰਘ): ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੋਏ ਸੂਬੇ ਦੇ ਵੱਡੀ ਪੱਧਰ 'ਤੇ ਵਿਕਾਸ ਤੇ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਕਾਰਨ ਅੱਜ ਪੰਜਾਬ ਦਾ ਹਰ ਵਰਗ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦਾ ਮੁਰੀਦ ਹੈ ਤੇ 2027 ਵਿੱਚ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਪੱਬਾਂ ਭਾਰ ਹੋ ਚੁੱਕਿਆ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਮੈਂਬਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਤੇ ਹਲਕਾ ਖੰਨਾ ਦੇ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਨੇ ਪਿੰਡ ਲਾਡਪੁਰ (ਸ) ਵਿਖੇ ਕਾਂਗਰਸ ਆਗੂ ਕੁਲਵਿੰਦਰ ਸਿੰਘ ਕਾਲਾ ਲਾਡਪੁਰ ਦੇ ਸਮੁੱਚੇ ਪਰਿਵਾਰ ਅਤੇ ਸਾਥੀਆ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕਰਨ ਮੌਕੇ ਕੀਤਾ।ਆਗੂਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਢਹਿ ਢੇਰੀ ਕੀਤਾ ਅਤੇ 1984 ਵਿਚ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ। ਉਨ੍ਹਾਂ ਪੰਜਾਬ ਦੀ ਆਪ ਸਰਕਾਰ ਨੂੰ ਹੁਣ ਤੱਕ ਦੀ ਸਭ ਤੋਂ ਝੂਠੀ ਸਰਕਾਰ ਕਰਾਰ ਦਿੰਦੇ ਹੋਏ ਕਿਹਾ ਕਿ ਅੱਜ ਹਰ ਵਰਗ ਇਸ ਸਰਕਾਰ ਤੋਂ ਖਫ਼ਾ ਹੈ ਜਦੋਂ ਕਿ ਵਿਕਾਸ ਕਾਰਜ ਅਲੋਪ ਹੋ ਕੇ ਰਹਿ ਗਏ ਹਨ। ਉਨ੍ਹਾਂ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਬੁੱਗਾ ਕਲਾਂ ਤੋਂ ਉਮੀਦਵਾਰ ਹਰਸ਼ਦੀਪ ਸਿੰਘ ਕੁੰਜਾਰੀ, ਯੂਥ ਆਗੂ ਅਮੋਲਕ ਸਿੰਘ ਵਿਰਕ, ਕਾਲਾ ਗੋਸਲ, ਸੁਰਿੰਦਰ ਸਿੰਘ ਸਰਾਂ, ਅਮਰਜੀਤ ਸਿੰਘ ਸਾਬਕਾ ਸਰਪੰਚ ਲਾਡਪੁਰ, ਯੂਥ ਆਗੂ ਬੇਅੰਤ ਸਿੰਘ ਲਾਡਪੁਰ ਤੇ ਨਿਰਭੈ ਸਿੰਘ ਆਦਿ ਹਾਜ਼ਰ ਸਨ।



## ਮੋਗਾ ਦੇ ਪਿੰਡ ਰੌਂਤਾ 'ਚ ਖੇਤੀਬਾੜੀ ਵਿਭਾਗ ਦੀ ਪਹਿਲ, ਪਹਿਲੀ ਵਾਰ ਮੂੰਗਫਲੀ ਦੀ ਕਾਸ਼ਤ ਨਾਲ ਫਸਲੀ ਵਿਭਿੰਨਤਾ ਵੱਲ ਵਧਾਏ ਕਦਮ

ਮੋਗਾ, 10 ਦਸੰਬਰ (ਸਰਬਜੀਤ ਰੌਲੀ): ਕਿਸਾਨਾਂ ਨੂੰ ਫਸਲੀ ਵਿਭਿੰਨਤਾ ਵੱਲ ਪ੍ਰੇਰਿਤ ਕਰਨ ਤੇ ਵਿਕਲਪਕ ਖੇਤੀ ਪ੍ਰਣਾਲੀਆਂ ਬਾਰੇ ਜਾਗਰੂਕ ਕਰਨ ਲਈ ਖੇਤੀਬਾੜੀ ਵਿਭਾਗ ਮੋਗਾ ਵੱਲੋਂ ਪਿੰਡ ਰੌਂਤਾ ਦੇ ਖੇਤੀਬਾੜੀ ਵਿਭਾਗ ਦੇ ਫਾਰਮ 'ਤੇ ਪਹਿਲੀ ਵਾਰ ਮੂੰਗਫਲੀ ਦੀ ਕਾਸ਼ਤ ਕੀਤੀ ਗਈ ਹੈ । ਵਿਭਾਗ ਦੇ ਅਧਿਕਾਰੀਆਂ ਮੁਤਾਬਕ ਇਹ ਪ੍ਰਯੋਗ ਸਫਲ ਰਿਹਾ ਹੈ ਤੇ ਇਸ ਨਾਲ ਇਲਾਕੇ ਦੇ ਕਿਸਾਨਾਂ ਨੂੰ ਇੱਕ ਨਵਾਂ ਮੁਨਾਫੇਦਾਰ ਵਿਕਲਪ ਮਿਲੇਗਾ। ਖੇਤੀਬਾੜੀ ਵਿਭਾਗ ਮੋਗਾ ਦੇ ਮੁੱਖ ਅਧਿਕਾਰੀ ਡਾ. ਗੁਰਪ੍ਰੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਇਸ ਵਾਰ ਮੂੰਗਫਲੀ ਦਾ ਝਾੜ 8 ਤੋਂ 9 ਕੁਇੰਟਲ ਪ੍ਰਤੀ ਏਕੜ ਤੋਂ ਵੀ ਵੱਧ ਆਉਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਹ ਕਾਸ਼ਤ ਨਾ ਸਿਰਫ਼ ਘੱਟ ਖਰਚ ਵਾਲੀ ਹੈ, ਸਗੋਂ ਕਿਸਾਨਾਂ ਨੂੰ ਚਾਵਲ ਤੇ ਗੰਧਮ ਨਾਲੋਂ ਕਾਫੀ ਵੱਧ ਲਾਭ ਵੀ ਦੇ ਸਕਦੀ ਹੈ।ਡਾ. ਸਿੰਘ ਨੇ ਦੱਸਿਆ ਕਿ ਮੂੰਗਫਲੀ ਦੀ ਕਾਸਤ ਸਾਲ ਵਿੱਚ ਦੋ ਵਾਰ ਕੀਤੀ ਜਾ ਸਕਦੀ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਣ ਦੇ ਪੂਰੇ ਚਾਂਸ ਹਨ । ਉਨ੍ਹਾਂ ਜ਼ੋਰ ਦਿੱਤਾ ਕਿ ਜੇ ਕਿਸਾਨ ਪਰੰਪਰਾਗਤ ਫਸਲ ਚੱਕਰ ਤੋਂ ਬਾਹਰ ਨਿਕਲਣ ਅਤੇ ਵਿਭਿੰਨਤਾ ਅਪਨਾਉਣ ਲਈ ਤਿਆਰ ਹੋਣ, ਤਾਂ ਉਹ ਆਪਣੀ ਆਰਥਿਕ ਹਾਲਤ ਬਿਹਤਰ ਕਰ ਸਕਦੇ ਹਨ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਫਸਰ ਡਾ. ਬਲਜਿੰਦਰ ਸਿੰਘ ਨੇ ਕਿਹਾ ਕਿ ਪਿੰਡ ਵਿੱਚ ਮੂੰਗਫਲੀ ਦੀ ਕਾਸ਼ਤ ਦਾ ਸਫਲ ਪ੍ਰਯੋਗ ਨੌਜਵਾਨਾਂ ਲਈ ਰਾਹਦਾਰੀ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਨੌਜਵਾਨ ਆਪਣੇ ਖੇਤਾਂ ਵਿੱਚ ਇਸ ਤਰ੍ਹਾਂ ਦੀਆਂ ਰਵਾਇਤੀ ਤੇ ਲਾਭਕਾਰੀ ਫਸਲਾਂ ਬੀਜਣ ਲੱਗ ਜਾਣ ਤਾਂ ਉਨ੍ਹਾਂ ਨੂੰ ਵਿਦੇਸ਼ਾਂ ਦੇ ਫਾਰਮਾਂ 'ਤੇ ਮਜ਼ਦੂਰੀ ਕਰਨ ਲਈ ਜਾਣ ਦੀ ਲੋੜ ਨਹੀਂ ਪਵੇਗੀ। ਖੇਤੀਬਾੜੀ ਵਿਭਾਗ ਦੀ ਇਹ ਕੋਸ਼ਿਸ਼ ਮੋਗਾ ਜ਼ਿਲ੍ਹੇ ਵਿੱਚ ਫਸਲੀ ਵਿਭਿੰਨਤਾ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨੀ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਵੱਧ ਸਕਦੀ ਹੈ ਤੇ ਕਣਕ ਝੋਨੇ ਦੀ ਫਸਲ ਬੀਜਣ ਦਾ ਰੁਝਾਨ ਕਰ ਸਕਦਾ।



## ਵੈਦ ਕਰਾਸਫਿੱਟ ਕਲੱਬ ਦੇ ਖਿਡਾਰੀਆਂ ਨੇ ਸੂਬਾਈ ਵੁਸ਼ੂ ਮੁਕਾਬਲਿਆਂ 'ਚ ਜਿੱਤੇ ਮੈਡਲ

ਟਾਂਡਾ ਉੜਮੁੜ, 10 ਦਸੰਬਰ (ਅਰਜੁਨ ਜੈਨ): ਕਿੰਗਡਮ ਲਿਟਲ ਇੰਟਰਨੈਸ਼ਨਲ ਸਕੂਲ ਵੱਲੋਂ ਚਲਾਏ ਜਾ ਰਹੇ ਵੈਦ ਕਰਾਸਫਿੱਟ ਕਲੱਬ ਅਹੀਆਪੁਰ ਦੇ ਵੁਸ਼ੂ ਖਿਡਾਰੀਆਂ ਨੇ ਸੂਬਾਈ ਵੁਸ਼ੂ ਮੁਕਾਬਲਿਆਂ ਵਿਚ ਮੈਡਲ ਜਿੱਤ ਕੇ ਕਲੱਬ ਦਾ ਨਾਂ ਰੁਸ਼ਨਾਇਆ ਹੈ।ਜੇਤੂ ਖਿਡਾਰੀਆਂ ਤੇ ਕੋਚ ਰੋਹਿਤ ਕੁਮਾਰ ਨੂੰ ਸਨਮਾਨਿਤ ਕਰਦੇ ਹੋਏ ਸਕੂਲ ਤੇ ਕਲੱਬ ਚੇਅਰਪਰਸਨ ਨੇਹਾ ਵੈਦ ਨੇ ਦੱਸਿਆ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਹੋਏ ਨੌਵੇਂ ਪੰਜਾਬ ਸਟੇਟ ਵੁਸ਼ੂ ਫੈਡਰੇਸ਼ਨ ਕੱਪ ਵਿਚ ਭਾਗ ਲੈਂਦੇ ਹੋਏ ਕਲੱਬ ਦੇ ਖਿਡਾਰੀਆਂ ਨੇ ਮੱਲਾਂ ਮਾਰੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਮਾਨਵੀ, ਨਾਏਰਾ, ਮੁਕਲ ਸ਼ਰਮਾ, ਅਰਜੁਨ ਪ੍ਰਭਜੋਤ ਕੌਰ, ਜਸਨੂਰ ਕੌਰ, ਸਚਿਨ ਸ਼ਰਮਾ, ਪ੍ਰਥਮ, ਜਸ਼ਮੀਤ ਭਾਟੀਆ, ਦੀਕਸ਼ਾ ਭਾਟੀਆ, ਆਯੂਸ਼ ਕੇ. ਸੀ., ਚੰਦਰੇਸ਼ ਸ਼ਰਮਾ ਅਤੇ ਰੋਹਿਤ ਕੁਮਾਰ ਨੇ ਆਪਣੇ-ਆਪਣੇ ਵਰਗ ਵਿਚ ਗੋਲਡ ਮੈਡਲ ਜਿੱਤੇ । ਇਸੇ ਤਰ੍ਹਾਂ ਆਦਰਸ਼, ਜਸਮੀਤ ਕੌਰ ਸਿੱਧੂ, ਰਾਹੁਲ ਨੰਗੀ, ਨੈਣਾ ਕੁਮਾਰੀ ਤੇ ਵਿਵੇਕ ਨੇ ਸਿਲਵਰ ਮੈਡਲ, ਅਰਪਣ, ਮਨਪ੍ਰੀਤ ਕੌਰ, ਠਾਕੁਰ ਅਮਨਪ੍ਰੀਤ ਸਿੰਘ ਤੇ ਆਦਿਤ ਕੁਮਾਰ ਨੇ ਕਾਂਸੇ ਦਾ ਮੈਡਲ ਜਿੱਤਿਆ। ਇਸ ਦੌਰਾਨ ਸਕੂਲ ਤੇ ਕਲੱਬ ਪ੍ਰੈਜ਼ੀਡੈਂਟ ਗਗਨ ਵੈਦ, ਕੌਂਸਲਰ ਆਸ਼ੂ ਵੈਦ ਤੇ ਪ੍ਰਿੰਸੀਪਲ ਮੀਤਾ ਆਨੰਦ ਨੇ ਜੇਤੂ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



## ਨਵੋਦਿਆ ਸਕੂਲ 'ਚ ਛੇਵੀਂ ਜਮਾਤ ਲਈ ਦਾਖਲਾ ਪ੍ਰੀਖਿਆ 13 ਨੂੰ, ਬਦਲੇ 2 ਪ੍ਰੀਖਿਆ ਕੇਂਦਰ

ਫਿਰੋਜ਼ਪੁਰ, 10 ਦਸੰਬਰ (ਤਿਵਾੜੀ): ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸ੍ਰੀਮਤੀ ਮੁਨੀਲਾ ਅਰੋੜਾ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਯ ਮਹੀਆਂ ਵਾਲਾ ਕਲਾਂ ਵਿਖੇ ਸੈਸ਼ਨ 2026-27 ਵਿਚ ਕਲਾਸ ਛੇਵੀਂ ਦੇ ਦਾਖਲੇ ਲਈ ਪ੍ਰੀਖਿਆ ਮਿਤੀ 13-12- 2025 ਦਿਨ ਸ਼ਨੀਵਾਰ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ 09 ਕੇਂਦਰਾਂ ਵਿਖੇ ਹੋਵੇਗੀ। ਉਨ੍ਹਾਂ ਦੱਸਿਆ ਕਿ 02 ਪ੍ਰੀਖਿਆ ਕੇਂਦਰਾਂ ਨੂੰ ਇਲੈਕਸ਼ਨ ਕਾਰਨ ਬਦਲਿਆ ਗਿਆ ਹੈ। ਜਿਸ ਅਨੁਸਾਰ ਐਮ.ਐਲ.ਐਮ ਸੀਨੀਅਰ ਸੈਕੰਡਰੀ ਸਕੂਲ ਫਿਰੋਜ਼ਪੁਰ ਦੇ ਸਾਰੇ ਬੱਚਿਆਂ ਦੇ ਪੇਪਰ ਹੁਣ ਐਮ. ਐਲ.ਐਮ ਹਾਈ ਸਕੂਲ ਫਿਰੋਜ਼ਪੁਰ ਕੈਂਟ ਵਿੱਚ ਹੋਣਗੇ ਅਤੇ ਤਹਿਸੀਲ ਗੁਰੂਹਰਸਹਾਏ ਦੇ ਸਸਸਸ (ਲੜਕੇ) ਗੁਰੂਹਰਸਹਾਏ ਦੇ ਪੇਪਰ ਜੀ. ਟੀ. ਬੀ ਪਬਲਿਕ ਸਕੂਲ ਗੁਰੂਹਰਸਹਾਏ ਵਿਖੇ ਹੋਣਗੇ । ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੇ ਨਵੇਂ ਪ੍ਰੀਖਿਆ ਕੇਂਦਰ ਵਿੱਚ ਮਿਤੀ 13.12.2025 ਨੂੰ ਸਵੇਰੇ 9 ਵਜੇ ਪਹੁੰਚ ਜਾਣ।



## ਚੋਣਾਂ ਲਈ ਚੋਣ ਅਮਲੇ ਦੀ ਹੋਈ ਰਿਹਰਸਲ



ਟਾਂਡਾ ਉੜਮੁੜ, 10 ਦਸੰਬਰ (ਅਰਜੁਨ ਜੈਨ): 14 ਦਸੰਬਰ ਨੂੰ ਹੋਣ ਵਾਲੀਆਂ ਪੰਚਾਇਤ ਸੰਮਤੀ-ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਅੱਜ ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ ਟਾਂਡਾ ਵਿਚ ਚੋਣਾਂ ਕਰਵਾਉਣ ਵਾਲੇ ਚੋਣ ਅਮਲੇ ਦੀ ਦੋ ਸ਼ਿਫਟਾਂ ਵਿਚ ਰਿਹਰਸਲ ਕਰਵਾਈ ਗਈ। ਜਿਸ ਵਿਚ ਉਨ੍ਹਾਂ ਨੂੰ ਨਿਰਪੱਖ, ਪਾਰਦਰਸ਼ੀ ਤੇ ਆਜ਼ਾਦਾਨਾ ਚੋਣਾਂ ਨੂੰ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਬਾਰੇ ਜ਼ਰੂਰੀ ਨਿਰਦੇਸ਼ ਵੀ ਦਿੱਤੇ ਗਏ। ਉਪ ਮੰਡਲ ਮੈਜਿਸਟ੍ਰੇਟ-ਕਮ ਚੋਣਕਾਰ ਰਜਿਸਟਰੇਸ਼ਨ ਅਫਸਰ ਟਾਂਡਾ ਲਵਪ੍ਰੀਤ ਸਿੰਘ ਔਲਖ, ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ ਅਤੇ ਬੀ. ਡੀ.ਪੀ.ਓ. ਰਜੀਵ ਕੁਮਾਰ ਦੀ ਦੇਖ-ਰੇਖ ਵਿਚ ਅੱਜ ਹੋਈ ਦੂਸਰੀ ਰਿਹਰਸਲ ਵਿਚ ਸਮੂਹ ਪੋਲਿੰਗ ਸਟਾਫ ਨੇ ਭਾਗ ਲਿਆ।ਜਿਨ੍ਹਾਂ ਨੂੰ ਏ.ਡੀ.ਓ. ਲਵਜੀਤ ਸਿੰਘ, ਵਿਪੁਲ ਸਿੰਘ, ਬਲਜਿੰਦਰ ਸਿੰਘ, ਅਮਿਤ ਕੁਮਾਰ, ਗੁਰਵਿੰਦਰ ਸਿੰਘ, ਅਨਿਲ ਕੁਮਾਰ, ਜੇ. ਈ. ਮਨਿੰਦਰ ਸਾਵਰਾ, ਮਾਸਟਰ ਟਰੇਨਰ ਤੇ ਸੈਕਟਰ ਅਫਸਰਾਂ ਨੇ ਸਿਖਲਾਈ ਦਿੱਤੀ । ਉਨ੍ਹਾਂ ਦੱਸਿਆ ਕਿ 13 ਦਸੰਬਰ ਨੂੰ ਸਰਕਾਰੀ ਕਾਲਜ ਤੋਂ ਹੀ ਪੋਲਿੰਗ ਪਾਰਟੀਆਂ ਨੂੰ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਕੀਤਾ ਜਾਵੇਗਾ ਤੇ 14 ਦਸੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਿੰਗ ਹੋਵੇਗੀ।

## ਗੁਰਤੀਰਥ ਡਾਇਗਨੋਸਟਿਕ ਸੈਂਟਰ ਦੇ ਡਾ. ਗੁਰਸ਼ਰਨ ਸਿੰਘ ਤੇ ਡਾ. ਤੀਰਥ ਬਾਲਾ ਨੇ ਪਿਤਾ ਦੀ ਯਾਦ 'ਚ ਗਰਮ ਕੱਪੜੇ ਵੰਡੇ

ਫਤਹਿਗੜ੍ਹ ਸਾਹਿਬ, 10 ਦਸੰਬਰ (ਸੂਦ): ਸਾਨੂੰ ਆਪਣੇ ਜ਼ਿੰਦਗੀ ਦੇ ਰੁਝੇਵਿਆਂ ਤੇ ਕੰਮਾਂ ਦੇ ਨਾਲ ਨਾਲ ਸਮਾਜ ਭਲਾਈ ਦੇ ਕੰਮਾਂ 'ਚ ਵੀ ਵੱਧ ਚੜ੍ਹ ਕੇ ਹਿਸਾ ਲੈਣਾ ਚਾਹੀਦਾ ਹੈ ਤਾਂ ਜੋ ਵਧੀਆ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਗੁਰਤੀਰਥ ਡਾਇਗਨੋਸਟਿਕ ਸੈਂਟਰ ਦੇ ਐਮ. ਡੀ. ਡਾ. ਗੁਰਸ਼ਰਨ ਸਿੰਘ ਤੇ ਡਾ. ਤੀਰਥ ਬਾਲਾ ਨੇ ਆਪਣੇ ਸਵਰਗੀ ਪਿਤਾ ਮਾਸਟਰ ਅੱਛਰਾ ਸਿੰਘ ਲਾਪਰਾਂ ਦੀ ਯਾਦ 'ਚ ਉਨ੍ਹਾਂ ਦੇ ਜੱਦੀ ਪਿੰਡ ਲਾਪਰਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਬੱਚਿਆਂ ਨੂੰ ਕੋਟੀਆਂ ਤੇ ਸਕੂਲ ਨੂੰ ਪ੍ਰਿੰਟਰ ਭੇਟ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਵਰਗੀ ਪਿਤਾ ਹਮੇਸ਼ਾ ਸਮਾਜ ਭਲਾਈ ਕੰਮਾਂ 'ਚ ਵੱਧ ਚੜ੍ਹ ਕੇ ਹਿਸਾ ਲੈਂਦੇ ਸਨ ਤੇ ਉਨ੍ਹਾਂ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਤੇ ਸੰਸਕਾਰ ਦਿੱਤੇ, ਜਿਸ 'ਤੇ ਚੱਲਦਿਆਂ ਹੁਣ ਉਨ੍ਹਾਂ ਦੁਆਰਾ ਆਪਣੇ ਪਿਤਾ ਦੀ ਯਾਦ 'ਚ ਹਰ ਸਾਲ ਸਮਾਜ ਭਲਾਈ ਦੇ ਕੰਮਾਂ ਨੂੰ ਵੱਧ ਚੜ੍ਹ ਕੇ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਲੋੜਵੰਦਾਂ ਦੀ ਮਦਦ ਕਰਦੇ ਹੋਏ ਵਧੀਆ ਸਮਾਜ ਦੀ ਸਿਰਜਣਾ ਕਰੀਏ। ਇਸ ਮੌਕੇ ਹੈਪੀ ਲਾਪਰਾਂ, ਗੁਰਪ੍ਰੀਤ ਸਿੰਘ ਲਾਪਰਾਂ, ਸਰਪੰਚ ਹਰਪ੍ਰੀਤ ਕੌਰ, ਸਾਬਕਾ ਸਰਪੰਚ ਗੁਰਮੀਤ ਸਿੰਘ ਤੇ ਪੰਚ ਕਮਲਜੀਤ ਕੌਰ ਹਾਜ਼ਰ ਸਨ। ਸਕੂਲ ਇੰਚਾਰਜ, ਅਧਿਆਪਕਾਂ ਤੇ ਪਿੰਡ ਵਾਸੀਆਂ ਨੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।



# ਵਿਧਾਇਕ ਅਮਰਪਾਲ ਸਿੰਘ ਦੀ ਅਗਵਾਈ ਹੇਠ ਚੋਣਾਂ 'ਚ 'ਆਪ' ਉਮੀਦਵਾਰ ਕਰਨਗੇ ਜਿੱਤ ਪ੍ਰਾਪਤ: ਕੁਲਵੰਤਬੀਰ/ਨਿੰਦੀ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 10 ਦਸੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੇ ਉਮੀਦਵਾਰ ਇਤਿਹਾਸਕ ਜਿੱਤ ਪ੍ਰਾਪਤ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਚੇਅਰਮੈਨ ਕੁਲਵੰਤਬੀਰ ਸਿੰਘ ਘੁਮਾਣ ਤੇ ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ ਘੁਮਾਣ ਨੇ ਆਖਿਆ ਕਿ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਪਿੰਡਾਂ ਦੇ ਵਿਕਾਸ ਕਾਰਜ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਬਿਨਾਂ ਭੇਦਭਾਵ ਦੇ ਕਰਵਾਏ ਗਏ ਹਨ।ਜਿਨ੍ਹਾਂ ਨੂੰ ਮੁੱਖ ਰੱਖਦਿਆਂ ਹੋਇਆਂ



ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਵੋਟਰ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਵੋਟ ਭੁਗਤਾਉਣਗੇ।ਉਨ੍ਹਾਂ ਆਖਿਆ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਮੀਡੀਆ ਇੰਚਾਰਜ ਤੇ ਸਿਆਸੀ ਸਲਾਹਕਾਰ ਪਰਮਬੀਰ ਸਿੰਘ ਰਾਣਾ ਘੁਮਾਣ, ਅਰਵਿੰਦਰ ਸਿੰਘ ਬਿੱਲਾ ਘੁਮਾਣ, ਐਨਆਰਆਈ ਲਖਬੀਰ ਸਿੰਘ ਬਾਵਾ, ਅਸ਼ਵਨੀ ਕੁਮਾਰ ਮਿੰਟਾ ਹਾਜ਼ਰ ਸਨ।

# ਨਾਗਪੁਰ ਵਿਖੇ ਮਨਾਏ ਸ਼ਹੀਦੀ ਸਮਾਗਮ 'ਚ ਪ੍ਰਿੰ.ਰੰਧਾਵਾ ਤੇ ਡਾ.ਬੁੱਟਰ ਨੇ ਕੀਤੀ ਸ਼ਿਰਕਤ

## ਸ਼ਤਾਬਦੀ ਸਮਾਗਮ ਨੂੰ ਯਾਦਗਾਰ ਬਣਾਉਣ ਲਈ ਟਕਸਾਲ ਮੁਖੀ ਤੇ ਮੁੱਖ ਮੰਤਰੀ ਮਹਾਰਾਸ਼ਟਰ ਦਾ ਕੀਤਾ ਧੰਨਵਾਦ

ਚੌਕ ਮਹਿਤਾ, 10 ਦਸੰਬਰ (ਬਲਜਿੰਦਰ ਸਿੰਘ ਰੰਧਾਵਾ): ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਾਗਪੁਰ ਵਿਖੇ ਮਹਾਰਾਸ਼ਟਰ ਸਰਕਾਰ ਵੱਲੋਂ ਰਾਜ ਪੱਧਰ 'ਤੇ ਆਯੋਜਿਤ ਸ਼ਹੀਦੀ ਸਮਾਗਮ ਦੌਰਾਨ ਚੀਫ ਖ਼ਾਲਸਾ ਦੀਵਾਨ ਦੇ ਮੈਂਬਰ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਮੈਨੇਜਿੰਗ ਡਾਇਰੈਕਟਰ ਦਸ਼ਮੇਸ ਵਿੱਦਿਅਕ ਸੰਸਥਾਵਾਂ ਤੇ ਡਾ.ਅਵਤਾਰ ਸਿੰਘ ਬੁੱਟਰ ਨੇ ਵਿਸ਼ੇਸ਼ ਹਾਜ਼ਰੀ ਭਰੀ।ਇਸ ਦੌਰਾਨ ਮੁੱਖ ਮੰਤਰੀ ਮਹਾਰਾਸ਼ਟਰਾ ਦੇਵੇਂਦਰ ਫੜਨਵੀਸ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।ਪ੍ਰਿੰ.ਰੰਧਾਵਾ ਤੇ ਡਾ. ਬੁੱਟਰ ਨੇ ਕਿਹਾ ਕਿ ਇਸ ਸ਼ਹੀਦੀ ਸਮਾਗਮ ਦੌਰਾਨ ਜਿੱਥੇ ਲੱਖਾਂ ਦੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ, ਉਥੇ ਹੀ ਮਹਾਰਾਸ਼ਟਰ 'ਚ ਵੱਸਦੇ ਸਿੱਖ ਸੁਮਦਾਏ ਦੇ ਲੁਬਾਣਾ ਸਮਾਜ, ਵਣਜਾਰਾ ਸਮਾਜ, ਸਿੰਧੀ ਸਮਾਜ, ਵਾਲਮੀਕਿ ਸਮਾਜ ਤੇ ਸਿਕਲੀਗਰ ਸਮਾਜ ਨੂੰ ਇੱਕ ਧਾਗੇ 'ਚ ਪ੍ਰੋਣ ਦਾ ਕੰਮ ਕੀਤਾ ਗਿਆ।ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਸਿੱਖ ਇਤਿਹਾਸ



ਨੂੰ ਆਪਣੇ ਪਾਠਕ੍ਰਮ 'ਚ ਸ਼ਾਮਲ ਕਰਨ ਤੇ ਸ਼ਤਾਬਦੀ ਸਮਾਗਮਾਂ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਏ ਜਾਣ ਤੋਂ ਇਲਾਵਾ ਮਹਾਰਾਸ਼ਟਰ 'ਚ ਵੱਸਦੇ ਸਿੱਖ ਸਮਾਜ ਲਈ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ ਤੇ ਇਸ ਸਭ ਦਾ ਸਿਹਰਾ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੇ ਮਾਰਗਦਰਸ਼ਨ ਤੇ ਮੁੱਖ ਮੰਤਰੀ ਫੜਨਵੀਸ ਦੇ ਯਤਨਾਂ ਨੂੰ ਜਾਂਦਾ ਹੈ। ਦੋਨਾਂ ਆਗੂਆਂ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਸ਼ਤਾਬਦੀ ਸਮਾਗਮਾਂ ਲਈ ਕੀਤੇ ਗਏ ਵਿਸ਼ਾਲ ਪ੍ਰਬੰਧਾਂ ਤੇ ਸਮਾਗਮ ਦੀ ਸਫਲਤਾ ਲਈ ਦਮਦਮੀ ਟਕਸਾਲ ਵੱਲੋਂ ਕੀਤੀ ਗਈ ਯੋਗ ਅਗਵਾਈ ਲਈ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਸ਼ਤਾਬਦੀ ਸਮਾਗਮ ਧਰਮ ਤੇ ਸੱਚ ਦੀ ਖਾਤਿਰ ਆਪਣਾ ਸੀਸ ਬਲੀਦਾਨ ਕਰਨ ਵਾਲੇ 'ਹਿੰਦ ਦੀ ਚਾਦਰ' ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹਾਦਤ ਦਿਵਸ ਮੌਕੇ ਕਰਵਾਏ ਗਏ ਸਨ, ਜੋ ਪੂਰੀ ਤਰ੍ਹਾਂ ਨਾਲ ਯਾਦਗਰੀ ਹੋ ਨਿਬੜੇ ਹਨ।

# ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਮਿੱਤਰਪਾਲ ਸਿੰਘ ਦੌਲਤਪੁਰ ਨੂੰ ਹਲਕੇ ਦੇ ਲੋਕਾਂ ਤੋਂ ਮਿਲ ਰਿਹੈ ਭਰਵਾਂ ਹੁੰਗਾਰਾ

ਬਟਾਲਾ, 10 ਦਸੰਬਰ (ਬਲਵਿੰਦਰ ਸਿੰਘ ਪੰਜਗਰਾਈਂ): ਬਟਾਲਾ ਹਲਕੇ ਦੇ ਵਡਾਲਾ ਗ੍ਰੰਥੀਆਂ ਜ਼ੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਮਿੱਤਰਪਾਲ ਸਿੰਘ ਵਿਰਕ



ਪਾਰਟੀ ਵੱਲੋਂ ਕੀਤੇ ਹੋਏ ਵਿਕਾਸ ਕਾਰਜਾਂ ਦੀ ਬਦੌਲਤ ਆਪਣੀ ਵੱਡੀ ਜਿੱਤ ਨੂੰ ਲੈ ਕੇ ਚੱਲ ਰਹੇ ਹਨ। ਆਪਣੇ ਗ੍ਰਹਿ ਵਿਖੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਮੈਨੂੰ ਰੱਜਵਾਂ ਪਿਆਰ ਮਿਲ ਰਿਹਾ ਹੈ।ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਪਾਰਟੀ ਨਾਲ ਸਬੰਧ ਰੱਖਣ ਵਾਲੇ ਸਾਰੇ ਪਰਿਵਾਰ, ਪਾਰਟੀਬਾਜ਼ੀ ਤੋਂ ਉਪਰ ਉਠ ਕੇ, ਬਟਾਲਾ ਹਲਕੇ ਅੰਦਰ ਕੀਤੇ ਹੋਏ ਵਿਕਾਸ ਕੰਮਾਂ ਨੂੰ ਦੇਖਦੇ ਹੋਏ, ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਾਸੀਆਂ ਦੇ 90% ਲੋਕਾਂ ਦੇ ਬਿਜਲੀ ਦੇ ਬਿੱਲ ਮੁਆਫ ਹਨ।ਦਹਾਕਿਆਂ ਤੋਂ ਬੰਦ ਪਿਆ ਹੋਇਆ ਨਹਿਰੀ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪਹੁੰਚ ਰਿਹਾ ਹੈ।58962 ਨੌਕਰੀਆਂ ਬਿਨਾਂ ਕਿਸੇ ਭੇਦਭਾਵ ਦੇ ਪਾਰਦਰਸ਼ੀ ਤਰੀਕੇ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਦਿੱਤੀਆਂ ਗਈਆਂ ਹਨ। ਪੰਜਾਬ ਦੇ ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਹੋਇਆਂ, ਮੁਹੱਲਾ ਕਲੀਨਿਕ ਖੋਲ੍ਹੇ ਗਏ।ਸਿੱਖਿਆ ਵਿੱਚ ਕ੍ਰਾਂਤੀ ਲਿਆਉਣ ਲਈ ਸਕੂਲ ਆਫ ਐਮੀਨੈਂਸ ਖੋਲ੍ਹੇ ਗਏ।ਨਸ਼ਿਆਂ ਨੂੰ ਖਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਜਿਹੇ ਅਭਿਆਨ ਚੱਲ ਰਹੇ ਹਨ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪੰਜਾਬ ਦੇ ਪਿੰਡਾਂ ਅੰਦਰ ਸਟੇਡੀਅਮ ਤਿਆਰ ਕੀਤੇ ਜਾ ਰਹੇ ਹਨ। ਪਿੰਡਾਂ ਦੀਆਂ ਲਿੰਕ ਸੜਕਾਂ ਨੂੰ ਨਵਿਆਉਣ ਲਈ ਵੱਡੇ ਪ੍ਰੋਜੈਕਟ ਤਿਆਰ ਕੀਤੇ ਗਏ ਹਨ ਤੇ ਉਨ੍ਹਾਂ ਨੂੰ ਨਵਿਆਉਣ ਦੇ ਕੰਮ ਚੱਲ ਰਹੇ ਹਨ।ਮਿੱਤਰਪਾਲ ਸਿੰਘ ਨੇ ਆਪਣੀ ਜਿੱਤ ਸਬੰਧੀ ਬੋਲਦਿਆਂ ਹੋਇਆਂ ਕਿਹਾ ਕਿ ਇਹ ਮੇਰੀ ਜਿੱਤ ਨਹੀਂ ਹੈ ਲੋਕਾਂ ਦੀ ਜਿੱਤ ਹੋਵੇਗੀ, ਪਾਰਟੀ ਵੱਲੋਂ ਕੀਤੇ ਹੋਏ ਵਿਕਾਸ ਦੀ ਜਿੱਤ ਹੋਵੇਗੀ।ਇਸ ਮੌਕੇ ਸਰਪੰਚ ਮਿੱਤਰਪਾਲ ਸਿੰਘ ਤੋਂ ਇਲਾਵਾ ਪ੍ਰਮਜੀਤ ਸਿੰਘ ਵੱਡੀ, ਪ੍ਰੀਤਮ ਸਿੰਘ ਬਿੱਟੂ, ਯੂਥ ਆਗੂ ਚਮਕੌਰ ਸਿੰਘ, ਨੰਬਰਦਾਰ ਪੂਰਨ ਸਿੰਘ, ਪੰਚ ਮੱਸਾ ਸਿੰਘ, ਪੰਚ ਸਤਨਾਮ ਸਿੰਘ, ਪੰਚ ਪ੍ਰਦੀਪ ਸਿੰਘ, ਹੌਲਦਾਰ ਬਲਜੀਤ ਸਿੰਘ ਤੇ ਹੋਰ ਵੀ ਬਹੁਤ ਸਾਰੇ ਮੋਹਤਬਰ ਹਾਜ਼ਰ ਸਨ।

# ਜੁਗਾੜੂ ਰੇਹੜਾ ਵਰਕਰ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਮੁਜ਼ਾਹਰਾ



ਨਵਾਂਸ਼ਹਿਰ, 10 ਦਸੰਬਰ (ਸੁਖਦੇਵ ਸਿੰਘ ਉੜਾਪੜ): ਅੱਜ ਜੁਗਾੜੂ ਰੇਹੜਾ ਵਰਕਰ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਨਵਾਂਸ਼ਹਿਰ ਵਿਖੇ ਮੁਜ਼ਾਹਰਾ ਕੀਤਾ ਗਿਆ।ਇਹ ਮੁਜ਼ਾਹਰਾ ਬੱਸ ਅੱਡੇ ਤੋਂ ਚੱਲ ਕੇ ਚੰਡੀਗੜ੍ਹ ਚੌਕ ਤੋਂ ਹੁੰਦਾ ਹੋਇਆ ਆਰਟੀਓ ਦਫਤਰ ਪਹੁੰਚਿਆ। ਇਸ ਮੁਜ਼ਾਹਰੇ ਵਿੱਚ ਜੁਗਾੜੂ ਰੇਹੜੇ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਰੇਹੜਾ ਵਰਕਰਾਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਕੇ ਆਪਣੀ ਜਥੇਬੰਦਕ ਏਕਤਾ ਦਾ ਪ੍ਰਦਰਸ਼ਨ ਕੀਤਾ।ਇਸ ਇਕੱਠ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਇਫਟੂ ਦੇ ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਤੇ ਸਤੀਸ਼ ਕੁਮਾਰ ਨੇ ਕਿਹਾ ਕਿ ਜੁਗਾੜੂ ਰੇਹੜਿਆਂ ਵਾਲੇ ਪਿੰਡਾਂ ਵਿੱਚ ਸਬਜ਼ੀ ਵੇਚਣ ਦਾ ਕੰਮ ਕਰਦੇ ਹਨ, ਕਵਾੜ ਦਾ ਕੰਮ ਕਰਦੇ ਹਨ ਤੇ ਹੋਰ ਕੰਮ ਕਰਕੇ ਆਪਣੇ ਪਰਿਵਾਰਾਂ ਦਾ ਪੇਟ ਪਾਲਦੇ ਹਨ।ਇਥੋਂ ਤੱਕ ਕਿ ਕੁਕਿੰਗ ਗੈਸ ਦੇ ਸਿਲੰਡਰ ਵੀ ਘਰਾਂ ਵਿੱਚ ਸਪਲਾਈ ਹੁੰਦੇ ਹਨ।ਇਹ ਸਰਕਾਰ ਉਤੇ ਵੀ ਕੋਈ ਬੋਝ ਨਹੀਂ ਹਨ।ਉਨ੍ਹਾਂ ਕਿਹਾ ਕਿ ਇਸ ਸਮੇਂ ਆਟੋ ਇੰਡਸਟਰੀ ਵਿਕਰੀ ਦੇ ਵੱਡੇ ਸੰਕਟ ਵਿੱਚੋਂ ਲੰਘ ਰਹੀ ਹੈ।ਇਸ ਸਨਅਤ ਦੇ ਸਨਅਤਕਾਰਾਂ ਦੇ ਦਬਾਅ ਹੇਠ ਸਰਕਾਰ ਅਜਿਹੇ ਕਦਮ ਚੁੱਕ ਰਹੀ ਹੈ ਤਾਂ ਕਿ ਅਜਿਹੇ ਰੇਹੜੇ ਬੰਦ ਕਰਵਾ ਕੇ ਉਨ੍ਹਾਂ ਦੀਆਂ ਮਹਿੰਗੀਆਂ ਗੱਡੀਆਂ ਵਿਕਵਾ ਸਕੇ।ਨਵੇਂ ਕਾਨੂੰਨ ਰਾਹੀਂ 10 ਸਾਲ ਪੁਰਾਣੀ ਡੀਜ਼ਲ ਗੱਡੀਆਂ ਤੇ 15 ਸਾਲ ਪੁਰਾਣੀਆਂ ਪੈਟਰੋਲ ਗੱਡੀਆਂ ਨੂੰ ਵੀ ਕਬਾੜ ਐਲਾਨਣ ਦੀ ਯੋਜਨਾ ਲੋਕਾਂ ਦੇ ਤਿਖੇ ਵਿਰੋਧ ਕਾਰਨ ਅਜ ਰੁਕੀ ਹੋਈ ਹੈ।ਜੁਗਾੜੂ ਰੇਹੜਾ ਵਰਕਰ ਯੂਨੀਅਨ ਦੇ ਪ੍ਰਧਾਨ ਨਿੱਕੂ ਰਾਮ, ਸਕੱਤਰ ਬੀਰ ਬਹਾਦੁਰ, ਮਨੀਸ਼ ਕੁਮਾਰ ਤੇ ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਨੇ ਕਿਹਾ ਕਿ ਉਹ ਹਰ ਹਾਲ ਵਿੱਚ ਆਪਣੇ ਕਿੱਤੇ ਦੀ ਰੱਖਿਆ ਕਰਨਗੇ।

# ਬਲਾਕ ਸੰਮਤੀ ਦੇ ਜ਼ੋਨ ਘੁਮਾਣ ਤੋਂ ਉਮੀਦਵਾਰ ਰਮਨਦੀਪ ਕੌਰ ਬਾਵਾ ਦੇ ਹੱਕ ਵਿੱਚ ਡੋਰ-ਟੂ-ਡੋਰ ਚੋਣ ਪ੍ਰਚਾਰ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 10 ਦਸੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਬਲਾਕ ਸੰਮਤੀ ਘੁਮਾਣ ਜ਼ੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਮਨਦੀਪ ਕੌਰ ਬਾਵਾ ਸੁਪਤਨੀ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਜੌਨੀ ਘੁਮਾਣ ਦੇ ਹੱਕ ਵਿੱਚ ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ ਘੁਮਾਣ, ਸਰਪੰਚ ਜੀਵਨ ਸਿੰਘ ਘੁਮਾਣ, ਸਾਬਕਾ ਚੇਅਰਮੈਨ ਕੁਲਵੰਤਬੀਰ ਸਿੰਘ ਘੁਮਾਣ, ਪੰਚ ਗੁਰਜੀਤ ਸਿੰਘ ਜੰਭਾ, ਸਰਪੰਚ ਮਨਜੀਤ ਸਿੰਘ ਵਾੜੇ ਤੇ ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਜੌਨੀ ਵੱਲੋਂ ਆਮ ਆਦਮੀ ਪਾਰਟੀ ਦੇ ਘੁਮਾਣ ਜ਼ੋਨ ਤੋਂ ਉਮੀਦਵਾਰ ਰਮਨਦੀਪ ਕੌਰ ਬਾਵਾ ਦੇ ਹੱਕ ਵਿੱਚ ਡੋਰ-ਟੂ-ਡੋਰ ਜਾ ਕੇ ਵੋਟਰਾਂ ਨੂੰ ਲਾਮਬੰਦ ਕੀਤਾ ਤੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਬਿਨਾਂ ਭੇਦ ਭਾਵ ਦੇ ਕੀਤੇ ਗਏ ਵਿਕਾਸ ਕਾਰਜਾਂ ਤੇ ਭਗਵੰਤ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਵੋਟਰਾਂ ਨੂੰ ਪਾਰਟੀ ਉਮੀਦਵਾਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਆਗੂਆਂ ਨੇ ਸਾਂਝੇ ਤੌਰ 'ਤੇ ਆਖਿਆ ਕਿ ਪਾਰਟੀ ਉਮੀਦਵਾਰ ਬੀਬਾ ਰਮਨਦੀਪ ਕੌਰ ਬਾਵਾ ਵੱਡੀ ਲੀਡ ਨਾਲ ਬਲਾਕ ਸੰਮਤੀ ਦੀ ਚੋਣ ਜਿੱਤਣਗੇ।ਇਸ ਮੌਕੇ ਸੂਬੇਦਾਰ ਪ੍ਰੇਮ ਸਿੰਘ, ਮੰਗਲ ਸਿੰਘ, ਦਿਲਬਾਗ ਸਿੰਘ, ਜਗਤਾਰ ਸਿੰਘ, ਅਸ਼ਵਨੀ ਕੁਮਾਰ ਮਿੰਟਾ, ਰਜਿੰਦਰ ਕੁਮਾਰ ਪੱਪੀ, ਸੁੱਚਾ ਸਿੰਘ, ਪੱਪੂ ਘੁਮਾਣ ਆਦਿ ਹਾਜ਼ਰ ਸਨ।

# ਪ੍ਰਿੰ. ਸਵਲੀਨ ਭਾਟੀਆ ਨੂੰ ਮਿਲਿਆ ਬੈਸਟ ਪ੍ਰਿੰਸੀਪਲ ਤੇ ਬੈਸਟ ਸਕੂਲ ਦਾ ਐਵਾਰਡ



ਬਟਾਲਾ, 10 ਦਸੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਲ): ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਡੀ.ਡੀ.ਆਈ. ਸਕੂਲ ਪਿੰਡ ਪਿੰਡੀ ਨੇੜੇ ਫਤਹਿਗੜ੍ਹ ਚੂੜੀਆਂ, ਜਿਸ ਦੇ ਵਿਦਿਆਰਥੀ ਨਾ ਸਿਰਫ ਦੇਸ਼, ਬਲਕਿ ਵਿਦੇਸ਼ਾਂ ਵਿੱਚ ਵੀ ਆਪਣੇ ਵਿੱਦਿਅਕ ਟੂਰ 'ਤੇ ਜਾ ਚੁੱਕੇ ਹਨ, ਦੀ ਪ੍ਰਿੰ. ਸਵਲੀਨ ਭਾਟੀਆ ਨੂੰ ਬੀਤੇ ਦਿਨੀਂ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ (ਐਫ.ਏ.ਪੀ.) ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਕਰਵਾਏ ਗਏ ਰਾਸ਼ਟਰੀ ਸਾਲਾਨਾ ਸਮਾਰੋਹ ਦੌਰਾਨ ਬੈਸਟ ਪ੍ਰਿੰਸੀਪਲ ਦੇ ਐਵਾਰਡ ਨਾਲ ਜਿਥੇ ਸਨਮਾਨਤ ਕੀਤਾ ਗਿਆ, ਉਥੇ ਨਾਲ ਹੀ ਡੀ.ਡੀ.ਆਈ. ਸਕੂਲ ਨੂੰ ਗੁਰਦਾਸਪੁਰ ਜ਼ਿਲ੍ਹੇ ਵਿਚੋਂ ਬੈਸਟ ਸਕੂਲ ਦਾ ਐਵਾਰਡ ਵੀ ਦੇ ਕੇ ਨਿਵਾਜਿਆ ਗਿਆ ਹੈ, ਜਿਸ ਦਾ ਸ਼੍ਰੇਅ ਸਕੂਲ ਐਮ.ਡੀ. ਇੰਦਰਜੀਤ ਸਿੰਘ ਭਾਟੀਆ ਤੇ ਡਾਇਰੈਕਟਰ ਏਕਮੀ ਭਾਟੀਆ ਦੀ ਅਗਵਾਈ ਹੇਠ ਕੰਮ ਕਰ ਰਹੇ ਪ੍ਰਿੰ. ਸਵਲੀਨ ਤੇ ਤਜਰਬੇਕਾਰ ਸਟਾਫ ਨੂੰ ਜਾਂਦਾ ਹੈ।ਇਸ ਤੋਂ ਵੀ ਵੱਧ ਦੱਸਣਯੋਗ ਹੈ ਕਿ ਇਸ ਦੇ ਨਾਲ ਹੀ ਅਧਿਆਪਕਾ ਜਸਬੀਰ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਬੋਲਦਿਆਂ ਐਮ.ਡੀ. ਭਾਟੀਆ ਨੇ ਕਿਹਾ ਕਿ ਇਹ ਜੋ ਪ੍ਰਾਪਤੀਆਂ ਸਕੂਲ ਨੇ ਕੀਤੀਆਂ ਹਨ, ਉਸ ਲਈ ਉਹ ਹਮੇਸ਼ਾ ਪ੍ਰਿੰ. ਸਵਲੀਨ ਸਮੇਤ ਸਮੂਹ ਸਟਾਫ ਦੇ ਤਹਿ ਦਿਲੋਂ ਧੰਨਵਾਦੀ ਰਹਿਣਗੇ ਤੇ ਭਵਿੱਖ ਵਿਚ ਸਕੂਲ ਨੂੰ ਹੋਰ ਜ਼ਿਆਦਾ ਬੁਲੰਦੀਆਂ ਲਿਜਾਣ ਲਈ ਹਰ ਯੋਗ ਕਦਮ ਚੁੱਕਣਗੇ।

# ਟਰੱਕ ਦੀ ਲਪੇਟ 'ਚ ਆਉਣ ਕਾਰਨ ਸਕੂਟਰੀ ਸਵਾਰ ਲੜਕੀ ਜ਼ਖ਼ਮੀ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਉਧਨਵਾਲ, 10 ਦਸੰਬਰ (ਸੁਖਅੰਮ੍ਰਿਤ ਸਿੰਘ ਸੋਨੂੰ/ਡਾ. ਸਰਬਜੀਤ ਸਿੰਘ ਭਿੰਡਰ): ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਰੋਡ 'ਤੇ ਕਸਬਾ ਘੁਮਾਣ ਦੇ ਨਜ਼ਦੀਕ ਪੁੱਲ ਅਠਵਾਠ 'ਤੇ ਸਕੂਟਰੀ ਸਵਾਰ ਮਾਂ-ਧੀ ਦੇ ਟਰੱਕ ਦੀ ਲਪੇਟ 'ਤੇ ਆਉਣ ਕਾਰਨ ਧੀ ਦੇ ਗੰਭੀਰ ਰੂਪ ਤੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅੱਜ ਸਵੇਰੇ ਤਹਿਜਪ੍ਰੀਤ ਕੌਰ 18 ਸਾਲ ਪੁੱਤਰੀ ਰਾਜਵਿੰਦਰ ਸਿੰਘ ਆਪਣੀ ਮਾਤਾ ਸਰਬਜੀਤ ਕੌਰ ਵਾਸੀ ਕਾਂਮ ਜੋ ਕਿ ਆਪਣੇ ਪਿੰਡ ਕਾਂਮ ਆਪਣੀ ਸਕੂਟਰੀ PB 46 G 6506 'ਤੇ ਸਵਾਰ ਹੋ ਕੇ ਕਿਸੇ ਕੰਮ ਲਈ ਕਸਬਾ ਘੁਮਾਣ ਆ ਰਹੀਆਂ ਸਨ ਕਿ ਜਦ ਉਹ ਪੁੱਲ ਅਠਵਾਠ 'ਤੇ ਪਹੁੰਚੀਆਂ ਤਾਂ ਮਹਿਤਾ ਵਾਲੀ ਸਾਈਡ ਤੋਂ ਆਉਂਦੇ ਟਰੱਕ ਨੰ PB 18 U 9998 ਜਿਸ ਨੂੰ ਬਲਰਾਜ



ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਬੂਜੀਆਂਵਾਲੀ ਚਲਾ ਰਿਹਾ ਸੀ ਦੀ ਲਪੇਟ 'ਤੇ ਆਉਣ ਕਾਰਨ ਤਹਿਜਪ੍ਰੀਤ ਕੌਰ ਪੁੱਤਰੀ ਰਾਜਵਿੰਦਰ ਸਿੰਘ ਵਾਸੀ ਕਾਮ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਈ, ਜਿਸ ਨੂੰ ਇਲਾਜ ਲਈ ਅਮਨਦੀਪ ਹਸਪਤਾਲ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਇਸ ਸਬੰਧੀ ਥਾਣਾ ਘੁਮਾਣ ਏਐਸਆਈ ਸਤਪਾਲ ਸਿੰਘ ਵੱਲੋਂ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਦੋਵੇਂ ਵਾਹਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਗੁਰਦਾਸਪੁਰ ਸਹਿਕਾਰੀ ਖੰਡ ਮਿੱਲ ਨੇ ਕੰਮ ਸ਼ੁਰੂ ਕੀਤਾ, ਗੰਨਾ ਲਿਆਉਣ ਵਾਲੇ ਕਿਸਾਨ ਬਾਗੋਬਾਗ

ਗੁਰਦਾਸਪੁਰ, 10 ਦਸੰਬਰ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): 5000 ਟੀਸੀਡੀ ਤੱਕ ਦੀ ਪਿੜਾਈ ਸਮਰੱਥਾ ਨਾਲ ਲੈਸ ਗੁਰਦਾਸਪੁਰ ਸਹਿਕਾਰੀ ਖੰਡ ਮਿੱਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਰਸਮੀ ਉਦਘਾਟਨ ਕਰਨ ਤੋਂ ਬਾਅਦ ਗੰਨੇ ਦਾ ਕੰਮ ਸ਼ੁਰੂ ਕਰ ਦਿੱਤਾ ਹੈ।ਮਿੱਲ ਦੇ ਜਨਰਲ ਮੈਨੇਜਰ ਸੁਭਾਸ਼ ਚੰਦਰ ਨੇ ਦੱਸਿਆ ਕਿ ਇਹ ਅਤਿ-ਆਧੁਨਿਕ ਸਹੂਲਤ ਖੇਤਰ ਦੇ ਖੇਤੀਬਾੜੀ-ਉਦਯੋਗਿਕ ਵਾਤਾਵਰਨ ਪ੍ਰਣਾਲੀ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰਨ ਲਈ ਤਿਆਰ ਹੈ। ਮਿੱਲ ਦੇ ਚਾਲੂ ਹੋਣ ਨਾਲ ਜ਼ਿਲ੍ਹੇ ਭਰ ਦੇ ਗੰਨਾ ਉਤਪਾਦਕਾਂ ਨੂੰ ਬਹੁਤ ਰਾਹਤ ਮਿਲੀ ਹੈ, ਜਿਨ੍ਹਾਂ ਨੂੰ ਹੁਣ ਆਪਣੀ ਉਪਜ ਵੇਚਣ ਲਈ ਦੂਰ-ਦੁਰਾਡੇ ਦੀਆਂ ਮਿੱਲਾਂ ਤੱਕ 60-70 ਕਿਲੋਮੀਟਰ ਯਾਤਰਾ ਕਰਨ ਦੀ ਮੁਸ਼ਕਿਲ ਤੋਂ ਮੁਕਤੀ ਮਿਲੀ ਹੈ।ਨਵੀਂ ਮਿੱਲ ਸੁਵਿਧਾਜਨਕ ਪਹੁੰਚ, ਸਮੇਂ ਸਿਰ ਅਨਲੋਡਿੰਗ ਤੇ ਕੁਸ਼ਲ ਪਿੜਾਈ ਨੂੰ ਯਕੀਨੀ ਬਣਾਉਂਦੀ ਹੈ, ਜਿਸ ਨਾਲ ਇਹ



ਕਿਸਾਨ ਭਾਈਚਾਰੇ ਲਈ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਸੰਪਤੀ ਬਣ ਜਾਂਦੀ ਹੈ।ਸਥਾਨਕ ਗੰਨਾ ਕਿਸਾਨ ਜਗਦੇਵ ਸਿੰਘ ਪਿੰਡ ਚਿੱਟੀ ਜ਼ਿਲ੍ਹਾ ਗੁਰਦਾਸਪੁਰ ਨੇ ਆਪਣੀ ਸੰਤੁਸ਼ਟੀ ਪ੍ਰਗਟ ਕਰਦੇ ਹੋਏ ਕਿਹਾ ਕਿ ਮੈਂ ਕੱਲ੍ਹ ਆਪਣੀ ਗੰਨੇ ਦੀ ਟਰਾਲੀ ਲੈ ਕੇ ਮਿੱਲ ਵਿੱਚ ਆਇਆ ਸੀ, ਜਿਸਨੂੰ ਨੂੰ ਤੁਰੰਤ ਉਤਾਰ ਦਿੱਤਾ ਗਿਆ।ਹੁਣ ਸਾਨੂੰ ਆਪਣੀ ਫਸਲ ਵੇਚਣ ਲਈ ਜ਼ਿਲ੍ਹੇ ਤੋਂ ਬਾਹਰ ਨਹੀਂ ਜਾਣਾ ਪਿਆ।ਇਹ ਸਾਡੇ ਸਾਰਿਆਂ ਲਈ ਇੱਕ ਵੱਡੀ ਰਾਹਤ ਹੈ।ਇਹ ਆਧੁਨਿਕ ਸਹੂਲਤ ਸਲਫਰ-ਰਹਿਤ ਖੰਡ ਦਾ ਨਿਰਮਾਣ ਕਰੇਗੀ, ਇੱਕ ਉਚ-ਗੁਣਵੱਤਾ ਵਾਲਾ ਉਤਪਾਦ ਜਿਸਦੀ ਬਾਜ਼ਾਰ ਵਿੱਚ ਬਿਹਤਰ ਕੀਮਤਾਂ ਮਿਲਣ ਦੀ ਉਮੀਦ ਹੈ।ਇਸ ਤੋਂ ਇਲਾਵਾ ਮਿੱਲ ਵਿੱਚ ਪੈਦਾ ਹੋਣ ਵਾਲੀ ਬਿਜਲੀ PSPCL ਨੂੰ ਸਪਲਾਈ ਕੀਤੀ ਜਾਵੇਗੀ, ਜੋ ਕਿ ਰਾਜ ਦੀ ਊਰਜਾ ਸਪਲਾਈ ਤੇ ਪਲਾਂਟ ਦੀ ਸੰਚਾਲਨ ਕੁਸ਼ਲਤਾ ਵਿੱਚ ਯੋਗਦਾਨ ਪਾਵੇਗੀ।ਇਹ ਮਿੱਲ ਇਲਾਕੇ ਦੇ ਵਸਨੀਕਾਂ ਨੂੰ ਸਿੱਧੇ ਤੇ ਅਸਿੱਧੇ ਤੌਰ 'ਤੇ ਰੁਜ਼ਗਾਰ ਪ੍ਰਦਾਨ ਕਰੇਗੀ।

# ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਣਨ 'ਤੇ ਚਰਨਜੀਤ ਬਾਗੋਂਵਾਨੀ ਦਾ ਵਿਸ਼ੇਸ਼ ਸਨਮਾਨ

ਡੇਰਾ ਬਾਬਾ ਨਾਨਕ, 10 ਦਸੰਬਰ (ਹੈਪੀ ਕੋਟਲੀ): ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਇਤਿਹਾਸਿਕ ਬਲਾਕ ਕਲਾਨੌਰ ਦੇ ਜ਼ੋਨ ਭੰਡਾਲ ਤੋਂ ਆਮ ਆਦਮੀ ਪਾਰਟੀ ਐਸਸੀ ਵਿੰਗ ਦੇ ਹਲਕਾ ਕੋਆਰਡੀਨੇਟਰ ਚਰਨਜੀਤ ਸਿੰਘ ਬਾਗੋਂਵਾਨੀ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਬਿਨਾਂ ਮੁਕਾਬਲੇ ਜੇਤੂ ਰਹੇ।ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚਰਨਜੀਤ ਸਿੰਘ ਬਾਗੋਂਵਾਨੀ ਦਾ ਇਲਾਕਾ ਨਿਵਾਸੀਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੱਲਬਾਤ ਕਰਦਿਆਂ ਚਰਨਜੀਤ ਬਾਗੋਂਵਾਨੀ ਨੇ ਕਿਹਾ ਕਿ ਉਨ੍ਹਾਂ ਦੇ ਮੁਕਾਬਲੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਵੱਲੋਂ ਪਹਿਲਾਂ ਭਰੀਆਂ ਗਈਆਂ ਸਨ, ਜੋ ਅਧੂਰੀਆਂ ਪਾਈਆਂ ਜਾਣ 'ਤੇ ਉਹ ਬਿਨਾਂ ਮੁਕਾਬਲੇ ਜੇਤੂ ਰਹੇ ਹਨ।ਉਨ੍ਹਾਂ ਕਿਹਾ ਕਿ ਜਿੱਤ ਦਾ ਸਿਹਰਾ ਸਿੱਧੇ ਤੌਰ 'ਤੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੂੰ ਜਾਂਦਾ ਹੈ



ਜਿਨ੍ਹਾਂ ਵੱਲੋਂ ਇੱਕ ਨਿਮਾਣੇ ਤੇ ਗਰੀਬ ਪਰਿਵਾਰ ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਟਿਕਟ ਦੇ ਕੇ ਨਿਵਾਜਿਆ ਸੀ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚਰਨਜੀਤ ਸਿੰਘ ਬਾਗੋਂਵਾਨੀ ਨੇ ਪਾਰਟੀ ਹਾਈਕਮਾਨ ਅਰਵਿੰਦ ਕੇਜਰੀਵਾਲ, ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਕੈਬਨਿਟ ਮੰਤਰੀ ਅਮਨ ਅਰੋੜਾ, ਹਲਕਾ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਤੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਧੰਨਵਾਦ ਕੀਤਾ।ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੇ ਪਿੰਡ 'ਚ ਬਾਗੋਂਵਾਨੀ 'ਚ ਜਿੱਤ ਦੀ ਖੁਸ਼ੀ ਵਿੱਚ ਆਤਿਸ਼ਬਾਜ਼ੀ ਚਲਾਈ ਗਈ ਤੇ ਲੱਡੂ ਵੰਡੇ ਗਏ।ਇਸ ਮੌਕੇ ਸਰਪੰਚ ਬਲਜੀਤ ਸਿੰਘ ਬਾਗੋਂਵਾਨੀ, ਨੌਜਵਾਨ ਆਗੂ ਰਵਿੰਦਰ ਸਿੰਘ ਅਠਵਾਲ ਇਲਾਕੇ ਦੇ ਆਮ ਆਦਮੀ ਪਾਰਟੀ ਦੇ ਵਰਕਰਾਂ ਪੰਚਾਂ-ਸਰਪੰਚਾਂ ਵੱਲੋਂ ਮੈਂਬਰ ਚਰਨਜੀਤ ਸਿੰਘ ਬਾਗੋਂਵਾਨੀ ਨੂੰ ਵਧਾਈਆਂ ਦਿੱਤੀਆਂ ਗਈਆਂ।

# ਸੀ.ਪੀ.ਆਈ. (ਐਮ.ਐਲ.) ਨੇ ਔੜ ਬਲਾਕ ਤੋੜਨ ਵਿਰੁੱਧ ਚੋਣਾਂ ਦੇ ਬਾਈਕਾਟ ਦੀ ਮੁਹਿੰਮ ਭਖਾਈ



ਨਵਾਂਸ਼ਹਿਰ, 10 ਦਸੰਬਰ (ਸੁਖਦੇਵ ਸਿੰਘ ਉੜਾਪੜ): ਸੀ.ਪੀ.ਆਈ. (ਐਮ.ਐਲ.) ਨਿਊ ਡੈਮੋਕਰੇਸੀ ਵੱਲੋਂ ਔੜ ਬਲਾਕ ਤੋੜਨ ਦੇ ਵਿਰੋਧ ਵਿੱਚ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦਾ ਬਾਈਕਾਟ ਕਰਨ ਲਈ ਪਿੰਡਾਂ ਵਿੱਚ ਚਲਾਈ ਮੁਹਿੰਮ ਤਹਿਤ ਦਰਜਨ ਦੇ ਕਰੀਬ ਪਿੰਡਾਂ ਵਿੱਚ ਪਹੁੰਚ ਕੀਤੀ ਗਈ।ਇਸ ਮੁਹਿੰਮ ਤਹਿਤ ਔੜ, ਉੜਾਪੜ, ਗੜ੍ਹ ਪਧਾਣਾ, ਗਰਚਾ, ਬਹਾਦਰਪੁਰ, ਬਜੀਦਪੁਰ, ਦੁਧਾਲਾ, ਤਾਜਪੁਰ ਖੋਜੇ, ਗੜ੍ਹੀ ਭਾਰਟੀ, ਸਾਹਲੋਂ, ਸਕੋਹਪੁਰ ਤੇ ਮਾਹਲ ਖੁਰਦ ਪਿੰਡਾਂ ਦੇ ਲੋਕਾਂ ਤੱਕ ਪਹੁੰਚ ਕੀਤੀ ਗਈ। ਟੀਮ ਵੱਲੋਂ ਲੋਕਾਂ ਨੂੰ ਮਿਲ ਕੇ ਚੋਣਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਗਿਆ।ਇਸ ਟੀਮ ਦੀ ਅਗਵਾਈ ਪਾਰਟੀ ਦੇ ਆਗੂ ਦਲਜੀਤ ਸਿੰਘ ਐਡਵੋਕੇਟ ਨੇ ਕੀਤੀ। ਉਨ੍ਹਾਂ ਦੇ ਨਾਲ ਨਰਿੰਦਰ ਸਿੰਘ ਉੜਾਪੜ, ਬਲਦੇਵ ਸਿੰਘ, ਕਰਨੈਲ ਸਿੰਘ, ਮੋਹਨ ਸਿੰਘ ਤੇ ਚਰਨ ਸਿੰਘ ਵੀ ਸਨ।

# ਮੁਖਤਾਰ ਸਿੰਘ ਬੋਹਜਾ ਦੇ ਹੱਕ 'ਚ ਵਿਧਾਇਕ ਅਮਰਪਾਲ ਸਿੰਘ ਵੱਲੋਂ ਚੋਣ ਪ੍ਰਚਾਰ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 10 ਦਸੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਆਮ ਆਦਮੀ ਪਾਰਟੀ ਦੇ ਬਲਾਕ ਸੰਮਤੀ ਬੋਹਜਾ ਜ਼ੋਨ ਤੋਂ ਚੋਣ ਲੜ ਰਹੇ ਉਮੀਦਵਾਰ ਮੁਖਤਾਰ ਸਿੰਘ ਬੋਹਜਾ ਦੇ ਹੱਕ ਵਿੱਚ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਤੇ ਹਰ ਵਰਗ ਦੇ ਲੋਕਾਂ ਦੀ ਸਾਂਝੀ ਸਰਕਾਰ ਹੈ।ਉਨ੍ਹਾਂ ਆਖਿਆ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕੰਮ ਕਰਕੇ ਸਰਕਾਰ ਵੱਲੋਂ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਮੁਹੱਈਆ



ਕਰਵਾਈਆਂ ਗਈਆਂ ਹਨ, ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਵੋਟਰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਣਗੇ।ਉਨ੍ਹਾਂ ਜ਼ੋਨ ਬੋਹਜਾ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਵੋਟਾਂ ਪਾ ਕੇ ਪਾਰਟੀ ਉਮੀਦਵਾਰ ਮੁਖਤਾਰ ਸਿੰਘ ਬੋਹਜਾ ਨੂੰ ਜਿਤਾਉਣ ਦੀ ਅਪੀਲ ਕੀਤੀ।ਇਸ ਮੌਕੇ ਸੀਨੀਅਰ ਆਗੂ ਸਰਪੰਚ ਸੁਖਰਾਜ ਸਿੰਘ ਕਾਹਲੋਂ ਫੇਰੋਸਾਹ, ਬਲਾਕ ਪ੍ਰਧਾਨ ਇਕਬਾਲ ਸਿੰਘ ਭੋਮਾ, ਦਲੇਰ ਸਿੰਘ ਕੋਟਲਾ, ਹਰੀ ਸਿੰਘ ਗੰਡੇਕੇ, ਹਰਦੀਪ ਸਿੰਘ ਗੰਡੇਕੇ, ਬੱਲੀ ਗੰਡੇਕੇ, ਕਸ਼ਮੀਰ ਸਿੰਘ ਭੋਮਾ, ਕਰਮਜੀਤ ਸਿੰਘ ਬੋਹਜਾ, ਲਵਪ੍ਰੀਤ ਸਿੰਘ ਬੋਹਜਾ, ਡਾ. ਗੁਲਜ਼ਾਰ ਸਿੰਘ, ਸੂਬੇਦਾਰ ਜਗੀਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਦੇ ਮੋਹਤਬਰ ਹਾਜ਼ਰ ਸਨ।

# ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਦੀ ਦਾਖ਼ਲਾ ਪ੍ਰੀਖਿਆ ਦੇ ਤਿੰਨ ਪ੍ਰੀਖਿਆ ਕੇਂਦਰ ਬਦਲੇ

ਗੁਰਦਾਸਪੁਰ, 10 ਦਸੰਬਰ (ਜਗੀਰ ਸਿੰਘ ਮੰਡ): ਜਵਾਹਰ ਨਵੋਦਿਆ ਵਿਦਿਆਲਿਆ, ਦਬੂੜੀ ਦੇ ਪ੍ਰਿੰਸੀਪਲ ਨਰੇਸ਼ ਕੁਮਾਰ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਦੀ ਦਾਖਲਾ





ਪ੍ਰੀਖਿਆ ਜੋ ਕਿ 13 ਦਸੰਬਰ 2025 ਨੂੰ ਹੋ ਰਹੀ ਹੈ।ਪ੍ਰਸ਼ਾਸਨਿਕ ਕਾਰਨ ਕਰਕੇ ਜ਼ਿਲ੍ਹਾ ਗੁਰਦਾਸਪੁਰ ਦੇ ਤਿੰਨ ਪ੍ਰੀਖਿਆ ਕੇਂਦਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਕਾਹਨੂੰਵਾਨ ਤੋਂ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟ ਧੰਦਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਫਤਹਿਗੜ੍ਹ ਚੂੜੀਆਂ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫਤਹਿਗੜ੍ਹ ਚੂੜੀਆਂ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਾਨੌਰ ਤੋਂ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭਿਖਾਰੀਵਾਲ ਬਦਲ ਦਿੱਤੇ ਗਏ ਹਨ। ਹੁਣ ਇਹ ਪ੍ਰੀਖਿਆਵਾਂ ਨਵੇਂ ਪ੍ਰੀਖਿਆ ਕੇਂਦਰਾਂ ਵਿੱਚ ਹੋਣਗੀਆਂ।

# ਰਾਜ ਚੋਣ ਕਮਿਸ਼ਨ ਵੱਲੋਂ ਆਈ.ਏ.ਐਸ. ਅਧਿਕਾਰੀ ਰੁਬਿੰਦਰਜੀਤ ਸਿੰਘ ਬਰਾੜ ਚੋਣ ਨਿਗਰਾਨ ਨਿਯੁਕਤ

## ☛ਆਬਜ਼ਰਵਰ 12 ਨੂੰ ਪਹੁੰਚਣਗੇ ਨਵਾਂਸ਼ਹਿਰ, ਚੋਣ ਸਰਗਰਮੀਆਂ 'ਤੇ ਰੱਖਣਗੇ ਨਜ਼ਰ

ਨਵਾਂਸ਼ਹਿਰ, 10 ਦਸੰਬਰ (ਸੁਖਦੇਵ ਸਿੰਘ ਉੜਾਪੜ): ਰਾਜ ਚੋਣ ਕਮਿਸ਼ਨ ਵੱਲੋਂ ਆਈ.ਏ.ਐਸ. ਅਧਿਕਾਰੀ ਰੁਬਿੰਦਰਜੀਤ ਸਿੰਘ ਬਰਾੜ ਨੂੰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੌਰਾਨ ਸ਼ਹੀਦ ਭਗਤ ਸਿੰਘ



ਨਗਰ ਜ਼ਿਲ੍ਹੇ ਲਈ ਜਨਰਲ ਆਬਜ਼ਰਵਰ ਨਿਯੁਕਤ ਕੀਤਾ ਹੈ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਨਿਯੁਕਤ ਚੋਣ ਆਬਜ਼ਰਵਰ 12 ਦਸੰਬਰ ਨੂੰ ਨਵਾਂਸ਼ਹਿਰ ਪਹੁੰਚ ਕੇ ਚੋਣ ਸਰਗਰਮੀਆਂ ਦੀ ਮੋਨੀਟਰਿੰਗ ਕਰਨਗੇ।ਉਨ੍ਹਾਂ ਦੱਸਿਆ ਕਿ ਚੋਣ ਨਿਗਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੌਜੂਦ ਰਹਿਣਗੇ, ਜਿੱਥੇ ਉਨ੍ਹਾਂ ਨਾਲ ਚੋਣਾਂ ਸਬੰਧੀ ਕਿਸੇ ਵੀ ਤਰ੍ਹਾਂ ਦੇ ਮਾਮਲੇ, ਸ਼ਿਕਾਇਤ ਜਾਂ ਸੁਝਾਅ ਲਈ ਮੁਲਾਕਾਤ ਜਾਂ ਉਨ੍ਹਾਂ ਦੀ ਈ-ਮੇਲ rubinderjit.brar@punjab.gov.in 'ਤੇ ਵੀ ਈ-ਮੇਲ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਚੋਣ ਆਬਜ਼ਰਵਰ ਨਾਲ ਟੈਲੀਫੋਨ ਰਾਹੀਂ ਰਾਬਤਾ ਕਰਨ ਲਈ 01823-223850 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀਆਂ ਲਈ ਵੋਟਾਂ 14 ਦਸੰਬਰ ਨੂੰ ਸਵੇਰੇ 08:00 ਵਜੇ ਤੋਂ ਸ਼ਾਮ 4:00 ਵਜੇ ਤੱਕ ਪੈਣਗੀਆਂ ਤੇ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਹੋਵੇਗੀ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨਾਲ ਸਬੰਧਤ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ

ਗੁਰਦਾਸਪੁਰ, 10 ਦਸੰਬਰ (ਸੰਧੂ/ਬਸਰਾ): ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨਾਲ ਸਬੰਧੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਬਾਰੇ ਜਾਣੂ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਲੜੀ ਤਹਿਤ ਡੀ.ਈ.ਓ.ਐਲੀ.ਸ੍ਰੀਮਤੀ ਪਰਮਜੀਤ ਤੇ ਡਿਪਟੀ ਡੀ.ਈ.ਓ. ਐਲੀ. ਡਾ. ਅਨਿਲ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਗੁਰਦਾਸਪੁਰ (ਡਾਇਟ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨਾਲ ਸਬੰਧਤ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਨੋਡਲ ਅਫ਼ਸਰ ਜਸਵਿੰਦਰ ਸਿੰਘ ਬੀ.ਪੀ.ਈ.ਓ. ਨੇ ਦੱਸਿਆ ਕਿ ਇਨ੍ਹਾਂ ਬਲਾਕ ਪੱਧਰੀ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ 19 ਬਲਾਕਾਂ ਦੇ ਜੇਤੂ ਵਿਦਿਆਰਥੀਆਂ ਵੱਲੋਂ



ਭਾਗ ਲਿਆ ਗਿਆ ਹੈ।ਇਸ ਮੌਕੇ ਡੀ.ਈ.ਓ. ਸੈਕੰ:/ਐਲੀ: ਸ੍ਰੀਮਤੀ ਪਰਮਜੀਤ ਵੱਲੋਂ ਪਹੁੰਚ ਕੇ ਵਿਦਿਆਰਥੀਆਂ ਨੂੰ ਸ਼ੁਭਇੱਛਾਵਾਂ ਦਿੱਤੀਆਂ। ਬੱਚਿਆਂ ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਵਿਦਿਆਰਥੀਆਂ ਕੋਲੋਂ ਪ੍ਰਸ਼ਨ ਪੁੱਛੇ ਗਏ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਬਲਾਕ ਕਾਹਨੂੰਵਾਨ ਤੋਂ ਨਰਾਇਣ ਸਿੰਘ ਵੱਲੋਂ ਪਹਿਲਾ, ਬਲਾਕ ਦੋਰਾਂਗਲਾ ਤੋਂ ਨੂਰਦੀਪ ਕੌਰ ਤੇ ਬਲਾਕ ਦੀਨਾਨਗਰ-1 ਤੋਂ ਮਹਿਕ ਵੱਲੋਂ ਦੂਸਰਾ ਸਥਾਨ ਪ੍ਰਾਪਤ ਕੀਤਾ ਗਿਆ।ਇਸ ਦੌਰਾਨ ਬੱਚਿਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਭੁਪਿੰਦਰ ਸਿੰਘ ਸੇਵਾ ਮੁਕਤ ਲੈਕਚਰਾਰ, ਅਮਰੀਕ ਸਿੰਘ, ਕਿਰਨਦੀਪ ਕੌਰ ਲੈਕਚਰਾਰ ਵੱਲੋਂ ਜੱਜ ਦੀ ਭੂਮਿਕਾ ਨਿਭਾਈ ਗਈ।ਹਰਵਿੰਦਰਪਾਲ ਸਿੰਘ ਜੈਨਪੁਰ, ਡਾਇਟ ਲੈਕਚਰਾਰ ਨਰੇਸ਼ ਕੁਮਾਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਵਿੰਦਰ ਸਿੰਘ ਗਿੱਲ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਇਸ ਦੌਰਾਨ ਅਕਾਲ ਪੁਰਖ ਕੀ ਫੌਜ ਵੱਲੋਂ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਬੈਗ, ਕਾਪੀਆਂ ਦਿੱਤੀਆਂ ਗਈਆਂ।

# ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਗਾਈ

## ☛ਪ੍ਰਦਰਸ਼ਨੀਆਂ ਵਿਦਿਆਰਥੀਆਂ ਨੂੰ ਵਿਲੱਖਣ ਕਰਨ ਲਈ ਕਰਦੀਆਂ ਨੇ ਪ੍ਰੇਰਿਤ: ਮੁਨੀਲਾ ਅਰੋੜਾ

ਫ਼ਿਰੋਜ਼ਪੁਰ, 10 ਦਸੰਬਰ (ਤਿਵਾੜੀ): ਸਰਕਾਰੀ ਹਾਈ ਸਕੂਲ ਸਤੀਏ ਵਾਲਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਫ਼ਿਰੋਜ਼ਪੁਰ ਮੁਨੀਲਾ ਅਰੋੜਾ ਤੇ ਉਪ-ਜ਼ਿਲ੍ਹਾ ਸਿੱਖਿਆ ਅਫਸਰ ਨੈਸ਼ਨਲ ਐਵਾਰਡੀ ਡਾ. ਸਤਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਗਾਈ ਗਈ।ਇਸ ਪ੍ਰਦਰਸ਼ਨੀ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਪ੍ਰਦਰਸ਼ਨੀ ਵਿੱਚ ਬੋਲਦੇ ਹੋਏ ਡੀਈਓ ਮੁਨੀਲਾ ਅਰੋੜਾ ਨੇ ਵਿਗਿਆਨ ਨਾਲ ਸਬੰਧਤ ਵੱਖ-ਵੱਖ ਪ੍ਰਦਰਸ਼ਨੀਆਂ ਨੂੰ ਬਹੁਤ ਧਿਆਨ ਨਾਲ ਦੇਖਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਦਰਸ਼ਨੀਆਂ ਬੱਚਿਆਂ ਨੂੰ ਕੁਝ ਵਿਲੱਖਣ ਕਰਨ ਲਈ ਪ੍ਰੇਰਦੀਆਂ ਹਨ।ਬਲਾਕ ਸਤੀਏ ਵਾਲਾ ਦੇ ਬੀਐਨਓ ਰੁਪਿੰਦਰ ਕੌਰ ਨੇ ਕਿਹਾ ਕਿ ਇਹ ਮੁਕਾਬਲੇ ਬੱਚਿਆਂ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਨਾਲ ਜੋੜਦੇ ਹਨ।ਇਸ ਮੌਕੇ ਉੱਤੇ ਬੋਲਦੇ ਹੋਏ ਡੀਆਰਸੀ



ਦਿਨੇਸ਼ ਚੌਹਾਨ ਨੇ ਦੱਸਿਆ ਕਿ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਇਹ ਪ੍ਰਦਰਸ਼ਨੀ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ 7 ਥੀਮ ਸਸਟੇਨੇਬਲ ਐਗਰੀਕਲਚਰ ਵੇਸਟ ਮੈਨੇਜਮੈਂਟ ਗਰੀਨ ਐਨਰਜੀ ਅਮਰਜਿੰਗ ਟੈਕਨਾਲੌਜੀ ਰੀਕਰੇਸ਼ਨਲ ਮੈਥਮੈਟਿਕਲ ਹੈਲਥ ਤੇ ਹਾਈਜੀਨ ਤੇ ਵਾਟਰ ਕੰਜਰਵੇਸ਼ਨ ਐਂਡ ਮੈਨੇਜਮੈਂਟ ਹਨ।ਉਨਾਂ ਕਿਹਾ ਕਿ ਵਿਗਿਆਨਕ ਪ੍ਰਦਰਸ਼ਨੀਆਂ ਲਈ ਚੁਣੇ ਗਏ ਵੱਖ-ਵੱਖ ਥੀਮ ਲਈ ਬਤੌਰ ਜੱਜ ਸਾਹਿਬਾਨ ਜਸਵੀਰ ਸਿੰਘ, ਅਰਸ਼ਦੀਪ ਸਿੰਘ ਜੋਸਨ, ਸੰਜੀਵ ਵਰਮਾਨੀ, ਦਵਿੰਦਰ ਨਾਥ, ਯੋਗੇਸ਼ ਤਲਵਾਰ, ਅਰਸ਼ਦੀਪ ਕੌਰ ਫਿਜ਼ੀਕਸ ਲੈਕਚਰਾਰ ਪਿਆਰਾ ਸਿੰਘ ਨੇ ਭੂਮਿਕਾ ਨਿਭਾਈ।ਇਨ੍ਹਾਂ ਮੁਕਾਬਲਿਆਂ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਸਟੇਟ ਪੱਧਰ 'ਤੇ ਭਾਗ ਲੈਣਗੇ। ਮੁਕਾਬਲਿਆਂ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਸੁਖਮਨਪ੍ਰੀਤ ਕੌਰ ਧੀਰਾ ਘਾਰਾ, ਰਾਜਦੀਪ ਕੌਰ ਸ਼ਰੀਹ ਵਾਲਾ ਬਰਾੜ, ਹਰਮਨਪ੍ਰੀਤ ਸਿੰਘ ਝੰਡੂਵਾਲਾ, ਪ੍ਰਿੰਸ ਸਿੰਘ ਫਾਰੂਵਾਲਾ, ਸਨਹਾ ਖਾਈ ਫੇਮੇ ਕੀ, ਦੀਵਾਨਸ਼ੂ ਬਸਤੀ ਬੇਲਾ ਸਿੰਘ, ਰਮਨਪ੍ਰੀਤ ਕੌਰ ਸਕੂਲ ਪੁਲਿਸ ਲਾਈਨ ਸ਼ਾਮਲ ਹਨ।

# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Ms. Sumandeep Kaur**
**Civil Judge (Junior Division), Malout**
CNR No.PBSMB0-000189-2023
Next Date : 23.12.2025
Canara Bank
Versus
Sunderjeet Singh
Notice to: Sunderjeet Singh Son Of:- Rachpal Singh Vill Shergarh Gian Singh Teh Malout Dist SMS
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **23.12.2025** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 10-12-2025
**Sd/- Civil Judge (Junior Division), Malout**

(U/o 5 Rule 20 CPC)
**In the Court of Sh. Kanwal jit Singh**
**Civil Judge Junior Division-1, Rajpura**
CNR No.PBPTA0-000246-2023
Next Date : 22.12.2025
IDBI Bank Limited
Versus
Bhavraj Singh
Suit for Recovery
Notice to: 1. Bhavraj Singh S/O Gurjinder Singh Village Banur, Tehsil Banur, District Mohali 2. Govinder Singh S/O Sukhjinder Singh R/O Badhochi Kalan Tehsil And Distt. Fatehgarh Sahib.
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 22.12.2025 at 10:00 am.
For details logon to https://highcourtchd.gov.in/?mod=district_notice&district=patiala
Dated this day of 03.12.2025
**Sd/- Civil Judge Junior Division-1, Rajpura**

**In the Court of Sh. Manmohan Bhatti**
**Sub Divisional Judicial Magistrate, Rajpura**
CNR No.PBPTA1-004486-2022
Next Date : 15.01.2026
M/s Livestock Solutions Pvt.Ltd
Versus
Sandeep
Notice to: Sandeep, Prop. Areya Feed Store, Ground Floor, Shop No. 5, Sosuli Road, Village Sosuli, Tehsil And District Yamunanagar 135001
In above titled case the accused could not be served. It is ordered that the accused should appear in person or through counsel on **15.01.2026** at 10:00 A.M.
For details logon to https://highcourtchd.gov.in/?mod=district_notice&district=patiala
Dated this day of 09-12-2025
**Sd/- Sub Divisional Judicial Magistrate, Rajpura**

(U/o 5 Rule 20 CPC)
**In the Court of Sh. Vishav Gupta**
**Civil Judge (Junior Division), Malerkotla**
CNR No.PBSGC0-000060-2025
Next Date : 02.01.2026
Ashu
Versus
Dalvir Singh and ors
Notice to: 2 Jaswinder Kaur D/O Amrik Singh:- R/O H No 80, Ward No. 16, Ahmedgarh Distt Malerkotla
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **02.01.2026** at 10:00 A.M.
For details logon to https://highcourtchd.gov.in/?mod=district_notice&district=Sangrur
Dated this day of 08-12-2025
**Sd/- Civil Judge (Junior Division), Malerkotla**

(U/o 5 Rule 20 CPC)
**In the Court of Sh. Anshuman Siag**
**Civil Judge (Junior Division), Malout**
CNR No.PBSMB0-000054-2024
Next Date : 02.01.2026
CS/41/2024
Punjab National Bank
Versus
Mandeep Kaur
Notice to: Mandeep Kaur Mann D/O Jagsir Singh S/O Buta Singh R/O Village Bhagwanpura @ Sawat Khera, Tehsil Malout Now R/O Village Malout (Dabwali Dhab), Mann (Chaki) Tehsil Malout District Sri Muktsar Sahib
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **02.01.2026** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 02-12-2025
**Sd/- Civil Judge (Junior Division), Malout**

(U/o 5 Rule 20 CPC)
**In the Court of Sh. Harshdeep Kaur**
**Civil Judge Junior Division-3 Nabha,**
CNR No.PBPTB0-000601-2022
Next Date : 12.01.2026
State Bank of India (SBI) through its Branch Manager Sh. Parveen Kumar
Versus
Balbir Chand
Notice to: Sushil Zakhmi Father:-Late Balbir Chand House No. 189-B, Raja Sahib Wali Gali, Nabha, Hakiman Street, Nabha, Tehsil Nabha, District Patiala. Chand Rani Spouse: Late Balbir Chand House No. 189-B, Raja Sahib Wali Gali, Nabha, Hakiman Street, Nabha, Tehsil Nabha, District Patiala. Ashish Zakhmi Fater: Late Balbir Chand House No. 189-B, Raja Sahib Wali Gali, Nabha, Hakiman Street, Nabha, Tehsil Nabha, District Patiala.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **12.01.2026** at 10:00 A.M.
For details logon to https://highcourtchd.gov.in/?mod=district_notice&district=patiala
Dated this day of 17-11-2025
**Sd/- Civil Judge Junior Division-3 Nabha,**

## Change of Name

I, Ranveer Singh, son of S. Pritam Singh, resident of Mohalla Singhkian wala, sunam, tehsil sunam, District Sangrur, holder of Aadhar Card No. 689316783131 hereby declare that I have changed my name from Ranveer Singh to Ranbir Singh. Henceforth, I shall be Known as Ranbir Singh for all official and personal purposes.

(U/o 5 Rule 20 CPC)
**In the Court of Sh. Jasvir Singh**
**Additional Principal Judge Family Court II, Jalandhar**
CNR No.PBJL01-011385-2025
Next Date: 20.12.2025
Jasvir Kaur Aged About 39 Years W/O Bhupinder Singh D/O Amarjit Singh R/O Village Pattiala District Jalandhar
Versus
Bhupinder Singh S/O Surinder Singh R/O Village Mari Tanda Tehsil Batala District Gurdaspur
Petition Under Section 13(1)(ia) (Ib) Of Hindu Marriage Act 1955 for dissolution of marriage by a decree of divorce on grounds of Cruelty and desertion
Notice to: Bhupinder Singh Father: Surinder Singh R/O Village Mari Tanda Tehsil Batala District Gurdaspur
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **20.12.2025** at 10:00 A.M.
For details logon to https://highcourtchd.gov.in/?mod=district_notice&district=jalandhar
Dated this day of 10-11-2025
**Sd/- Additional Principal Judge Family Court II, Jalandhar**

(U/o 5 Rule 20 CPC)
**In the Court of Sh. Manmohan Bhatti**
**Additional Civil Judge Senior Division Rajpura,**
CNR No.PBPTA0-000016-2024
Next Date : 09.01.2026
Punjab National Bank
Versus
Chamkaour Singh
Suit for Recovery
Notice to: Chamkaour Singh S/O Jagjit Singh Village Kohlemajra Tehsil Rajpura Distt Patiala.
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 09.01.2026 at 10:00 am.
For details logon to https://www.highcourtchd.gov.in/?mod=district_notice&district=patiala
Dated this day of 11.11.2025
**Sd/- Additional Civil Judge Senior Division Rajpura,**

(U/o 5 Rule 20 CPC)
**In the Court of Sh. Kapil Dev Singla**
**Addl. Principal Judge, Family Court, Rajpura**
CNR No.PBPTF2-000652-2025
Next Date : 23-01-2026
GW-24/2025
Paramjeet Kaur
Versus
General Public
Notice to: Def NO.1- General Public:- General Public
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **23.01.2026** at 10:00 A.M.
For details logon to https://highcourtchd.gov.in/?mod=district_notice&district=patiala
Dated this day of 21-11-2025
**Sd/- Addl. Principal Judge, Family Court, Rajpura**

**In the Court of Ms. Aradhika**
**Judicial Magistrate first Class-3 Sri Anandpur Sahib**
CNR No.PBROA1-001665-2023
Next Date : 22-12-2025
Usha Devi W/O Rakesh Kumar At Presetn R/o Vill Bhatoli Ps Kiratpur Sahib Tehsil Anandpur Sahib Distt Rupnagar
Versus
Rakesh Kumar S/O Harbhajan Lal R/o Vill Mehli Ps Behram Tehsil And Distt Sbs Nagar Nawanshahr
Petition U/S
Notice to: Rakesh Kumar Father: Harbhajan Lal R/o Village Mehli Ps Behram Tehsil And Distt Shaheed Bhagat Singh Nagar (Nawanshahr)
In above titled case the accused could not be served. It is ordered that accused should appear in person or through counsel on **22.12.2025** at 10:00 A.M.
For details logon to https://highcourtchd.gov.in/?trs=district_notice&district=Rupnagar
Dated this day of 05-12-2025
**Sd/- Judicial Magistrate first Class-3 Sri Anandpur Sahib**

(U/o 5 Rule 20 CPC)
**In the Court of Sh. Davinder Singh**
**Civil Judge (Junior Division), Guruharsahai**
CNR No.PBFZD0-000554-2020
Next Date : 24-12-2024
Jagtar Singh
Versus
Bhajan lal
Notice to: 5 Bharava Bai Since Deceased Through Lrs (I) Gurnam Singh (Son) (II) Harnam Singh (Son) (III) Ram Singh (Son) (Iv) Kaushalya (Daughter) (V) Paro (Daughter) (Vi) Taro (Daughter) All Residents Of Vill Dhandia (Bhugga Mohan Singh Wale), Teh Jalalabad(W), Distt. Fazilka 7 Raj Singh (Since Deceased) Through His Lrs. (Ii) Darshan Singh, Resident Of Village Chak ... District Ferozepur ... Mahna Singh, Resident Of Village ... Tehsil Guruharsahai, District Ferozepur. 16. Surain Chand Son Of Bahadur Ram (Since Deceased) Through His Lr (Iv) Kailash Rani Daughter Of Surain Chand, Resident Of Village Wasal Mohan Ke. Tehsil Guruharsahai, District Ferozepur. 17. Ajit Singh Son Of Sher Singh Son Of Mahna Singh, Resident Of Village Nanari Khokhar, Tehsil Guruharsahai, District Ferozepur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **24.12.2024** at 10:00 A.M.
For details logon to https://highcourtchd.gov.in/?trs=district_notice&district=Ferozepur
Dated this day of 05-12-2024
**Sd/- Civil Judge (Junior Division), Guruharsahai**

### ਕੰਨਿਆ ਦੀ ਲੋੜ

ਪਾਸਵਾਨ ਲੜਕਾ 28/5’-8”ਸਰਕਾਰੀ ਨੌਕਰੀ ਲਈ (ਕੱਦ 5’-6”) ਲੜਕੀ ਚਾਹੀਦੀ ਹੈ।
**ਮੋ: 70879-23316**

## ਨਾਮ ਦੀ ਬਦਲੀ

ਮੈਂ, ਰਜਿੰਦਰ ਕੁਮਾਰ ਪੁੱਤਰ ਦੌਲਤ ਰਾਮ ਪਿੰਡ ਥੱਥਲ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੀ ਨਾਬਾਲਿਗ ਪੁੱਤਰੀ ਦਾ ਨਾਮ ਸਿਮਰਨ ਤੋਂ ਬਦਲ ਕੇ ਸਿਮਰਨ ਕੌਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਸੌਰਵ ਪੁੱਤਰ ਜਸਵਿੰਦਰ ਕੁਮਾਰ ਪਿੰਡ ਤੇ ਡਾਕਖਾਨਾ ਪੰਡੋਰੀ ਬੀਬੀ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਸੌਰਵ ਤੋਂ ਸੌਰਵ ਸਿੱਧੂ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ, ਬੇਬੀ ਭਾਵਨਾ ਪੁੱਤਰੀ ਸੋਨੀਆ ਰਾਣੀ ਵਾਸੀ ਜਲਾਲਪੁਰ ਰੋਡ, ਨਿਊ ਪ੍ਰੋਫੈਸਰ ਕਲੋਨੀ, ਰਾਜਪੁਰਾ ਰੋਡ ਪਟਿਆਲਾ ਨੇ ਆਪਣੇ ਪੁਰਾਣੇ ਨਾਮ “ਬੇਬੀ-ਭਾਵਨਾ” ਤੋਂ ਬਦਲ ਕੇ ਹੁਣ ਆਪਣਾ ਨਵਾਂ ਨਾਮ “ਭਾਰਤੀ ਸਚਦੇਵਾ” ਰੱਖ ਲਿਆ ਹੈ।

(U/o 5 Rule 20 CPC)
**In the Court of Sh. Neeraj Kumar Singla**
**Additional Chief Judicial Magistrate Muktsar**
CNR No.PBSM03-000338-2020
Next Date: 17.01.2026
Publication be effected till 12.12.2025
M/s Shriram City Union Finance Ltd
Versus
Mehndipur Fruit Company
Detail of offence:- 138 NI Act
Case NO. NACT/133/2020
Notice to: Sandeep Kumar Son:- Amrik Lal Owner of Mehndipur Fruit Company Shop No.2 B New Sabzi Mandi Sri Muktsar Sahib
In above titled case the accused could not be served. It is ordered that the accused should appear in person or through counsel on **17.01.2026** at 10:00 A.M.
For details logon to https://highcourtchd.gov.in/?mod=district_notice&district=mogacourt
Dated this day of 10-12-2025
**Sd/- Additional Chief Judicial Magistrate Muktsar**

## ਜ਼ਿਲ੍ਹਾ ਰੋਜ਼ਗਾਰ ਅਫ਼ਸਰ ਵੱਲੋਂ ਆਈਟੀਆਈ ਕਾਦੀਆਂ ਵਿਖੇ ਕਰੀਅਰ ਕੌਂਸਲਿੰਗ

ਕਾਦੀਆਂ /ਉਧਨਵਾਲ 10 ਦਸੰਬਰ (ਸਿਕੰਦਰ ਸੰਧੂ/ਸੁਖ ਅੰਮ੍ਰਿਤ ਘੁਮਾਣ) ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਦੀਆਂ ਸਕੀਮਾਂ ਨੂੰ ਘਰ-ਘਰ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਦੇ ਮਕਸਦ ਨਾਲ, ਜਿਲ੍ਹਾ ਰੋਜਗਾਰ ਅਫਸਰ ਸ਼੍ਰੀ ਪਰਸ਼ੋਤਮ ਸਿੰਘ ਵਲੋ ਆਈ.ਟੀ.ਆਈ, ਕਾਦੀਆਂ ਵਿਖੇ ਵਿਦਿਆਰਥੀਆ ਦੀ ਬੀਤੇ ਦਿਨ ਕੈਰੀਅਰ ਕਾਉਸਲਿੰਗ ਕੀਤੀ ਗਈ। ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਕਿਵੇ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਉਪਲਬਧ ਰੋਜ਼ਗਾਰ ਦੇ ਮੌਕਿਆਂ ਦਾ ਲਾਭ ਲੈ ਸਕਦੇ ਹਨ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਚੱਲ ਰਹੀਆ ਵੱਖ ਵੱਖ ਸਕੀਮਾਂ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਦੱਸਿਆ ਕਿ ਰੋਜਗਾਰ ਅਤੇ ਕਾਰੋਬਾਰ ਬਿਊਰੋ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿੱਚ ਨੌਕਰੀਆਂ, ਹੁਨਰ ਵਿਕਾਸ ਸਿਖਲਾਈ ਅਤੇ ਕੈਰੀਅਰ ਕਾਉਂਸਲਿੰਗ ਲਈ ਇੱਕ ਸਿੰਗਲ-ਵਿੰਡੋ ਸਹੂਲਤ ਪ੍ਰਦਾਨ ਕਰਦਾ ਹੈ। ਸਵੈ-ਰੋਜ਼ਗਾਰ ਨੂੰ ਉਤਸ਼ਾਹਿਤ ਕਰਦੇ ਹੋਏ, ਉਨ੍ਹਾਂ ਨੇ ਕਈ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਪ੍ਰਧਾਨ ਮੰਤਰੀ ਇੰਟਰਨਸ਼ਿਪ ਪ੍ਰੋਗਰਾਮ, ਪੀ.ਐਮ.ਈ.ਜੀ.ਪੀ ਸਕੀਮ ਅਤੇ ਪੰਜਾਬ ਸਰਕਾਰ ਦੀਆਂ ਹੋਰ ਸਵੈ-ਰੋਜ਼ਗਾਰ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਵਲੋਂ ਵਿਦਿਆਰਥੀਆਂ ਨੂੰ ਆਪਣੇ ਖੇਤਰ ਨਾਲ ਸਬੰਧਤ ਨੌਕਰੀਆਂ ਲਈ ਤਿਆਰੀ ਕਰਨ, ਇੰਟਰਵਿਊ ਤਕਨੀਕਾਂ ਅਤੇ ਮਾਰਕੀਟ ਦੀਆਂ ਜ਼ਰੂਰਤਾਂ ਅਨੁਸਾਰ ਆਪਣੇ ਹੁਨਰਾਂ ਨੂੰ ਅਪਗ੍ਰੇਡ ਕਰਨ ਲਈ ਪ੍ਰੇਰਿਤ ਕੀਤਾ ਗਿਆ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਵਿਦਿਆਰਥੀਆਂ ਨੂੰ ਰੋਜਗਾਰ ਮੇਲਿਆ ਵਿੱਚ ਹਿੱਸਾ ਲੈਣ ਅਤੇ ਪੀ.ਜੀ.ਆਰ.ਕਾਮ ਵੈਬਸਾਈਟ ਤੇ ਰਜਿਸਟਰੇਸ਼ਨ ਕਰਵਾਉਣ ਦੀ ਅਪੀਲ ਕੀਤੀ, ਤਾਂ ਜੋ ਉਹ ਸਮੇਂ ਸਿਰ ਨੌਕਰੀਆਂ ਅਤੇ ਸਿਖਲਾਈ ਦੇ ਮੌਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਇਸ ਸਮੇਂ ਬੀ.ਐਮ.ਐਮ ਸ਼੍ਰੀ ਪਰਦੀਪ ਕੁਮਾਰ, ਸ਼੍ਰੀ ਸੰਨੀ ਵਾਲੀਆ ਕਲਰਕ, ਆਈ.ਟੀ.ਆਈ ਕਾਦੀਆਂ ਦੇ ਪ੍ਰਿੰਸੀਪਲ ਸ਼੍ਰੀ ਤੇਜਿੰਦਰ ਸਿੰਘ ਵੋਹਰਾ, ਗੁਰਵਿੰਦਰ ਸਿੰਘ ਅਤੇ ਉਹਨਾਂ ਦਾ ਸਟਾਫ ਹਾਜਰ ਸੀ।

### ਪਬਲਿਕ ਨੋਟਿਸ

ਸ਼੍ਰੀ ਰਾਜੀਵ ਤਿਵਾਰੀ, ਅਸਿਸਟੈਂਟ ਐਸਟੇਟ ਅਫਸਰ-III, ਜੋ ਕਿ ਐਸਟੇਟ ਅਫਸਰ, ਯੂ.ਟੀ. ਚੰਡੀਗੜ੍ਹ ਦੇ ਅਧਿਕਾਰ ਵਰਤ ਰਹੇ ਹਨ, ਦੇ ਸਾਹਮਣੇ।



ਵਿਸ਼ਾ: – ਮਰਹੂਮ ਸ਼੍ਰੀ ਗੁਰਬਚਨ ਸਿੰਘ (ਮੌਤ: 30.05.2017) ਦੀ ਇੰਟਸਟੇਟ ਡੈਥ ਦੇ ਆਧਾਰ 'ਤੇ SCF ਸਾਈਟ ਨੰਬਰ 4, ਗ੍ਰੇਨ ਮਾਰਕੀਟ, ਸੈਕਟਰ 26, ਚੰਡੀਗੜ੍ਹ ਦੇ 50% ਹਿੱਸੇ ਦੀ ਟ੍ਰਾਂਸਫਰ ਸਬੰਧੀ।

ਇਸ ਨਾਲ ਆਮ ਜਨਤਾ ਅਤੇ ਸਾਰੇ ਸਬੰਧਤ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ SCF ਸਾਈਟ ਨੰਬਰ 4, ਗ੍ਰੇਨ ਮਾਰਕੀਟ, ਸੈਕਟਰ 26, ਚੰਡੀਗੜ੍ਹ ਦਾ 50% ਹਿੱਸਾ ਮਰਹੂਮ ਸ਼੍ਰੀ ਗੁਰਬਚਨ ਸਿੰਘ ਦੇ ਨਾਮ 'ਤੇ ਦਰਜ ਹੈ।

ਸ਼੍ਰੀਮਤੀ ਸਤਵੰਤ ਕੌਰ ਅਤੇ ਹੋਰਨਾਂ ਵੱਲੋਂ ਰਿਪੋਰਟ ਕੀਤਾ ਗਿਆ ਹੈ ਕਿ ਸ਼੍ਰੀ ਗੁਰਬਚਨ ਸਿੰਘ ਉਕਤ ਜਾਇਦਾਦ ਦੇ 50% ਹਿੱਸੇ ਦੇ ਮਾਲਕ ਸਨ। ਸ਼੍ਰੀ ਗੁਰਬਚਨ ਸਿੰਘ ਦੀ ਮੌਤ 30.05.2017 ਨੂੰ ਹੋ ਚੁੱਕੀ ਹੈ ਅਤੇ ਉਹ ਆਪਣੇ ਪਿੱਛੇ ਹੇਠ ਲਿਖੇ ਕਾਨੂੰਨੀ ਵਾਰਸ ਛੱਡ ਗਏ ਹਨ:
1. ਸ਼੍ਰੀਮਤੀ ਸਤਵੰਤ ਕੌਰ (ਪਤਨੀ)
2. ਕੁ. ਰੋਜ਼ੀ ਆਹਲੂਵਾਲੀਆ (ਧੀ)
3. ਸ਼੍ਰੀ ਰਜਿੰਦਰ ਸਿੰਘ ਆਹਲੂਵਾਲੀਆ (ਪੁੱਤਰ)
4. ਸ਼੍ਰੀ ਰਸ਼ਬੇਗ ਸਿੰਘ ਆਹਲੂਵਾਲੀਆ (ਪੁੱਤਰ)

ਹੁਣ, ਸ਼੍ਰੀਮਤੀ ਸਤਵੰਤ ਕੌਰ ਅਤੇ ਹੋਰ ਕਾਨੂੰਨੀ ਵਾਰਸਾਂ ਵੱਲੋਂ ਮਰਹੂਮ ਸ਼੍ਰੀ ਗੁਰਬਚਨ ਸਿੰਘ ਦੀ ਇੰਟਸਟੇਟ ਡੈਥ ਦੇ ਆਧਾਰ 'ਤੇ ਉਕਤ ਜਾਇਦਾਦ ਦੇ 50% ਹਿੱਸੇ ਦੀ ਟ੍ਰਾਂਸਫਰ ਆਪਣੇ ਹੱਕ ਵਿੱਚ ਕਰਨ ਲਈ ਅਰਜ਼ੀ ਦਿੱਤੀ ਗਈ ਹੈ।

ਜੇ ਕਿਸੇ ਨੂੰ ਉਪਰੋਕਤ ਦਰਸਾਏ ਵਾਰਸਾਂ ਤੋਂ ਇਲਾਵਾ ਮਰਹੂਮ ਦੇ ਹੋਰ ਕਿਸੇ ਕਾਨੂੰਨੀ ਵਾਰਸ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਐਸਟੇਟ ਅਫਸਰ, ਯੂ.ਟੀ. ਚੰਡੀਗੜ੍ਹ ਨੂੰ ਸੂਚਿਤ ਕਰੇ।

ਜੇ ਕਿਸੇ ਨੂੰ ਉਪਰੋਕਤ ਉਮੀਦਵਾਰਾਂ ਦੇ ਹੱਕ ਵਿੱਚ ਜਾਇਦਾਦ ਦੀ ਟ੍ਰਾਂਸਫਰ 'ਤੇ ਕੋਈ ਐਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਅੰਦਰ ਆਪਣਾ ਐਤਰਾਜ਼ ਹਲਫ਼ਨਾਮੇ ਦੇ ਰੂਪ ਵਿੱਚ, ਜੋ ਐਗਜ਼ਿਕਿਊਟਿਵ ਮੈਜਿਸਟ੍ਰੇਟ/ ਨੋਟਰੀ ਪਬਲਿਕ ਤੋਂ ਤਸਦੀਕਸ਼ੁਦਾ ਹੋਵੇ, ਹੇਠ ਸਹੀਤ ਦਫ਼ਤਰ ਵਿੱਚ ਲਿਖਿਤ ਰੂਪ ਵਿੱਚ ਪੇਸ਼ ਕਰ ਸਕਦਾ ਹੈ।

ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਕਤ ਜਾਇਦਾਦ ਦੀ ਮਿਊਟੇਸ਼ਨ ਤਦਅਨੁਸਾਰ ਕਰ ਦਿੱਤੀ ਜਾਵੇਗੀ ਅਤੇ ਬਾਅਦ ਵਿੱਚ ਕਿਸੇ ਵੀ ਕਿਸਮ ਦਾ ਦਾਅਵਾ ਕਬੂਲ ਨਹੀਂ ਕੀਤਾ ਜਾਵੇਗਾ।

(ਰਾਜੀਵ ਤਿਵਾਰੀ)
ਅਸਿਸਟੈਂਟ ਐਸਟੇਟ ਅਫਸਰ-III, ਐਸਟੇਟ ਅਫਸਰ ਦੇ ਅਧਿਕਾਰ ਵਰਤਦੇ ਹੋਏ, ਯੂ.ਟੀ. ਚੰਡੀਗੜ੍ਹ

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪਿੰਡ ਝੁੱਗੇ ਦੇ ਸਰਪੰਚ ਨੇ ਪੂਰੀ ਪੰਚਾਇਤ ਸਮੇਤ ‘ਆਪ’ ਵਿੱਚ ਸ਼ਾਮਲ ਹੋ ਕੇ ਵਧਾਇਆ ਪਾਰਟੀ ਦਾ ਹੌਸਲਾ

ਫਾਜ਼ਿਲਕਾ, 10 ਦਸੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਮਜ਼ਬੂਤੀ ਮਿਲਣ ਦਾ ਸਿਲਸਿਲਾ ਜਾਰੀ ਹੈ। ਆਉਣ ਵਾਲੀਆਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਪੇਂਡੂ ਖੇਤਰਾਂ ਵਿੱਚ ਵੱਡਾ ਸਮਰਥਨ ਮਿਲ ਰਿਹਾ ਹੈ। ਇਸੇ ਕੜੀ ਤਹਿਤ ਪਿੰਡ ਝੁੱਗੇ ਗੁਲਾਬ ਸਿੰਘ ਆਸਫ਼ ਵਾਲਾ ਦੇ ਸਰਪੰਚ ਨੇ ਪੂਰੀ ਪੰਚਾਇਤ ਸਮੇਤ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਇਸ ਮੌਕੇ ਪਿੰਡ ਦੇ ਕਈ ਪ੍ਰਮੁੱਖ ਲੋਕਾਂ ਨੇ ਵੀ ਪਾਰਟੀ ਵਿੱਚ ਸ਼ਾਮਲ ਹੋ ਕੇ ਆਪਣਾ ਵਿਸ਼ਵਾਸ ਜ਼ਾਹਰ ਕੀਤਾ। ਪਿੰਡ ਝੁੱਗੇ ਗੁਲਾਬ ਸਿੰਘ ਆਸਫ਼ ਵਾਲਾ ਵਿੱਚ ਆਯੋਜਿਤ ਇਕ ਵਿਸ਼ੇਸ਼ ਸਮਾਗਮ ਦੌਰਾਨ ਸਰਪੰਚ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਉਨ੍ਹਾਂ ਨਾਲ ਪੰਚਾਇਤ ਮੈਂਬਰ ਕਰਨੈਲ ਸਿੰਘ, ਸੰਦੀਪ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਅਤੇ ਬਾਬਾ ਨਾਜਰ ਸਿੰਘ ਸਮੇਤ ਪਿੰਡ ਦੇ ਕਈ ਹੋਰ ਪ੍ਰਮੁੱਖ ਨਾਗਰਿਕਾਂ ਨੇ ਵੀ ਪਾਰਟੀ ਜੁਆਇਨ ਕੀਤੀ। ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਆਲਮ ਸ਼ਾਹ, ਜ਼ਿਲ੍ਹਾ ਪਰਿਸ਼ਦ ਉਮੀਦਵਾਰ ਸੰਦੀਪ ਸਿੰਘ (ਮੰਡੀ ਹਜ਼ੂਰ ਤੋਂ), ਬਲਾਕ ਸੰਮਤੀ ਉਮੀਦਵਾਰ ਮਨੀਸ਼ ਕੁਮਾਰ ਚਾਨਣ ਵਾਲਾ ਅਤੇ ਵੱਖ-ਵੱਖ ਪਿੰਡਾਂ ਦੇ ਪੰਚ ਤੇ ਸਰਪੰਚ ਵੀ ਮੌਜੂਦ ਸਨ। ਸਰਪੰਚ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੇਂਡੂ ਵਿਕਾਸ ਨੂੰ ਨਵੀਂ ਰਫ਼ਤਾਰ ਦਿੱਤੀ ਹੈ। ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਹੋਰ ਮੁੱਢਲੀਆਂ ਸਹੂਲਤਾਂ ਵਿੱਚ ਵਾਧਾ ਹੋਇਆ ਹੈ।

## ਯੂਕੋ ਬੈਂਕ UCO BANK

ਜ਼ੋਨਲ ਦਫ਼ਤਰ : ਐਸਸੀਓ ਨੰ. 55-56-57, ਬੈਂਕ ਸਕੁਏਅਰ ਸੈਕਟਰ 17 ਬੀ, ਚੰਡੀਗੜ੍ਹ-160017, ਫ਼ੋਨ ਨੰ. 0172-5037339, 5037340

**[ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਯੂਕੋ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ(ਾਂ) ਨੂੰ ਸੱਦਾ ਦਿੰਦੇ ਹੋਏ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ 4 ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਖਾਤੇ ਅਧੀਨ ਨਿਮਨ ਦਰਸਾਈ ਰਕਮ ਦੇ ਲਈ **ਯੂਕੋ ਬੈਂਕ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।

**(ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਧਿਆਨ ਦੁਆਇਆ ਜਾਂਦਾ ਹੈ)**

| ਸ਼ਾਖਾ ਅਤੇ ਕਰਜ਼ਦਾਰ ਦਾ ਨਾਮ | ਅਚੱਲ ਸੰਪੱਤੀ/ਾਂ ਦੇ ਵੇਰਵੇ | ਮੰਗ ਸੂਚਨਾ ਜਾਰੀ ਹੋਣ ਦੀ ਮਿਤੀ | ਕਬਜ਼ੇ ਦੀ ਮਿਤੀ | ਸੂਚਨਾ ਅਨੁਸਾਰ ਰਕਮ |
|---|---|---|---|---|
| **ਬ੍ਰਾਂਚ: ਲਹਿਰਾਗਾਗਾ** ਕਰਜ਼ਦਾਰ: ਸਰਬਜੀਤ ਕੌਰ ਅਤੇ ਰਾਮਫਲ ਸਿੰਘ, ਵਾਸੀ ਚੈਨਪੁਰਾ ਬਸਤੀ, ਵਾਰਡ ਨੰ. 8, ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ-148031, ਜ਼ਾਮਨ: ਸ਼੍ਰੀ ਗੁਰਮੇਲ ਸਿੰਘ ਪੁੱਤਰ ਹਰੀ ਦਿਆਲ, ਵਾਸੀ 24, ਲਾਜਵਾਨਾ ਕਲਾਂ, ਜੀਂਦ, ਹਰਿਆਣਾ-126101 | ਰਿਹਾਇਸ਼ੀ ਘਰ 310.59 ਵਰਗ ਗਜ਼ ਦਾ ਸਾਰਾ ਹਿੱਸਾ, ਵਾਰਡ ਨੰਬਰ 10, ਨਾਗਲਾ ਕਲੋਨੀ, ਜਵਾਹਰ ਵਾਲਾ ਰੋਡ ਦੇ ਅੰਦਰ, ਲਹਿਰਾਗਾਗਾ ਵਿਖੇ ਸਥਿਤ, ਵਿਕਰੀ ਡੀਡ ਨੰਬਰ 2020-21/132/1/1872 ਮਿਤੀ 13.12.2020 ਦੁਆਰਾ ਰਜਿਸਟਰਡ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਗਲੀ, ਪੱਛਮ: ਸੁਦੇਸ਼ ਰਾਣੀ, ਉੱਤਰੀ ਗਲੀ, ਦੱਖਣ: ਤਰਸੇਮ ਚੰਦ। | 10.09.2025 | 09.12.2025 | 10.09.2025 ਨੂੰ 10,05,190.53 ਰੁਪਏ (29.04.2025 ਤੱਕ ਵਿਆਜ ਸਮੇਤ)। ਤੁਸੀਂ 30.04.2025 ਤੋਂ ਉਪਰੋਕਤ ਰਕਮ 'ਤੇ ਸੰਯੋਜਿਤ ਖਰਚਿਆਂ, ਲਾਗਤਾਂ, ਖਰਚਿਆਂ ਆਦਿ ਦੇ ਨਾਲ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੋ। |
| **ਬ੍ਰਾਂਚ: ਲਹਿਰਾਗਾਗਾ** ਕਰਜ਼ਦਾਰ: ਮੈਸਰਜ਼ ਫਰੈਂਡਜ਼ ਕਲੈਕਸ਼ਨ (ਪ੍ਰੋ. ਸੰਦੀਪ ਸਿੰਘ), ਢਿੱਲੋਂ ਪੱਟੀ, ਨੇੜੇ ਗੁਰਦੁਆਰਾ ਸੇਧਾ ਸਿੰਘ ਵਾਲਾ, ਕਿਸ਼ਨਗੜ੍ਹ, ਜ਼ਿਲ੍ਹਾ ਮਾਨਸਾ, ਪੰਜਾਬ-151501 (ਘਰ ਦਾ ਪਤਾ)। ਗਾਰੰਟਰ: ਸ਼. ਬੁੱਧ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਸ਼੍ਰੀਮਤੀ ਮਨਜੀਤ ਕੌਰ ਪਤਨੀ ਬੁੱਧ ਸਿੰਘ, ਵਾਸੀ ਢਿੱਲੋਂ ਪੱਟੀ, ਨੇੜੇ ਗੁਰਦੁਆਰਾ ਸੇਢਾ ਸਿੰਘ ਵਾਲਾ, ਕਿਸ਼ਨਗੜ੍ਹ, ਜ਼ਿਲ੍ਹਾ ਮਾਨਸਾ-151501 | ਸ਼੍ਰੀਮਤੀ ਮਨਜੀਤ ਕੌਰ ਪਤਨੀ ਸ਼੍ਰੀ ਬੁੱਧੂ ਸਿੰਘ ਉਰਫ ਬੁੱਧ ਸਿੰਘ ਦੇ ਨਾਮ 'ਤੇ ਅਚੱਲ ਜਾਇਦਾਦ ਦਾ ਸਾਰਾ ਹਿੱਸਾ ਅਤੇ ਪਾਰਸਲ 0ਕੇ-9ਐਮ ਯਾਨੀ 270 ਵਰਗ ਮੀਟਰ ਦਾ ਪਲਾਟ ਹੈ। ਖੇਵਟ ਖਟੌਨੀ ਨੰਬਰ ਪੁਰਾਣੀ 92/144, 93/145, ਨਵੀਂ 96/149 ਵਾਲੇ ਕੁੱਲ ਖੇਤਰਫਲ ਦਾ 9/395 ਹਿੱਸਾ ਗਜ਼ ਹੈ, ਜਿਸ ਵਿੱਚ ਖਸਰਾ ਨੰਬਰ 70//23/2/2(2-18), 24/2(4-19), 77//3/2/2(4-18), 4/2(7-0) ਸ਼ਾਮਲ ਹਨ, ਸਾਲ 2015-2016 ਲਈ ਜਮ੍ਹਾਂਬੰਦੀ ਦੇ ਅਨੁਸਾਰ, ਦੁਗਲ ਰੋਡ, ਲਹਿਰਾਗਾਗਾ, ਤਹਿਸੀਲ ਲਹਿਰਾਗਾਗਾ, ਜ਼ਿਲ੍ਹਾ ਸੰਗਰੂਰ-148031 ਦੇ ਅੰਦਰ ਪਸ਼ੂ ਮੰਡੀ ਅਤੇ ਸਟੇਡੀਅਮ ਦੇ ਨੇੜੇ ਸਥਿਤ ਹੈ। ਵਿਕਰੀ ਡੀਡ ਵਸੀਕਾ ਨੰਬਰ 1833 ਮਿਤੀ 08.12.2010 ਦੇ ਆਧਾਰ 'ਤੇ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਪਲਾਟ ਨੰ. 61 93' ਵੇਦ ਪ੍ਰਕਾਸ਼ ਦੇ ਨਾਲ ਮਾਪਿਆ ਜਾਂਦਾ ਹੈ, ਪੱਛਮ: ਸੜਕ 30' ਚੌੜੀ, 93' ਵੇਦ ਪ੍ਰਕਾਸ਼ ਦੇ ਨਾਲ ਮਾਪਿਆ ਜਾਂਦਾ ਹੈ, ਉੱਤਰ: ਪਲਾਟ ਨੰ. 53 26' ਸੁਰਜੀਤ ਸਿੰਘ ਦੇ ਨਾਲ ਮਾਪਿਆ ਜਾਂਦਾ ਹੈ, ਦੱਖਣ: ਪਲਾਟ ਨੰ. 51 26' 20 ਫੁੱਟ ਸੜਕ ਮਾਰਗ। | 13.12.2024 | 09.12.2025 | 13.12.2024 ਨੂੰ 4,03,659.94 ਰੁਪਏ (30.09.2025 ਤੱਕ ਵਿਆਜ ਸਮੇਤ)। ਤੁਸੀਂ 01.10.2024 ਤੋਂ ਉਪਰੋਕਤ ਰਕਮ 'ਤੇ ਸੰਯੋਜਿਤ ਖਰਚਿਆਂ, ਲਾਗਤਾਂ, ਖਰਚਿਆਂ ਆਦਿ ਦੇ ਨਾਲ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ ਦਾ ਭੁਗਤਾਨ ਕਰਨ ਲਈ ਵੀ ਜ਼ਿੰਮੇਵਾਰ ਹੋ। |

ਮਿਤੀ : 10.12.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

## ਯੂਕੋ ਬੈਂਕ UCO BANK

(ਭਾਰਤ ਸਰਕਾਰ ਦਾ ਅਦਾਰਾ) (A Govt. of India Undertaking)
ਜ਼ੋਨਲ ਦਫ਼ਤਰ : ਐਸਸੀਓ ਨੰ. 55-56-57, ਬੈਂਕ ਸਕੁਏਅਰ ਸੈਕਟਰ 17 ਬੀ, ਚੰਡੀਗੜ੍ਹ-160017, ਫੋਨ ਨੰ. 0172-5037339, 5037340
E-mail: zochng.rec@ucobank.co.in

**ਨਿਯਮ 8 (1) ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇਕਿ, ਨਿਮਨ ਹਸਤਾਖ਼ਰੀ ਨੇ **ਯੂਕੋ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ 4 ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

| | | LOT : 2 ਲਾਟ: 2. ਮੈਸ. ਨੈਸ਼ਨਲ ਇੰਡਸਟ੍ਰੀਜ਼ ਦੇ ਨਾਮ 'ਤੇ ਦਰਜ ਵਿਕਰੀ ਡੀਡ ਨੰਬਰ 1656 ਮਿਤੀ 15.07.1999 ਅਤੇ 1657 ਮਿਤੀ 15.07.1999 ਦੇ ਅਧੀਨ ਪ੍ਰਾਪਤ ਫਰੀਦਕੋਟ ਦੇ ਮਾਲ ਖੇਤਰ ਅੰਦਰ ਸਾਦਿਕ ਰੋਡ, ਫਰੀਦਕੋਟ ਵਿਖੇ ਸਥਿਤ ਸਾਲ 2019-20 ਦੇ ਲਈ ਜਮ੍ਹਾਂਬੰਦੀ ਅਨੁਸਾਰ ਰਕਬਾ ਫਰੀਦਕੋਟ-2 (ਅਗਵਾੜ ਖੋਖਰ) ਤਹਿਸੀਲ ਅਤੇ ਜ਼ਿਲ੍ਹਾ ਫਰੀਦਕੋਟ, ਹੱਦਬਸਤ ਨੰ. 75 ਅਧੀਨ ਖੇਵਟ ਨੰ. 189, ਖਤੌਣੀ ਨੰ. 309, ਖਸਰਾ ਨੰ 5061 (14-8), 5062 (15-0) ਦੇ ਅਧੀਨ 29 ਕਨਾਲ 8 ਮਰਲੇ ਮਾਪ ਵਾਲੀ ਫੈਕਟਰੀ ਜ਼ਮੀਨ ਅਤੇ ਇਮਾਰਤ ਵਾਲੀ ਸੰਪਤੀ ਦੇ ਸਾਰੇ ਭਾਗ ਅਤੇ ਹਿੱਸੇ। ਸਾਈਟ ਅਨੁਸਾਰ ਬਾਹੀਆਂ : ਪੂਰਬ: ਵੋਹਰਾ ਸੋਲਵੈਕਸ ਪ੍ਰਾ ਲਿਮ., ਪੱਛਮ : ਮੁਨਸ਼ੀ ਸਿੰਘ, ਉੱਤਰ: ਖੇਤੀਬਾੜੀ ਜ਼ਮੀਨ, ਦੱਖਣ: ਸਾਦਿਕ ਰੋਡ। | | Rs. 4,29,50,000/-<br>Rs. 42,95,000/-<br>Rs. 1,00,000/- | 08.12.2025<br>ਭੌਤਿਕ ਕਬਜ਼ਾ | 30.12.2025 from11:00 AM to 04:00 PM |
| 18.<br>2025/116<br>033700- ਮਲੋਟ ਮੇਨ | 1. ਮੈਸ. ਸੁਮਿਤ ਚਾਵਲ ਮਿੱਲਾਂ, ਸ਼ਾਮ ਖੇੜਾ ਰੋਡ, ਨੇੜੇ ਪਿੰਡ-ਕੋਲਿਆਂਵਾਲੀ, ਤਹਿਸੀਲ ਮਲੋਟ, ਜ਼ਿਲ੍ਹਾ ਮੁਕਤਸਰ-152107. 2. ਸ੍ਰੀ ਨਰੇਸ਼ ਕੁਮਾਰ ਪੁੱਤਰ ਸ੍ਰੀ ਰਾਜ ਕੁਮਾਰ, ਵਾਰਡ ਨੰ.16, ਸੁਭਾਸ਼ ਨਗਰ, ਗਿੱਦੜਬਾਹਾ, ਜ਼ਿਲਾ ਮੁਕਤਸਰ-152101. 3. ਸ੍ਰੀ ਪਵਨ ਕੁਮਾਰ ਪੁੱਤਰ ਪ੍ਰੇਮ ਕੁਮਾਰ, ਮਕਾਨ ਨੰ. 255, ਲਛਮਣ ਕਾਲੋਨੀ, ਮਲੋਟ-152107 | ਪਿੰਡ ਕੋਲਿਆਂਵਾਲੀ, ਤਹਿਸੀਲ ਮਲੋਟ ਵਿਖੇ ਸਥਿਤ ਫੈਕਟਰੀ ਜ਼ਮੀਨ ਅਤੇ ਇਮਾਰਤ ਦੇ ਸਾਰ ਭਾਗ ਅਤੇ ਹਿੱਸੇ ਜਿਸਦਾ ਮਾਪ - 15 ਕਨਾਲ 16 ਮਰਲੇ, ਮੁਸਤਿਲ ਨੰਬਰ 34, ਕਿਲਾ ਨੰਬਰ 1(8-0), 10(8-0), 11(8-0), 12/1(7-12), ਖੇਵਟ ਨੰਬਰ 346, ਖਤੌਨੀ ਨੰਬਰ 517 ਜਮ ?ਾਂਬੰਦੀ ਸਾਲ 2008-2009 ਅਨੁਸਾਰ, ਆਰਟੀਡੀ ਨੰਬਰ 2845 ਮਿਤੀ 26.09.2013 ਮੈਸਰਜ਼ ਸੁਮਿਤ ਰਾਈਸ ਮਿੱਲਜ਼ ਦੀ ਮਲਕੀਅਤ। ਹੱਦਬੰਦੀ: ਪੂਰਬ: ਬਲਬੀਰ ਸਿੰਘ, ਪੱਛਮ: ਲਵਲਜੀਤ ਸਿੰਘ ਆਦਿ, ਉੱਤਰ: ਰਸਤਾ, ਦੱਖਣ: ਬਲਬੀਰ ਸਿੰਘ। | 10.01.2019<br>Rs. 81,85,172.92 as on 31.12.2018 + Further intt. & expenses<br>14.03.2019 | Rs. 46,50,000/-<br>Rs. 4,65,000/-<br>Rs. 50,000/- | 08.12.2025<br>ਭੌਤਿਕ ਕਬਜ਼ਾ | 30.12.2025 from11:00 AM to 04:00 PM |

ਨੋਟ:- ਇਸ ਸੰਪਤੀ ਉਪਰ ਦਰਸਾਈ ਸੰਪਤੀ ਦੇ ਖਿਲਾਫ਼ ਰੁ. 66,65877 ਦੀ ਰਕਮ ਦਾ ਬਕਾਇਆ ਹੈ ਅਤੇ ਰਪਟ ਨੰ. 372 ਮਿਤੀ 31.12.2024 ਦੇ ਅਧੀਨ ਨੈਸ਼ਨਲ ਇੰਡਸਟ੍ਰੀਜ਼ ਦੇ ਨਾਮ 'ਤੇ ਖੇਵਟ ਨੰ. 189 ਅਧੀਨ ਸਾਲ 2019-2020 ਦੇ ਲਈ ਜਮ੍ਹਾਂਬੰਦੀ ਵਿਚ ਲਾਲ ਇੰਦਰਾਜ ਦਰਜ ਹੈ।

ਇਹ ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:

1. ਸੰਪਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ' ਅਤੇ 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. ਵਿਕਰੀ 30.12.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈੱਬਸਾਈਟ ਹਵਾਲਾ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਨਿਮਨ ਹਸਤਾਖਰੀ ਵੱਲੋਂ ਕੀਤੀ ਜਾਵੇਗੀ।
4. ਪਹਿਲੀ ਬੋਲੀ ਰਿਜ਼ਰਵ ਕੀਮਤ ਤੋਂ ਵੱਧ ਰਕਮ 'ਤੇ ਸ਼ੁਰੂ ਹੋਣੀ ਚਾਹੀਦੀ ਹੈ।
5. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਜੀਐਸਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ।
6. ਫਾਰਮ 16ਬੀ 'ਤੇ ਟੀਡੀਐਸ ਦਾ ਟੀਡੀਐਸ ਸਰਟੀਫਿਕੇਟ ਬਾਅਦ ਵਿੱਚ ਬੈਂਕ ਨੂੰ ਜਮ੍ਹਾ ਕਰਨਾ ਹੋਵੇਗਾ। ਜਿੱਥੇ ਜਾਇਦਾਦ ਦੀ ਵਿਕਰੀ ਕੀਮਤ 50.00 ਲੱਖ ਰੁਪਏ ਅਤੇ ਇਸ ਤੋਂ ਵੱਧ ਹੈ, ਨਿਲਾਮੀ ਖਰੀਦਦਾਰ ਨੂੰ ਆਮਦਨ ਕਰ ਐਕਟ ਦੀ ਧਾਰਾ 194 ਆਈਏ ਦੇ ਅਨੁਸਾਰ ਆਮਦਨ ਕਰ ਵਿਭਾਗ ਨੂੰ ਟੀਡੀਐਸ ਭੇਜਣਾ ਪਵੇਗਾ। ਵਿਕਰੀ ਸਰਟੀਫਿਕੇਟ ਸਿਰਫ ਫਾਰਮ ਨੰਬਰ 26QB ਅਤੇ ਚਲਾਨ ਦੀ ਰਸੀਦ ਜਾਰੀ ਕੀਤੀ ਜਾਵੇਗੀ।
7. ਸੰਪਤੀ/ਆਂ ਦੇ ਉਪਰ ਕੋਈ ਵੀ ਦੇਣਦਾਰੀਆਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹਨ।
8. ਅਧਿਕਾਰਤ ਅਧਿਕਾਰੀ ਕਿਸੇ ਵੀ ਸਮੇਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ, ਜੇਕਰ ਸਵੀਕਾਰਯੋਗ ਨਹੀਂ ਪਾਇਆ ਜਾਂਦਾ ਹੈ ਜਾਂ ਬਿਨਾਂ ਕਿਸੇ ਕਾਰਨ ਦੱਸੇ ਨਿਲਾਮੀ ਦੀਆਂ ਸ਼ਰਤਾਂ ਨੂੰ ਮੁਲਤਵੀ/ਰੱਦ/ਮੁਲਤਵੀ/ਬੰਦ ਕਰਨ ਜਾਂ ਬਦਲਣ ਦਾ ਅਧਿਕਾਰ ਰੱਖਦਾ ਹੈ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਹੋਵੇਗਾ।
9. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ support.baanknet@psballiance.com +91 82912 20220 ਅਤੇ www.pnbindia.in ਦਾ ਹਵਾਲਾ ਲਓ ਜਾਂ ਸਾਡੇ ਅਧਿਕਾਰੀ ਬਠਿੰਡਾ ਸ੍ਰੀ ਰਿਸ਼ਭ ਮੋ. ਨੰ. 88661 77211, ਸ੍ਰੀ ਅਕਾਸ਼ਦੀਪ, ਮੋਬ. ਨੰ. 95998-84189 ਨੂੰ ਸੰਪਰਕ ਕਰੋ ਜਾਂ cs8199@pnb.co.in 'ਤੇ ਈਮੇਲ ਕਰੋ।

ਮਿਤੀ : 08.12.2025, 09.12.2025 — ਸਥਾਨ : ਬਠਿੰਡਾ — ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

ਸਰਫਾਇਸੀ ਐਕਟ 2002 ਦੇ ਨਿਯਮ 8(6) ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ

# ਬਦਲਾਅ ਦੇ ਦੌਰ 'ਚੋਂ ਲੰਘਦੀ ਪਰੰਪਰਾ: ਭਾਰਤੀ ਦਸਤਕਾਰੀ ਆਧੁਨਿਕ ਡਿਜ਼ਾਈਨ ਨੂੰ ਦੇ ਰਹੀ ਹੈ ਪਛਾਣ



**ਸ਼੍ਰੀ ਪਬਿਤਰਾ ਮਾਰਗੇਰੀਟਾ**

ਪੇਂਡੂ ਅਸਮ ਵਿੱਚ ਇੱਕ ਦਸਤਕਾਰੀ ਦੇ ਕਾਰੀਗਰਾਂ ਦੀ ਕਲੋਨੀ ਦੇ ਹਾਲ ਹੀ ਦੇ ਦੌਰੇ ਦੌਰਾਨ, ਇੱਕ ਸਧਾਰਨ ਦ੍ਰਿਸ਼ ਨੇ ਭਾਰਤ ਦੀ ਦਸਤਕਾਰੀ ਪ੍ਰਣਾਲੀ ਵਿੱਚ ਹੋ ਰਹੀ ਇੱਕ ਵੱਡੀ ਤਬਦੀਲੀ ਦਾ ਖੁਲਾਸਾ ਕੀਤਾ ਹੈ। ਕਈ ਕਾਰੀਗਰ ਸੁੱਕੀ ਜਲਕੁੰਭੀ ਨੂੰ ਬੁਣ ਰਹੇ ਸਨ। ਪਰ ਇਹ ਕਾਰੀਗਰ ਉਨ੍ਹਾਂ ਰਵਾਇਤੀ ਟੋਕਰੀਆਂ ਨੂੰ ਨਹੀਂ ਬਣਾ ਰਹੇ ਸਨ ਜੋ ਉਨ੍ਹਾਂ ਦੇ ਭਾਈਚਾਰੇ ਨੇ ਸਦੀਆਂ ਤੋਂ ਬਣਾਈਆਂ ਹਨ। ਇਸ ਦੀ ਬਜਾਏ, ਉਹ ਕਾਰਪੋਰੇਟ ਮੀਟਿੰਗਾਂ ਲਈ ਸ਼ਾਨਦਾਰ ਦਫਤਰੀ ਫੋਲਡਰ ਬਣਾ ਰਹੇ ਸਨ। ਉਨ੍ਹਾਂ ਦੇ ਹੱਥ ਇੱਕ ਖ਼ਾਸ ਤਾਲ 'ਤੇ ਚਲਦੇ ਸਨ, ਜੋ ਪੀੜ੍ਹੀਆਂ ਤੋਂ ਸ਼ਿਲਪਕਾਰੀ ਨੂੰ ਅੱਗੇ ਵਧਾ ਰਹੇ ਸਨ। ਪਰ ਉਨ੍ਹਾਂ ਦੇ ਉਤਪਾਦ ਅਤੇ ਮੰਤਵ ਦੋਵੇਂ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਅਸੀਂ 8 ਦਸੰਬਰ ਤੋਂ 14 ਦਸੰਬਰ, 2025 ਤੱਕ ਰਾਸ਼ਟਰੀ ਦਸਤਕਾਰੀ ਦਿਵਸ ਮਨਾ ਰਹੇ ਹਾਂ। ਇਸ ਤਰ੍ਹਾਂ, ਇਹ ਦ੍ਰਿਸ਼ ਭਾਰਤ ਦੀ ਦਸਤਕਾਰੀ ਪ੍ਰਣਾਲੀ ਵਿੱਚ ਇੱਕ ਮੌਨ ਕ੍ਰਾਂਤੀ ਦਾ ਪ੍ਰਤੀਕ ਹੈ। ਸਾਡੀਆਂ ਜੀਵੰਤ ਦਸਤਕਾਰੀ ਪਰੰਪਰਾਵਾਂ ਇੱਕ ਮਹੱਤਵਪੂਰਨ ਤਬਦੀਲੀ ਵਿੱਚੋਂ ਲੰਘ ਰਹੀਆਂ ਹਨ। ਉਹ ਨਵੀਆਂ ਥਾਵਾਂ, ਨਵੇਂ ਬਾਜ਼ਾਰਾਂ ਅਤੇ ਨਵੇਂ ਭਵਿੱਖ ਵਿੱਚ ਫੈਲ ਰਹੀਆਂ ਹਨ। ਜਦਕਿ ਮੂਲ ਵਿਸ਼ੇਸ਼ਤਾਵਾਂ ਦੀ ਸ਼ੁੱਧਤਾ ਬਰਕਰਾਰ ਹੈ, ਮਾਧਿਅਮਾਂ ਅਤੇ ਸਰੂਪਾਂ ਵਿੱਚ ਵਿਕਾਸ ਦੀ ਇੱਕ ਦਹਾਕੇ ਪਹਿਲਾਂ ਸ਼ਾਇਦ ਹੀ ਕਲਪਨਾ ਕੀਤੀ ਜਾ ਸਕਦੀ ਸੀ।

**ਜੀਵੰਤ ਗਿਆਨ ਪ੍ਰਣਾਲੀ ਵਜੋਂ ਦਸਤਕਾਰੀ:** ਇਸ ਵਿਕਾਸ ਨੂੰ ਸਮਝਣ ਲਈ, ਇਹ ਪਛਾਣਨਾ ਮਹੱਤਵਪੂਰਨ ਹੈ ਕਿ ਭਾਰਤੀ ਦਸਤਕਾਰੀ ਸਿਰਫ਼ ਸੁੰਦਰਤਾ ਦੀਆਂ ਵਸਤੂਆਂ ਨਹੀਂ ਹਨ। ਇਹ ਸੱਭਿਆਚਾਰਕ ਪਛਾਣ ਅਤੇ ਭਾਈਚਾਰਕ ਪਰੰਪਰਾਵਾਂ ਨਾਲ ਡੂੰਘਾਈ ਤੋਂ ਜੁੜੀਆਂ ਜੀਵੰਤ ਗਿਆਨ ਪ੍ਰਣਾਲੀਆਂ ਹਨ। ਮਧੂਬਨੀ ਵਿੱਚ, ਔਰਤਾਂ ਰਵਾਇਤੀ ਤੌਰ 'ਤੇ ਤਿਉਹਾਰਾਂ, ਵਿਆਹਾਂ ਅਤੇ ਜੀਵਨ ਸੰਸਕਾਰਾਂ ਦੌਰਾਨ ਤਾਜ਼ੀਆਂ ਲਿੱਪੀਆਂ ਕੰਧਾਂ 'ਤੇ ਚੌਲਾਂ ਦੀ ਪੇਸਟ ਨਾਲ ਚਿੱਤਰਕਾਰੀ ਕਰਦੀਆਂ ਸਨ। ਇਨ੍ਹਾਂ ਪੇਂਟਿੰਗਾਂ ਵਿੱਚ ਮੱਛੀ ਨੂੰ ਜਣਨ ਸ਼ਕਤੀ ਦੇ ਪ੍ਰਤੀਕ ਵਜੋਂ ਅਤੇ ਮੋਰ ਨੂੰ ਪਿਆਰ ਦੇ ਪ੍ਰਤੀਕ ਵਜੋਂ ਦਰਸਾਇਆ ਗਿਆ ਸੀ। ਉਨ੍ਹਾਂ ਦੇ ਮੂਲ ਵਿੱਚ, ਚਿੱਤਰਕਾਰੀਆਂ ਵਿਅਕਤੀਗਤ ਦੀ ਬਜਾਏ ਸਮੂਹਿਕ ਸਨ। ਗੋਂਡ ਭਾਈਚਾਰੇ ਲਈ, ਚਿੱਤਰਕਾਰੀ ਉਨ੍ਹਾਂ ਦੇ ਜੀਵਾਂ ਸਬੰਧੀ ਵਿਸ਼ਵਾਸਾਂ ਅਤੇ ਜੰਗਲ ਦੀਆਂ ਕੁਦਰਤੀ ਤਾਕਤਾਂ ਅਤੇ ਸੁਰੱਖਿਆਤਮਕ ਆਤਮਾਵਾਂ ਨਾਲ ਜੁੜੀ ਹੋਈ ਹੈ। ਉਨ੍ਹਾਂ ਦੀ ਕਲਾ ਨਾ ਸਿਰਫ਼ ਸੁੰਦਰ ਹੈ ਬਲਕਿ ਇੱਕ ਰਸਮੀ ਬ੍ਰਹਿਮੰਡ ਵਿਗਿਆਨ ਵੀ ਹੈ ਜੋ ਵਾਕ ਪਰੰਪਰਾ ਨਾਲ ਜੁੜੀ ਹੋਈ ਹੈ।

ਸਰੂਪਾਂ ਨੂੰ ਹਮੇਸ਼ਾ ਵਰਤੋਂ ਨਾਲ ਆਕਾਰ ਦਿੱਤਾ ਗਿਆ ਹੈ। ਅਸਮ ਵਿੱਚ, ਜਲਕੁੰਭੀ ਨੂੰ ਸੁਕਾਇਆ ਜਾਂਦਾ ਹੈ ਅਤੇ ਫਿਰ ਘਰੇਲੂ ਵਰਤੋਂ ਦੀਆਂ ਟੋਕਰੀਆਂ ਬਣਾਈਆਂ ਜਾਂਦੀਆਂ ਹਨ। ਕਰਨਾਟਕ ਵਿੱਚ, ਲਾਖ ਨਾਲ ਲਿੱਪੀ ਚੰਨਾਪਟਨਾ ਲੱਕੜ ਦੇ ਖਿਡੌਣੇ ਬੱਚਿਆਂ ਦੇ ਖੇਡਣ ਲਈ ਵਰਤੇ ਜਾਂਦੇ ਹਨ। ਉਨ੍ਹਾਂ ਨੂੰ ਪੀੜ੍ਹੀਆਂ ਤੋਂ ਖਰਾਦ 'ਤੇ ਬਣਾਇਆ ਜਾਂਦਾ ਰਿਹਾ ਹੈ। ਮਾਧਿਅਮ, ਸਰੂਪ ਅਤੇ ਆਕਾਰ ਇੱਕ-ਦੂਜੇ ਨਾਲ ਜੁੜੇ ਹਨ। ਇਹ ਖ਼ਾਸ ਰਸਮ ਅਤੇ ਕਾਰਜਸ਼ੀਲ ਸੰਦਰਭਾਂ ਨਾਲ ਬੰਨ੍ਹੇ ਹੋਏ ਹਨ।

**ਪਰੰਪਰਾ ਦਾ ਆਧੁਨਿਕ ਪ੍ਰਗਟਾਵੇ ਵਿੱਚ ਵਿਸਥਾਰ:** ਅੱਜ ਜੋ ਹੋ ਰਿਹਾ ਹੈ ਉਹ ਪਰੰਪਰਾ ਤੋਂ ਵੱਖਰਾ ਨਹੀਂ ਹੈ, ਸਗੋਂ ਇਸਦਾ ਵਿਸਥਾਰ ਹੈ। ਨਮੂਨੇ, ਪੈਟਰਨ ਅਤੇ ਤਕਨੀਕਾਂ ਅਜੇ ਵੀ ਪਛਾਣਨਯੋਗ ਹਨ, ਪਰ ਉਨ੍ਹਾਂ ਦੀ ਵਰਤੋਂ ਸਮਕਾਲੀ ਬਣ ਗਈ ਹੈ। ਇਹ ਤਬਦੀਲੀ ਸਿਰਫ਼ ਇੱਕ-ਪੱਖੀ ਨਹੀਂ, ਸਗੋਂ ਬਹੁਪੱਖੀ ਹੈ। ਮਧੂਬਨੀ ਮੱਛੀ, ਜੋ ਕਦੇ ਇੱਕ ਸ਼ਾਨਦਾਰ ਜਣਨ ਸ਼ਕਤੀ ਦੀ ਕਹਾਣੀ ਦਾ ਹਿੱਸਾ ਸੀ, ਹੁਣ ਸਿਰਹਾਣਿਆਂ, ਟੋਟ ਬੈਗਾਂ ਅਤੇ ਫੋਨ ਕਵਰਾਂ 'ਤੇ ਦਿਖਾਈ ਦਿੰਦੀ ਹੈ, ਜੋ ਸਮਕਾਲੀ ਵਰਤੋਂ ਲਈ ਮੁੜ ਡਿਜ਼ਾਈਨ ਕੀਤੀ ਗਈ ਹੈ। ਗੋਂਡ ਦੇ ਭਰਪੂਰ ਰੰਗਦਾਰ ਜਾਨਵਰ, ਪੌਦੇ ਅਤੇ ਜਿਓਮੈਟ੍ਰਿਕ ਡਿਜ਼ਾਈਨਾਂ ਦੀ ਹੁਣ ਉਨ੍ਹਾਂ ਦੇ ਮਿਥਿਹਾਸਕ ਸੰਦਰਭ ਤੋਂ ਪਰੇ ਸ਼ਲਾਘਾ ਕੀਤੀ ਜਾਂਦੀ ਹੈ।

ਹਾਲਾਂਕਿ, ਸਭ ਤੋਂ ਵੱਡਾ ਬਦਲਾਅ ਮਾਧਿਅਮ ਵਿੱਚ ਹੋਇਆ ਹੈ। ਜਲਕੁੰਭੀ ਹੁਣ ਕਾਰਪੋਰੇਟ ਫੋਲਡਰਾਂ ਅਤੇ ਡਿਜ਼ਾਈਨਰ ਹੈਂਡ ਬੈਗਾਂ ਦਾ ਰੂਪ ਲੈ ਰਹੀ ਹੈ। ਮਧੂਬਨੀ ਕਲਾ ਮਿੱਟੀ ਦੀਆਂ ਕੰਧਾਂ ਤੋਂ ਲੱਕੜ ਦੇ ਫਰਨੀਚਰ, ਕੱਪੜੇ ਅਤੇ ਚਮੜੇ ਦੇ ਉਪਕਰਣਾਂ 'ਤੇ ਕੀਤੀ ਜਾਣ ਲੱਗੀ ਹੈ। ਚੰਨਪਟਨਾ ਸ਼ਿਲਪਕਾਰੀ, ਜੋ ਕਦੇ ਸਿਰਫ ਖਿਡੌਣਿਆਂ ਵਿੱਚ ਦਿਖਾਈ ਦਿੰਦੀ ਸੀ, ਹੁਣ ਸਜਾਵਟੀ ਡਿਜ਼ਾਈਨਾਂ, ਝੰਡੇ, ਘਰੇਲੂ ਸਜਾਵਟ ਅਤੇ ਡਿਜ਼ਾਈਨਰ ਫਰਨੀਚਰ ਵਿੱਚ ਦਿਖਾਈ ਦਿੰਦੀ ਹੈ। ਰਵਾਇਤੀ ਲਾਖ ਅਜੇ ਵੀ ਵਰਤੀ ਜਾਂਦੀ ਹੈ, ਪਰ ਇਸਦਾ ਸਰੂਪ ਪੂਰੀ ਤਰ੍ਹਾਂ ਆਧੁਨਿਕ ਹੋ ਗਿਆ ਹੈ। ਇਹ ਤਬਦੀਲੀ ਉਸਦੀ ਕਮਜ਼ੋਰੀ ਦੀ ਬਜਾਏ ਆਧੁਨਿਕਤਾ ਦੇ ਅਨੁਕੂਲ ਹੈ।

ਭਾਰਤੀ ਸ਼ਿਲਪਾਂ 'ਤੇ ਆਧਾਰਿਤ ਫੈਸ਼ਨ ਨੇ ਇੱਕ ਪ੍ਰਮੁੱਖ ਆਲਮੀ ਮੌਜੂਦਗੀ ਹਾਸਲ ਕੀਤੀ ਹੈ, ਜਿਸ ਵਿੱਚ 'ਪੈਰਿਸ ਹੌਤੇ ਕਾਉਚਰ ਵੀਕ' ਵਿੱਚ ਰਵਾਇਤੀ ਕਢਾਈ ਪ੍ਰਦਰਸ਼ਿਤ ਕੀਤੀ ਗਈ ਹੈ। ਨੈਸ਼ਨਲ ਗੈਲਰੀ ਆਫ਼ ਵਿਕਟੋਰੀਆ ਵਰਗੇ ਅਜਾਇਬ ਘਰਾਂ ਵਿੱਚ ਟਰਾਂਸਫਾਰਮਿੰਗ ਵਰਲਡਜ਼ ਵਰਗੀਆਂ ਪ੍ਰਦਰਸ਼ਨੀਆਂ ਹੁਣ ਗੋਂਡ ਅਤੇ ਮਧੂਬਨੀ ਕਲਾ ਅਤੇ ਉਨ੍ਹਾਂ ਦੇ ਆਧੁਨਿਕ ਰੂਪਾਂ ਨੂੰ ਸਬੰਧਤ ਸੱਭਿਆਚਾਰਾਂ ਜਾਂ ਸਮਾਜਾਂ ਦੇ ਸੰਦਰਭ ਦੀ ਬਜਾਏ ਸਮਕਾਲੀ ਕਲਾ ਵਜੋਂ ਪ੍ਰਦਰਸ਼ਿਤ ਕਰ ਰਹੀਆਂ ਹਨ।

**ਲੀਡਰਸ਼ਿਪ ਅਤੇ ਸਰਕਾਰੀ ਦਖਲ ਨਾਲ ਤਬਦੀਲੀ ਨੂੰ ਰਫ਼ਤਾਰ**

ਇਸ ਤਬਦੀਲੀ ਨੂੰ ਰਾਸ਼ਟਰੀ ਲੀਡਰਸ਼ਿਪ ਅਤੇ ਰਣਨੀਤਕ ਸਰਕਾਰੀ ਦਖਲ ਦਾ ਮਹੱਤਵਪੂਰਨ ਸਾਥ ਮਿਲਿਆ ਹੈ। ਮਾਣਯੋਗ ਪ੍ਰਧਾਨ ਮੰਤਰੀ ਦੀ ਅਗਵਾਈ ਨੇ ਇਸ ਲਹਿਰ ਨੂੰ ਅਸਾਧਾਰਨ ਰਫ਼ਤਾਰ ਦਿੱਤੀ ਹੈ। ਵੋਕਲ ਫਾਰ ਲੋਕਲ ਅਤੇ ਲੋਕਲ ਟੂ ਗਲੋਬਲ ਲਈ ਉਨ੍ਹਾਂ ਦੇ ਵਾਰ-ਵਾਰ ਸੱਦੇ ਕਾਰੀਗਰਾਂ ਲਈ ਉਨ੍ਹਾਂ ਦੇ ਡੂੰਘੇ ਪਿਆਰ ਨੂੰ ਦਰਸਾਉਂਦੇ ਹਨ। ਉਹ ਲਗਾਤਾਰ ਨਾਗਰਿਕਾਂ ਨੂੰ ਸਥਾਨਕ ਉਤਪਾਦ ਖਰੀਦਣ ਦੀ ਤਾਕੀਦ ਕਰਦੇ ਹਨ, ਜਿਵੇਂ ਕਿ ਉਨ੍ਹਾਂ ਨੇ ਖੁਦ ਕਿਹਾ ਹੈ: ਜਦੋਂ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਸਿਰਫ਼ ਸਮਾਨ ਨਹੀਂ ਖਰੀਦਦੇ; ਅਸੀਂ ਇੱਕ ਪਰਿਵਾਰ ਲਈ ਉਮੀਦ ਜਗਾਉਂਦੇ ਹਾਂ, ਇੱਕ ਕਾਰੀਗਰ ਦੀ ਸਖ਼ਤ ਮਿਹਨਤ ਦਾ ਸਨਮਾਨ ਕਰਦੇ ਹਾਂ ਅਤੇ ਇੱਕ ਨੌਜਵਾਨ ਉੱਦਮੀ ਦੇ ਸੁਪਨਿਆਂ ਨੂੰ ਖੰਭ ਦਿੰਦੇ ਹਾਂ। ਆਪਣੇ ਨਵੀਨਤਮ ਮਨ ਕੀ ਬਾਤ ਸੰਬੋਧਨ ਵਿੱਚ, ਉਨ੍ਹਾਂ ਦੱਸਿਆ ਕਿ ਉਹ ਆਲਮੀ ਨੇਤਾਵਾਂ ਨਾਲ ਆਪਣੀਆਂ ਮੀਟਿੰਗਾਂ ਦੌਰਾਨ ਕਿਉਂ ਸੁਚੇਤ ਤੌਰ 'ਤੇ ਹੱਥ ਨਾਲ ਬਣੇ ਭਾਰਤੀ ਉਤਪਾਦਾਂ ਨੂੰ ਤੋਹਫ਼ੇ ਦਿੰਦੇ ਹਨ। ਅਜਿਹਾ ਕਰਕੇ, ਉਹ ਇਹ ਯਕੀਨੀ ਬਣਾਉਂਦੇ ਹਨ ਕਿ ਭਾਰਤ ਦੀ ਅਮੀਰ ਸ਼ਿਲਪਕਾਰੀ ਵਿਰਾਸਤ ਉਨ੍ਹਾਂ ਦੇ ਨਾਲ ਜਾਵੇ, ਜਿੱਥੇ ਵੀ ਉਹ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਪ੍ਰਤੀਕਾਤਮਕ ਨਹੀਂ ਹੈ, ਸਗੋਂ ਉਨ੍ਹਾਂ ਲਈ ਭਾਰਤ ਦੀ ਕਲਾਤਮਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਨ ਅਤੇ ਸਾਡੇ ਕਾਰੀਗਰਾਂ ਦੇ ਹੁਨਰ ਨੂੰ ਦੁਨੀਆ ਦੇ ਸਾਹਮਣੇ ਲਿਆਉਣ ਦਾ ਇੱਕ ਢੰਗ ਹੈ। ਵੱਖ-ਵੱਖ ਸਰਕਾਰੀ ਪਹਿਲਕਦਮੀਆਂ ਇਸ ਤਬਦੀਲੀ ਨੂੰ ਤੇਜ਼ ਬਣਾ ਰਹੀਆਂ ਹਨ। ਕੱਪੜਾ ਮੰਤਰਾਲਾ, ਵਿਕਾਸ ਕਮਿਸ਼ਨਰ (ਦਸਤਕਾਰੀ) ਰਾਹੀਂ, ਰਾਸ਼ਟਰੀ ਦਸਤਕਾਰੀ ਵਿਕਾਸ ਪ੍ਰੋਗਰਾਮ ਦੇ ਤਹਿਤ ਹੁਨਰ ਵਿਕਾਸ, ਕਲੱਸਟਰ-ਅਧਾਰਤ ਸਿਖਲਾਈ ਪ੍ਰੋਗਰਾਮ, ਮੰਡੀਕਰਨ ਸਹਾਇਤਾ, ਬੁਨਿਆਦੀ ਢਾਂਚਾ ਅਤੇ ਤਕਨਾਲੋਜੀ ਸਹਾਇਤਾ ਅਤੇ ਕਰਜ਼ੇ ਪ੍ਰਦਾਨ ਕਰਕੇ ਸਿੱਧੇ ਤੌਰ 'ਤੇ ਕਾਰੀਗਰਾਂ ਦਾ ਸਾਥ ਦੇ ਰਿਹਾ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਫੈਸ਼ਨ ਟੈਕਨਾਲੋਜੀ (ਨਿਫਟ), ਨੇ ਭਾਰਤ ਭਰ ਵਿੱਚ ਆਪਣੇ 19 ਕੈਂਪਸਾਂ ਰਾਹੀਂ, ਆਧੁਨਿਕ ਡਿਜ਼ਾਈਨਾਂ ਵਿੱਚ ਪਰੰਪਰਾ ਦਾ ਅਹਿਸਾਸ ਲਿਆਉਣ ਲਈ ਕਾਰੀਗਰਾਂ ਅਤੇ ਸਮਕਾਲੀ ਡਿਜ਼ਾਈਨਰਾਂ ਦਰਮਿਆਨ ਸੰਪਰਕ ਬਣਾਏ ਹਨ। ਭੂਗੋਲਿਕ ਸੰਕੇਤ ਰਜਿਸਟਰੀ ਨੇ 366 ਤੋਂ ਵੱਧ ਦਸਤਕਾਰੀਆਂ ਨੂੰ ਸੁਰੱਖਿਅਤ ਬਣਾਇਆ ਹੈ। ਇਹ ਭਾਈਚਾਰਕ ਹੁਨਰ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਸਹੀ ਮਾਨਤਾ ਨੂੰ ਯਕੀਨੀ ਬਣਾਉਂਦਾ ਹੈ। ਮੈਂ ਅਸਮ ਸੂਬੇ ਤੋਂ ਹਾਂ, ਜਿੱਥੇ ਬਹੁਤ ਸਾਰੀਆਂ ਰਵਾਇਤੀ ਦਸਤਕਾਰੀਆਂ, ਜਿਵੇਂ ਕਿ ਸਾਰਥਬਾਰੀ ਧਾਤ ਸ਼ਿਲਪ, ਮਾਜੁਲੀ ਮਾਸਕ, ਬਿਹੂ ਢੋਲ, ਜਾਪੀ, ਪਾਣੀ ਮੇਤੇਕਾ, ਆਸ਼ਾਰਿਕੰਡੀ ਟੈਰਾਕੋਟਾ ਅਤੇ ਬੋਡੋ ਭਾਈਚਾਰੇ ਦੀਆਂ ਕਈ ਹੋਰ ਦਸਤਕਾਰੀਆਂ ਨੂੰ ਹਾਲ ਹੀ ਵਿੱਚ ਭੂਗੋਲਿਕ ਸੰਕੇਤ (ਜੀਆਈ) ਰਜਿਸਟਰੇਸ਼ਨ ਪ੍ਰਾਪਤ ਹੋਈ ਹੈ, ਜੋ ਕਿ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਸੀ।

**(ਲੇਖਕ ਕੱਪੜਾ ਅਤੇ ਵਿਦੇਸ਼ ਰਾਜ ਮੰਤਰੀ ਹਨ)**

## ਪਿਛਲੇ 37 ਸਾਲਾਂ ਤੋਂ ਰਹਿ ਰਹੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਲੱਗੇ ਦੋਸ਼

ਮੁਹਾਲੀ, 10 ਦਸੰਬਰ (ਹਰਦੀਪ ਕੌਰ) : ਮੁਹਾਲੀ ਫੇਜ਼ 2 ਹਾਊਸ ਨੰਬਰ ਐਚ.ਆਈ.ਜੀ 806 ਵਿੱਚ ਰਹਿ ਰਹੇ ਸੁਨੀਲ ਕੁਮਾਰ ਨੇ ਦੱਸਿਆ ਕਿ ਉਹ ਪਿਛਲੇ 37 ਸਾਲਾਂ ਤੋਂ ਇਸ ਘਰ ਵਿੱਚ ਰਹਿ ਰਹੇ ਹਨ।ਇਹ ਘਰ ਉਨਾਂ ਨੂੰ ਘਰ ਦੇ ਮਾਲਕ ਸੋਹਣ ਸਿੰਘ ਇਸ ਲਈ ਦੇ ਗਏ ਸਨ, ਕਿਉਂਕਿ ਉਹਨਾਂ ਦੇ ਪਰਿਵਾਰ ਨੇ ਸੋਹਣ ਸਿੰਘ ਦੀ ਸੇਵਾ ਕੀਤੀ। ਉਹਨਾਂ ਨੇ ਦੱਸਿਆ ਕਿ ਸੋਹਣ ਸਿੰਘ ਦੇ ਬੱਚਿਆਂ ਨੇ ਬੁਢਾਪੇ ਵਿੱਚ ਆ ਕੇ ਉਹਨਾਂ ਨੂੰ ਇਕੱਲੇ ਛੱਡ ਦਿੱਤਾ,ਜਿਸ ਕਰਕੇ ਸੋਹਣ ਸਿੰਘ ਨੇ ਉਨਾਂ ਦੇ ਪਰਿਵਾਰ ਨੂੰ ਆਪਣੀ ਸੇਵਾ ਕਰਨ ਲਈ ਆਪਣੇ ਕੋਲ ਰੱਖ ਲਿਆ ਤੇ ਉਹ ਲਗਾਤਾਰ 50 ਸਾਲ ਉਹਨਾਂ ਦੀ ਸੇਵਾ ਕਰਦੇ ਰਹੇ, ਜਿਸ ਕਾਰਨ ਆਪਣੀ ਮੌਤ ਤੋਂ ਪਹਿਲਾਂ ਉਹ ਇਹ ਘਰ ਉਨ੍ਹਾਂ ਨੂੰ ਇਹ ਕਹਿ ਕੇ ਦੇ ਗਏ ਕਿ ਉਹਨਾਂ ਦੇ ਬੱਚਿਆਂ ਨੇ ਉਹਨਾਂ ਦੀ ਸੇਵਾ ਨਹੀਂ ਕੀਤੀ ਇਸ ਘਰ ਵਿੱਚ ਹੁਣ ਸੁਨੀਲ ਕੁਮਾਰ ਦਾ ਪਰਿਵਾਰ ਹੀ ਰਹੇਗਾ।ਪਰ ਸੋਹਣ ਸਿੰਘ ਦੀ ਮੌਤ ਤੋਂ ਬਾਅਦ ਫੇਜ਼ 2 ਦਾ ਹੀ ਰਹਿਣ ਵਾਲਾ ਇੱਕ ਵਿਅਕਤੀ ਹਰਿੰਦਰ ਸਿੰਘ ਹੰਸ ਉਹਨਾਂ ਨੂੰ ਤੰਗ ਪਰੇਸ਼ਾਨ ਕਰ ਰਿਹਾ ਹੈ ਅਤੇ ਘਰ ਤੋਂ ਕੱਢਣ ਦੀਆਂ ਧਮਕੀਆਂ ਦੇ ਰਿਹਾ ਹੈ।ਸੁਨੀਲ ਕੁਮਾਰ ਨੇ ਦੱਸਿਆ ਕਿ ਹਰਿੰਦਰ ਸਿੰਘ ਹੰਸ ਨੇ ਉਨ੍ਹਾਂ ਦੇ ਘਰ 'ਤੇ ਲੱਗਿਆ ਕੈਮਰਾ ਵੀ ਤੋੜ ਦਿੱਤਾ।ਉਹਨਾਂ ਦਾ ਸਾਰਾ ਪਰਿਵਾਰ ਜਿਸ ਵੇਲੇ ਘਰ ਨੂੰ ਤਾਲਾ ਲਗਾ ਕੇ ਕਿਤੇ ਬਾਹਰ ਗਿਆ ਸੀ ਤਾਂ ਪਿੱਛੋਂ ਹਰਿੰਦਰ ਸਿੰਘ ਹੰਸ ਨੇ ਉਹਨਾਂ ਦਾ ਤਾਲਾ ਤੋੜ ਕੇ ਆਪਣਾ ਤਾਲਾ ਲਗਾ ਦਿੱਤਾ।ਸੁਨੀਲ ਕੁਮਾਰ ਨੇ ਦੱਸਿਆ ਹਰਿੰਦਰ ਸਿੰਘ ਹੰਸ ਉਨਾਂ ਦੇ ਘਰ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ।ਸੁਨੀਲ ਕੁਮਾਰ ਨੇ ਕਿਹਾ ਕਿ ਸੋਹਣ ਸਿੰਘ ਦੇ ਚਾਰ ਬੱਚੇ ਹਨ, ਜਿਨ੍ਹਾਂ ਵਿੱਚੋਂ ਤਿੰਨ ਬੇਟੇ ਅਮਰੀਕਾ ਵਿੱਚ ਹਨ ਤੇ ਇੱਕ ਬੇਟੀ ਜਮਸ਼ੇਦਪੁਰ ਵਿੱਚ ਹੈ।ਉਹਨਾਂ ਦੇ ਬੱਚੇ ਸੋਹਣ ਸਿੰਘ ਦੇ ਸੰਸਕਾਰ ਵੇਲੇ ਵੀ ਨਹੀਂ ਆਏ।ਹਰਿੰਦਰ ਸਿੰਘ ਹੰਸ ਜਿਹੜਾ ਕਿ ਉਨ੍ਹਾਂ ਦੇ ਬੱਚਿਆਂ ਦਾ ਦੋਸਤ ਹੈ ਉਸ ਵੱਲੋਂ ਲਗਾਤਾਰ ਉਹਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਉਹਨਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।


**ਚੰਡੀਗੜ੍ਹ ਹਾਊਸਿੰਗ ਬੋਰਡ**
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਸੋਧ ਪੱਤਰ

ਇਸ ਅਖ਼ਬਾਰ ਵਿੱਚ 25/11/2025 ਨੂੰ ਪ੍ਰਕਾਸ਼ਿਤ ਜਨਤਕ ਨੋਟਿਸ ਜਿਸ ਵਿੱਚ D.U.NO. ਨੂੰ ਗਲਤੀ ਨਾਲ 2606/1 ਵਜੋਂ ਪ੍ਰਕਾਸ਼ਿਤ ਕੀਤਾ ਗਿਆ ਸੀ, ਨੂੰ 2506/1 ਵਜੋਂ ਪੜ੍ਹਿਆ ਅਤੇ ਮੰਨਿਆ ਜਾ ਸਕਦਾ ਹੈ, ਬਾਕੀ ਵਾਸੀ D.U. No.2506/1, ਇੰਦਰਾ ਕਲੋਨੀ, ਮਨੀਮਾਜਰਾ, ਚੰਡੀਗੜ ਵਿੱਚ ਕੋਈ ਬਦਲਾਅ ਨਹੀਂ ਹੈ।

**ਸਕੱਤਰ,**
**ਚੰਡੀਗੜ ਹਾਊਸਿੰਗ ਬੋਰਡ,**
**ਚੰਡੀਗੜ**



**ਉੱਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਮੰਡਲ ਦੇ ਹੇਠਾਂ ਲਿਖਤ ਸਟੇਸ਼ਨਾਂ ਤੇ ਠੇਕੇ ਅਲਾਟ ਕਰਨ ਲਈ ਈ-ਨੀਲਾਮੀ ਵੈਬਸਾਈਟ www.ireps.gov.in ਦੇ ਮਾਧਿਅਮ ਨਾਲ ਬੋਲੀ ਮੰਗ ਕੀਤੀ ਜਾ ਰਹੀ ਹੈ। ਅਲਾਟ ਕੀਤੀ ਜਾਣ ਵਾਲੀ ਠੇਕਿਆਂ ਦਾ ਵੇਰਵਾ ਹੇਠਾਂ ਲਿਖਤ ਹੈ।

| ਲ. ਨੰ. | ਨੀਲਾਮੀ ਕੈਟਲਾਗ ਨੰ. | ਕੰਮ ਦਾ ਵੇਰਵਾ | ਨੀਲਾਮੀ ਮਿਤੀ ਤੇ ਸਮਾਂ |
|---|---|---|---|
| 1. | UMB-Prkg-23-25 | ਅੰਬਾਲਾ ਡਵੀਜਨ ਦੇ ਕਾਲਕ ਰੇਲਵੇ ਸਟੇਸ਼ਨ ਉਤੇ ਸਾਧਾਰਨ ਪਾਰਕਿੰਗ ਖੇਤਰ ਦੇ ਨਾਲ-ਨਾਲ ਸਾਰੇ ਵਾਹਨਾਂ (ਗੈਰ-ਵਾਣਿਜਕ ਅਤੇ ਵਾਣਿਜਕ) ਦੇ ਲਈ "ਪਿਕਅਪ/ਡ੍ਰਾਪ" ਲੇਨ (ਐਂਟਰੀ ਤੋਂ ਐਗਜਿਟ) ਦੇ ਲਈ "ਪਾਰਕਿੰਗ ਸਹਿ ਪ੍ਰਵੇਸ਼ ਕੰਟਰੋਲ ਅਧਿਕਾਰ" ਕਾਂਟਰੈਕਟ, ਪੰਜ (5) ਸਾਲਾਂ ਦੇ ਸਮੇਂ ਦੇ ਲਈ | 16.12.2025 12:00:00 |
| 2. | UMB-Prkg-24-25 | ਸਰਹਿੰਦ ਰੇਲਵੇ ਸਟੇਸ਼ਨ ਤੇ 1745.93 ਵਰਗ ਮੀਟਰ ਦੇ ਪਾਰਕਿੰਗ ਖੇਤਰ ਵਿਚ ਸਾਰੇ ਵਾਹਨਾਂ (ਗੈਰ-ਵਾਣਿਜਕ ਅਤੇ ਵਾਣਿਜਕ) ਦੇ ਲਈ ਵਿਆਪਕ ਪਾਰਕਿੰਗ ਸਹਿ ਐਂਟਰੀ ਕੰਟਰੋਲ ਅਧਿਕਾਰ "ਪਿਕਅਪ/ਡ੍ਰਾਪ" ਲੇਨ (ਐਂਟਰੀ ਤੋਂ ਐਗਜਿਟ ਤਕ) ਦਾ ਅਲਾਟਮੈਂਟ। | 24.12.2025 12:00:00 |

3825/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ADITYA BIRLA CAPITAL** PROTECTING INVESTING FINANCING ADVISING

**ਅਦਿਤਯ ਬਿਰਲਾ ਕੈਪੀਟਲ ਲਿਮਟਿਡ**

**ਪੰਜੀਕ੍ਰਿਤ ਦਫਤਰ** : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266
**ਸ਼ਾਖਾ ਦਫਤਰ** : 12ਵੀਂ ਮੰਜ਼ਿਲ, ਆਰ ਟੈਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਓਂ (ਪੂਰਬ) ਮੁੰਬਈ-400 063, ਮਹਾਰਾਸ਼ਟਰਾ

**ਮੰਗ ਸੂਚਨਾ**

**ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ("ਐਕਟ") ਦੇ ਧਾਰਾ 13(2) ਦੇ ਤਹਿਤ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ("ਨਿਯਮ") ਦੇ ਨਿਯਮ 3 ਦੇ ਨਾਲ ਪੜ੍ਹਿਆ ਜਾਂਦਾ ਹੈ।**

ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਅਤੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ ਵਿਚਕਾਰ ਰਲੇਵੇਂ ਦੇ ਕਾਰਨ, ਮਿਤੀ 11.03.2024 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ - ਅਹਿਮਦਾਬਾਦ ਦੁਆਰਾ 24.03.2025 ਨੂੰ ਪਾਸ ਕੀਤੇ ਗਏ ਆਦੇਸ਼ ਵਿੱਚ ਦਰਜ ਕੀਤੇ ਗਏ ਰਲੇਵੇਂ ਦੀ ਯੋਜਨਾ ਦੇ ਅਨੁਸਾਰ, ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਦੁਆਰਾ ਗਿਰਵੀ ਰੱਖੀ ਗਈ ਜਾਇਦਾਦ ਦੇ ਸੰਬੰਧ ਵਿੱਚ ਸ਼ੁਰੂ ਕੀਤੀਆਂ ਗਈਆਂ ਸਾਰੀਆਂ ਸਰਫਾਇਸੀ ਕਾਰਵਾਈਆਂ, ਰਲੇਵੇਂ ਵਾਲੀ ਕੰਪਨੀ, ਆਦਿਤਿਆ ਬਿਰਲਾ ਕੈਪੀਟਲ ਆਈ.ਟੀ. ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ।

ਇਸ ਅਨੁਸਾਰ, ਐਕਟ ਦੇ ਤਹਿਤ **ਆਦਿਤਿਆ ਬਿਰਲਾ ਕੈਪੀਟਲ ਲਿਮਟਿਡ (ਏਬੀਸੀਐਲ)** ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਨਿਯਮ 3 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਐਕਟ ਦੀ ਧਾਰਾ 13(2) ਦੇ ਤਹਿਤ ਡਿਮਾਂਡ ਨੋਟਿਸ(ਨੋਟਿਸ) ਜਾਰੀ ਕੀਤੇ, ਜਿਸ ਵਿੱਚ ਹੇਠ ਲਿਖੇ ਕਰਜ਼ਦਾਰ(ਨਾਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ **60 ਦਿਨਾਂ ਦੇ ਅੰਦਰ** ਸਬੰਧਤ ਨੋਟਿਸ(ਨਾਂ) ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ। ਹੇਠ ਦਿੱਤੇ ਹਸਤਾਖਰ ਕਰਨ ਵਾਲੇ ਦਾ ਮੰਨਣਾ ਹੈ ਕਿ ਕਰਜ਼ਦਾਰ(ਨਾਂ) ਡਿਮਾਂਡ ਨੋਟਿਸ(ਨਾਂ) ਦੀ ਸੇਵਾ ਤੋਂ ਬਚ ਰਹੇ ਹਨ, ਇਸ ਲਈ ਨੋਟਿਸ ਦੀ ਸੇਵਾ ਨਿਯਮਾਂ ਅਨੁਸਾਰ ਚਿਪਕਾ ਅਤੇ ਪ੍ਰਕਾਸ਼ਨ ਦੁਆਰਾ ਲਾਗੂ ਕੀਤੀ ਜਾ ਰਹੀ ਹੈ। ਡਿਮਾਂਡ ਨੋਟਿਸ(ਨਾਂ) ਦੀ ਸਮੱਗਰੀ ਇੱਥੇ ਹੇਠਾਂ ਦਿੱਤੀ ਗਈ ਹੈ:

ਉਪਰੋਕਤ ਦੇ ਸੰਬੰਧ ਵਿੱਚ, ਇੱਕ ਵਾਰ ਫਿਰ, ਉਕਤ ਕਰਜ਼ਦਾਰ/ਕਾਨੂੰਨੀ ਵਾਰਸ/ਕਾਨੂੰਨੀ ਪ੍ਰਤੀਨਿਧੀਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਉਹ **ABCL** ਨੂੰ, ਸਬੰਧਤ ਨੋਟਿਸ/ਨਾਂ ਦੀ ਮਿਤੀ ਤੋਂ **60 ਦਿਨਾਂ ਦੇ ਅੰਦਰ**, ਹੇਠਾਂ ਦਰਸਾਈ ਗਈ ਰਕਮ, ਕਾਲਮ (d) ਵਿੱਚ ਹੇਠਾਂ ਦੱਸੀਆਂ ਗਈਆਂ ਸਬੰਧਤ ਮਿਤੀਆਂ ਤੋਂ ਭੁਗਤਾਨ ਅਤੇ/ਜਾਂ ਪ੍ਰਾਪਤੀ ਦੀ ਮਿਤੀ ਤੱਕ, ਹੇਠਾਂ ਦਿੱਤੇ ਗਏ ਹੋਰ ਵਿਆਜ ਸਮੇਤ, ਉਪਰੋਕਤ ਕਰਜ਼ਦਾਰ ਦੁਆਰਾ ਲਾਗੂ ਕੀਤੇ ਗਏ ਕਰਜ਼ਦਾਰ ਸਮਝੌਤੇ ਅਤੇ ਹੋਰ ਦਸਤਾਵੇਜ਼ਾਂ/ਲਿਖਤਾਂ, ਜੇਕਰ ਕੋਈ ਹਨ, ਦੇ ਨਾਲ ਪੜ੍ਹੇ ਜਾਣ, ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ, ABCL ਨੂੰ ਭੁਗਤਾਨ ਕਰਨ। ਕਰਜ਼ੇ ਦੀ ਬਕਾਇਆ ਅਦਾਇਗੀ ਲਈ ਸੁਰੱਖਿਆ ਵਜੋਂ, ਹੇਠ ਲਿਖੀਆਂ ਸੁਰੱਖਿਅਤ ਸੰਪਤੀਆਂ(ਆਂ) ਕ੍ਰਮਵਾਰ ਉਕਤ ਕਰਜ਼ਦਾਰ ਦੁਆਰਾ **ABCL** ਨੂੰ ਗਿਰਵੀ ਰੱਖੀਆਂ ਗਈਆਂ ਹਨ।

| ਲ. ਨੰ. | ਕਰਜ਼ਦਾਰ (ਾਂ) ਦਾ ਨਾਮ | ਮੰਗ ਸੂਚਨਾ ਦੀ ਮਿਤੀ ਅਤੇ ਐਨਪੀਏ ਦੀ ਮਿਤੀ / ਕੁੱਲ ਬਕਾਇਆ ਰਕਮ | ਅਚੱਲ ਸੰਪੱਤੀ ਦੇ ਵੇਰਵੇ |
|---|---|---|---|
| 1. | 1. **ਸ਼੍ਰੀ ਵਿਸ਼ਾਲ ਮਲਹੋਤਰਾ, ਪੁੱਤਰ ਸ. ਸਤਪਾਲ ਮਲਹੋਤਰਾ,** ਨੰਬਰ-1883, ਗਲੀ ਨੰਬਰ-1, ਗਿੱਲ ਰੋਡ, ਜਨਤਾ ਨਗਰ, ਲੁਧਿਆਣਾ-141003, ਹੋਰ ਪਤਾ: ਸ਼੍ਰੀ ਵਿਸ਼ਾਲ ਮਲਹੋਤਰਾ, ਪ੍ਰੋਪਰਾਈਟਰ ਓਮ ਪ੍ਰਕਾਸ਼ ਡੇਅਰੀ ਫਾਰਮ, ਬੀ-12, ਤਾਜਪੁਰ ਰੋਡ, ਡੇਅਰੀ ਕੰਪਲੈਕਸ, ਨੰ. ਗੀਤਾ ਨਗਰ ਪੁਲੀ, ਲੁਧਿਆਣਾ-141003, ਮੋ-6239150867 2. **ਸ਼੍ਰੀ ਅਨਮੋਲ ਮਲਹੋਤਰਾ,** ਪਤਨੀ ਵਿਸ਼ਾਲ ਮਲਹੋਤਰਾ, ਨੰਬਰ-1883, ਗਲੀ ਨੰਬਰ-1, ਗਿੱਲ ਰੋਡ, ਜਨਤਾ ਨਗਰ, ਲੁਧਿਆਣਾ-141003 3. **ਸ਼੍ਰੀਮਤੀ ਕੁਸੁਮ ਮਲਹੋਤਰਾ,** ਪਤਨੀ ਸਤਪਾਲ ਮਲਹੋਤਰਾ, ਨੰਬਰ-1883, ਗਲੀ ਨੰਬਰ-1, ਗਿੱਲ ਰੋਡ, ਜਨਤਾ ਨਗਰ, ਲੁਧਿਆਣਾ-141003 Loan Ac No. ABFLLDHDSB0000103682 | 08.12.2025 & 04.12.2025 / ਕੁੱਲ ਬਕਾਇਆ ਰਕਮ RS. 37,71,533.38/- as on 08.12. 2025 | ਰਿਹਾਇਸ਼ੀ ਮਕਾਨ ਅਧੀਨ ਨੰਬਰ 1883 ਦਾ ਉਹ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਖੇਤਰਫਲ 137-1/3 ਵਰਗ ਗਜ਼ ਹੈ, 206 ਵਰਗ ਗਜ਼ ਵਿੱਚੋਂ, ਖਸਰਾ ਨੰਬਰ 4032/377 4044/378, ਖਾਤਾ ਨੰਬਰ 2198/2857 ਵਾਕੀਆ ਮੌਜਾ ਗਿੱਲ ਨੰਬਰ 2, ਆਬਾਦੀ ਜਨਤਾ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਸ਼ਾਮਲ ਹੈ। ਕੁੱਲ ਖੇਤਰਫਲ ਦੀਆਂ ਹੱਦਾਂ 206 ਵਰਗ ਗਜ਼ ਹਨ: ਪੂਰਬ: ਸੁਰਜੀਤ ਸਿੰਘ, 45 ਫੁੱਟ ਮਾਪ, ਪੱਛਮ: ਹਾਕਮ ਸਿੰਘ, 45 ਫੁੱਟ ਮਾਪ, ਉੱਤਰ: ਨਾਜਰ ਸਿੰਘ 40 ਫੁੱਟ 4 ਇੰਚ ਮਾਪ, ਦੱਖਣ: ਸੜਕ 16 ਫੁੱਟ ਚੌੜੀ, 40 ਫੁੱਟ 4 ਇੰਚ ਮਾਪ। |

ਭੁਗਤਾਨ ਅਤੇ/ਜਾਂ ਪੂਰਤੀ ਦੀ ਮਿਤੀ ਤੱਕ ਅਚਨਚੇਤੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ ਉਕਤ ਦਰਸਾਈ ਮਿਤੀ ਨੂੰ ਸੰਬੰਧਤ ਮੰਗ ਸੂਚਨਾ ਵਿਚ ਵਧੇਰੇ ਵਿਸ਼ੇਸ਼ ਤੌਰ 'ਤੇ ਦਰਸਾਏ ਅਨੁਸਾਰ ਦਰ 'ਤੇ ਅਗਲੇਰੇ ਵਿਆਜ, ਵਧੀਕ ਵਿਆਜ ਸਮੇਤ। ਜੇਕਰ ਦਰਸਾਇਆ ਕਰਜ਼ਦਾਰ ਉਕਤ ਦਰਸਾਏ ਅਨੁਸਾਰ **ਏਬੀਸੀਐਲ** ਨੂੰ ਭੁਗਤਾਨ ਕਰਨ ਵਿਚ ਅਸਫਲ ਰਹਿੰਦਾ ਹੈ, ਤਾਂ **ਏਬੀਸੀਐਲ** ਲਾਗਤਾਂ ਅਤੇ ਨਤੀਜਿਆਂ ਵਜੋਂ ਦਰਸਾਏ ਕਰਜ਼ਦਾਰ/ਕਾਨੂੰਨੀ ਵਾਰਸ (ਾਂ)/ਕਾਨੂੰਨੀ ਪ੍ਰਤੀਨਿਧੀ (ਆਂ) ਦੇ ਪੂਰਨ ਜੋਖਮ 'ਤੇ ਦਰਸਾਏ ਕਾਨੂੰਨ ਅਤੇ ਲਾਗੂ ਨਿਯਮਾਂਵਲੀ ਦੀ ਧਾਰਾ 13 (4) ਅਧੀਨ ਉਕਤ ਸੁਰੱਖਿਅਤ ਅਸਾਸੇ/ਅਚੱਲ ਸੰਪੱਤੀ (ਆਂ) ਦੇ ਖਿਲਾਫ ਕਾਰਵਾਈ ਸ਼ੁਰੂ ਕਰੇਗਾ।

ਦਰਸਾਏ ਕਰਜ਼ਦਾਰ/ਕਾਨੂੰਨੀ ਵਾਰਸ (ਾਂ)/ਕਾਨੂੰਨੀ ਪ੍ਰਤੀਨਿਧੀ (ਆਂ) 'ਤੇ **ਏਬੀਸੀਐਲ** ਦੀ ਅਗਾਊਂ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਮਾਧਿਅਮ ਦੁਆਰਾ ਉਕਤ ਦਰਸਾਏ ਸੁਰੱਖਿਅਤ ਅਸਾਸੇ/ਅਚੱਲ ਸੰਪੱਤੀ (ਆਂ) ਦੇ ਤਬਾਦਲੇ ਲਈ ਦਰਸਾਏ ਕਾਨੂੰਨ ਦੇ ਅਧੀਨ ਪਾਬੰਦੀ ਲਗਾਈ ਜਾਂਦੀ ਹੈ। ਕਿਰਪਾ ਕਰਕੇ ਨੋਟ ਕਰੋ ਕਿ ਇਹ ਵਿੱਤੀ ਸੰਪੱਤੀਆਂ ਦੇ ਸੁਰੱਖਿਅਤ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੀ ਧਾਰਾ 13 (2) ਦੇ ਅਧੀਨ ਅੰਤਿਮ ਸੂਚਨਾ ਹੈ। ਇਹ ਕਹਿਣ ਦੀ ਲੋੜ ਨਹੀਂ ਕਿ **ਏਬੀਸੀਐਲ** ਕਰਜ਼ਦਾਰ (ਾਂ) ਦੇ ਖਿਲਾਫ ਉਨ੍ਹਾਂ ਦੇ ਪੂਰਨ ਜੋਖਮ, ਜਵਾਬਦੇਹੀ ਅਤੇ ਲਾਗਤਾਂ 'ਤੇ ਉਕਤ ਹਵਾਲੇ ਅਧੀਨ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕ ਰੱਖਦਾ ਹੈ।

**ਸਥਾਨ : ਲੁਧਿਆਣਾ**, ਪੰਜਾਬ
**ਮਿਤੀ** : 11.12.2025

**ਸਹੀ/- ਅਧਿਕਾਰਤ ਅਧਿਕਾਰੀ**
**ਅਦਿਤਯ ਬਿਰਲਾ ਕੈਪੀਟਲ ਲਿਮਟਿਡ**



**pnb ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ !

ਸਰਕਲ ਸਾਸਤਰਾ ਮੋਗਾ
ਪਹਿਲੀ ਮੰਜ਼ਿਲ, ਪ੍ਰਤਾਪ ਰੋਡ ਬ੍ਰਾਂਚ
ਪ੍ਰਤਾਪ ਰੋਡ, ਮੋਗਾ-142001

**ਸੁਰੱਖਿਅਤ ਸੰਪੱਤੀਆਂ ਦੀ ਈ-ਨਿਲਾਮੀ ਵਿਕਰੀ ਲਈ 30.12.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ**

**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਹਾਈਪੋਥੀਕੇਟਿਡ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ (ਆਂ), ਜਿਸ ਦਾ ਉਸਾਰੂ/ਭੌਤਿਕ/ਸੰਕੇਤਕ (ਜੋ ਵੀ ਲਾਗੂ ਹੋਵੇ) ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) /ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਇਸ ਦੇ ਬਕਾਇਆ ਦੀ ਵਸੂਲੀ ਦੇ ਲਈ ਨਿਮਨ ਸਾਰਣੀ ਵਿਚ ਦਰਸਾਈ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

| ਲੜੀ ਨੰ. | ਕਰਜ਼ਦਾਰ ਦਾ ਨਾਮ ਅਤੇ ਬੈਂਕ ਸ਼ਾਖਾ ਦੇ ਵੇਰਵੇ | ਮਾਲਕ (ਾਂ)/ਸੰਪੱਤੀ(ਆਂ)ਦੇ ਗਿਰਵੀਕਾਰਾਂ ਦਾ ਨਾਮ | ਅਚੱਲ ਗਿਰਵੀ ਸੰਪੱਤੀ (ਆਂ) ਦੇ ਵੇਰਵੇ ਅਤੇ ਮਾਲਕ (ਾਂ)/ਗਿਰਵੀਕਾਰਾਂ ਦਾ ਨਾਮ | ੳ) ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅ) .... ਅਨੁਸਾਰ ਬਕਾਇਆ ਰਕਮ ੲ) ਸਰਫਾਇਸੀ ਐਕਟ 2002 ਦੀ ਧਾਰਾ 13 (4) ਦੇ ਅਧੀਨ ਕਬਜ਼ੇ ਦੀ ਮਿਤੀ ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ਉਸਾਰੂ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂੰ ਦੇਣਦਾਰੀਆਂ ਦੇ ਵੇਰਵੇ |
|---|---|---|---|---|---|---|---|
| 1. | 1. ਮਹਿੰਦਰ ਸਿੰਘ ਸਿੰਘ ਪੁੱਤਰ ਬਲਵੰਤ ਸਿੰਘ, ਬੀ/ਓ ਫਿਰੋਜ਼ਪੁਰ ਸਿਟੀ (017200) 2.ਅਮਨਦੀਪ ਕੌਰ ਪਤਨੀ ਮਹਿੰਦਰ ਸਿੰਘ ਮਕਾਨ ਨੰਬਰ ਰਿਖੀ ਕਾਲੋਨੀ ਫੇਜ਼-3 ਪਿੰਡ ਹਾਕੇਵਾਲਾ, ਫਿਰੋਜ਼ਪੁਰ-152001 | 1. ਮਹਿੰਦਰ ਸਿੰਘ ਸਿੰਘ ਪੁੱਤਰ ਬਲਵੰਤ ਸਿੰਘ, ਮਕਾਨ ਨੰ. ਰਿਖੀ ਕਾਲੋਨੀ ਫੇਜ਼-3 ਪਿੰਡ ਹਾਕੇਵਾਲਾ ਫਿਰੋਜ਼ਪੁਰ-152001 | ਵਸੀਕਾ ਨੰ. 2019-20/116/1/3600 ਮਿਤੀ 26-11-2019 ਅਨੁਸਾਰ, ਮਕਾਨ ਨੰ. ਰਿਖੀ ਕਲੋਨੀ ਫੇਜ਼-3 ਪਿੰਡ ਹਕੇਵਾਲਾ ਫਿਰੋਜ਼ਪੁਰ-152001, ਅਮਨਦੀਪ ਕੌਰ ਦੇ ਨਾਮ 'ਤੇ 4.41 ਮਰਲੇ (ਆਕਾਰ 20 X 60) ਵਾਲਾ ਰਿਹਾਇਸ਼ੀ ਮਕਾਨ। ਉੱਤਰ: ਆਪਣਾ, ਦੱਖਣ: ਘਰ, ਪੂਰਬ: ਗਲੀ, ਪੱਛਮ: ਪਲਾਟ। | ੳ. 16.06.2022 ਅ. ਰੂ. 10,20,264.48 ਜਮ੍ਹਾਂ 01.02.2022 ਤੋਂ ਪ੍ਰਭਾਵੀ ਅਗਲੇਰਾ ਵਿਆਜ ਅਤੇ ਹੋਰ ਲਾਗਤਾਂ, ਮਨਫੀ ਵਸੂਲੀ, ਜੇਕਰ ਕੋਈ ਹੈ। ੲ. 23.11.2022, ਸ. . ਸੰਕੇਤਕ ਕਬਜ਼ਾ | Rs. 12,25,000/- / Rs. 1,22,500/- / Rs. 13,000/- | 30.12.2025 11.00 AM to 04.00PM | ਜਾਣੂੰ ਨਹੀਂ |
| 2. | ਰਣਜੀਤ ਸਿੰਘ ਪੁੱਤਰ ਹਰਬੰਸ ਸਿੰਘ ਬੀ/ ਓ ਫਿਰੋਜ਼ਪੁਰ ਸਿਟੀ (017200) | 1. ਰਣਜੀਤ ਸਿੰਘ ਪੁੱਤਰ ਹਰਬੰਸ ਸਿੰਘ ਈ ਐੱਸ 52/20 ਗਲੀ ਬੋਹੜ ਵਾਲੀ ਗਲੀ-5 ਭਾਰਤ ਨਗਰ ਫਿਰੋਜ਼ਪੁਰ-152001.2. ਸਤਨਾਮ ਸਿੰਘ ਪੁੱਤਰ ਹਰਬੰਸ ਸਿੰਘ ਈ ਐੱਸ 52/20 ਗਲੀ ਬੋਹੜ ਵਾਲੀ ਗਲੀ-5 ਭਾਰਤ ਨਗਰ ਫਿਰੋਜ਼ਪੁਰ-152001.3. ਕੁਲਦੀਪ ਸਿੰਘ ਪੁੱਤਰ ਹਰਬੰਸ ਸਿੰਘ ਈ ਐੱਸ 52/20 ਗਲੀ ਬੋਹੜ ਵਾਲੀ ਗਲੀ-5 ਭਾਰਤ ਨਗਰ ਫਿਰੋਜ਼ਪੁਰ-152001, 4. ਦਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਈ ਐੱਸ 52/20 ਗਲੀ ਬੋਹੜ ਵਾਲੀ ਗਲੀ-6 ਭਾਰਤ ਨਗਰ ਫਿਰੋਜ਼ਪੁਰ-152001 | ਰਿਹਾਇਸ਼ੀ ਮਕਾਨ ਨੰਬਰ ਈਐਸ, ਜਿਸਦਾ ਮਾਪ 8.61 ਮਰਲੇ (2344 ਵਰਗ ਫੁੱਟ) ਹੈ, ਵਸੀਕਾ ਨੰਬਰ 5373 ਅਤੇ ਮਿਤੀ 29.12.1999 ਅਨੁਸਾਰ, ਈਐਸ 52/20 ਬੋਹੜ ਵਾਲੀ ਗਲੀ-5 ਭਾਰਤ ਨਗਰ ਫਿਰੋਜ਼ਪੁਰ- ਸ਼ਹਿਰ ਵਿਖੇ ਰਣਜੀਤ ਸਿੰਘ, ਸਤਨਾਮ ਸਿੰਘ, ਕੁਲਦੀਪ ਸਿੰਘ ਅਤੇ ਦਵਿੰਦਰ ਸਿੰਘ ਦੇ ਨਾਮ 'ਤੇ ਸਥਿਤ ਹੈ। ਸੀਮਾ ਹੇਠ ਲਿਖ ਅਨੁਸਾਰ ਹੈ: ਉੱਤਰ: ਮੰਗਤ ਰਾਮ, ਦੱਖਣ: ਸਟਰੀਟ, ਪੂਰਬ: ਸੁਭਗ ਸਿੰਘ, ਪੱਛਮ: ਦਰਸ਼ਨ ਸਿੰਘ। | ੳ. 11.05.2021 ਅ. ਰੂ. 10,94,296.50/- ਜਮ੍ਹਾਂ 31.03.2021 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਹੋਈ ਵਸੂਲੀ, ਜੇਕਰ ਕੋਈ ਹੈ। ੲ. 06.01.2022, ਸ. . ਸੰਕੇਤਕ ਕਬਜ਼ਾ | Rs. 15,38,000/- / Rs. 1,53,800/- / Rs. 15,380/- | 30.12.2025 11.00 AM to 04.00PM | ਜਾਣੂੰ ਨਹੀਂ |
| 3. | ਸੀਮਾ ਪਤਨੀ ਪ੍ਰੇਮ ਬੀ/ ਓ ਫਿਰੋਜ਼ਪੁਰ- ਮੋਚੀ ਬਜ਼ਾਰ(029910) | 1. ਸੀਮਾ ਪਤਨੀ ਪ੍ਰੇਮ ਭਾਰਤ ਨਗਰ ਗਲੀ ਮੱਸਾ ਸਿੰਘ ਵਾਲੀ ਫਿਰੋਜ਼ਪੁਰ-152001 2. ਪ੍ਰੇਮ ਪੁੱਤਰ ਪ੍ਰੇਮ ਭਾਰਤ ਨਗਰ ਗਲੀ ਮੱਸਾ ਸਿੰਘ ਵਾਲੀ ਫਿਰੋਜ਼ਪੁਰ-152001 | 5 ਮਰਲੇ (28.5 X 47.5 ਫੁੱਟ) ਦਾ ਰਿਹਾਇਸ਼ੀ ਮਕਾਨ ਜਿਸ ਦਾ ਰੈਕਟ ਨੰਬਰ 160/ਕਿਲਾ ਨੰਬਰ 7/1(3-11),7/3/1 (0-9) 14/2/1(0-5 45/765 ਹਿੱਸਾ 4 ਕਨਾਲ 5 ਮਰਲੇ ਵਸੀਕਾ ਨੰਬਰ 1937 ਮਿਤੀ 17-09-2020, ਭਾਰਤ ਨਗਰ ਫਿਰੋਜ਼ਪੁਰ ਵਿਖੇ ਸਥਿਤ ਸੀਮਾ ਪਤਨੀ ਪ੍ਰੇਮ ਦੇ ਨਾਮ 'ਤੇ। ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਬਲਦੇਵ ਸਿੰਘ, ਦੱਖਣ: ਗਲੀ, ਪੂਰਬ: ਜੱਗਾ, ਪੱਛਮ: ਗੁਰਪ੍ਰੀਤ। | 1. 26.12.2022. 2. ਰੁਪਏ: 512528.41 ਜਮ੍ਹਾਂ 26.12.2022 ਤੋਂ ਭਵਿੱਖੀ ਵਿਆਜ ਅਤੇ ਬੈਂਕ ਦੁਆਰਾ ਕੀਤੇ ਗਏ ਖਰਚੇ ਘੱਟ ਪ੍ਰਾਪਤ ਹੋਈ ਰਿਕਵਰੀ, ਜੇਕਰ ਕੋਈ ਹੋਵੇ। 3. 23.03.2023.4. ਸੰਕੇਤਕ ਕਬਜ਼ਾ। | Rs. 10,81,000/- / Rs. 1,08,100/- / Rs. 10,810/- | 30.12.2025 11.00 AM to 04.00PM | ਜਾਣੂੰ ਨਹੀਂ |
| 4. | ਸ੍ਰੀ ਸੁਭਾਸ਼ ਚੰਦਰ ਸ਼ਾਖਾ ਦਫ਼ਤਰ ਬਾਘਾ ਪੁਰਾਣਾ (63710) | ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਰਾਮਜੀ ਲਾਲ, ਗਲੀ ਸਾਹਮਣੇ ਛੱਤਾ ਖੂਹ, ਮੰਡੀਆਂ ਰੋਡ, ਬਾਘਾ ਪੁਰਾਣਾ | ਮਿਉਂਸਪਲ ਕਮੇਟੀ ਨੰ. ਬੀ.3/1860 ਵਾਲੀ 5 ਮਰਲੇ ਦੀ ਜਾਇਦਾਦ ਦਾ ਸਾਰਾ ਹਿੱਸਾ ਅਤੇ ਹੁਣ ਇਹ ਜਾਇਦਾਦ ਮਿਉਂਸਪਲ ਕਮੇਟੀ ਨੰ. ਬੀ.5/3314 (ਨੋਟੀਫਾਈਡ ਏਰੀਆ ਕਮੇਟੀ, ਬਾਘਾ ਪੁਰਾਣਾ) ਨੇੜੇ ਛੱਤ ਖੂਹ, ਮੰਦਰ ਰੋਡ ਵਿਖੇ ਸਥਿਤ ਹੈ। , ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਦੇ ਸੁਭਾਸ਼ ਚੰਦਰ ਪੁੱਤਰ ਰਾਮਜੀ ਲਾਲ ਨਾਮ 'ਤੇ ਵਿਕਰੀ ਡੀਡ ਨੰਬਰ 3459 ਮਿਤੀ 17.11.2004 ਅਨੁਸਾਰ। ਓਰੀਐਂਟਲ ਬੈਂਕ ਆਫ ਕਾਮਰਸ, ਬਾਘਾ ਪੁਰਾਣਾ ਕੋਲ ਗਿਰਵੀ ਰੱਖਿਆ ਹੋਇਆ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾ: ਪੂਰਬ: ਸ੍ਰੀ ਹਰੀ ਸਿੰਘ, ਪੱਛਮ: ਸ੍ਰੀ ਗੁਰਨਾਮ ਸਿੰਘ, ਉੱਤਰ: ਗਲੀ, ਦੱਖਣੀ: ਸ੍ਰੀ ਦਲੀਪ ਸਿੰਘ | ੳ. 03.02.2014 ਅ. ਰੂ. 510733 ਜਮ੍ਹਾਂ 03.02.2014 ਤੋਂ ਪ੍ਰਭਾਵੀ ਭਾਵੀ ਵਿਆਜ + ਹੋਰ ਫੀਸਾਂ - ਵਸੂਲੀ, ਜੇਕਰ ਕੋਈ ਹੈ। ੲ. 25.01.2021, ਸ. ਸੰਕੇਤਕ ਕਬਜ਼ਾ | Rs. 8,83,000/- / Rs. 88,300/- / Rs. 8,830/- | 30.12.2025 11.00 AM to 04.00PM | ਜਾਣੂੰ ਨਹੀਂ |
| 5. | ਬਲਵਿੰਦਰ ਐਂਟਰਪ੍ਰਾਈਜ਼ ਬੀ/ ਓ ਫਿਰੋਜ਼ਪੁਰ-ਬਗਦਾਦੀ ਗੇਟ (345200) | 1. ਬਲਵਿੰਦਰ ਐਂਟਰਪ੍ਰਾਈਜ਼ ਬ੍ਰਹਮ ਨਗਰੀ, ਵਿਕਾਸ ਵਿਹਾਰ, ਫਿਰੋਜ਼ਪੁਰ ਸਿਟੀ-152001। 2. ਬਲਵਿੰਦਰ ਸਿੰਘ, ਬ੍ਰਹਮ ਨਗਰੀ, ਵਿਕਾਸ ਵਿਹਾਰ, ਫਿਰੋਜ਼ਪੁਰ ਸਿਟੀ-152001. 3. ਨਰਿੰਦਰ ਕੌਰ, ਬਲਵਿੰਦਰ ਸਿੰਘ, ਬ੍ਰਹਮ ਨਗਰੀ, ਵਿਕਾਸ ਵਿਹਾਰ, ਫਿਰੋਜ਼ਪੁਰ ਸਿਟੀ-152001 | 7.95 ਮਰਲੇ ਦਾ ਰਿਹਾਇਸ਼ੀ ਮਕਾਨ (ਕੁੱਲ - 2164 ਵਰਗ ਫੁੱਟ) ਰੈਕਟ ਨੰ. 196 ਕਿਲਾ 26(0-4) ਰੈਕਟ ਨੰ. 209, ਕਿਲਾ ਨੰ. 1/3(1-10), ਰੈਕਟ ਨੰ. 196 ਕਿਲਾ 19(7-4), 20/1(1-16), 21/3(2-12), 22(7-16) 23/1(0-16) ਵਸੀਕਾ ਨੰ. 7971 ਮਿਤੀ 23.05.2014, ਬ੍ਰਹਮ ਨਗਰੀ, ਵਿਕਾਸ ਵਿਹਾਰ, ਫਿਰੋਜ਼ਪੁਰ ਸ਼ਹਿਰ ਵਿਖੇ ਨਰਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਦੇ ਨਾਮ 'ਤੇ, ਉੱਤਰ: ਗਲੀ, ਦੱਖਣ: ਗਲੀ, ਪੂਰਬ: ਗਲੀ, ਪੱਛਮ: ਹਰਜਿੰਦਰ ਕੌਰ | 1. 04.10.2021. 2. ਰੁਪਏ: 994447/- ਪਲੱਸ ਭਵਿੱਖੀ ਵਿਆਜ 01.04.2021 ਤੋਂ ਅਤੇ ਬੈਂਕ ਦੁਆਰਾ ਖਰਚੇ ਗਏ ਖਰਚੇ ਘੱਟ ਪ੍ਰਾਪਤ ਹੋਈ, ਜੇਕਰ ਕੋਈ ਹੋਵੇ। 3. 06.01.2022. 4. ਸੰਕੇਤਕ ਕਬਜ਼ਾ | Rs. 34,17,000/- / Rs. 3,41,700/- / Rs. 34,170/- | 30.12.2025 11.00 AM to 04.00PM | ਜਾਣੂੰ ਨਹੀਂ |
| 6. | ਬਲਵਿੰਦਰ ਸਿੰਘ ਸਪੁੱਤਰ ਗੋਪਾਲ ਸਿੰਘ ਬੀ/ ਓ ਫਿਰੋਜ਼ਪੁਰ-ਬਗਦਾਦੀ ਗੇਟ (345200) | 1. ਰਾਜਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ (ਬਲਵਿੰਦਰ ਸਿੰਘ ਦਾ ਕਾਨੂੰਨੀ ਵਾਰਸ), ਨਿਊ ਕ੍ਰਿਸ਼ਨਾ ਐਨਕਲੇਵ, ਹਬੀਬ ਕੇ ਰੋਡ, ਫਿਰੋਜ਼ਪੁਰ- 152001 2. ਸ਼੍ਰੀਮਤੀ ਜਸਪ੍ਰੀਤ ਕੌਰ ਪੁੱਤਰੀ ਬਲਵਿੰਦਰ ਸਿੰਘ, ਬਲਵਿੰਦਰ ਸਿੰਘ ਦਾ ਕਾਨੂੰਨੀ ਵਾਰਸ), ਨਿਊ ਕ੍ਰਿਸ਼ਨਾ ਐਨਕਲੇਵ, ਹਬੀਬ ਕੇ ਰੋਡ, ਫਿਰੋਜ਼ਪੁਰ-152001. ਸ਼੍ਰੀਮਤੀ ਜਗਦੀਪ ਕੌਰ ਪਤਨੀ ਬਲਵਿੰਦਰ ਸਿੰਘ, ਬਲਵਿੰਦਰ ਸਿੰਘ ਦੇ ਕਾਨੂੰਨੀ ਵਾਰਸ), ਨਿਊ ਕ੍ਰਿਸ਼ਨਾ ਐਨਕਲੇਵ, ਹਬੀਬ ਕੇ ਰੋਡ, ਫਿਰੋਜ਼ਪੁਰ-152001 | 1.64 ਮਰਲੇ (446.49 ਵਰਗ ਫੁੱਟ) ਦਾ ਰਿਹਾਇਸ਼ੀ ਮਕਾਨ ਰੈਕਟ ਨੰ. 69 ਕਿਲਾ ਨੰ. 19/3(3-14) 20(8-0) 21/1(5-16), 22/1(3-13) ਰੈਕਟ ਨੰ. 70 ਕਿਲਾ ਨੰ. 23/1/2(3-9) 24/1(5-16), 25/1(5-16) 16/2(3-7), 18/1/2(2-0) 17/2(3-7) ਵਾਸਿਕਾ ਨੰ. 639 ਮਿਤੀ 14.05.2019 ਨਿਊ ਕ੍ਰਿਸ਼ਨਾ ਐਨਕਲੇਵ, ਹਬੀਬ ਕੇ ਰੋਡ, ਫਿਰੋਜ਼ਪੁਰ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਬਲਵਿੰਦਰ ਸਿੰਘ ਪੁੱਤਰ ਗੋਪਾਲ ਸਿੰਘ ਦੇ ਨਾਮ 'ਤੇ, ਉੱਤਰ: ਖਾਲੀ ਜ਼ਮੀਨ, ਦੱਖਣ: ਰਸਤਾ, ਪੂਰਬ: ਪਲਾਟ ਨੰ. 98, ਪੱਛਮ: ਪਲਾਟ ਨੰ. 100 | 1.17.04.2023. 2. ਰੁਪਏ: 494260.35/- ਪਲੱਸ ਭਵਿੱਖੀ ਵਿਆਜ 17.04.2023 ਅਤੇ ਬੈਂਕ ਦੁਆਰਾ ਖਰਚੇ ਗਏ ਖਰਚੇ ਘੱਟ ਪ੍ਰਾਪਤ ਹੋਈ, ਜੇਕਰ ਕੋਈ ਹੋਵੇ। 3. 06.07.2023. 4. ਸੰਕੇਤਕ ਕਬਜ਼ਾ | Rs. 8,37,000/- / Rs. 83,700/- / Rs. 8,370/- | 30.12.2025 11.00 AM to 04.00PM | ਜਾਣੂੰ ਨਹੀਂ |
| 7. | ਸ੍ਰੀ ਹਰਿੰਦਰ ਸਿੰਘ ਸਪੁੱਤਰ ਤਰਸੇਮ ਸਿੰਘ ਅਤੇ ਆਰਤੀ ਸੁਪਤਨੀ ਹਰਿੰਦਰ ਸਿੰਘ ਬੀ/ਓ ਬਾਘਾ ਪੁਰਾਣਾ (063710) | 1. ਸ੍ਰੀ ਹਰਿੰਦਰ ਸਿੰਘ ਸਪੁੱਤਰ ਤਰਸੇਮ ਸਿੰਘ, ਸਾਹਮਣੇ ਸਪਰਿਗ ਫੀਲਡ ਸਕੂਲ, ਮੁਦਕੀ ਰੋਡ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038, 2. ਆਰਤੀ ਸੁਪਤਨੀ ਹਰਿੰਦਰ ਸਿੰਘ, ਸਾਹਮਣੇ ਸਪਰਿਗ ਫੀਲਡ ਸਕੂਲ, ਮੁਦਕੀ ਰੋਡ, ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038 | ਹਰਿੰਦਰ ਸਿੰਘ ਸਪੁੱਤਰ ਤਰਸੇਮ ਸਾਹਮਣੇ ਸਪਰਿਗ ਫੀਲਡ ਸਕੂਲ, ਪਿੰਡ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਦੇ ਨਾਮ 'ਤੇ ਦਰਜ ਪਿੰਡ ਬਾਘਾਪੁਰਾਣਾ ਜ਼ਿਲ੍ਹਾ ਮੋਗਾ ਵਿਖੇ ਸਥਿਤ ਵਿਕਰੀ ਡੀਡ ਨੰ. 549 ਮਿਤੀ 15.06.2017 ਦੇ ਅਧੀਨ ਖਸਰਾ ਨੰ. 124//18/2 (1-12) 19 (8-0), 21 (8-0), 22 (8-0), 23/1 (5-8), 140//1/1 (0-9) 1/2 (0-9) ਵਜੋਂ 31 ਕਨਾਲ 18 ਮਰਲੇ ਦੇ 2/638 ਹਿੱਸੇ ਵਜੋਂ 02 ਮਰਲੇ ਮਾਪ ਵਾਲਾ ਰਕਬਾ ਅਤੇ ਖਸਰਾ ਨੰ. 172, 173, 188, 189 ਖੇਵਟ ਨੰ. 993, ਖਤੌਨੀ ਨੰ. 1385 ਤੋਂ 1388 ਦੇ ਅਧੀਨ 146 ਕਨਾਲ 03 ਮਰਲੇ ਜ਼ਮੀਨ ਦੇ 72/526 ਹਿੱਸੇ ਵਜੋਂ 04 ਮਰਲੇ ਮਾਪ ਵਾਲੀ ਰਿਹਾਇਸ਼ੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ: ਪੂਰਬ: ਪਵਨ ਕੁਮਾਰ, ਪੱਛਮ: ਡਾ. ਸ਼ਰਮਾ, ਉੱਤਰ: ਰਸਤਾ, ਦੱਖਣ: ਬਲਜਿੰਦਰ ਕੌਰ। | ੳ. 05.09.2019, ਅ. ਰੂ. 13,61,679/-, ਜਮ੍ਹਾਂ ਅਗਲੇਰੇ ਵਿਆਜ 05.09.2019 ਤੋਂ ਪ੍ਰਭਾਵੀ ਅਤੇ ਖਰਚੇ ਬੈਂਕ ਵੱਲੋਂ ਕੀਤੇ ਘੱਟ ਵਸੂਲੀ ਪ੍ਰਾਪਤ ਜੇਕਰ ਕੋਈ ਹੋਵੇ। ੲ. 21.11.2019, ਸ. ਸੰਕੇਤਕ ਕਬਜ਼ਾ। | Rs. 12,50,000/- / Rs. 1,25,000/- / Rs. 12,500/- | 30.12.2025 11.00 AM to 04.00PM | ਜਾਣੂੰ ਨਹੀਂ |
| 8. | ਇੰਦਰ ਮੋਹਨ ਪੁੱਤਰ ਸ਼ਾਮ ਲਾਲ ਵਾਸੀ ਫਿਰੋਜ਼ਪੁਰ ਮੋਚੀ ਬਾਜ਼ਾਰ (029910) | ਇੰਦਰ ਮੋਹਨ ਪੁੱਤਰ ਸ਼ਾਮ ਲਾਲ, 170 ਆਜ਼ਾਦ ਨਗਰ, ਫਿਰੋਜ਼ ਪੁਰ ਸਿਟੀ, ਫ਼ਿਰੋਜ਼ਪੁਰ, ਪੰਜਾਬ-152002 | ਜਮਾਂਬੰਦੀ 2013-14 ਅਨੁਸਾਰ 2.87 ਮਰਲੇ (776 ਵਰਗ ਫੁੱਟ) ਦੀ ਰਿਹਾਇਸ਼ੀ ਜਾਇਦਾਦ, ਵਾਸਿਕਾ ਨੰਬਰ 5150 ਮਿਤੀ 16-11-2005, ਸੋਢੇ ਵਾਲਾ ਰੋਡ, ਸੁਖਦੇਵ ਸਟਰੀਟ ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-152002 ਵਿਖੇ ਸਥਿਤ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਸਟਰੀਟ, ਦੱਖਣ: ਤਰਸੇਮ ਲਾਲ, ਪੂਰਬ: ਜੀਵਨ, ਪੱਛਮ: ਸ਼ਰਮਾ ਜੀ। | ਏ. 28.01.2022. ਬੀ. 5,01,059 ਰੁਪਏ / ਪਲੱਸ ਭਵਿੱਖੀ ਵਿਆਜ 01.01.2022 ਤੋਂ ਅਤੇ ਬੈਂਕ ਦੁਆਰਾ ਕੀਤੇ ਗਏ ਖਰਚੇ ਘੱਟ ਪ੍ਰਾਪਤ ਹੋਈ ਰਿਕਵਰੀ, ਜੇਕਰ ਕੋਈ ਹੈ। ਸੀ. 27.04.2022. ਡੀ. ਪ੍ਰਤੀਕਾਤਮਕ ਕਬਜ਼ਾ। | Rs. 9,31,000/- / Rs. 93,100/- / Rs. 9,310/- | 30.12.2025 11.00 AM to 04.00PM | ਜਾਣੂੰ ਨਹੀਂ |
| 9. | ਜਸਪਾਲ ਸਿੰਘ ਅਤੇ ਸ਼ਿੰਦਰ ਕੌਰ, ਬੀ/ਓ ਫਿਰੋਜ਼ਪੁਰ ਸਿਟੀ (017200) | 1. ਜਸਪਾਲ ਸਿੰਘ ਸਪੁੱਤਰ ਬਰਕਤ ਸਿੰਘ ਰੱਖੜੀ ਰੋਡ ਪਿੰਡ ਅਤੇ ਡਾਕਖਾਨਾ ਖਾਨੇ ਕੇ ਅਹੌਲ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-152002, 2. ਸ਼ਿੰਦਰ ਕੌਰ ਸੁਪਤਨੀ ਜਸਪਾਲ ਸਿੰਘ ਰੱਖੜੀ ਰੋਡ ਪਿੰਡ ਅਤੇ ਡਾਕਖਾਨਾ ਖਾਨੇ ਕੇ ਅਹੌਲ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-152002 | 12 ਮਰਲੇ ਦੇ ਰਿਹਾਇਸ਼ੀ ਮਕਾਨ ਦੀ ਜਾਇਦਾਦ ਦਾ ਸਾਰਾ ਹਿੱਸਾ (5-1/2 ਦੇ ਮਾਪ ਨਾਲ ਜਿਸਦੀ 1 ਕਨਾਲ 8 ਮਰਲੇ ਦੀ 3/7 ਹਿੱਸੇ ਵਾਲੀ ਜ਼ਮੀਨ ਖੇਵਟ ਨੰ. 56/51 ਖਤੌਨੀ ਨੰ. 63 ਰੈਕਟ ਨੰ. 14 ਕਿਲਾ ਨੰ. 22/2(1-8) ਵਿੱਚ ਸ਼ਾਮਲ ਹੈ) ਪਿੰਡ ਕਾਹਨੇ ਕੇ ਅਹਿਲ, ਹੱਦਬਸਤ ਨੰਬਰ 48, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ ਸਥਿਤ, ਉੱਤਰ: ਹੋਰ ਜਾਇਦਾਦ, ਦੱਖਣ: ਰੱਖੜੀ ਰੋਡ, ਪੂਰਬ: ਹੋਰ ਸੰਪੱਤੀ, ਪੱਛਮ: ਹੋਰ ਸੰਪੱਤੀ | ੳ. 03.12.2019 ਅ. ਰੂ. 595390.86 ਜਮ੍ਹਾਂ 02.12.2019 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਵਸੂਲੀ, ਜੇਕਰ ਕੋਈ ਹੈ। ੲ. 21.03.2020, ਸ. ਸੰਕੇਤਕ ਕਬਜ਼ਾ | Rs. 13,50,000/- / Rs. 1,35,000/- / Rs. 13,500/- | 30.12.2025 11.00 AM to 04.00PM | ਜਾਣੂੰ ਨਹੀਂ |
| 10. | ਫਿਰੋਜ਼ਪੁਰ (345200) ਖਾਲਸਾ ਟ੍ਰੇਡਰਜ਼ ਬਗਦਾਦੀ ਗੇਟ | 1. ਖਾਲਸਾ ਟ੍ਰੇਡਰਜ਼, ਜ਼ੀਰਾ ਗੇਟ ਦੇ ਬਾਹਰ, ਗੁਰੂ ਨਗਰ, ਬਾਈਪਾਸ ਫਿਰੋਜ਼ਪੁਰ, ਪਿੰਨ-152001 2. ਜਗਜੀਤ ਕੌਰ ਪਤਨੀ ਬਲਵਿੰਦਰ ਸਿੰਘ, ਪਿੰਡ ਹੇਕੇ ਵਾਲਾ, ਨੇੜੇ ਗੁਰਦੁਆਰਾ ਸਾਹਿਬ, ਪੋ. ਟਾਹਲੀ ਮੁਹੱਲਾ, ਫਿਰੋਜ਼ਪੁਰ, ਪਿੰਨ-152001 | ਰਿਹਾਇਸ਼ੀ ਮਕਾਨ 14 ਮਰਲੇ (3812) ਵਰਗ ਫੁੱਟ) ਜ਼ਮੀਨ ਦਾ 14/123 ਹਿੱਸਾ 6 ਕਨਾਲ 3 ਮਰਲੇ ਰੈਕਟ ਨੰ. 7, ਕਿਲਾ ਨੰ. 15/1(6-3) ਪਿੰਡ ਹੇਕੇ ਵਾਲਾ ਦੇ ਖੇਤਰ ਵਿੱਚ ਸਥਿਤ, ਗੁਰਦੁਆਰਾ ਸਾਹਿਬ ਦੇ ਨੇੜੇ, ਤਹਿਸੀਲ ਅਤੇ ਜਿਲ੍ਹਾ. ਫਿਰੋਜ਼ਪੁਰ, ਵਿਡੀਓ ਵਸੀਕਾ ਨੰ. 3559 ਮਿਤੀ 24.10.2008 ਨੂੰ ਜਗਜੀਤ ਕੌਰ ਪਤਨੀ ਬਲਵਿੰਦਰ ਸਿੰਘ ਦੇ ਨਾਂ 'ਤੇ ਦਰਜ ਕੀਤਾ ਗਿਆ। ਹੱਦਬੰਦੀ: ਉੱਤਰ: ਗਲੀ, ਦੱਖਣ: ਫਿਰਨੀ, ਪੂਰਬ: ਸਵੈ, ਪੱਛਮ: ਬਚਿੱਤਰ ਸਿੰਘ। | 19.05.2021, ਰੂ. 10,85,625.50, 31.03.2021 ਦੇ ਅਨੁਸਾਰ + ਅਗਲੇਰਾ ਵਿਆਜ + ਹੋਰ ਫੀਸਾਂ - ਵਸੂਲੀ ਜੇਕਰ ਕੋਈ ਹੈ। ੲ: 04.10.2021 ਸ. ਸੰਕੇਤਕ ਕਬਜ਼ਾ। | Rs. 17,91,000/- / Rs. 1,79,100/- / Rs. 17,910/- | 30.12.2025 11.00 AM to 04.00PM | ਜਾਣੂੰ ਨਹੀਂ |
| 11. | ਲਛਮਣ ਦਾਸ ਪੁੱਤਰ ਚਰਨ ਦਾਸ ਬੀ/ ਓ ਫਿਰੋਜ਼ਪੁਰ- ਮੋਚੀ ਬਜ਼ਾਰ(029910) | 1. ਲਛਮਣ ਦਾਸ ਪੁੱਤਰ ਚਰਨ ਦਾਸ, ਨਈ ਅਬਾਦੀ ਬਸਤੀ ਆਵਾ, ਬਾਰਡਰ ਰੋਡ, ਫਿਰੋਜ਼ਪੁਰ ਸਿਟੀ-152001 2. ਸੱਤੋ ਗੁਰਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ, ਨਵੀਂ ਆਬਾਦੀ ਬਸਤੀ ਆਵਾ, ਬਾਰਡਰ ਰੋਡ, ਫਿਰੋਜ਼ਪੁਰ ਸਿਟੀ-152001 | ਰੈਕਟ ਨੰਬਰ 131 ਕਿਲਾ ਨੰਬਰ 13/2(1-6) 18(5-7) ਵਿੱਚੋਂ 4.13 ਮਰਲੇ ਦਾ ਰਿਹਾਇਸ਼ੀ ਮਕਾਨ, ਵਸੀਕਾ ਨੰਬਰ 3718 ਮਿਤੀ 17.11.2017, ਨਈ ਆਬਾਦੀ ਬਸਤੀ ਆਵਾ, ਬਾਰਡਰ ਰੋਡ, ਫਿਰੋਜ਼ਪੁਰ ਸ਼ਹਿਰ ਵਿਖੇ ਸੱਤੋ ਪਤਨੀ ਲਛਮਣ ਦੇ ਨਾਮ 'ਤੇ ਸਥਿਤ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਸੁਰਿੰਦਰ ਕੁਮਾਰ, ਦੱਖਣ: ਹੋਰ, ਪੂਰਬ: ਗੋਦਾਮ, ਪੱਛਮ: ਸੜਕ। | 1.24.05.2021. 2. 9,86,537/- ਰੁਪਏ ਪਲੱਸ ਭਵਿੱਖੀ ਵਿਆਜ 01.04.2021 ਤੋਂ ਅਤੇ ਬੈਂਕ ਦੁਆਰਾ ਖਰਚੇ ਗਏ ਖਰਚੇ ਘੱਟ ਪ੍ਰਾਪਤ ਹੋਈ, ਜੇਕਰ ਕੋਈ ਹੋਵੇ। 3. 25.10.2021. 4. ਸੰਕੇਤਕ ਕਬਜ਼ਾ। | Rs. 9,00,000/- / Rs. 90,000/- / Rs. 9,000/- | 30.12.2025 11.00 AM to 04.00PM | ਜਾਣੂੰ ਨਹੀਂ |
| 12. | ਮੋਹਨ ਲਾਲ ਸਪੁੱਤਰ ਖੇਮ ਚੰਦ ਬੀ/ਓ ਫਿਰੋਜ਼ਪੁਰ ਬਗਦਾਦੀ ਗੇਟ (345200) | 1. ਮੋਹਨ ਲਾਲ ਪੁੱਤਰ ਖੇਮ ਚੰਦ, ਕੁਆਰਟਰ ਨੰ. 23, ਵਾਲਮੀਕਿ ਕਲੋਨੀ, ਫਿਰੋਜ਼ਪੁਰ-152001 2. ਗੁੱਡੀ ਪਤਨੀ ਮੋਹਨ ਲਾਲ ਕੁਆਰਟਰ ਨੰ. 23 ਵਾਲਮੀਕਿ ਕਲੋਨੀ, ਫਿਰੋਜ਼ਪੁਰ-151002 | ਚੁੰਗੀ ਨੰ. 8, ਫਰੀਦਕੋਟ ਰੋਡ, ਨਵਾਂ ਪੁਰਬਾ, ਭੱਠਾ ਰੋਡ, ਪਿੰਡ ਦਾਖਲੀ ਸਤੀਏਵਾਲਾ, ਫਿਰੋਜ਼ਪੁਰ ਵਿਖੇ ਸਥਿਤ ਰੈਕਟ ਨੰ. 79 ਕਿਲਾ ਨੰ. 13 (2-16), 14 (8-0) , 16 (2-1), 17 (8-1), 18 (6-15), ਖਸਰਾ ਨੰ. 260 (8-2), ਖੇਵਟ ਨੰ. 294 ਵਿੱਚੋਂ 3.22 ਮਰਲੇ (878.75 ਵਰਗ ਫੁੱਟ) ਮਾਪ ਵਾਲੀ ਸੰਪੱਤੀ। ਹੱਦਬੰਦੀ : ਉੱਤਰ : ਗਲੀ, ਦੱਖਣ : ਗਲੀ, ਪੂਰਬ : ਗੌਰਵ ਕੁਮਾਰ, ਪੱਛਮ: ਕਾਂਤਾ ਰਾਣੀ | ੳ. 27.12.2021, ਅ. ਰੂ. 11506060, 01.08.2021 ਦੇ ਅਨੁਸਾਰ ਜਮ੍ਹਾਂ ਅਗਲੇਰਾ ਵਿਆਜ ਜਮ੍ਹਾਂ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਵਸੂਲੀ, ਜੇਕਰ ਕੋਈ ਹੋਵੇ। ੲ. 03.10.2022, ਸ. ਸੰਕੇਤਕ ਕਬਜ਼ਾ। | Rs. 10,98,000/- / Rs. 1,09,800/- / Rs. 10,900/- | 30.12.2025 11.00 AM to 04.00PM | ਜਾਣੂੰ ਨਹੀਂ |
| 13. | ਮੈਸ. ਗੁਰਸ਼ਾਨ ਮੋਬਾਇਲ ਵਰਲਡ ਬੀ/ਓ ਜ਼ੀਰਾ (047600) | 1. ਮੈਸ. ਗੁਰਸ਼ਨ ਮੋਬਾਈਲ ਵਰਲਡ ਪ੍ਰੋ. ਸ੍ਰੀ ਹਰਪ੍ਰੀਤ ਸਿੰਘ, ਗੁਰੂ ਕਾਲੋਨੀ ਦੇ ਸਾਹਮਣੇ, ਗੁਰਦੁਆਰਾ ਨਾਨਕ ਨਗਰੀ, ਅੰਮ੍ਰਿਤਸਰ ਰੋਡ ਜ਼ੀਰਾ - 142047.2. ਹਰਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਨੰਬਰ 31 ਢੋਲੇਵਾਲਾ ਰੋਡ, ਧਰਮਕੋਟ, ਮੋਗਾ। | ਗੁਰੂ ਕਲੋਨੀ, ਸਾਹਮਣੇਗੁਰਦੁਆਰਾ ਨਾਨਕ ਨਗਰੀ, ਅੰਮ੍ਰਿਤਸਰ ਰੋਡ, ਜ਼ੀਰਾ ਜਿਲ੍ਹਾ ਫਿਰੋਜ਼ਪੁਰ (ਲਗਭਗ 8 ਸਰਸਾਈ ਜਾਂ 225 ਵਰਗ ਫੁੱਟ 57 ਕਨਾਲ 18 ਮਰਲੇ ਜ਼ਮੀਨ ਦਾ 8/10422 ਹਿੱਸਾ ਮਾਪਦੇ ਹੋਏ ਖਾਤਾ ਨੰ: 321/1289/1289/1289/1258/125/125/125/125/125/125/125/128/128/1218/1218/1218/128/128/128/128/1258/1258/1258 5/3406, ਖਤੌਨੀ ਨੰਬਰ 379/1568/1567/2076/2077/3446/344 7/4188/4189, ਜਮਾਂਬੰਦੀ ਸਾਲ 2010-11 ਆਰ.ਟੀ.ਡੀ. ਨੰ. 484 ਮਿਤੀ 05.06.2015 ਮਾਲਕ : ਸ੍ਰੀ ਹਰਪ੍ਰੀਤ ਸਿੰਘ ਸਪੁੱਤਰ ਮਲਕੀਤ ਸਿੰਘ, ਪੂਰਬ: ਜਸਵਿੰਦਰ ਕੌਰ, ਪੱਛਮ-ਕਾਰਜ ਸਿੰਘ, ਉੱਤਰ-ਬਨਾਰਸੀ ਦਾਸ, ਦੱਖਣੀ-ਰੋਡ। | ੳ. 28.01.2019, ਅ. ਰੂ. 5,22,995.04, 31.12.2018 ਦੇ ਅਨੁਸਾਰ+ ਅਗਲੇਰਾ ਵਿਆਜ + ਹੋਰ ਫੀਸਾਂ- ਵਸੂਲੀ, ਜੇਕਰ ਕੋਈ ਹੋਵੇ। ੲ. 11.04.2019, ਸ. ਸੰਕੇਤਕ ਕਬਜ਼ਾ। | Rs. 5,65,000/- / Rs. 56,500/- / Rs. 5,650/- | 30.12.2025 11.00 AM to 04.00PM | ਜਾਣੂੰ ਨਹੀਂ |

**ਈ-ਨਿਲਾਮੀ ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ**

ਵਿਕਰੀ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ:
1. ਸੰਪੱਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ', 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. ਵਿਕਰੀ ਨਿਮਨ ਹਸਤਾਖਰੀ ਵੱਲੋਂ ਈ ਨਿਲਾਮੀ ਪਲੇਟਫਾਰਮ ਲਈ ਉਪਲਬਧ ਵੈਬਸਾਈਟ **https://baanknet.com** 'ਤੇ 30.12.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਦੇ ਵਿਚਕਾਰ ਕੀਤੀ ਜਾਵੇਗੀ।
4. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com** ਅਤੇ **www.pnbindia.in** ਦਾ ਹਵਾਲਾ ਲਓ।

ਮਿਤੀ : 10.12.2025 ਸਥਾਨ : ਮੋਗਾ ਅਧਿਕਾਰਤ ਅਧਿਕਾਰੀ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਕਣਕ ਦੀ ਥਾਂ ਡਾਈਟ 'ਚ ਸ਼ਾਮਲ ਕਰੋ 5 ਅਨਾਜ, ਆਸਾਨੀ ਨਾਲ ਘਟਾ ਸਕੋਗੇ ਭਾਰ

ਜੇਕਰ ਤੁਸੀਂ ਸੱਚਮੁੱਚ ਆਪਣਾ ਭਾਰ ਤੇਜ਼ੀ ਨਾਲ ਘਟਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਰੋਟੀ ਛੱਡਣ ਦੀ ਨਹੀਂ, ਬਲਕਿ ਅਨਾਜ ਬਦਲਣ ਦੀ ਜ਼ਰੂਰਤ ਹੈ। ਇੱਥੇ ਅਸੀਂ ਤੁਹਾਨੂੰ ਉਨ੍ਹਾਂ 5 ਜਾਦੂਈ ਅਨਾਜਾਂ ਬਾਰੇ ਦੱਸ ਰਹੇ ਹਾਂ, ਜੋ ਸੁਆਦ ਵਿੱਚ ਬਿਹਤਰੀਨ ਹਨ ਅਤੇ



ਭਾਰ ਘਟਾਉਣ ਵਿੱਚ ਉਸਤਾਦ ਹਨ।

**ਛੋਲੇ :** ਜੇਕਰ ਤੁਸੀਂ ਸਿਰਫ਼ ਛੋਲਿਆਂ ਦੇ ਆਟੇ ਦੀ ਰੋਟੀ ਨਹੀਂ ਬਣਾ ਸਕਦੇ ਤਾਂ ਇਸਨੂੰ ਥੋੜ੍ਹੇ ਜਿਹੇ ਕਣਕ ਜਾਂ ਜੌਅ ਦੇ ਆਟੇ ਵਿੱਚ ਮਿਲਾ ਕੇ ਬਣਾਓ। ਛੋਲਿਆਂ ਵਿੱਚ ਪ੍ਰੋਟੀਨ ਬਹੁਤ ਜ਼ਿਆਦਾ ਹੁੰਦਾ ਹੈ। ਯਾਦ ਰੱਖੋ, ਜਿੰਨਾ ਜ਼ਿਆਦਾ ਪ੍ਰੋਟੀਨ ਤੁਸੀਂ ਲਵੋਗੇ, ਓਨੀ ਹੀ ਤੇਜ਼ੀ ਨਾਲ ਤੁਹਾਡੀਆਂ ਮਾਸਪੇਸ਼ੀਆਂ ਦੀ ਮੁਰੰਮਤ ਹੋਵੇਗੀ ਅਤੇ ਫੈਟ ਘੱਟ ਹੋਵੇਗਾ। ਇਸਨੂੰ ਮਿੱਸੀ ਰੋਟੀ ਵੀ ਕਿਹਾ ਜਾਂਦਾ ਹੈ

**ਜੌਂ :** ਜੌਅ ਨੂੰ ਭਾਰ ਘਟਾਉਣ ਲਈ ਸਭ ਤੋਂ ਬਿਹਤਰੀਨ ਅਨਾਜ ਮੰਨਿਆ ਜਾਂਦਾ ਹੈ। ਇਹ ਸਰੀਰ ਵਿੱਚੋਂ ਵਾਧੂ ਪਾਣੀ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਸੋਜ ਘੱਟ ਹੁੰਦੀ ਹੈ।ਜੌਅ ਦੀ ਰੋਟੀ ਖਾਣ ਨਾਲ ਕੋਲੈਸਟ੍ਰੋਲ ਲੈਵਲ ਵੀ ਕੰਟਰੋਲ ਵਿੱਚ ਰਹਿੰਦਾ ਹੈ ਅਤੇ ਢਿੱਡ ਦੀ ਚਰਬੀ ਘੱਟ ਕਰਨ ਵਿੱਚ ਇਹ ਬਹੁਤ ਮਦਦਗਾਰ ਹੈ।

**ਜਵਾਰ ;** ਜੇਕਰ ਤੁਹਾਨੂੰ ਕਣਕ ਦੀ ਰੋਟੀ ਖਾਣ ਤੋਂ ਬਾਅਦ ਪੇਟ ਫੁੱਲਿਆ ਹੋਇਆ ਜਾਂ ਭਾਰੀਪਨ ਮਹਿਸੂਸ ਹੁੰਦਾ ਹੈ ਤਾਂ ਜਵਾਰ ਸਭ ਤੋਂ ਵਧੀਆ ਆਪਸ਼ਨ ਹੈ। ਇਹ ਗਲੂਟਨ-ਫ੍ਰੀ ਹੁੰਦਾ ਹੈ ਅਤੇ ਪਚਣ ਵਿੱਚ ਬਹੁਤ ਹਲਕਾ ਹੁੰਦਾ ਹੈ। ਜਵਾਰ ਦੀ ਰੋਟੀ ਖਾਣ ਨਾਲ ਮੈਟਾਬੋਲਿਜ਼ਮ ਤੇਜ਼ ਹੁੰਦਾ ਹੈ, ਜਿਸ ਨਾਲ ਸਰੀਰ ਵਿੱਚ ਜਮ੍ਹਾਂ ਫੈਟ ਜਲਦੀ ਬਰਨ ਹੁੰਦੀ ਹੈ।

**ਬਾਜਰਾ ;** ਸਰਦੀਆਂ ਵਿੱਚ ਤਾਂ ਬਾਜਰੇ ਦੀ ਰੋਟੀ ਦਾ ਮਜ਼ਾ ਹੀ ਵੱਖਰਾ ਹੈ। ਇਹ ਸਰੀਰ ਨੂੰ ਗਰਮ ਰੱਖਦਾ ਹੈ ਅਤੇ ਪਾਚਨ ਨੂੰ ਸੁਧਾਰਦਾ ਹੈ। ਬਾਜਰੇ ਵਿੱਚ ਕੰਪਲੈਕਸ ਕਾਰਬੋਹਾਈਡਰੇਟ ਹੁੰਦੇ ਹਨ ਜੋ ਹੌਲੀ-ਹੌਲੀ ਪਚਦੇ ਹਨ ਅਤੇ ਸਰੀਰ ਨੂੰ ਲਗਾਤਾਰ ਊਰਜਾ ਦਿੰਦੇ ਰਹਿੰਦੇ ਹਨ। ਇਹ ਬਲੱਡ ਸ਼ੂਗਰ ਨੂੰ ਵੀ ਕੰਟਰੋਲ ਵਿੱਚ ਰੱਖਦਾ ਹੈ, ਜਿਸ ਨਾਲ ਭਾਰ ਨਹੀਂ ਵਧਦਾ।

**ਰਾਗੀ ;** ਰਾਗੀ ਨੂੰ ਸੁਪਰਫੂਡ ਮੰਨਿਆ ਜਾਂਦਾ ਹੈ। ਇਸ ਵਿੱਚ ਭਰਪੂਰ ਮਾਤਰਾ ਵਿੱਚ ਫਾਈਬਰ ਹੁੰਦਾ ਹੈ, ਜਿਸਦਾ ਮਤਲਬ ਹੈ ਕਿ ਇਸਨੂੰ ਖਾਣ ਤੋਂ ਬਾਅਦ ਤੁਹਾਨੂੰ ਲੰਬੇ ਸਮੇਂ ਤੱਕ ਭੁੱਖ ਨਹੀਂ ਲੱਗਦੀ। ਜਦੋਂ ਪੇਟ ਭਰਿਆ ਰਹੇਗਾ, ਤਾਂ ਤੁਸੀਂ ਵਾਰ-ਵਾਰ ਸਨੈਕਸ ਨਹੀਂ ਖਾਓਗੇ। ਇਸ ਤੋਂ ਇਲਾਵਾ, ਰਾਗੀ ਵਿੱਚ ਕੈਲਸ਼ੀਅਮ ਵੀ ਬਹੁਤ ਹੁੰਦਾ ਹੈ ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ।

# ਗਤਕਾ ਖੇਡ ਦੇ ਮਿਆਰੀਕਰਨ ਤੇ ਰੈਫਰੀਆਂ ਨੂੰ ਸਮਰੱਥ ਬਣਾਉਣ ਲਈ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਦੇਸ਼ ਵਿਆਪੀ ਮੁਹਿੰਮ

## ਤਕਨੀਕੀ ਆਫੀਸ਼ੀਅਲਾਂ ਦੀ ਸਰਟੀਫਿਕੇਸ਼ਨ ਤੇ ਗਰੇਡਿੰਗ ਲਈ ਕੌਮੀ ਗੱਤਕਾ ਰਿਫਰੈਸ਼ਰ ਕੋਰਸ ਭਲਕੇ ਤੋਂ : ਗਰੇਵਾਲ

ਚੰਡੀਗੜ੍ਹ, 10 ਦਸੰਬਰ (ਅੰਮ੍ਰਿਤਪਾਲ ਸਿੰਘ) : ਗੱਤਕਾ ਖੇਡ ਦੇ ਤਕਨੀਕੀ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਢੰਗ ਨਾਲ ਮਜ਼ਬੂਤ ਕਰਨ ਦੇ ਉਦੇਸ਼ ਤਹਿਤ ਦੇਸ਼ ਵਿੱਚ ਗੱਤਕੇ ਦੀ ਸਿਖਰਲੀ ਸੰਸਥਾ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ 'ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ' (ਐਨ.ਜੀ.ਏ.ਆਈ.) ਵੱਲੋਂ ਰੈਫਰੀਆਂ, ਜੱਜਾਂ, ਕੋਚਾਂ ਅਤੇ ਤਕਨੀਕੀ ਅਧਿਕਾਰੀਆਂ ਲਈ ਤੀਜਾ ਕੌਮੀ ਗੱਤਕਾ ਰਿਫਰੈਸ਼ਰ ਕੋਰਸ 12 ਦਸੰਬਰ ਤੋਂ 14 ਦਸੰਬਰ ਤੱਕ ਸੈਕਟਰ 53, ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ। ਲਗਭਗ 20 ਘੰਟਿਆਂ ਦੇ ਇਸ ਤਿੰਨ ਰੋਜ਼ਾ ਪ੍ਰੋਗਰਾਮ ਦੌਰਾਨ ਗੱਤਕਾ ਖੇਡ ਨਾਲ ਜੁੜੇ ਮਾਹਿਰਾਂ ਵੱਲੋਂ ਵਿਸ਼ੇਸ਼ ਲੈਕਚਰ ਦਿੱਤੇ ਜਾਣਗੇ।




ਇਹ ਖੁਲਾਸਾ ਕਰਦਿਆਂ ਐਨ.ਜੀ.ਏ.ਆਈ. ਦੇ ਕੌਮੀ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ, ਸਟੇਟ ਐਵਾਰਡੀ, ਨੇ ਦੱਸਿਆ ਕਿ ਇਸ ਉਚੇਚੀ ਪਹਿਲਕਦਮੀ ਦਾ ਉਦੇਸ਼ ਦੇਸ਼ ਭਰ ਵਿੱਚ ਗੱਤਕਾ ਮੁਕਾਬਲਿਆਂ ਦੌਰਾਨ ਰੈਫਰੀਸ਼ਿਪ, ਜੱਜਮੈਂਟ ਤੇ ਸਕੋਰਿੰਗ (ਆਫੀਸ਼ੀਏਟਿੰਗ) ਨਾਲ ਜੁੜੇ ਮਿਆਰਾਂ ਨੂੰ ਉੱਚਾ ਚੁੱਕਣ, ਖੇਡ ਦੇ ਨਿਯਮਾਂ ਵਿੱਚ ਇਕਸਾਰਤਾ ਯਕੀਨੀ ਬਣਾਉਣ ਅਤੇ ਪ੍ਰਮਾਣਿਤ ਰੈਫਰੀਆਂ, ਜੱਜਾਂ ਅਤੇ ਤਕਨੀਕੀ ਅਧਿਕਾਰੀਆਂ (ਆਫੀਸ਼ੀਅਲਾਂ) ਦੀ ਮਜ਼ਬੂਤ ਟੀਮ ਬਣਾਉਣਾ ਹੈ ਤਾਂ ਜੋ ਹਰ ਪੱਧਰ ਦੇ ਟੂਰਨਾਮੈਂਟ ਤਕਨੀਕੀ ਪੱਖ ਤੋਂ ਪਾਰਦਰਸ਼ਤਾ, ਨਿਰਪੱਖਤਾ ਅਤੇ ਯੋਜਨਾਬੱਧ ਢੰਗ ਨਾਲ ਸਫਲਤਾ ਪੂਰਵਕ ਨੇਪਰੇ ਚਾੜ੍ਹੇ ਜਾ ਸਕਣ।

ਉਨ੍ਹਾਂ ਦੱਸਿਆ ਕਿ ਗੱਤਕਾ ਖੇਡ ਦੀ ਦੇਸ਼ ਵਿਆਪੀ ਪ੍ਰਫੁੱਲਤਾ ਜਾਰੀ ਰੱਖਣ ਵਿੱਚ ਅਜਿਹੇ ਕੋਰਸਾਂ ਦੀ ਭੂਮਿਕਾ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਇਹ ਰਿਫਰੈਸ਼ਰ ਕੋਰਸ ਗੱਤਕਾ ਖੇਡ ਵਿੱਚ 'ਅੰਪਾਇਰਿੰਗ ਤੇ ਸਕੋਰਿੰਗ' ਨੂੰ ਪੇਸ਼ੇਵਰ ਬਣਾਉਣ ਸਬੰਧੀ ਤਿਆਰ ਕੀਤੇ ਮਿਸ਼ਨ ਤਹਿਤ ਲਾਗੂ ਕੀਤੇ ਜਾ ਰਹੇ ਰੋਡਮੈਪ ਦਾ ਇੱਕ ਅਹਿਮ ਹਿੱਸਾ ਹੈ। ਵਿਸ਼ਵ ਗੱਤਕਾ ਫੈਡਰੇਸ਼ਨ ਦੀ ਅਗਵਾਈ ਹੇਠ ਐਨ.ਜੀ.ਏ.ਆਈ. ਤਕਨੀਕੀ ਉੱਤਮਤਾ ਦੇ ਮਿਆਰੀਕਰਨ ਲਈ ਅੱਗੇ ਵਧ ਰਹੀ ਹੈ ਜਿਸਨੂੰ ਹੋਰ ਸਿੱਖਿਅਤ ਗੱਤਕਾ ਆਫੀਸ਼ੀਅਲ ਵਿਸ਼ਵ ਪੱਧਰ 'ਤੇ ਅੱਗੇ ਵਧਾਉਣਗੇ। ਇਸ ਕੋਰਸ ਦੇ ਮੁੱਖ ਇੰਚਾਰਜ ਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਦੇ ਵਾਈਸ ਚੇਅਰਮੈਨ ਸੁਖਚੈਨ ਸਿੰਘ ਕਲਸਾਣੀ ਅਤੇ ਐਨ.ਜੀ.ਏ.ਆਈ. ਦੇ ਜਨਰਲ ਸਕੱਤਰ ਹਰਜਿੰਦਰ ਕੁਮਾਰ ਨੇ ਦੱਸਿਆ ਕਿ ਕੌਮਾਂਤਰੀ ਗੱਤਕਾ ਨਿਯਮਾਵਲੀ ਦੀ ਰੌਸ਼ਨੀ ਵਿੱਚ ਤਿਆਰ ਕੀਤੇ ਤਿੰਨ ਦਿਨਾਂ ਦੌਰਾਨ ਰੋਜ਼ਾਨਾ 6 ਤੋਂ 8 ਘੰਟਿਆਂ ਦੇ ਪ੍ਰੋਗਰਾਮਾਂ ਦੌਰਾਨ ਸਿਧਾਂਤਿਕ (ਥਿਊਰੀ) ਅਤੇ ਵਿਹਾਰਕ (ਪ੍ਰੈਕਟੀਕਲ) ਸੈਸ਼ਨ ਹੋਣਗੇ ਜੋ ਆਫੀਸ਼ੀਅਲਾਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਮੈਦਾਨ ਵਿੱਚ ਫੈਸਲੇ ਲੈਣ ਦੇ ਹੁਨਰ ਨੂੰ ਹੋਰ ਨਿਖਾਰਨ ਲਈ ਤਿਆਰ ਕੀਤੇ ਗਏ ਹਨ। ਇਸ ਦੌਰਾਨ ਆਫੀਸ਼ੀਅਲਾਂ ਦੀ ਅਧਿਕਾਰਤ ਗਰੇਡਿੰਗ ਕਰਨ ਅਤੇ ਪ੍ਰਮਾਣੀਕਰਣ (ਸਰਟੀਫਿਕੇਸ਼ਨ) ਲਈ ਲਿਖਤੀ ਪ੍ਰੀਖਿਆ ਵੀ ਲਈ ਜਾਵੇਗੀ ਜਿਸ ਵਿੱਚੋਂ ਸਫਲ ਹੋਣ ਵਾਲੇ ਤਕਨੀਕੀ ਆਫੀਸ਼ੀਅਲਾਂ ਨੂੰ ਸਮਾਪਤੀ ਸਮਾਰੋਹ ਮੌਕੇ ਪ੍ਰਮਾਣ ਪੱਤਰ ਵੰਡੇ ਜਾਣਗੇ ਅਤੇ ਸਮਾਰਟ ਪਛਾਣ ਪੱਤਰ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਰਿਫਰੈਸ਼ਰ ਕੋਰਸ ਗੱਤਕਾ ਖੇਡ ਦੀ ਇੱਕ ਮਹੱਤਵਪੂਰਨ ਬੁਨਿਆਦ ਉਸਾਰਨ ਲਈ ਤਿਆਰ ਕੀਤਾ ਗਿਆ ਹੈ। ਇਹ ਕੋਰਸ ਸਿਰਫ਼ ਇੱਕ ਸਿਖਲਾਈ ਪ੍ਰੋਗਰਾਮ ਹੀ ਨਹੀਂ ਹੈ ਸਗੋਂ ਇਹ ਗੱਤਕਾ ਖੇਡ ਦੀ ਭਵਿੱਖ ਵਿੱਚ ਵਿਧੀਵਤ ਤਰੱਕੀ ਲਈ ਇੱਕ ਨਿਵੇਸ਼ ਹੈ। ਅਸੀਂ ਆਫੀਸ਼ੀਅਲਾਂ ਦੀ ਇੱਕ ਅਨੁਸ਼ਾਸਿਤ, ਸਮਰੱਥ, ਤਜਰਬੇਕਾਰ ਅਤੇ ਤਕਨੀਕੀ ਤੌਰ @ਤੇ ਨਿਪੁੰਨ ਟੀਮ ਬਣਾ ਰਹੇ ਹਾਂ ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ @ਤੇ ਇਸ ਖੇਡ ਨੂੰ ਤੇਜ਼ੀ ਨਾਲ ਅੱਗੇ ਵਧਾਏਗੀ। ਇਸ ਕੋਰਸ ਦੇ ਪ੍ਰਬੰਧਕ ਤੇ ਗੱਤਕਾ ਐਸੋਸੀਏਸ਼ਨ ਆਫ ਪੰਜਾਬ ਦੇ ਸੰਯੁਕਤ ਸਕੱਤਰ ਬਲਜੀਤ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਵਿੱਚ ਗੱਤਕਾ ਖੇਡ ਦੀ ਪ੍ਰਮੁੱਖ ਪ੍ਰਬੰਧਕੀ ਸੰਸਥਾ ਵਜੋਂ ਕਾਰਜਸ਼ੀਲ ਐਨ.ਜੀ.ਏ.ਆਈ. ਇਸ ਰਵਾਇਤੀ ਕਲਾ ਨੂੰ ਸੁਰੱਖਿਅਤ ਰੱਖਣ, ਪ੍ਰਫੁੱਲਤ ਕਰਨ ਅਤੇ ਮਿਆਰੀਕਰਨ ਕਰਦੇ ਹੋਏ ਇਸ ਕਲਾ ਨੂੰ ਇੱਕ ਮੁਕਾਬਲੇ ਦੀ ਖੇਡ ਵਜੋਂ ਵਿਕਸਤ ਕਰਨ ਵਿੱਚ ਸਫਲ ਹੋਈ ਹੈ। ਉਨਾਂ ਕਿਹਾ ਕਿ ਐਨ.ਜੀ.ਏ.ਆਈ. ਰਾਸ਼ਟਰ ਪੱਧਰੀ ਚੈਂਪੀਅਨਸ਼ਿਪਾਂ ਅਤੇ ਸਿਖਲਾਈ ਕੋਰਸ ਕਰਵਾਉਣ, ਟੂਰਨਾਮੈਂਟਾਂ ਵਿੱਚ ਤਕਨੀਕੀ ਅਧਿਕਾਰੀਆਂ ਨੂੰ ਤਾਇਨਾਤ ਕਰਨ ਤੋਂ ਇਲਾਵਾ ਦੇਸ਼ ਭਰ ਵਿੱਚ ਗੱਤਕੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪ੍ਰਤੀਬੱਧ ਹੈ।

### ਐਫ.ਆਈ.ਐਚ. ਪੁਰਸ਼ ਜੂਨੀਅਰ ਵਿਸ਼ਵ ਕੱਪ

## ਭਾਰਤ ਨੇ ਅਰਜਨਟੀਨਾ ਨੂੰ 4-2 ਨਾਲ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ

ਚੇਨੱਈ, 10 ਦਸੰਬਰ (ਚ.ਨ.ਸ.) : FIH Men's Junior WC ਭਾਰਤ ਨੇ ਅੱਜ ਇਕ ਰੋਮਾਂਚਕ ਮੁਕਾਬਲੇ ਵਿਚ 2-0 ਨਾਲ ਪਛੜਨ ਤੋਂ ਬਾਅਦ ਜ਼ੋਰਦਾਰ ਵਾਪਸੀ ਕਰਦਿਆਂ ਬੁੱਧਵਾਰ ਨੂੰ ਇੱਥੇ 698 ਪੁਰਸ਼ ਜੂਨੀਅਰ ਵਿਸ਼ਵ ਕੱਪ ਵਿਚ ਅਰਜਨਟੀਨਾ ਨੂੰ 4-2 ਨਾਲ ਹਰਾ ਕੇ ਕਾਂਸੀ ਦਾ ਤਗਮਾ ਜਿੱਤਿਆ। ਭਾਰਤ, ਜਿਸ ਨੇ 2016 ਵਿੱਚ ਲਖਨਊ ਵਿੱਚ ਖਿਤਾਬੀ ਜਿੱਤ ਦਰਜ ਕੀਤੀ ਸੀ, ਪਿਛਲੇ ਦੋ ਮੌਕਿਆਂ 'ਤੇ ਪੋਡੀਅਮ ਉੱਤੇ ਜਗ੍ਹਾ ਬਣਾਉਣ ਵਿਚ ਨਾਕਾਮ ਰਿਹਾ ਸੀ। ਭਾਰਤ 2021 ਵਿੱਚ ਭੁਬਨੇਸ਼ਵਰ ਵਿੱਚ ਤੇ ਦੋ ਸਾਲ ਬਾਅਦ ਕੁਆਲਾਲੰਪੁਰ ਵਿਚ ਚੌਥੇ ਸਥਾਨ 'ਤੇ ਰਿਹਾ। ਭਾਰਤ ਲਈ ਅੰਕਿਤ ਪਾਲ (49ਵੇਂ ਮਿੰਟ), ਮਨਮੀਤ ਸਿੰਘ (52ਵੇਂ ਮਿੰਟ) ਅਤੇ ਅਨਮੋਲ ਏਕਾ (58ਵੇਂ ਮਿੰਟ) ਨੇ ਪੈਨਲਟੀ ਕਾਰਨਰਾਂ ਨੂੰ ਗੋਲ ਵਿੱਚ ਬਦਲ ਕੇ ਟੀਮ ਨੂੰ ਜ਼ੋਰਦਾਰ ਵਾਪਸੀ ਦਿਵਾਈ। ਸ਼ਾਰਦਾ ਨੰਦ ਤਿਵਾੜੀ ਨੇ 57ਵੇਂ ਮਿੰਟ ਵਿੱਚ ਟੀਮ ਲਈ ਚੌਥਾ ਗੋਲ ਕੀਤਾ। ਅਰਜਨਟੀਨਾ ਨੇ ਪਹਿਲੇ ਦੋ ਕੁਆਰਟਰਾਂ ਵਿੱਚ ਉਮਦਾ ਖੇਡ ਦਿਖਾਈ ਜਦੋਂ ਨਿਕੋਲਸ ਰੋਡਰਿਗਜ਼ (ਤੀਜੇ ਮਿੰਟ) ਅਤੇ ਸੈਂਟੀਆਗੋ ਫਰਨਾਂਡੇਜ਼ (44ਵੇਂ ਮਿੰਟ) ਨੇ ਗੋਲ ਕੀਤੇ।

# ਬੈਂਕਾਂ ਨੇ ਸਕਿਓਰ ਯੂ ਮੁਹਿੰਮ ਤਹਿਤ ਮਨੀ ਮਿਊਲ ਖਾਤਿਆਂ 'ਤੇ ਕਾਰਵਾਈ ਕੀਤੀ ਸ਼ੁਰੂ

ਚੰਡੀਗੜ੍ਹ, 10 ਦਸੰਬਰ (ਚ.ਨ.ਸ.) : ਕੈਨੇਰਾ ਬੈਂਕ ਨੇ ਧੋਖਾਧੜੀ ਵਾਲੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ ਅਤੇ ਗੈਰ-ਕਾਨੂੰਨੀ ਫੰਡ ਟ੍ਰਾਂਸਫਰ ਵਿਰੁੱਧ ਸਖ਼ਤ ਸਲਾਹ ਜਾਰੀ ਕੀਤੀ; ਸਥਾਨਕ ਸ਼ਾਖਾਵਾਂ ਨੇ ਸਾਈਬਰ ਪੁਲਿਸ ਨਾਲ ਜਾਗਰੂਕਤਾ ਸੈਸ਼ਨ ਕੀਤਾ। ਜੰਮੂ, 10 ਦਸੰਬਰ: ਕੈਨਰਾ ਬੈਂਕ ਨੇ ਇੱਕ ਦੇਸ਼ ਵਿਆਪੀ @ਸਿਕਿਓਰ ਯੂ@ ਮੁਹਿੰਮ ਸ਼ੁਰੂ ਕੀਤੀ ਹੈ ਜਿਸਦਾ ਉਦੇਸ਼ ਖਾਤਾ ਸੁਰੱਖਿਆ ਨੂੰ ਵਧਾਉਣਾ ਅਤੇ ਮਨੀ ਮਿਊਲ ਖਾਤਿਆਂ ਦੇ ਵਧ ਰਹੇ ਖ਼ਤਰੇ ਦਾ ਮੁਕਾਬਲਾ ਕਰਨਾ ਹੈ - ਧੋਖੇਬਾਜ਼ਾਂ ਦੁਆਰਾ ਗੈਰ-ਕਾਨੂੰਨੀ ਫੰਡਾਂ ਨੂੰ ਲਾਂਡਰ ਕਰਨ ਲਈ ਬੈਂਕ ਖਾਤੇ ਜੋ ਸ਼ੱਕੀ ਵਿਅਕਤੀਆਂ ਦੁਆਰਾ ਦੁਰਵਰਤੋਂ ਕੀਤੇ ਜਾਂਦੇ ਹਨ। ਬੈਂਕ ਦੇ ਅਨੁਸਾਰ, ਮਨੀ ਮਿਊਲਿੰਗ ਵਿੱਚ ਇੱਕ ਵਿਅਕਤੀ ਨੂੰ ਕਿਸੇ ਤੀਜੀ ਧਿਰ ਤੋਂ ਪੈਸੇ ਪ੍ਰਾਪਤ ਕਰਨਾ ਅਤੇ ਕਮਿਸ਼ਨ ਦੇ ਬਦਲੇ ਇਸਨੂੰ ਹੋਰ ਟ੍ਰਾਂਸਫਰ ਕਰਨਾ ਸ਼ਾਮਲ ਹੈ। ਅਧਿਕਾਰੀ ਚੇਤਾਵਨੀ ਦਿੰਦੇ ਹਨ ਕਿ ਅਣਜਾਣੇ ਵਿੱਚ ਵੀ ਅਜਿਹੀਆਂ ਯੋਜਨਾਵਾਂ ਵਿੱਚ ਹਿੱਸਾ ਲੈਣਾ ਇੱਕ ਅਪਰਾਧਿਕ ਅਪਰਾਧ ਹੈ, ਜੋ ਅਕਸਰ ਸਾਈਬਰ ਧੋਖਾਧੜੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸੰਗਠਿਤ ਅਪਰਾਧ



ਨੈਟਵਰਕ ਨਾਲ ਜੁੜਿਆ ਹੁੰਦਾ ਹੈ। ਇਹ ਮੁਹਿੰਮ ਕਈ ਚੇਤਾਵਨੀ ਸੰਕੇਤਾਂ ਨੂੰ ਉਜਾਗਰ ਕਰਦੀ ਹੈ, ਜਿਸ ਵਿੱਚ ਆਸਾਨ ਪੈਸੇ ਦੀਆਂ ਅਣਚਾਹੇ ਪੇਸ਼ਕਸ਼ਾਂ, ਵਿਦੇਸ਼ੀ ਨੌਕਰੀ ਦੇ ਇਸ਼ਤਿਹਾਰ, ਵਿਆਕਰਣ ਦੀਆਂ ਗਲਤੀਆਂ ਵਾਲੇ ਮਾੜੇ ਸ਼ਬਦਾਂ ਵਾਲੇ ਈਮੇਲ, ਅਤੇ ਨੌਕਰੀ ਦੀਆਂ ਪੋਸਟਿੰਗਾਂ ਸ਼ਾਮਲ ਹਨ ਜੋ ਯੋਗਤਾਵਾਂ ਜਾਂ ਤਜਰਬੇ ਦੀ ਪੁਸ਼ਟੀ ਕੀਤੇ ਬਿਨਾਂ ਉਮੀਦਵਾਰ ਦੇ ਬੈਂਕ ਖਾਤੇ ਤੱਕ ਪਹੁੰਚ ਦੀ ਮੰਗ ਕਰਦੀਆਂ ਹਨ। ਕਥਿਤ ਤੌਰ 'ਤੇ ਧੋਖਾਧੜੀ ਕਰਨ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ, ਮੈਸੇਜਿੰਗ ਐਪਸ, ਜਾਅਲੀ ਵੈੱਬਸਾਈਟਾਂ, ਈਮੇਲ ਆਊਟਰੀਚ ਅਤੇ ਔਨਲਾਈਨ ਨੌਕਰੀ ਦੀਆਂ ਪੋਸਟਿੰਗਾਂ ਦੀ ਵਰਤੋਂ ਪੈਸੇ ਕਮਾਉਣ ਵਾਲਿਆਂ ਨੂੰ ਭਰਤੀ ਕਰਨ ਲਈ ਕਰ ਰਹੇ ਹਨ। ਮੁੱਖ ਨਿਸ਼ਾਨਿਆਂ ਵਿੱਚ ਵਿਦਿਆਰਥੀ, ਬੇਰੁਜ਼ਗਾਰ ਨੌਜਵਾਨ, ਨਵੇਂ ਖਾਤਾ ਧਾਰਕ ਅਤੇ ਵਿੱਤੀ ਤੌਰ 'ਤੇ ਤਣਾਅ ਵਾਲੇ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਨੂੰ ਜਲਦੀ ਕਮਾਈ ਦਾ ਵਾਅਦਾ ਕਰਕੇ ਲੁਭਾਇਆ ਜਾਂਦਾ ਹੈ। ਕੇਨਰਾ ਬੈਂਕ ਦੀਆਂ ਸਥਾਨਕ ਜੰਮੂ ਸ਼ਾਖਾਵਾਂ ਜਿਵੇਂ ਕਿ ਨਰਵਾਲ, ਜਾਨੀਪੁਰ ਅਤੇ ਮੀਰਾਂ ਸਾਹਿਬ ਵਿਖੇ ਆਯੋਜਿਤ ਇੱਕ ਜਾਗਰੂਕਤਾ ਪ੍ਰੋਗਰਾਮ ਦੌਰਾਨ, ਬ੍ਰਾਂਚ ਮੈਨੇਜਰਾਂ ਅਤੇ ਪੁਲਿਸ ਕਰਮਚਾਰੀਆਂ ਨੇ ਗਾਹਕਾਂ ਨੂੰ ਇੱਕ ਵਿਸਤ੍ਰਿਤ ਭਾਸ਼ਣ ਦਿੱਤਾ, ਜਿਸ ਵਿੱਚ ਪੈਸੇ ਕਮਾਉਣ ਵਾਲੇ ਨੈੱਟਵਰਕਾਂ ਦੀਆਂ ਕਾਰਜਸ਼ੀਲ ਰਣਨੀਤੀਆਂ ਅਤੇ ਅਜਿਹੀਆਂ ਗਤੀਵਿਧੀਆਂ ਦੇ ਗੰਭੀਰ ਕਾਨੂੰਨੀ ਨਤੀਜਿਆਂ ਬਾਰੇ ਦੱਸਿਆ ਗਿਆ। ਇਸ ਸਮਾਗਮ ਵਿੱਚ ਆਮ ਲੋਕਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਵਿੱਚ ਸਾਈਬਰ ਪੁਲਿਸ ਟੀਮ ਰਿਪੋਰਟਿੰਗ ਵਿਧੀਆਂ, ਡਿਜੀਟਲ ਧੋਖਾਧੜੀ ਦੇ ਰੁਝਾਨਾਂ ਅਤੇ ਜਲਦੀ ਸ਼ਿਕਾਇਤ ਰਜਿਸਟ੍ਰੇਸ਼ਨ ਦੀ ਮਹੱਤਤਾ ਬਾਰੇ ਤਕਨੀਕੀ ਜਾਗਰੂਕਤਾ ਪ੍ਰਦਾਨ ਕਰ ਰਹੀ ਸੀ। ਅਧਿਕਾਰੀਆਂ ਨੇ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਸ਼ੱਕੀ ਵਿੱਤੀ ਗਤੀਵਿਧੀ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ। ਬੈਂਕ ਨੇ ਕਈ ਰੋਕਥਾਮ ਸੁਝਾਅ ਜਾਰੀ ਕੀਤੇ ਹਨ, ਗਾਹਕਾਂ ਨੂੰ ਕਦੇ ਵੀ ਬੈਂਕ ਖਾਤੇ ਦੇ ਪ੍ਰਮਾਣ ਪੱਤਰ ਸਾਂਝੇ ਨਾ ਕਰਨ, ਸ਼ੱਕੀ ਪੈਸੇ ਕਮਾਉਣ ਦੀਆਂ ਪੇਸ਼ਕਸ਼ਾਂ ਨੂੰ ਰੱਦ ਕਰਨ, ਅਧਿਕਾਰਤ ਚੈਨਲਾਂ ਰਾਹੀਂ ਨੌਕਰੀਆਂ ਦੀ ਪੁਸ਼ਟੀ ਕਰਨ ਅਤੇ ਅਣਜਾਣ ਔਨਲਾਈਨ ਬੇਨਤੀਆਂ ਪ੍ਰਤੀ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ।

# ਪੀ.ਪੀ.ਸੀ.ਬੀ. ਵੱਲੋਂ ਮਿਊਂਸੀਪਲ ਕਾਰਪੋਰੇਸ਼ਨ ਜਲੰਧਰ ਅਤੇ ਕਪੂਰਥਲਾ ਵਿਖੇ ਵਿਗਿਆਨਕ ਠੋਸ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਸਿਖਲਾਈ ਪ੍ਰੋਗਰਾਮ



ਜਲੰਧਰ, 10 ਦਸੰਬਰ (ਸੋਹਣ ਲਾਲ) : ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਵੱਲੋਂ ਕੂੜੇ ਨੂੰ ਖੁੱਲ੍ਹੇ ਸਾੜਨ ਨੂੰ ਰੋਕਣ ਅਤੇ ਸੁੱਕੇ ਤੇ ਗਿੱਲੇ ਕੂੜੇ ਦੀ ਸਰੋਤ 'ਤੇ ਸੋਰਸ ਸੈਗਰੀਗੇਸ਼ਨ ਨੂੰ ਉਤਸ਼ਾਹਿਤ ਕਰਨ ਸਬੰਧੀ ਇੱਕ ਵਿਆਪਕ ਜਾਗਰੂਕਤਾ-ਕਮ-ਸਿਖਲਾਈ ਸੈਸ਼ਨ ਕਰਵਾਇਆ ਗਿਆ। ਇਹ ਪ੍ਰੋਗਰਾਮ ਮਿਊਂਸੀਪਲ ਕਾਰਪੋਰੇਸ਼ਨ ਜਲੰਧਰ ਅਤੇ ਮਿਊਸੀਪਲ ਕਾਰਪੋਰੇਸ਼ਨ ਕਪੂਰਥਲਾ ਦੇ ਸੈਨੇਟਰੀ ਇੰਸਪੈਕਟਰਾਂ, ਸੁਪਰਵਾਈਜ਼ਰਾਂ, ਸਫ਼ਾਈ ਸੇਵਕਾਂ/ ਸੈਨੀਟੇਸ਼ਨ ਵਰਕਰਾਂ ਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਲਈ ਆਯੋਜਿਤ ਕੀਤਾ ਗਿਆ ਸੀ। ਦੋਵਾਂ ਕਾਰਪੋਰੇਸ਼ਨਾਂ ਵਿੱਚ ਵੱਖ-ਵੱਖ ਤੌਰ 'ਤੇ ਚੱਲੇ ਪੂਰੇ ਦਿਨ ਦੇ ਸੈਸ਼ਨਾਂ ਦੌਰਾਨ ਭਾਗੀਦਾਰਾਂ ਨੂੰ ਮਿਊਂਸੀਪਲ ਤੇ ਬਾਗਬਾਨੀ ਕੂੜੇ ਨੂੰ ਖੁੱਲ੍ਹੇ ਸਾੜਨ ਨਾਲ ਹੋਣ ਵਾਲੇ ਗੰਭੀਰ ਸਿਹਤ ਖ਼ਤਰਿਆਂ ਅਤੇ ਹਵਾ ਪ੍ਰਦੂਸ਼ਣ ਵਿੱਚ ਇਸ ਦੇ ਵੱਡੇ ਯੋਗਦਾਨ ਬਾਰੇ ਜਾਣੂ ਕਰਵਾਇਆ ਗਿਆ। ਸੁੱਕੇ ਤੇ ਗਿੱਲੇ ਕੂੜੇ ਦੀ ਸਰੋਤ 'ਤੇ ਲਾਜ਼ਮੀ ਵੱਖ-ਵੱਖਰੇਵਾਂ ਨੂੰ ਪ੍ਰਭਾਵੀ ਤੇ ਵਾਤਾਵਰਣ-ਅਨੁਕੂਲ ਠੋਸ ਰਹਿੰਦ-ਖੂੰਹਦ ਪ੍ਰਬੰਧਨ ਦਾ ਅਹਿਮ ਕਦਮ ਦੱਸਿਆ ਗਿਆ। ਪੀ.ਪੀ.ਸੀ.ਬੀ. ਦੇ ਅਧਿਕਾਰੀਆਂ ਨੇ ਸੈਨੇਟਰੀ ਇੰਸਪੈਕਟਰਾਂ ਅਤੇ ਮੈਦਾਨੀ ਪੱਧਰ ਦੇ ਸਫ਼ਾਈ ਕਰਮਚਾਰੀਆਂ ਨਾਲ ਵਿਸਥਾਰਤ ਗੱਲਬਾਤ ਕੀਤੀ ਤਾਂ ਜੋ ਉਨ੍ਹਾਂ ਨੂੰ ਰੋਜ਼ਾਨਾ ਕਾਰਜਾਂ ਵਿੱਚ ਆਉਣ ਵਾਲੀਆਂ ਵਿਹਾਰਕ ਮੁਸ਼ਕਲਾਂ ਨੂੰ ਸਮਝਿਆ ਜਾ ਸਕੇ ਅਤੇ ਹੱਲ ਕੀਤਾ ਜਾ ਸਕੇ। ਸਾਰੇ ਭਾਗ ਲੈਣ ਵਾਲੇ ਸਫ਼ਾਈ ਕਰਮਚਾਰੀਆਂ ਅਤੇ ਮੈਦਾਨੀ ਸਟਾਫ਼ ਨੇ ਪੱਕਾ ਵਾਅਦਾ ਕੀਤਾ ਕਿ ਉਹ ਕਿਸੇ ਵੀ ਕਿਸਮ ਦੇ ਠੋਸ ਰਹਿੰਦ-ਖੂੰਹਦ ਨੂੰ ਸਾੜਨਾ ਪੂਰੀ ਤਰ੍ਹਾਂ ਬੰਦ ਕਰਨਗੇ, ਸਰੋਤ 'ਤੇ ਸੁੱਕੇ ਤੇ ਗਿੱਲੇ ਕੂੜੇ ਦੀ 100% ਵੱਖ-ਵੱਖਰੇਵਾਂ ਯਕੀਨੀ ਬਣਾਉਣਗੇ ਅਤੇ ਆਪੋ-ਆਪਣੇ ਵਾਰਡਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਹੀ ਢੰਗ ਨਾਲ ਕੂੜਾ ਵੱਖ ਕਰਨ ਲਈ ਸਰਗਰਮੀ ਨਾਲ ਪ੍ਰੇਰਿਤ ਅਤੇ ਜਾਗਰੂਕ ਕਰਨਗੇ।

# ਨਵੇਂ ਲਾਤਾਲਾ ਸ਼ਾਖਾ ਪ੍ਰਮਿਸੇਜ਼ ਦਾ ਉਦਘਾਟਨ

ਲੁਧਿਆਣਾ, 10 ਦਸੰਬਰ (ਚ.ਨ.ਸ.) : ਯੂਨਿਅਨ ਬੈਂਕ ਆਫ ਇੰਡੀਆ ਨੇ 10.12.2025 ਨੂੰ ਲਾਤਾਲਾ ਸ਼ਾਖਾ ਦੇ ਨਵੇਂ ਪ੍ਰਮਿਸੇਜ਼ ਦਾ ਉਦਘਾਟਨ ਗੌਰਵ ਨਾਲ ਕੀਤਾ। ਨਵੇਂ ਪ੍ਰਮਿਸੇਜ਼ ਦਾ ਉਦਘਾਟਨ ਸ਼੍ਰੀ ਮਨੋਜ ਕੁਮਾਰ, ਜੋਨਲ ਹੈਡ, ਚੰਡੀਗੜ੍ਹ ਵੱਲੋਂ ਕੀਤਾ ਗਿਆ। ਉਦਘਾਟਨ ਸਮਾਰੋਹ ਨੂੰ ਸ਼੍ਰੀ ਰੇਵਤੀਰਮਣ ਵਿਕਾਸ ਸਿੰਹਾ, ਰੀਜਨਲ ਹੈਡ, ਲੁਧਿਆਣਾ, ਸ਼ਾਖਾ ਅਧਿਕਾਰੀਆਂ ਅਤੇ ਮਾਣਯੋਗ ਗਾਹਕਾਂ ਦੀ ਹਾਜ਼ਰੀ ਨੇ ਵੀ ਸ਼ੋਭਾ ਵਧਾਈ। ਇਸ ਮੌਕੇ 'ਤੇ ਸੰਬੋਧਨ ਕਰਦੇ ਹੋਏ, ਸ਼੍ਰੀ ਮਨੋਜ ਕੁਮਾਰ ਨੇ ਗਾਹਕਾਂ ਦਾ ਬੈਂਕ ਪ੍ਰਤੀ ਨਿਰੰਤਰ ਸਹਿਯੋਗ



ਲਈ ਧੰਨਵਾਦ ਕੀਤਾ ਅਤੇ ਉੱਚ ਪੱਧਰੀ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਦਾ ਭਰੋਸਾ ਦਿਵਾਇਆ।ਰੀਜਨਲ ਹੈਡ ਲੁਧਿਆਣਾ ਨੇ ਵੀ ਕਿਹਾ ਕਿ ਨਵਾਂ ਪ੍ਰਮਿਸੇਜ਼ ਬੈਂਕ ਦੀ ਇਸ ਦ੍ਰਿਸ਼ਟੀ ਦੀ ਝਲਕ ਹੈ ਜਿਸਦਾ ਉਦੇਸ਼ ਲੁਧਿਆਣਾ ਖੇਤਰ ਵਿੱਚ ਗਾਹਕ ਸੰਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਵਿੱਤੀ ਸਮਾਵੇਸ਼ ਨੂੰ ਵਧਾਉਣਾ ਹੈ।

# ਸਾਂਸਦ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਚੁੱਕਿਆ ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਤੋਂ ਪ੍ਰਤਾੜਿਤ ਹੋ ਕੇ ਭਾਰਤ ਆਏ ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਦਾ ਮੁੱਦਾ

ਨਵੀਂ ਦਿੱਲੀ, 10 ਦਸੰਬਰ (ਅੰਮ੍ਰਿਤਪਾਲ ਸਿੰਘ) : ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਪ੍ਰਵਾਸੀ ਸਿੱਖ ਪਰਿਵਾਰਾਂ ਦਾ ਮੁੱਦਾ ਚੁੱਕਿਆ, ਜਿਨ੍ਹਾਂ ਨੇ ਇਤਿਹਾਸਕ ਜੰਗਾਂ ਜਾਂ ਤਸ਼ੱਦਦਾਂ ਤੋਂ ਤੰਗ ਹੋ ਕੇ ਭਾਰਤ ਵਿੱਚ ਪਨਾਹ ਲਈ। ਐਮਪੀ ਸੰਧੂ ਨੇ ਕੇਂਦਰ ਸਰਕਾਰ ਕੋਲੋਂ ਸੰਸਦ ਵਿੱਚ ਇਨ੍ਹਾਂ ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਭਲਾਈ ਲਈ ਚਲਾਈਆਂ ਗਈਆਂ ਯੋਜਨਾਵਾਂ ਦਾ ਵੇਰਵਾ ਵੀ ਮੰਗਿਆ। ਦੱਸਣਯੋਗ ਹੈ ਕਿ ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਕੇਂਦਰੀ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਨੂੰ ਉਨ੍ਹਾਂ ਪ੍ਰਵਾਸੀ ਸਿੱਖ ਪਰਿਵਾਰਾਂ ਦੇ ਪੁਨਰਵਾਸ ਅਤੇ ਭਲਾਈ ਲਈ ਚਲਾਈਆਂ ਗਈਆਂ ਯੋਜਨਾਵਾਂ ਦਾ ਵੇਰਵਾ ਮੰਗਿਆ, ਜਿਹੜੇ ਹਾਲ ਦੇ ਸਾਲਾਂ ਵਿੱਚ ਪਾਕਿਸਤਾਨ, ਅਫ਼ਗ਼ਾਨਿਸਤਾਨ ਅਤੇ ਹੋਰਨਾਂ ਦੇਸ਼ਾਂ ਤੋਂ ਵਾਪਸ ਆਏ ਹਨ। ਉਨ੍ਹਾਂ ਨੇ ਸੰਸਦ ਵਿੱਚ ਸਵਾਲ ਪੁੱਛਿਆ ਕਿ ਕੀ ਸਰਕਾਰ ਨੇ ਇਨ੍ਹਾਂ ਸਿੱਖ ਪਰਿਵਾਰਾਂ ਨੂੰ ਕਿਸੇ ਤਰ੍ਹਾਂ ਦੀ ਵਿੱਤੀ ਸਹਾਇਤਾ ਅਤੇ ਰਿਹਾਇਸ਼ ਦੀ ਸਹੂਲਤ ਮੁਹੱਈਆ ਕਰਵਾਈ ਹੈ। ਇਸ ਦੇ ਨਾਲ ਹੀ ਐਮਪੀ ਸੰਧੂ ਨੇ ਇਹ ਵੀ ਪੁੱਛਿਆ ਕਿ ਨਾਗਰਿਕਤਾ ਸੋਧ ਬਿੱਲ, 2019 ਦੇ ਤਹਿਤ ਕਿੰਨੇ ਸਿੱਖ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਗਈ ਹੈ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਸਿੱਖ ਵਿਰਾਸਤ, ਸੱਭਿਆਚਾਰ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਕਿਹੜੇ ਕਦਮ ਚੁੱਕੇ ਹਨ। ਐਮਪੀ ਸੰਧੂ ਦੇ ਸਵਾਲ ਦਾ ਲਿਖਤੀ ਰੂਪ ਵਿੱਚ ਜਵਾਬ ਦਿੰਦਿਆਂ ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਜੌਰਜ ਕੁਰੀਅਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਨ ਵਿਕਾਸ ਪ੍ਰੋਗਰਾਮ ਦੇ ਤਹਿਤ ਮੰਤਰਾਲੇ ਵੱਲੋਂ ਇੱਕ ਯੋਜਨਾ ਲਾਗੂ ਕੀਤੀ ਜਾ ਰਹੀ ਹੈ, ਜਿਸ ਵਿੱਚ ਘੱਟ ਗਿਣਤੀ ਵਸੋਂ ਵਾਲੇ ਖੇਤਰਾਂ ਵਿੱਚ ਸਿੱਖਿਆ, ਸਿਹਤ, ਹੁਨਰ, ਮਹਿਲਾ ਸਸ਼ਕਤੀਕਰਨ ਤੇ ਕੰਮ ਕਰ ਰਹੀ ਹੈ। 11 ਲੱਖ ਤੋਂ ਜ਼ਿਆਦਾ ਬੁਨਿਆਦੀ ਢਾਂਚਾ ਸੰਪਤੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਲਗਭਗ 9 ਲੱਖ ਯੂਨਿਟ ਪੂਰੇ ਹੋ ਚੁੱਕੇ ਹਨ, ਇਨ੍ਹਾਂ ਪ੍ਰੋਜੈਕਟਾਂ ਤੇ ਕੁੱਲ 26,237 ਕਰੋੜ ਰੁਪਏ ਦੀ ਮਨਜ਼ੂਰ ਹੋਈ ਲਾਗਤ ਵਿੱਚੋਂ 16,300 ਕਰੋੜ ਰੁਪਏ ਸੂਬਿਆਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਕੇਂਦਰੀ ਦਫ਼ਤਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।



ਕੇਂਦਰੀ ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਵਿਰਾਸਤ ਕਾ ਸੰਵਰਧਨ (ਪੀਐਮ ਵਿਕਾਸ) ਯੋਜਨਾ ਦੇ ਤਹਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਨੂੰ 29,600 ਨੌਜਵਾਨਾਂ ਨੂੰ ਆਧੁਨਿਕ ਹੁਨਰ ਆਧਾਰਤ ਸਿਖਲਾਈ ਦੇਣ ਅਤੇ 2,000 ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਕੇਂਦਰੀ ਰਾਜ ਮੰਤਰੀ ਨੇ ਦੱਸਿਆ ਕਿ ਕੇਂਦਰੀ ਘੱਟ ਗਿਣਤੀ ਮੰਤਰਾਲੇ ਦਾ ਕੌਮੀ ਘੱਟ ਗਿਣਤੀ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ ਸਿੱਖਾਂ ਸਮੇਤ ਹੋਰ ਸੂਚਿਤ ਘੱਟ ਗਿਣਤੀ ਸਮੂਹਾਂ ਦੀ ਸਮਾਜਿਕ ਅਤੇ ਆਰਥਿਕ ਉਨਤੀ ਅਤੇ ਸਵੈਰੋਜ਼ਗਾਰ ਲਈ ਕਰਜ਼ਾ ਵੀ ਦਿੰਦਾ ਹੈ। 1994 ਤੋਂ ਹੁਣ ਤੱਕ ਇਸ ਦੀਆਂ ਵੱਖ-ਵੱਖ ਯੋਜਨਾਵਾਂ ਦੇ ਤਹਿਤ 27.35 ਲੱਖ ਤੋਂ ਵੱਧ ਪਰਿਵਾਰਾਂ ਨੂੰ ਕੁੱਲ 10,225.83 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾ ਚੁੱਕਿਆ ਹੈ। ਕੇਂਦਰੀ ਰਾਜ ਮੰਤਰੀ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਦੇ 1,073 ਸਿੱਖਾਂ ਨੂੰ ਲੰਬੀ ਮਿਆਦ ਲਈ ਰਿਹਾਇਸ਼ ਵੀਜ਼ੇ ਜਾਰੀ ਕੀਤੇ ਗਏ ਹਨ। ਇਨ੍ਹਾਂ ਵੀਜ਼ਾ ਧਾਰਕਾਂ ਦੇ ਬੱਚਿਆਂ ਲਈ ਸਿੱਖਿਆ, ਨੌਕਰੀਆਂ, ਘਰ ਖ਼ਰੀਦਣ, ਸਵੈਰੋਜ਼ਗਾਰ, ਬੈਂਕ ਖਾਤੇ ਖੋਲ੍ਹਣ, ਡਰਾਈਵਿੰਗ ਲਾਈਸੰਸ, ਪੈਨ ਅਤੇ ਆਧਾਰ ਵਰਗੀਆਂ ਸਹੂਲਤਾਂ ਉਪਲਬਧ ਹਨ। ਨਾਗਰਿਕਤਾ ਸੋਧ ਬਿੱਲ, 2019 ਦੇ ਤਹਿਤ ਜਿਹੜੇ ਸਿੱਖ ਸ਼ਰਨਾਰਥੀਆਂ ਨੂੰ ਨਾਗਰਿਕਤਾ ਦਿੱਤੀ ਗਈ ਹੈ, ਉਨ੍ਹਾਂ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਦਿੱਲੀ (296), ਪੰਜਾਬ (13), ਹਰਿਆਣਾ (14), ਉੱਤਰਾਖੰਡ (8) ਅਤੇ ਮੱਧ ਪ੍ਰਦੇਸ਼ (6) ਸਣੇ ਪੰਜ ਸੂਬਿਆਂ ਵਿੱਚ 337 ਤੋਂ ਵੱਧ ਸਿੱਖ ਸ਼ਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਗਈ ਹੈ। ਭਾਰਤ ਅਤੇ ਵਿਦੇਸ਼ ਵਿੱਚ ਸਿੱਖ ਵਿਰਾਸਤ, ਸੱਭਿਆਚਾਰ ਅਤੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਬਾਰੇ ਚੁੱਕੇ ਗਏ ਕਦਮਾਂ ਤੇ ਜੌਰਜ ਕੁਰੀਅਨ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜਨ ਵਿਕਾਸ ਪ੍ਰੋਗਰਾਮ ਦੇ ਤਹਿਤ ਦਿੱਲੀ ਯੂਨੀਵਰਸਿਟੀ ਵਿੱਚ ਗੁਰਮੁਖੀ ਦਾ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕੀਤਾ ਗਿਆ ਹੈ, ਜਿਸ ਨਾਲ ਪੰਜਾਬੀ ਭਾਸ਼ਾ ਪ੍ਰਫੁੱਲਿਤ ਹੋਵੇ ਅਤੇ ਘੱਟ ਗਿਣਤੀ ਸਮੂਹਾਂ ਦੀ ਸੱਭਿਆਚਾਰਕ ਵਿਰਾਸਤ ਸੁਰੱਖਿਅਤ ਰਹੇ।

ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਮੰਤਰਾਲੇ ਨੇ 2016 ਤੋਂ ਹੁਣ ਤੱਕ 46 ਹੁਨਰ ਹਾਟ ਕਰਵਾਏ ਗਏ ਹਨ, ਜਿਨ੍ਹਾਂ ਨੂੰ ਹੁਣ ਸੱਭਿਆਚਾਰਕ ਮੇਲਾ ਕਿਹਾ ਜਾਂਦਾ ਹੈ।ਅਜਿਹੇ ਸਮਾਗਮਾਂ ਦੇ ਜ਼ਰੀਏ ਸਿੱਖ ਅਤੇ ਹੋਰ ਘੱਟ ਗਿਣਤੀ ਸਮੂਹਾਂ ਦੇ 8 ਲੱਖ ਤੋਂ ਜ਼ਿਆਦਾ ਕਾਰੀਗਰਾਂ ਨੂੰ ਆਪਣੀਆਂ ਦਸਤਕਾਰੀਆਂ ਅਤੇ ਦੇਸੀ ਉਤਪਾਦਾਂ ਨੂੰ ਵੇਚਣ ਦਾ ਮੌਕਾ ਮਿਲਿਆ, ਜਿਸ ਨਾਲ ਦੇਸ਼ ਭਰ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਹੁਨਰ ਨੂੰ ਪਛਾਣ ਮਿਲੀ।

# ਪੀ.ਐਨ.ਬੀ. ਦੇ ਲੁਧਿਆਣਾ ਅਤੇ ਮੋਗਾ ਸਰਕਲਾਂ ਨੇ ਕੀਤਾ ਖੇਤੀਬਾੜੀ ਆਊਟਰੀਚ ਪ੍ਰੋਗਰਾਮ



ਲੁਧਿਆਣਾ/ਮੋਗਾ, 10 ਦਸੰਬਰ (ਚ.ਨ.ਸ.) : ਅੱਜ, ਪੰਜਾਬ ਨੈਸ਼ਨਲ ਬੈਂਕ ਦੇ ਲੁਧਿਆਣਾ ਅਤੇ ਮੋਗਾ ਸਰਕਲਾਂ ਨੇ ਜਗਰਾਉਂ ਵਿੱਚ ਇੱਕ ਖੇਤੀਬਾੜੀ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਲੁਧਿਆਣਾ ਅਤੇ ਮੋਗਾ ਸਰਕਲਾਂ ਦੀਆਂ ਪੇਂਡੂ/ਅਰਧ-ਸ਼ਹਿਰੀ ਸ਼ਾਖਾਵਾਂ ਨੇ ਸ਼ਿਰਕਤ ਕੀਤੀ। ਜੋਨਲ ਹੈੱਡ ਪਰਮੇਸ਼ ਕੁਮਾਰ ਨੇ ਸਰਕਲ ਹੈੱਡ, ਲੁਧਿਆਣਾ, ਕਿਸ਼ੋਰ ਚਿਲਾਣਾ ਅਤੇ ਸਰਕਲ ਹੈੱਡ, ਮੋਗਾ, ਸੁਨੀਲ ਕੁਮਾਰ ਦੀ ਮੌਜੂਦਗੀ ਵਿੱਚ, ਵੱਖ-ਵੱਖ ਕਰਜ਼ਦਾਰਾਂ ਨੂੰ ਪ੍ਰਵਾਨਗੀ ਪੱਤਰ ਵੰਡੇ ਅਤੇ ਗਾਹਕਾਂ ਨੂੰ ਬੈਂਕ ਦੀਆਂ ਵੱਖ-ਵੱਖ ਖੇਤੀਬਾੜੀ ਕਰਜ਼ਾ ਅਤੇ ਨਵੀਆਂ ਜਮ੍ਹਾਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ, ਲੁਧਿਆਣਾ ਸਰਕਲ ਨੇ ਖੇਤੀਬਾੜੀ ਖੇਤਰ ਵਿੱਚ 158 ਕਰੋੜ ਰੁਪਏ ਤੋਂ ਵੱਧ ਦੇ 178 ਲੀਡ ਪੈਦਾ ਕੀਤੇ, ਜਦੋਂ ਕਿ ਮੋਗਾ ਸਰਕਲ ਨੇ 90 ਕਰੋੜ ਰੁਪਏ ਤੋਂ ਵੱਧ ਦੇ 230 ਲੀਡ ਪੈਦਾ ਕੀਤੇ। ਲੁਧਿਆਣਾ ਦੇ ਡਿਪਟੀ ਸਰਕਲ ਹੈੱਡ, ਵਿਸ਼ਾਲ ਅਗਰਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਸਿੱਖ ਵਿਜ਼ਨ ਐਸੋਸੀਏਸ਼ਨ ਨੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ




ਕੈਨੇਡਾ , 10 ਦਸੰਬਰ (ਮਨਿੰਦਰ ਸਿੰਘ) : ਸਿੱਖ ਵਿਜ਼ਨ ਐਸੋਸੀਏਸ਼ਨ ਮੋਂਟਿਆਲ ਪੰਜਾਬੀ ਭਾਈਚਾਰੇ ਅਤੇ ਹੋਰ ਕਮਿਊਨਿਟੀ ਦੀ ਸੇਵਾ ਕਰਦੇ ਆ ਰਹੇ ਹਨ ਪਿਛਲੇ 13 ਸਾਲਾ ਤੋ ਖ਼ੂਨ ਦਾਨ ਕੈਂਪ ਲਗਾ ਰਹੇ ਹਨ ਇਸ ਸਾਲ 15 ਖ਼ੂਨਦਾਨ ਕੈਂਪ ਲਗਾਇਆ ਗਿਆ। ਪਿਛਲੇ ਦੋ ਸਾਲ ਤੋਂ ਸਾਲ ਵਿੱਚ ਦੋ ਵਾਰ ਕੈਂਪ ਲਗਾਏ ਜਾਂਦੇ ਹਨ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਲਖਬੀਰ ਸਿੰਘ ਇੱਕ ਵਾਉਦਰੇਇਲ ਡੋਰੀਅਨ 'ਚ ਅਤੇ ਇੱਕ ਲਸਾਲ ਵਿੱਚ ਲਗਾਇਆ ਜਾਂਦਾ ਹੈ ਆਮ ਤੌਰ ਤੇ ਜੋ ਖ਼ੂਨ ਦਾਨ ਦਾ ਰੱਖ ਰਖਾਵ ਕਰਦੇ ਹੇਮਾ ਕਿਬਿਕ ਉਹਨਾਂ ਦਾ ਟੀਚਾ ਆਮ ਕੈਂਪਾਂ ਦੇ ਵਿੱਚ 30 ਤੋਂ 35 ਕ ਡੋਨਰ ਦਾ ਹੁੰਦਾ ਹੈ ਪਰ ਇਸ ਕੈਂਪ ਵਿੱਚ ਵੱਧ ਖ਼ੂਨ ਦਾਨ ਕਰਨ ਵਾਲੇ ਲੋਕ ਪੁੱਜਣ ਕਾਰਨ ਉਹਨਾਂ ਨੇ 50 ਦਾ ਟੀਚਾ ਲੈ ਕੇ ਆਏ ਸੀ 68 ਡੋਨਰ ਖ਼ੂਨਦਾਨ ਕਰਕੇ ਗਏ ਇਸ ਕੈਂਪ ਵਿੱਚ ਵੱਖ-ਵੱਖ ਕਮੇਟੀ ਤੋਂ ਲੋਕ ਆਏ ਜਿਨਾਂ ਨੇ ਖ਼ੂਨ ਦਾਨ ਕੀਤਾ ਸਿੱਖ ਵਿਜ਼ਨ ਐਸੋਸੀਏਸ਼ਨ ਦੇ ਮੈਂਬਰਾਂ ਨੇ ਵੀ ਆਪਣਾ ਖ਼ੂਨ ਦਾਨ ਕੀਤਾ ਇਸ ਮੌਕੇ ਤੇ ਰੁਪਿੰਦਰ ਸਿੰਘ , ਕਿਰਨਜੋਤ ਕੌਰ ਰੰਧਾਵਾ , ਸੁਰਜੀਤ ਸਿੰਘ , ਕੁਲਬੀਰ ਸਿੰਘ , ਰਜਿੰਦਰ ਸਿੰਘ ਭੰਡਾਲ, ਸਤਨਾਮ ਸਿੰਘ , ਮੇਹਰ ਸਿੰਘ, ਸਤਨਾਮ ਸਿੰਘ ਲੱਖੋਵਾਲ , ਸਤਿੰਦਰ ਸਿੰਘ ਰੂਬਲ ਹਾਜ਼ਰ ਸਨ।

# ਪੰਜਾਬੀ ਹੈਲਥ ਐਂਡ ਐਜੂਕੇਸ਼ਨ ਆਰਗੇਨਾਈਜੇਸ਼ਨ ਨੇ ਇੰਟਰਨੈਸ਼ਨਲ ਵਲੰਟੀਅਰ ਡੇਅ ਮਨਾਇਆ

ਕੈਨੇਡਾ, 10 ਦਸੰਬਰ (ਮਨਿੰਦਰ ਸਿੰਘ) : ਪੰਜਾਬੀ ਹੈਲਥ ਐਂਡ ਐਜੂਕੇਸ਼ਨ ਆਰਗਨਾਈਜੇਸ਼ਨ ਵੱਲੋਂ ਇੰਟਰਨੈਸ਼ਨਲ ਵਲੰਟੀਅਰ ਡੇ ਮਨਾਇਆ ਗਿਆ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇੰਟਰਨੈਸ਼ਨਲ ਵਲੰਟੀਅਰ ਡੇ ਸੈਲੀਬਰੇਟ ਕੀਤਾ ਗਿਆ ਜਿਸ ਦੀ ਅਗਵਾਈ ਪੰਜਾਬੀ ਹੈਲਥ ਐਂਡ ਐਜੂਕੇਸ਼ਨ ਔਰਗਨਾਈਜੇਸ਼ਨ ਦੇ ਪ੍ਰੈਜੀਡੈਂਟ ਸਰਦਾਰ ਤਰਨ ਤੇਜ ਸਿੰਘ ਹੁੰਦਲ ਜੀ ਨੇ ਕੀਤੀ ਉਹਨਾਂ ਨੇ ਦੱਸਿਆ ਕਿ ਇਹ ਆਰਗਨਾਈਜੇਸ਼ਨ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਭਾਈਚਾਰੇ ਦੀ ਸੇਵਾ ਕਰਦੀ ਆ ਰਹੀ ਹੈ ਹਰ ਸਾਲ ਅਲੱਗ ਅਲੱਗ ਤਰ੍ਹਾਂ ਦੇ ਪ੍ਰੋਗਰਾਮ ਕੀਤੇ ਜਾਂਦੇ ਹਨ ਜੋ ਵਲੰਟੀਅਰ ਦੀ ਸਪੋਰਟ ਤੋਂ ਬਿਨਾਂ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ ਅਤੇ ਉਹਨਾਂ ਨੇ ਦੱਸਿਆ ਕਿ ਇਹ ਆਰਗਨਾਈਜੇਸ਼ਨ ਨੋਨ ਪ੍ਰੋਫਿਟਬਲ ਔਰਗਨਾਈਜੇਸ਼ਨ ਹੈ ਜਿਸ ਵਿੱਚ ਸਾਰੇ ਵਲੰਟੀਅਰ ਦੇ ਰੂਪ ਦੇ ਵਿੱਚ ਕੰਮ ਕਰਦੇ ਹਾਂ ਉਹਨਾਂ ਨੇ ਧੰਨਵਾਦ ਕਰਦੇ ਹੋਏ ਸਾਰਿਆਂ ਨੂੰ ਸ਼ੁਭ ਇੱਛਾਵਾਂ ਦਿੱਤੀਆਂ ਅਤੇ ਆਉਣ ਵਾਲੇ ਅਗਲੇ ਸਾਲ 2026 ਵਿੱਚ ਹੋਣ ਵਾਲੇ ਪ੍ਰੋਗਰਾਮ ਤੇ ਚਾਨਣਾ ਪਾਇਆ ਔਰਗਨਾਈਜ਼ੇਸ਼ਨ ਦੇ ਜਨਰਲ ਸੈਕਟਰੀ ਲਖਵਿੰਦਰ ਸਿੰਘ ਉੱਪਲ ਨੇ ਕਿਹਾ ਕਿ ਸਾਰੇ ਹੀ ਅਸੀਂ ਇੱਕ ਪਰਿਵਾਰ ਦੀ ਤਰ੍ਹਾਂ ਕੰਮ ਕਰਕੇ ਹਰ ਫੰਕਸ਼ਨ ਨੂੰ ਸਫਲ ਕਰਦੇ ਹਾਂ ਅਤੇ ਸਾਰੇ ਮੈਂਬਰਾਂ ਨੂੰ ਆਸਵਾਸਨ ਦਵਾਇਆ ਕਿ ਸਾਰੇ ਇੱਕ ਦੂਸਰੇ ਦੇ ਦੁੱਖ ਸੁੱਖ ਵਿੱਚ ਚਟਾਨ ਦੀ ਤਰ੍ਹਾਂ ਖੜੇ ਹਾਂ ਉੱਪਲ ਨੇ ਦੱਸਿਆ ਕਿ ਅੱਜ ਸਾਰੇ ਹੀ ਵਲੰਟੀਅਰ ਦਾ ਬਹੁਤ ਬਹੁਤ ਧੰਨਵਾਦ ਜਿਨਾਂ ਨੇ ਆਪਣੇ ਨਿਜੀ ਸਮੇਂ ਵਿੱਚੋਂ ਸਮਾਂ ਕੱਢ ਕੇ ਔਰਗਨਾਈਜੇਸ਼ਨ ਦੀ ਸੇਵਾ ਕੀਤੀ ਅਤੇ ਜਿਨਾਂ ਵਲੰਟੀਅਰਸ ਨੇ ਇਸ ਸਾਲ 50 ਘੰਟੇ ਤੋਂ ਉੱਪਰ ਆਰਗਨਾਈਜੇਸ਼ਨ ਲਈ ਕੰਮ ਕੀਤਾ ਉਹਨਾਂ ਨੂੰ ਪ੍ਰਸ਼ੰਸਾ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ ਜਿਨਾਂ ਵਿੱਚ ਰਜਨੀ ਬਾਲਾ, ਪਰਮਜੀਤ ਕੌਸ਼ਲ ,ਬਲਜੀਤ ਸਿੰਘ, ਕਮਲਜੀਤ ਕੌਰ ,ਹਰਦੀਪ ਕੌਰ, ਕੁਲਦੀਪ ਕੁਮਾਰ ,ਅਤੇ ਸੁਰਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਅਤੇ ਆਸ ਜਤਾਈ ਕੀ ਆਉਣ ਵਾਲੇ ਸਮੇਂ ਵਿੱਚ ਉਹ ਆਰਗਨਾਈਜੇਸ਼ਨ ਨਾਲ ਜੁੜੇ ਰਹਿਣਗੇ ਇਸ ਪ੍ਰੋਗਰਾਮ ਵਿੱਚ ਆਰਗਨਾਈਜੇਸ਼ਨ ਦੇ ਬੋਰਡ ਆਫ ਡਾਇਰੈਕਟਰ ਤਰਨ ਤੇਜ ਸਿੰਘ ਹੁੰਦਲ, ਲਖਵਿੰਦਰ ਸਿੰਘ ਉਪਲ, ਮੰਜੂ ਚੋਪੜਾ, ਕਪਲ ਦੇਵ ,ਅਤੇ ਆਰਗਨਾਈਜੇਸ਼ਨ ਦੇ ਮੈਂਬਰਾਂ ਨੇ ਰਲ ਮਿਲ ਕੇ ਇਸ ਪ੍ਰੋਗਰਾਮ ਨੂੰ ਕਾਮਯਾਬ ਕੀਤਾ।



# ਲੱਡੀ ਪਿੰਡ ਵਿੱਚ 'ਆਪ' ਛੱਡ ਕੇ ਵੱਡੀ ਗਿਣਤੀ 'ਚ ਆਗੂ ਕਾਂਗਰਸ 'ਚ ਸ਼ਾਮਿਲ : ਵਿਜੇ ਇੰਦਰ ਸਿੰਗਲਾ



ਸੰਗਰੂਰ, 10 ਦਸੰਬਰ (ਹਰਕੰਵਲ ਸਿੰਘ ਹੈਪੀ) : ਕਾਂਗਰਸ ਪਾਰਟੀ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਦੇ ਚਲਦਿਆਂ, ਕਾਂਗਰਸ ਪਰਿਵਾਰ ਦਿਨੋਂ-ਦਿਨ ਹੋਰ ਮਜ਼ਬੂਤ ਹੁੰਦਾ ਜਾ ਰਿਹਾ ਹੈ, ਜਿਸਦੀ ਮੂੰਹ ਬੋਲਦੀ ਤਸਵੀਰ ਪਿੰਡ ਲੱਡੀ ਵਿਖੇ ਦੇਖਣ ਨੂੰ ਮਿਲੀ।

ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਜਨਨਾਇਕ ਸ੍ਰੀ ਰਾਹੁਲ ਗਾਂਧੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਗਰੀਬਾਂ ਤੇ ਮੱਧ-ਵਰਗ ਦੇ ਹੱਕ ਵਿੱਚ ਲਏ ਗਏ ਫੈਸਲੇ ਅੱਜ ਘਰ-ਘਰ ਤੱਕ ਪਹੁੰਚ ਚੁੱਕੇ ਹਨ, ਜਿਸ ਕਾਰਨ ਲੋਕ ਕਾਂਗਰਸ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਰਹੇ ਹਨ।

ਇਸੇ ਤਰ੍ਹਾਂ ਅੱਜ ਪਿੰਡ ਲੱਡੀ ਵਿਖੇ ਕਾਂਗਰਸ ਪਾਰਟੀ ਨੂੰ ਵੱਡਾ ਹੁਲਾਰਾ ਮਿਲਿਆ। ਪਿੰਡ ਦੇ ਸਰਗਰਮ ਆਗੂ ਸ. ਅੰਗਰੇਜ਼ ਸਿੰਘ ਜੀ ਅਤੇ ਸੋਨਾ ਸਿੰਘ ਜੀ ਨੇ ਆਪਣੇ ਸਮੂਹ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਰਿਵਾਰ ਵਿੱਚ ਸ਼ਮੂਲੀਅਤ ਕੀਤੀ।

ਨਵੇਂ ਸਾਥੀਆਂ ਵਿੱਚ ਦਵਿੰਦਰ ਸਿੰਘ, ਜੀਤ ਗਰਾਇਆ, ਬਲਵਿੰਦਰ ਸਿੰਘ ਵਿਰਕ, ਕਮਲਜੀਤ ਕੌਰ ਵਿਰਕ, ਮੇਜਰ ਸਿੰਘ ਵਿਰਕ, ਸੰਗਤ ਸਿੰਘ ਵਿਰਕ, ਜਗਰਾਜ ਵਿਰਕ, ਲਖਵਿੰਦਰ ਵਿਰਕ, ਮਲਕੀਤ ਸਿੱਧੂ, ਜਸਪਾਲ ਸਿੰਘ ਜੱਗਾ, ਗੁਰਜਿੰਦਰਜੀਤ ਵਿਰਕ, ਗੁਰਮੇਲ ਵਿਰਕ ਸੋਨੀ ਅਤੇ ਪੰਜਾਬ ਵਿਰਕ ਵੀ ਸ਼ਾਮਲ ਸਨ।

ਸ੍ਰੀ ਸਿੰਗਲਾ ਨੇ ਨਵੇਂ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ: ਕਿ ਕਾਂਗਰਸ ਪਰਿਵਾਰ ਵਿੱਚ ਸਾਰੇ ਸਾਥੀਆਂ ਨੂੰ ਦਿਲੋਂ ਜੀ ਆਇਆਂ ਕਿਹਾ ਜਾਂਦਾ ਹੈ। ਉਹਨਾਂ ਦੇ ਇਹ ਭਰੋਸੇ ਅਤੇ ਸਹਿਯੋਗ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਾਂਗਰਸ ਦੀ ਜਿੱਤ ਨੂੰ ਹੋਰ ਵੀ ਯਕੀਨੀ ਬਣਾਉਂਦਾ ਹੈ ਅਤੇ ਮਿਸ਼ਨ 2027 ਦੀ ਨੀਂਹ ਮਜ਼ਬੂਤ ਹੋਈ ਹੈ।

ਸਮੂਹ ਕਾਂਗਰਸ ਪਰਿਵਾਰ ਇਨ੍ਹਾਂ ਸਾਥੀਆਂ ਨਾਲ ਮਿਲ ਕੇ ਲੋਕ ਸੇਵਾ ਦੇ ਕਾਰਜਾਂ ਨੂੰ ਹੋਰ ਤੇਜ਼ ਕਰੇਗਾ।

ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਮਨਜੀਤ ਸਿੰਘ ਕੋਲੂ, ਬਲਾਕ ਸੰਮਤੀ ਉਮੀਦਵਾਰ-ਨਰਿੰਦਰ ਕੌਰ ਪਤਨੀ ਜਗਜੀਤ ਸਿੰਘ ਅਤੇ ਬਲਾਕ ਪ੍ਰਧਾਨ ਰੌਕੀ ਬਾਂਸਲ ਅਤੇ ਹੋਰ ਆਗੂ ਸਾਹਿਬਾਨ ਵੀ ਮੌਜੂਦ ਸਨ।

# ਮਾਨਸਾ ਪੁਲਿਸ ਨੇ ਕੱਢਿਆ ਫਲੈਗ ਮਾਰਚ

ਸਰਦੂਲਗੜ੍ਹ /ਝੁਨੀਰ, 10 ਦਸੰਬਰ (ਲਛਮਣ ਸਿੱਧੂ) : ਪੰਜਾਬ ਵਿੱਚ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੇ ਮੱਦੇ ਨਜ਼ਰ ਐਸਐਸਪੀ ਮਾਨਸਾ ਮਾਨਯੋਗ ਭਗੀਰਥ ਸਿੰਘ ਮੀਨਾ ਵੱਲੋਂ ਪੁਲਿਸ ਪਾਰਟੀ ਸਮੇਤ ਝੁਨੀਰ ਵਿਖੇ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਚੋਣਾਂ ਨੂੰ ਨਿਰਪੱਖ, ਬਿਨਾਂ ਕਿਸੇ ਭੇਦਭਾਵ, ਅਤੇ ਸ਼ਾਂਤੀ ਪੂਰਨ ਕਰਵਾਉਣ ਲਈ ਇਹ ਫਲੈਗ ਮਾਰਚ ਕੱਢਿਆ ਜਾ ਰਿਹਾ ਹੈ। ਇਹ ਫਲੈਗ ਮਾਰਚ ਝੁਨੀਰ ਬਸ ਸਟੈਂਡ, ਬੋਹਾ ਰੋਡ ਝਨੀਰ ਤੋਂ ਗੁਜਰਦਾ ਹੋਇਆ ਥਾਣਾ ਝੁਨੀਰ ਵਿਖੇ ਸਮਾਪਤ ਹੋ ਗਿਆ। ਇਸ ਮੌਕੇ ਉਹਨਾਂ ਨਾਲ ਡੀਐਸਪੀ ਸਰਦੂਲਗੜ੍ਹ ਸਤਿਨਾਮ ਸਿੰਘ, ਐਸ.ਐਚ.ਓ. ਸਰਦੂਲਗੜ੍ਹ ਗਣੇਸ਼ਵਰ ਕੁਮਾਰ ਸ਼ਰਮਾ, ਥਾਣਾ ਮੁਖੀ ਜੋੜਕੀਆਂ ਦੀਪ ਸਿੰਘ, ਥਾਣਾ ਮੁਖੀ ਝਨੀਰ ਪਸ਼ਵਿੰਦਰ ਕੌਰ, ਹੌਲਦਾਰ ਅਮਰ ਸਿੰਘ ਅਤੇ ਮੁੱਖ ਮੁਨਸ਼ੀ ਥਾਣਾ ਝਨੀਰ ਸਬਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਦੇ ਕਰਮਚਾਰੀ ਹਾਜ਼ਰ ਸਨ।

# ਪੁਲਿਸ ਪੈਨਸ਼ਨਰਜ਼ ਵੈਲਫ਼ੇਅਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਆਰਥਿਕ ਮੱਦਦ



ਬਰਨਾਲਾ, 10 ਦਸੰਸਰ (ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਪੁਲਿਸ ਪੈਨਸ਼ਨਰਜ਼ ਵੈਲਫ਼ੇਅਰ ਅਸੋਸੀਏਸ਼ਨ ਤਰਫੋਂ ਪਿਛਲੇ ਸਮੇਂ ਦੌਰਾਨ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ 1,68,200/- ਰੁਪਏ ਦੀ ਰਾਸ਼ੀ ਹੜ੍ਹ ਪੀੜਤਾਂ ਪਰਿਵਾਰਾਂ ਲਈ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਕਈ ਜ਼ਿਲ੍ਹਿਆਂ ਵਿੱਚ ਵੱਡਾ ਨੁਕਸਾਨ ਹੋਇਆ ਹੈ। ਅਜਿਹੇ ਸਮੇਂ ਵਿੱਚ ਸੂਬੇ ਦੇ ਲੋਕਾਂ ਨੂੰ ਮੁੜ ਲੀਹ ਤੇ ਲਿਆਉਣ ਲਈ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਲੋਕ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ।

ਇਸ ਮੌਕੇ ਸੀਨੀ. ਵਾਇਸ ਪ੍ਰਧਾਨ ਪੁਲਿਸ ਪੈਨਸ਼ਨਰਜ਼ ਵੈਲਫ਼ੇਅਰ ਐਸ਼ੋਸ਼ੀਏਸ਼ਨ ਸ੍ਰੀ ਗਮਦੂਰ ਸਿੰਘ ਅਤੇ ਪੁਲਿਸ ਪੈਨਸ਼ਨਰਜ਼ ਵੈਲਫ਼ੇਅਰ ਐਸ਼ੋਸ਼ੀਏਸ਼ਨ ਦੇ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਕਰਵਾਉਣ ਲਈ ਤਿਆਰੀਆਂ ਮੁਕੰਮਲ : ਜ਼ਿਲ੍ਹਾ ਚੋਣ ਅਫ਼ਸਰ

## ਚੋਣਾਂ ਲਈ ਜ਼ਿਲ੍ਹੇ 'ਚ 790 ਪੋਲਿੰਗ ਬੂਥ ਸਥਾਪਤ; 709857 ਵੋਟਰ ਕਰਨਗੇ ਆਪਣੇ ਵੋਟ ਦੇ ਹੱਕ ਦੀ ਵਰਤੋਂ



ਸੰਗਰੂਰ, 10 ਦਸੰਬਰ (ਹਰਕੰਵਲ ਸਿੰਘ ਹੈਪੀ) : ਜ਼ਿਲ੍ਹਾ ਚੋਣ ਅਫ਼ਸਰ – ਕਮ- ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਦੱਸਿਆ ਕਿ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਦੇ 18 ਜ਼ੋਨਾਂ ਅਤੇ 10 ਪੰਚਾਇਤ ਸੰਮਤੀਆਂ ਦੇ 162 ਜ਼ੋਨਾਂ ਦੀਆਂ ਚੋਣਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਜਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਖਚੈਨ ਸਿੰਘ ਪਾਪੜਾ ਵੀ ਮੌਜੂਦ ਸਨ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਸੁਚਾਰੂ ਢੰਗ ਨਾਲ ਕਰਵਾਉਣ ਲਈ 422 ਗ੍ਰਾਮ ਪੰਚਾਇਤਾਂ ਵਿੱਚ ਕੁੱਲ 790 ਪੋਲਿੰਗ ਬੂਥ ਬਣਾਏ ਗਏ ਹਨ, ਜਿੱਥੇ ਸੰਗਰੂਰ ਜ਼ਿਲ੍ਹੇ ਦੇ ਕੁੱਲ 709857 ਰਜਿਸਟਰਡ ਵੋਟਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨਗੇ। ਉਹਨਾਂ ਦੱਸਿਆ ਇਹਨਾਂ ਵਿੱਚ 375906 ਪੁਰਸ਼, 333946 ਇਸਤਰੀਆਂ ਅਤੇ 05 ਹੋਰ ਵੋਟਰ ਹਨ।

ਸ੍ਰੀ ਰਾਹੁਲ ਚਾਬਾ ਨੇ ਦੱਸਿਆ 14 ਦਸੰਬਰ ਨੂੰ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਲਈ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਵੋਟਾਂ ਪਾਈਆ ਜਾਣਗੀਆਂ ਅਤੇ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਕੀਤੀ ਜਾਵੇਗੀ। ਉਹਨਾਂ ਸੰਗਰੂਰ ਜ਼ਿਲ੍ਹੇ ਦੇ ਵੋਟਰਾਂ ਨੂੰ ਬਿਨ੍ਹਾਂ ਕਿਸੇ ਡਰ ਤੇ ਲਾਲਚ ਦੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਖਚੈਨ ਸਿੰਘ ਪਾਪੜਾ ਨੇ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਸੀ.ਸੀ.ਟੀ.ਵੀ. ਕੈਮਰੇ, ਵੀਡੀਓਗ੍ਰਾਫ਼ੀ ਤੇ ਸੁਰੱਖਿਆ ਪ੍ਰਬੰਧਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ ਤੋਂ ਇਲਾਵਾ ਚੋਣ ਅਮਲੇ ਦੀ ਸਿਖਲਾਈ ਵੀ ਪੁਖ਼ਤਾ ਤਰੀਕੇ ਨਾਲ ਕਰਵਾਈ ਜਾ ਰਹੀ ਹੈ ਤਾਂ ਕਿ ਸਮੁੱਚਾ ਚੋਣ ਅਮਲ ਨਿਰਵਿਘਨ ਤੇ ਸੁਤੰਤਰ ਢੰਗ ਨਾਲ ਨੇਪਰੇ ਚੜ੍ਹਾਇਆ ਜਾ ਸਕੇ।

# ਮੀਟਰ ਰੀਡਰਾਂ ਦੇ ਕੀਤੇ ਜਾ ਰਹੇ ਸ਼ੋਸ਼ਣ ਖ਼ਿਲਾਫ਼ 18 ਤੱਕ ਮੁਕੰਮਲ ਕੰਮ ਬੰਦ ਕਰਨ ਦਾ ਫ਼ੈਸਲਾ



ਤਪਾ ਮੰਡੀ, 10 ਦਸੰਬਰ (ਭੂਸ਼ਨ ਘੜੈਲਾ) : ਬਿਜਲੀ ਬੋਰਡ 'ਚ ਕੰਪਨੀਆਂ ਰਾਹੀਂ ਕੰਮ ਕਰਦੇ ਮੀਟਰ ਰੀਡਰਾਂ ਦੇ ਹੋ ਰਹੇ ਸ਼ੋਸਨ ਖਿਲਾਫ 18 ਦਸੰਬਰ ਤੱਕ ਧਰਨੇ ਅਤੇ ਰੋਸ਼ ਪ੍ਰਗਟ ਕਰਨ ਦਾ ਫੈਸਲਾ ਲਿਆ ਗਿਆ ਹੈ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਾਥੀ ਸਰਕਲ ਪ੍ਰਧਾਨ ਗੁਰਤੇਜ ਸਿੰਘ ਸ਼ਹਿਣਾ ਤੇ ਸੰਜੀਵ ਜੋਸ਼ੀ ਤਪਾ ਨੇ ਇੱਥੇ ਦੱਸਿਆ ਕਿ ਮਿਤੀ 10/12/2025 ਤੋਂ 18/12/2025 ਨੂੰ ਸਵੇਰ 10 ਤੋਂ ਸ਼ਾਮ 5 ਵਜੇ ਤੱਕ ਰੋਸ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਦਾ ਮੁੱਖ ਕਾਰਨ ਬਿਜਲੀ ਬੋਰਡ ਵਿਚ ਕੰਪਨੀਆ ਰਾਹੀਂ ਪਿਛਲੇ ਲੰਬੇ ਸਮੇਂ ਤੋਂ ਮੀਟਰ ਰੀਡਿੰਗ ਦਾ ਕੰਮ ਕਰਦੇ ਮੀਟਰ ਰੀਡਰ ਦੇ ਹੋ ਰਹੇ ਸ਼ੋਸ਼ਣ ਕੀਤਾ ਜਾ ਰਿਹਾ ਹੈ, ਜਿਸ ਵਿਚ ਮੀਟਰ ਰੀਡਰ ਪੀਐਸਪੀਸੀਐਲ ਦੀਆਂ ਮੁੱਖ ਮੰਗਾਂ ਜਿਵੇਂ ਕਿ ਮੀਟਰ ਰੀਡਰ ਨੂੰ ਬਿਜਲੀ ਬੋਰਡ ਵਿਚ ਸਿੱਧੇ ਤੌਰ 'ਤੇ ਮਰਜ ਕਰਨਾ, ਗੁਜਾਰੇ ਯੋਗ ਫਿਕਸ ਤਨਖਾਹ, ਮੋਬਾਈਲ ਭੱਤਾ, ਪੈਟਰੋਲ ਭੱਤਾ, ਸਾਲਾਨਾ ਬੋਨਸ ਦਿੱਤਾ ਜਾਵੇ। ਇਸ ਸਮੇਂ ਉਨ੍ਹਾਂ ਦੱਸਿਆ ਕਿ ਸਾਡਾ ਬਿਲਿੰਗ ਦਾ ਕੰਮ ਪੰਜਾਬ ਪੱਧਰ 'ਤੇ ਬੰਦ ਹੈ ਅਤੇ ਜਿੰਨਾਂ ਸਮਾਂ ਸਾਡੀਆਂ ਇਹ ਜਾਇਜ਼ ਮੰਗਾਂ ਦਾ ਬਿਜਲੀ ਬੋਰਡ ਵੱਲੋਂ ਲਿਖ਼ਤੀ ਰੂਪ ਵਿੱਚ ਸਰਕੂਲਰ ਜਾਰੀ ਨਹੀਂ ਕੀਤਾ ਜਾਂਦਾ ਤਾਂ ਸਾਡਾ ਕੰਮ ਮੁਕੰਮਲ ਤੌਰ 'ਤੇ ਬੰਦ ਰਹੇਗਾ ਇਸ ਸਮੇਂ ਹਾਜਰ,ਸ਼ਹਿਰੀ ਪ੍ਰਧਾਨ ਸੁਖਜੀਤ ਸਿੰਘ, ਦਿਹਾਤੀ ਪ੍ਰਧਾਨ ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ, ਹਰਪਾਲ ਸਿੰਘ, ਜਗਸੀਰ ਸਿੰਘ, ਸੰਜੀਵ ਜੋਸ਼ੀ ਤਪਾ, ਲਖਵਿੰਦਰ ਸਿੰਘ ਤਪਾ, ਧਰਮਪਾਲ ਸ਼ਰਮਾ, ਸੁਖਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਛਿਮਾਹੀ ਫੰਡ ਮੁਹਿੰਮ ਨੂੰ ਭਰਪੂਰ ਹੁੰਗਾਰਾ : ਬਾਬੂ ਸਿੰਘ ਖੁੱਡੀ ਕਲਾਂ



ਬਰਨਾਲਾ, 10 ਦਸੰਬਰ (ਬਘੇਲ ਸਿੰਘ ਧਾਲੀਵਾਲ) : ਬਰਨਾਲਾ 10 ਦਸੰਬਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਕਾਈ ਖੁੱਡੀਕਲਾਂ ਵੱਲੋਂ ਛਿਮਾਹੀ ਫੰਡ ਦੀ ਸ਼ੁਰੂਆਤ ਕੀਤੀ ਗਈ। ਇਕਾਈ ਪ੍ਰਧਾਨ ਜਰਨੈਲ ਸਿੰਘ, ਮਹਿੰਦਰ ਸਿੰਘ, ਮੇਵਾ ਸਿੰਘ ਨੇ ਘਰ ਘਰ ਦੀ ਫੰਡ ਮੁਹਿੰਮ ਸਮੇਂ ਕਿਹਾ ਕਿ ਸੂਬਾ ਕਮੇਟੀ ਦੀ ਮੀਟਿੰਗ ਦੇ ਫੈਸਲੇ ਮੁਤਾਬਕ ਅੱਜ ਖੁੱਡੀ ਕਲਾਂ ਤੋਂ ਫੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਛਿਮਾਹੀ ਫੰਡ ਮੁਹਿੰਮ ਨੂੰ ਪਿੰਡ ਵਾਸੀਆਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਗਿਆ। ਇਸ ਸਮੇਂ ਬਲਾਕ ਪ੍ਰਧਾਨ ਬਾਬੂ ਸਿੰਘ ਖੁੱਡੀ ਕਲਾਂ ਨੇ ਕਿਸਾਨਾਂ ਨਾਲ ਫੰਡ ਮੁਹਿੰਮ ਸਮੇਂ ਗੱਲ ਬਾਤ ਕਰਦਿਆਂ ਕਿਹਾ ਕਿ ਸਰਕਾਰਾਂ ਲਗਾਤਾਰ ਲੋਕ ਵਿਰੋਧੀ ਫ਼ੈਸਲੇ ਕਰ ਰਹੀਆਂ ਹਨ। ਬਿਜਲੀ ਸੋਧ ਬਿਲ-2025, ਬੀਜ ਸੋਧ ਬਿਲ ਅਤੇ ਹੁਣ ਮਾਲ ਵਿਭਾਗ ਨੂੰ ਕੇਂਦਰ ਆਪਣੇ ਕਬਜ਼ੇ ਵਿੱਚ ਕਰਨ ਲਈ ਬਿਲ ਲਿਆਂਦਾ ਜਾ ਰਿਹਾ ਹੈ। ਇਨ੍ਹਾਂ ਕਿਸਾਨ/ਲੋਕ ਵਿਰੋਧੀ ਫੈਸਲਿਆਂ ਖਿਲਾਫ਼ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦੇ ਘੇਰੇ ਨੂੰ ਵਿਸ਼ਾਲ ਅਤੇ ਤੇਜ਼ ਤੇਜ ਕਰਨਾ ਪੈਣਾ ਹੈ। ਸੰਘਰਸ਼ ਕਰਨ ਲਈ ਫੰਡ ਦੀ ਅਣਸਰਦੀ ਲੋੜ ਹੈ ਅਤੇ ਹੋਰ ਪਿੰਡਾਂ ਨੂੰ ਫੰਡ ਮੁਹਿੰਮ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ ਗਿਆ। ਇਕਾਈ ਆਗੂਆਂ ਮੱਖਣ ਸਿੰਘ, ਲਵਦੀਪ ਸਿੰਘ ਨੇ ਕਿਹਾ ਕਿ 2020-21 ਦੇ ਇਤਿਹਾਸਕ ਦਿੱਲੀ ਮੋਰਚੇ ਦੌਰਾਨ ਕੇਂਦਰ ਸਰਕਾਰ ਨੇ ਕਿਸਾਨ ਯੂਨੀਅਨਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਬਿਜਲੀ ਸੋਧ ਬਿਲ ਕਿਸਾਨਾਂ ਦੀ ਸਹਿਮਤੀ ਤੋਂ ਬਿਨ੍ਹਾਂ ਪਾਰਲੀਮੈਂਟ ਵਿੱਚ ਪੇਸ਼ ਨਹੀਂ ਕੀਤਾ ਜਾਵੇਗਾ। ਪਰ ਹੁਣ ਚੁੱਪ ਚਪੀਤੇ ਬਿਜਲੀ ਸੋਧ ਬਿਲ-2025 ਸਬੰਧੀ ਰਾਜਾਂ ਤੋਂ ਰਾਇ ਲੈਣ ਲਈ ਭੇਜ ਦਿੱਤਾ ਗਿਆ ਹੈ। ਇਸੇ ਹੀ ਤਰ੍ਹਾਂ ਖੇਤੀ ਖੇਤਰ ਨੂੰ ਪ੍ਰਦੂਸ਼ਣ ਮਾਮਲੇ ਚੋਂ ਬਾਹਰ ਰੱਖਣ ਦਾ ਵਾਅਦਾ ਕੀਤਾ ਸੀ। ਪਰ ਸਰਕਾਰ ਨੇ ਗਰੀਨ ਟਰੀਬਿਊਨਲ ਦੀਆਂ ਹਦਾਇਤਾਂ ਮੁਤਾਬਕ ਛੋਟੇ ਕਿਸਾਨਾਂ ਨੂੰ ਮੁਫਤ ਮਸ਼ੀਨਰੀ ਮੁਹੱਈਆ ਕਰਵਾਈ ਹੈ। ਗਰੀਬ ਲੋਕਾਂ ਦੀ ਪਹੁੰਚ ਹੀ ਨਹੀਂ ਕਿ ਉਹ ਆਪ ਐਨੀ ਮਹਿੰਗੀ ਮਸ਼ੀਨਰੀ ਖਰੀਦ ਸਕੇ। ਜੋ ਕਿਸਾਨ ਮਜਬੂਰੀ ਵੱਸ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਂਦਾ ਹੈ, ਤਾਂ ਉਨ੍ਹਾਂ ਕਿਸਾਨਾਂ ਤੋਂ ਜ਼ੁਰਮਾਨੇ ਵੀ ਵਸੂਲੇ ਜਾ ਰਹੇ ਹਨ ਅਤੇ ਕੇਸ ਵੀ ਪਾਏ ਜਾ ਰਹੇ ਹਨ। ਇੱਕੋ ਕੇਸ ਵਿੱਚ ਦੋ ਦੋ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ ਜੋ ਕਿਸਾਨਾਂ ਨਾਲ ਸਰਾਸਰ ਧੱਕਾ ਹੈ।ਇਸੇ ਹੀ ਤਰ੍ਹਾਂ ਕਿਸਾਨਾਂ ਤੇ ਪਾਏ ਝੂਠੇ ਕੇਸ ਰੱਦ ਕਰਨ ਦਾ ਵਾਅਦਾ ਕੀਤਾ ਸੀ ਪਰ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਨਾ ਕਿਸਾਨਾਂ ਤੇ ਪਾਏ ਕੇਸ ਰੱਦ ਕੀਤੇ ਗਏ ਹਨ ਸਗੋਂ ਸਾਲਾਂ ਬੱਧੀ ਸਮੇਂ ਤੋਂ ਕਿਸਾਨ ਖੱਜਲ ਖੁਆਰ ਹੋ ਰਹੇ ਹਨ। ਬਿਜਲੀ ਸੋਧ ਬਿਲ-2025 ਨਿਗਮੀਕਰਨ ਤੋਂ ਅੱਗੇ ਨਿੱਜੀਕਰਣ ਦੀ ਨੀਤੀ ਨੂੰ ਲਾਗੂ ਕਰਨ ਲਈ ਸਮਾਰਟ ਮੀਟਰ ਲਾਏ ਜਾ ਰਹੇ ਹਨ।

ਯਾਦਵਿੰਦਰ ਸਿੰਘ, ਧੰਨਾ ਸਿੰਘ, ਅਮਨਦੀਪ ਸਿੰਘ ਆਦਿ ਆਗੂਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇ ਸਰਕਾਰ ਨੇ ਉਪਰੋਕਤ ਮੰਗਾਂ ਦਾ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਫੰਡ ਮੁਹਿੰਮ ਦੌਰਾਨ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਸਬੰਧੀ ਕਿਸਾਨਾਂ ਮਜ਼ਦੂਰਾਂ ਨੂੰ ਸੁਚੇਤ ਕਰਨ ਦਾ ਸੱਦਾ ਦਿੰਦਾ, ਭਾਈਚਾਰਕ ਸਾਂਝ ਬਰਕਰਾਰ ਰੱਖਦਿਆਂ, ਆਪਣੀ ਜਥੇਬੰਦਕ ਤਾਕਤ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੰਦਾ ਲੀਫਲੈਂਟ ਵੀ ਘਰ ਘਰ ਵੰਡਿਆ।

# ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈਲਿਕ ਬਾਂਸਲ ਬਣਿਆ ਲੋਕਾਂ ਲਈ ਪ੍ਰੇਰਨਾ



ਬਰਨਾਲਾ, 10 ਦਸੰਬਰ (ਸੁਖਵਿੰਦਰ ਸਿੰਘ ਭੰਡਾਰੀ) : ਅੱਜ ਦਾ ਦਿਨ ਬਾਂਸਲ ਪਰਿਵਾਰ ਲਈ ਖਾਸ ਖੁਸ਼ੀ ਦਾ ਮੌਕਾ ਹੈ, ਕਿਉਂਕਿ ਉਨ੍ਹਾਂ ਦੇ ਪਿਆਰੇ ਪੁੱਤਰ ਹੈਲਿਕ ਬਾਂਸਲ ਆਪਣਾ 30ਵਾਂ ਜਨਮ ਦਿਨ ਮਨਾ ਰਹੇ ਹਨ। ਇਸ ਖਾਸ ਦਿਨ ਤੇ, ਅਸੀਂ ਉਨ੍ਹਾਂ ਦੇ ਜੀਵਨ ਦੇ ਸਾਰੇ ਪੱਖਾਂ ਵਿੱਚ ਮਿਲੀ ਸਫਲਤਾ ਦਾ ਜਸ਼ਨ ਮਨਾਉਂਦੇ ਹਾਂ:ਹੈਲਿਕ ਬਾਂਸਲ ਸਫਲਤਾ ਪੂਰਵਕ ਆਪਣੇ ਦਾਦਾ ਸ਼ਾਮ ਲਾਲ ਬਾਂਸਲ, ਪਿਤਾ ਸੰਜੀਵ ਬਾਂਸਲ ਅਤੇ ਚਾਚਾ ਨਵੀਨ ਬਾਂਸਲ ਦੇ ਵਿਰਸੇ ਨੂੰ ਅੱਗੇ ਵਧਾ ਰਹੇ ਹਨ ਅਤੇ ਪਰਿਵਾਰਕ ਵਪਾਰ ਨੂੰ ਨਵੀਆਂ ਉਚਾਈਆਂ ਤੇ ਲੈ ਕੇ ਜਾ ਰਹੇ ਹਨ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਸੱਚਮੁੱਚ ਪ੍ਰੇਰਣਾਦਾਇਕ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦਾ ਪਿਆਰਾ ਪਰਿਵਾਰ ਹੈ। ਉਹ ਆਪਣੀ ਪਤਨੀ ਤਮੰਨਾ ਬਾਂਸਲ ਅਤੇ ਛੋਟੀ ਬੇਟੀ ਅਹਾਨਾ ਦੇ ਪਿਆਰ ਵਿੱਚ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ। ਪਿਤਾ ਸੰਜੀਵ ਬਾਂਸਲ, ਮਾਤਾ ਗੀਤੂ ਬਾਂਸਲ, ਅਤੇ ਭੈਣ ਕ੍ਰਿਤਿਕਾ ਦਾ ਅਟੁੱਟ ਪਿਆਰ ਅਤੇ ਸਹਿਯੋਗ ਉਨ੍ਹਾਂ ਦੀ ਜ਼ਿੰਦਗੀ ਅਤੇ ਕਾਰੋਬਾਰ ਵਿੱਚ ਹਰ ਫੈਸਲੇ ਦੀ ਨੀਂਹ ਹੈ।ਅੱਜ, ਅਸੀਂ ਦੁਆ ਕਰਦੇ ਹਾਂ ਕਿ ਆਉਣ ਵਾਲੇ ਸਾਲ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਸਫਲਤਾ, ਚੰਗੀ ਸਿਹਤ ਅਤੇ ਬੇਅੰਤ ਖੁਸ਼ੀਆਂ ਨਾਲ ਭਰ ਦੇਣ। ਉਹ ਇਕ ਸਰੀਫ਼ ਅਤੇ ਮਿਹਨਤੀ ਇਨਸਾਨ ਹੈ ਜਿਨ੍ਹਾਂ ਨੇ ਵਿਦੇਸ਼ ਵਿੱਚ ਪੜ੍ਹਾਈ ਕਰਕੇ ਵੀ ਆਪਣੇ ਦੇਸ਼ ਵਿੱਚ ਰਹਿ ਕੇ ਆਪਣੇ ਪਰਿਵਾਰਿਕ ਵਪਾਰ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਿਆ ਅਤੇ ਜਿਸ ਤੇ ਉਹ ਪੂਰੀ ਤਰ੍ਹਾਂ ਖਰੇ ਵੀ ਉੱਤਰ ਰਹੇ ਹਨ। ਹੈਲਿਕ, ਜਨਮ ਦਿਨ ਬਹੁਤ-ਬਹੁਤ ਮੁਬਾਰਕ ਹੋਵੇ!

# ਜ਼ਿਲ੍ਹਾ ਪ੍ਰੀਸ਼ਦ ਜ਼ੋਨ ਸ਼ਹਿਣਾ ਤੋਂ ਬੀਬੀ ਰਛਪਾਲ ਕੌਰ ਨੂੰ ਭਰਵਾਂ ਹੁੰਗਾਰਾ



ਭਦੌੜ, 10 ਦਸੰਬਰ (ਸੁਖਵਿੰਦਰ ਪਲਾਹਾ): ਨੇੜੇ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਜਿੱਥੇ ਵੱਖੋ-ਵੱਖ ਪਾਰਟੀਆਂ ਦੇ ਉਮੀਦਵਾਰ ਆਪੋ-ਆਪਣੀ ਕਿਸਮਤ ਅਜ਼ਮਾ ਰਹੇ ਹਨ, ਉੱਥੇ ਹੀ ਜੋਨ ਸ਼ਹਿਣਾ ਤੋਂ ਜਿਲ੍ਹਾ ਪ੍ਰੀਸ਼ਦ ਲਈ ਬੀਬੀ ਰਸ਼ਪਾਲ ਕੌਰ ਧਾਲੀਵਾਲ ਪਤਨੀ ਸੁਖਵਿੰਦਰ ਸਿੰਘ ਧਾਲੀਵਾਲ (ਪੱਤਰਕਾਰ) ਵੀ ਆਪਣੀ ਚੋਣ ਨੂੰ ਲੈ ਕੇ ਵੋਟਰਾਂ ਨਾਲ ਰਾਬਤਾ ਕਾਇਮ ਕਰ ਰਹੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਖਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਾਡੇ ਵੱਲੋਂ ਕਾਂਗਰਸ ਪਾਰਟੀ ਦੀ ਦੇ ਚੋਣ ਨਿਸ਼ਾਨ ਪੰਜਾਂ ਦੇ ਨਿਸ਼ਾਨ ਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜੀ ਜਾ ਰਹੀ ਹੈ ਅਤੇ ਸਾਡੇ ਵੱਲੋਂ ਤਕਰੀਬਨ ਸ਼ਹਿਣਾ ਜੋਨ ਦੇ ਸਾਰੇ ਹੀ ਪਿੰਡਾਂ ਵਿੱਚ ਚੱਕਰ ਲਗਾ ਕੇ ਵੋਟਰਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ ।ਉਹਨਾਂ ਦੱਸਿਆ ਕਿ ਸਾਰੇ ਹੀ ਪਿੰਡਾਂ ਵਿੱਚੋਂ ਸਾਨੂੰ ਬਹੁਤ ਵਧੀਆ ਹੁੰਗਾਰਾਂ ਮਿਲ ਰਿਹਾ ਹੈ, ਕਿਉਂਕਿ ਪੰਜਾਬ ਦੇ ਲੋਕ ਪੰਜਾਬ ਦੀ ਇਸ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬੁਰੀ ਤਰ੍ਹਾਂ ਤੰਗ ਆ ਚੁੱਕੇ ਹਨ, ਜਿਸ ਕਾਰਨ ਇਸ ਵਾਰ ਲੋਕ ਪੰਜਾਬ ਵਿੱਚ ਬਦਲਾਅ ਚਾਹੁੰਦੇ ਹਨ ।ਉਹਨਾਂ ਵੋਟਰਾਂ ਨੂੰ ਆਉਣ ਵਾਲੇ 14 ਦਸੰਬਰ ਦਿਨ ਐਤਵਾਰ ਨੂੰ ਪੰਜੇ ਦੇ ਨਿਸ਼ਾਨ 'ਤੇ ਮੋਹਰਾਂ ਲਾ ਕੇ ਬੀਬੀ ਰਛਪਾਲ ਕੌਰ ਧਾਲੀਵਾਲ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ ਹੈ।

# ਦ ਕੰਟਰੀ ਸਕੂਲਧਨੌਲਾ ਵਿਖੇ ਬੱਚਿਆਂ ਨੂੰ ਸ਼ਬਦ ਜੋੜ ਗਤੀਵਿਧੀਆਂ ਕਰਵਾਈਆਂ



ਧਨੌਲਾ, 10 ਦਸੰਬਰ (ਚਮਕੌਰ ਸਿੰਘ ਗੱਗੀ) : ਦ ਕੰਟਰੀ ਸਕੂਲ ਧਨੌਲਾ ਵਿਖੇ, ਪਲੇਅਵੇਅ ਤੋਂ ਲੈ ਕੇ ਯੂ.ਕੇ.ਜੀ ਦੇ ਬੱਚਿਆਂ ਨੂੰ ( ਅੰਕਾਂ ਦੀ ਪੁਛਾਣ, ਸ਼ਬਦ-ਜੋੜ ਅਤੇ ਅੱਖਰ-ਧੁਨੀ ) ਸਬੰਧ ਸਿਖਾਉਣ ਲਈ ਧੁਨੀ ਵਿਗਿਆਨ ਤੇ ਕੇਂਦ੍ਰਿਤ ਵਿਦਿਅਕ ਦ੍ਰਿਸ਼ਟੀਕੋਣ ਨੂੰ ਦਰਸਾਉਣ ਲਈ ਗਤੀਵਿਧੀਆਂ ਕਰਵਾਈਆ ਗਈਆ। ਇਹ ਗਤੀਵਿਧੀਆਂ ਬੱਚਿਆਂ ਵਿੱਚ ਪੜ੍ਹਨ ਅਤੇ ਲਿਖਣ ਦੇ ਹੁਨਰਾਂ ਨੂੰ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ। ਪੰਜਾਬੀ ਵਿੱਚ ਸ਼ਬਦ ਜੋੜ ਗਤੀਵਿਧੀ ਇੱਕ ਮਜ਼ੇਦਾਰ, ਵਿਦਿਅਕ ਅਭਿਆਸ ਹੈ, ਜੋ ਮੁੱਖ ਤੌਰ ਤੇ ਬੱਚਿਆਂ ਲਈ, ਉਹਨਾਂ ਨੂੰ ਗੁਰਮੁਖੀ ਅੱਖਰਾਂ ਨੂੰ ਜੋੜ ਕੇ ਅਰਥਪੂਰਨ ਸ਼ਬਦ ਬਣਾਉਣਾ 'ਤੇ ਸਿਖਾਉਣ ਲਈ ਕੇਂਦ੍ਰਿਤ ਕਰਦੀ ਹੈ, ਜਿਵੇਂ ਕਿ ਅ ( a) + ਸ ( s) ਨੂੰ ਜੋੜ ਕੇ ਅਸ ( us/as) ਬਣਾਉਣਾ, ਇੰਟਰਐਕਟਿਵ ਤਰੀਕੇ ਨਾਲ ਸ਼ਬਦਾਵਲੀ ਅਤੇ ਪੜ੍ਹਨ ਦੇ ਹੁਨਰ ਨੂੰ ਵਧਾਉਣ ਅਤੇ ਫਲੈਸ਼ਕਾਰਡ, ਦੀ ਵਰਤੋਂ ਕਰਕੇ ਬੱਚਿਆ ਵਿੱਚ ਪੜ੍ਹਨ ਲਈ ਉਤਸ਼ਾਹ ਪੈਦਾ ਕਰਦਿਆ ਹਨ। ਸਕੂਲ ਦੇ ਮੁੱਖ ਅਧਿਆਪਕ ਕੰਚਨ ਸਿੰਗਲਾ ਨੇ ਦੱਸਿਆ ਕੀ ਇਹ ਗਤੀਵਿਧੀਆ ਬੱਚਿਆ ਲਈ ਮਹੱਤਵਪੂਰਨ ਹਨ ਕਿਉਂ ਕਿ ਬੱਚੇ ਸ਼ਬਦਾ ਨੂੰ ਪੜ੍ਹਦੇ ਹਨ ਅਤੇ ਅਰਥ ਸਿੱਖਦੇ ਹਨ ਅਤੇ ਆਪਣੀ ਸਮਝ ਨੂੰ ਵਧਾਉਂਦੇ ਹਨ। ਇਸ ਮੌਕੇ ਸਕੂਲ ਅਧਿਆਪਕ ਸੰਦੀਪ ਕੌਰ , ਸੰਦੀਪ ਕੌਰ ਗੁਲਜੀਤ ਕੌਰ 'ਤੇ ਸ਼ਾਮਿਲ ਸਨ।

# ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਬਰਨਾਲਾ ਵਿਖੇ ਹੁਨਰ ਸਿੱਖਿਆ ਅਧੀਨ ਸੈਮੀਨਾਰ



ਬਰਨਾਲਾ, 10 ਦਸੰਬਰ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਸਰਕਾਰ ਦੁਆਰਾ ਸਕੂਲੀ ਬੱਚਿਆਂ ਵਿੱਚ ਹੁਨਰ ਸਿੱਖਿਆ ਦੇ ਰੁਝਾਨ ਨੂੰ ਪ੍ਰੋਤਸਾਹਿਤ ਕਰਨ ਦੇ ਮੰਤਵ ਨਾਲ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਹੁਨਰ ਸਿੱਖਿਆ ਸਕੂਲ ਸਥਾਪਿਤ ਕੀਤੇ ਗਏ ਹਨ, ਜ਼ਿਲ੍ਹਾ ਬਰਨਾਲਾ ਵਿੱਚ ਇਹ ਹੁਨਰ ਸਿੱਖਿਆ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਬਰਨਾਲਾ ਦੀ ਚੋਣ ਕੀਤੀ ਹੈ। ਦਸਵੀਂ ਜਮਾਤ ਵਿੱਚ ਪੜਦੇ ਬੱਚਿਆਂ ਨੂੰ ਹੁਨਰ ਸਿੱਖਿਆ ਬਾਰੇ ਜਾਣਕਾਰੀ ਦੇ ਅਤੇ ਹੁਨਰ ਸਿੱਖਿਆ ਨੂੰ ਆਪਣਾ ਭਵਿੱਖ ਦੇ ਤੌਰ ਚੋਣ ਕਰਨ ਲਈ ਪ੍ਰੇਰਿਤ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ ( ਸੈ ਸਿ ) ਬਰਨਾਲਾ ਸ. ਸੁਨੀਤਇੰਦਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ( ਸੈ ਸਿ ) ਬਰਨਾਲਾ ਡਾ. ਬਰਜਿੰਦਰ ਪਾਲ ਸਿੰਘ ਵਿਸ਼ੇਸ ਤੌਰ 'ਤੇ ਪਹੁੰਚੇ, ਉਹਨਾਂ ਬੱਚਿਆਂ ਨਾਲ ਆਪਣੇ ਵਿਚਾਰ ਸ਼ਾਂਝੇ ਕਰਦੇ ਹੋਏ ਬੱਚਿਆਂ ਨੂੰ ਡਿਜਿਟਲ ਡੀਜਾਇਨ ਅਤੇ ਬੀ ਐਫ ਐਸ ਆਈ ਬਾਰੇ ਜਾਣਕਾਰੀ ਦਿੱਤੀ ਅਤੇ ਆਉਣ ਵਾਲੇ ਭਵਿੱਖ ਵਿੱਚ ਤਕਨੀਕੀ ਸਿੱਖਿਆ ਦੀ ਮਹੱਤਤਾ ਬਾਰੇ ਸਮਝਾਇਆ। ਡਾ. ਬਰਜਿੰਦਰਪਾਲ ਸਿੰਘ ਜੀ ਦੁਆਰਾ ਵੀ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਦੇ ਹੋਏ ਹੁਨਰ ਸਿੱਖਿਆ ਦੀ ਲੋੜ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ 9 ਪ੍ਰਿੰਸੀਪਲ ਮੈਡਮ ਵਿਨਸੀ ਜਿੰਦਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਹੁਨਰ ਸਿੱਖਿਆ ਪ੍ਰੋਜੈਕਟ ਤਹਿਤ ਸਕੂਲ ਵਿਖੇ 2 ਨਵੇਂ ਕਲਾਸ ਰੂਮ ਤੇ ਇੱਕ ਲੈਬ ਦੀ ਉਸਾਰੀ ਵੀ ਮੁਕੰਮਲ ਕਾਰਵਾਈ ਜਾ ਚੁੱਕੀ ਹੈ 9 ਸਕੂਲ ਵਿਖੇ ਮੌਜੂਦਾ ਸੈਸ਼ਨ ਦੁਰਾਨ ਹੁਨਰ ਸਿੱਖਿਆ ਦੀ ਪੜਾਈ ਸ਼ੁਰੂ ਹੋ ਚੁੱਕੀ ਹੈ। ਇਸ ਮੌਕੇ ਹੁਨਰ ਸਿੱਖਿਆ ਅਧਿਆਪਕਾ ਸਾਹਿਬਾਨ ਮੈਡਮ ਗੁਰਮੀਤ ਕੌਰ, ਮੈਡਮ ਸੀਮਾ, ਨੀਰਜ ਸਿੰਗਲਾ, ਦਸਵੀਂ ਜਮਾਤ ਦੇ ਵਿਦਿਆਰਥੀ ਅਤੇ ਹੋਰ ਸਟਾਫ਼ ਹਾਜ਼ਰ ਸਨ।

# ਟਰੱਕ ਚੋਰੀ ਮਾਮਲੇ ਵਿੱਚ ਭਦੌੜ ਦਾ ਸਕਰੈਪ ਸਟੋਰ ਮਾਲਕ ਬਾਇੱਜ਼ਤ ਬਰੀ



ਭਦੌੜ, 10 ਦਸੰਬਰ (ਸੁਖਵਿੰਦਰ ਪਲਾਹਾ) : ਭਦੌੜ ਦੇ ਇੱਕ ਬਹੁਤ ਵੱਡੇ ਸਕਰੈਪ ਸਟੋਰ ਦੇ ਮਾਲਕ ਚਮਕੌਰ ਸਿੰਘ ਉਰਫ਼ ਕੌਰਾ ਕਵਾੜੀਆ ਨੂੰ ਮਾਨਯੋਗ ਅਦਾਲਤ ਬਰਨਾਲਾ ਨੇ ਇੱਕ ਟਰੱਕ ਚੋਰੀ ਦੇ ਮਾਮਲੇ ਵਿੱਚੋਂ ਬਾਇੱਜ਼ਤ ਬਰੀ ਕਰ ਦਿੱਤਾ ਹੈ ।ਚਮਕੌਰ ਸਿੰਘ ਪੁੱਤਰ ਮੇਜਰ ਸਿੰਘ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਗਿਆ ਕਿ ਮਿਤੀ 24-2-2022 ਨੂੰ ਥਾਣਾ ਭਦੌੜ ਵਿਖੇ ਮੇਰੇ ਉੱਪਰ ਇੱਕ ਟਰੱਕ ਚੋਰੀ ਦਾ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਦਾ ਚਲਾਨ 23-12 -2022 ਨੂੰ ਮਾਣਯੋਗ ਅਦਾਲਤ ਬਰਨਾਲਾ ਵਿੱਚ ਪੇਸ਼ ਕੀਤਾ ਗਿਆ ਸੀ, ਜਿਸ 'ਤੇ ਮਾਨਯੋਗ ਅਦਾਲਤ ਬਰਨਾਲਾ ਵਿਖੇ ਇਸ ਕੇਸ ਦੀ ਸੁਣਵਾਈ ਦੌਰਾਨ ਐਡਵੋਕੇਟ ਹਰਪ੍ਰੀਤਪਾਲ ਸਿੰਘ ਅਤੇ ਗੁਰਪ੍ਰੀਤਪਾਲ ਸਿੰਘ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਚਮਕੌਰ ਸਿੰਘ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤਾਂ ਦੇ ਅਧਾਰ 'ਤੇ ਮਾਨਯੋਗ ਜੱਜ ਮੈਡਮ ਸੋਨਾਲੀ ਸਿੰਘ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਬਰਨਾਲਾ ਵੱਲੋਂ ਚਮਕੌਰ ਸਿੰਘ ਕੌਰਾ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਹੈ, ਜਿਸ ਵਿੱਚ ਮਾਨਯੋਗ ਅਦਾਲਤ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇਸ ਕੇਸ ਵਿੱਚ ਚਮਕੌਰ ਸਿੰਘ ਕੌਰਾ ਉੱਪਰ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਕਰਕੇ ਮਾਨਯੋਗ ਅਦਾਲਤ ਚਮਕੌਰ ਸਿੰਘ ਨੂੰ ਬਰੀ ਕਰਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਚਮਕੌਰ ਸਿੰਘ ਨੇ ਦੱਸਿਆ ਕਿ ਮੈਂ ਜਿਸ ਤੋਂ ਆਦਮੀ ਤੋਂ ਟਰੱਕ ਖਰੀਦਿਆ ਸੀ ਉਹ ਕੁੱਲੂ ਹਿਮਾਚਲ ਪ੍ਰਦੇਸ਼ ਦਾ ਰਹਿਣ ਵਾਲਾ ਸੀ, ਜਿਸ ਦਾ ਮੇਰੇ ਕੋਲ ਹਲਫ਼ੀਆ ਬਿਆਨ, ਉਸ ਦਾ ਆਧਾਰ ਕਾਰਡ ਅਤੇ ਹੋਰ ਜਰੂਰੀ ਕਾਗਜ਼ਾਤ ਲਏ ਹੋਏ ਸਨ, ਜਿਸ ਦੇ ਆਧਾਰ 'ਤੇ ਹੀ ਮੈਨੂੰ ਮਾਨਯੋਗ ਅਦਾਲਤ ਬਰਨਾਲਾ ਵੱਲੋਂ ਬਰੀ ਕੀਤਾ ਗਿਆ ਹੈ।

# ਯੂਥ ਅਗੇਂਸਟ ਡਰੱਗਜ਼ ਕੰਪੇਨ ਤਹਿਤ ਵਿਦਿਆਰਥੀਆਂ ਦਾ ਫੁਟਬਾਲ ਮੈਚ ਕਰਵਾਇਆ



ਬਰਨਾਲਾ, 10 ਦਸੰਬਰ (ਬਘੇਲ ਸਿੰਘ ਧਾਲੀਵਾਲ) : ਯੂਥ ਅਗੇਂਸਟ ਡਰਗਜ਼ ਕੈਂਪੇਨ ਤਹਿਤ ਕਰਵਾਇਆਂ ਜਾ ਰਹੀਆਂ ਗਤੀਵਿਧੀਆਂ ਦੇ ਤਹਿਤ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਲੜਕੇ) ਧਨੌਲੇ ਵਿੱਚ ਵਿਦਿਆਰਥੀਆਂ ਦਾ ਫੁਟਬਾਲ ਦਾ ਮੈਚ ਕਰਵਾਇਆ ਗਿਆ। ਇਸ ਮੈਚ ਕਰਵਾਉਣ ਦਾ ਮੁੱਖ ਮੰਤਵ ਸਾਡੇ ਯੂਥ ਨੂੰ ਇਹ ਸੁਨੇਹਾ ਦੇਣਾ ਸੀ ਕਿ ਉਹ ਨਸ਼ਿਆ ਤੋਂ ਦੂਰ ਰਹਿ ਕਿ ਆਪਣੇ ਸ਼ਰੀਰ ਨੂੰ ਨਰੋਆ ਬਣਾਉਣ ਅਤੇ ਖੇਡ ਵਿੱਚ ਮਲਾਂ ਮਾਰ ਕੇ ਆਪਣੇ ਦੇਸ਼ ਦਾ ਨਾਂ ਰੋਸ਼ਨ ਕਰਨ। ਇਸ ਮੌਕੇ 'ਤੇ ਮੈਚ ਦੇਖਣ ਆਏ ਦਰਸ਼ਕਾਂ ਅਤੇ ਵਿਦਿਆਰਥੀਆਂ ਨੂੰ ਸ਼੍ਰੀ ਗੁਰਮੇਲ ਸਿੰਘ ਗਿਲ, ਚੀਫ਼ ਲੀਗਲ ਏਡ ਡਿਫੈਂਸ ਕਾਉਂਸਲ ਬਰਨਾਲ, ਮਿਸ ਲਵਲੀਨ ਕੌਰ, ਸਹਾਇਕ ਲੀਗਲ ਏਡ ਡਿਫੈਂਸ ਕਾਂਉਸਲ ਬਰਨਾਲਾ, ਐਡਵੋਕੇਟ ਸ਼੍ਰੀ ਸਾਹਿਲ ਰਹੇਜਾ ਅਤੇ ਐਡਵੋਕੇਟ ਮਿਸ ਨਰੇਸ਼ ਕੁਮਾਰੀ ਬਾਵਾ ਵੱਲੋਂ ਨਸ਼ਿਆਂ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਸਬੰਧੀ ਵਿਸਥਾਰ ਸਹਿਤ ਜਾਣੂ ਕਰਵਾਇਆ ਗਿਆ ਤਾਂ ਜ਼ੋ ਸਾਡੀ ਆਉਣ ਵਾਲੀ ਪੀੜੀ ਨੂੰ ਇਸ ਨਸ਼ੇ ਦੀ ਦਲਦਲ ਤੋਂ ਬਚਾਇਆ ਜਾ ਸਕੇ। ਇਸ ਮੌਕੇ ਬੋਲਦਿਆਂ ਉਕਤ ਵਕੀਲ ਸਾਹਿਬਾਨ ਦੇ ਦੱਸਿਆ ਕਿ ਇਹ ਕੈਂਪੇਨ ਰਾਜ ਪੱਧਰ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਵੱਲੋਂ ਚਲਾਇਆ ਜਾ ਰਿਹਾ ਹੈ।ਇਸ ਕੈਂਪੇਨ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ। ਇਹ ਮੁਹਿੰਮ 6 ਦੰਸਬਰ 2025 ਤੋਂ ਸ਼ੁਰੂ ਹੋਕੇ 6 ਜਨਵਰੀ 2026 ਤੱਕ ਚਲਾਈ ਜਾਵੇਗੀ ਅਤੇ ਇਸ ਮੁਹਿੰਮ ਦੌਰਾਨ ਜ਼ਿਲ੍ਹਾ ਬਰਨਾਲਾ ਦੇ ਪਿੰਡਾਂ, ਸ਼ਹਿਰਾਂ ਅਤੇ ਸਕੂਲਾਂ, ਕਾਲਜਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਜਾਣਗੇ ਅਤੇ ਵੱਖ-ਵੱਖ ਜਨਤਕ ਥਾਵਾਂ 'ਤੇ ਨੁੱਕੜ ਨਾਟਕਾਂ, ਸਾਇਕਲ ਰੈਲੀ ਅਤੇ ਵਾਕਾਥੋਨ(ਪੈਦਲ ਮਾਰਚ) ਰਾਹੀਂ ਆਮ ਜਨਤਾ ਨੂੰ ਜਾਗਰੂਕ ਕੀਤਾ ਜਾਵੇਗਾ। ਉਕਤ ਮੁਹਿੰਮ ਤਹਿਤ ਸਕੂਲਾਂ ਵਿੱਚ ਪੋਸਟਰ ਮੇਕਿੰਗ, ਸਲੋਗਨ ਮੇਕਿੰਗ ਅਤੇ ਡਿਬੇਟ ਕੰਪੀਟੀਸ਼ਨ ਰੱਖੇ ਜਾਣਗੇ ਤਾਂ ਜੋ ਸਾਡੀ ਆਉਣ ਵਾਲੀ ਪੀੜੀ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾ ਸਕੇ।

# ਸਰਕਾਰੀ ਪ੍ਰਾਇਮਰੀ ਸਕੂਲ ਜੰਗੀਆਣਾ ਵਿਖੇ ਬੱਚਿਆਂ ਨੂੰ ਟਰੈਕ ਸੂਟ ਤੇ ਬੂਟ ਵੰਡੇ




ਭਦੌੜ,10 ਦਸੰਬਰ (ਸੁਖਵਿੰਦਰ ਪਲਾਹਾ): ਸਰਕਾਰੀ ਪ੍ਰਾਇਮਰੀ ਸਕੂਲ ਜੰਗੀਆਣਾ ਵਿਖੇ ਐਨ ਆਰ ਆਈ ਪਰਿਵਾਰ ਵੱਲੋਂ ਖਿਡਾਰੀਆਂ ਲਈ ਟਰੈਕ ਸੂਟ ਅਤੇ ਬੂਟ ਦਾਨ ਕੀਤੇ। ਸਕੂਲ ਮੁਖੀ ਸ੍ਰੀਮਤੀ ਨੀਲਮ ਰਾਣੀ ਨੇ ਦੱਸਿਆ ਕਿ ਪਰਮਜੀਤ ਕੌਰ ਪਤਨੀ ਸਵ. ਸਵਰਨ ਸਿੰਘ ਦੇ ਪੁੱਤਰ ਹਰਮਿੰਦਰ ਸਿੰਘ ਕਨੇਡਾ, ਜਤਿੰਦਰ ਸਿੰਘ ਜਰਮਨ ਵੱਲੋਂ ਜੋ ਖਿਡਾਰੀ ਸਟੇਟ ਖੇਡਣ ਜਾ ਰਹੇਂ ਹਨ ਉਨ੍ਹਾਂ ਲਈ ਪੰਜਾਹ ਹਜ਼ਾਰ ਰੁਪਏ ਦੇ ਟਰੈਕ ਸੂਟ ਅਤੇ ਬੂਟ ਦਾਨ ਕੀਤੇ ਹਨ।ਇਸ ਮੌਕੇ ਸ਼ਹੀਦ ਭਗਤ ਸਿੰਘ ਕਲੱਬ ਦੇ ਪ੍ਰਧਾਨ ਗੁਵਿੰਦਰ ਸਿੰਘ ਗੱਗਾ ਵੱਲੋਂ ਇਸ ਨੇਕ ਉਪਰਾਲੇ ਲਈ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੰਗੀਆਣਾ ਸਕੂਲ ਦੀਆਂ ਤਿੰਨ ਟੀਮਾਂ ਦਾ ਸਟੇਟ ਖੇਡਣਾ ਬਹੁਤ ਮਾਣ ਵਾਲੀ ਗੱਲ ਹੈ। ਇਸ ਉਪਰਾਲੇ ਲਈ ਪਰਿਵਾਰ ਦਾ ਸਕੂਲ ਮੈਨੇਜਮੈਂਟ ਕਮੇਟੀ,ਐਨ ਆਰ ਆਈ ਟਰੱਸਟ, ਗ੍ਰਾਮ ਪੰਚਾਇਤ ਅਤੇ ਸਮੂਹ ਸਟਾਫ ਵੱਲੋਂ ਧੰਨਵਾਦ ਕੀਤਾ ਗਿਆ ।ਇਸ ਮੌਕੇ ਐਨ ਆਰ ਆਈ ਪਰਿਵਾਰ ਦੇ ਮੈਂਬਰ ਮਾਤਾ ਪਰਮਜੀਤ ਕੌਰ, ਹਰਮਿੰਦਰ ਸਿੰਘ ਕਨੇਡਾ, ਜਤਿੰਦਰ ਸਿੰਘ ਜਰਮਨ , ਕਰਮਜੀਤ ਸਿੰਘ, ਗੁਵਿੰਦਰ ਸਿੰਘ ਗੱਗਾ,ਅਮਨਦੀਪ ਸਿੰਘ ਅਮਨਾ ,ਨਾਇਬ ਸਿੰਘ, ਹਾਕਮ ਸਿੰਘ ਪੰਚਾਇਤ ਮੈਂਬਰ ਅਤੇ ਸਕੂਲ ਸਟਾਫ ਸ੍ਰੀਮਤੀ ਨੀਲਮ ਰਾਣੀ ਮੁੱਖ ਅਧਿਆਪਕਾ, ਕੋਚ ਪ੍ਰਗਟ ਸਿੰਘ ਢਿਲਵਾਂ,ਪਰਮਜੀਤ ਸਿੰਘ, ਬਲਜਿੰਦਰ ਸਿੰਘ, ਸਨਦੀਪ ਸਿੰਘ , ਸ੍ਰੀਮਤੀ ਜਤਿੰਦਰ ਕੌਰ, ਸਰਬਜੀਤ ਕੌਰ, ਵੀਰਪਾਲ ਕੌਰ ਅਤੇ ਸ੍ਰੀਮਤੀ ਇੰਦਰਜੀਤ ਕੌਰ ਹਾਜ਼ਰ ਸਨ।

# ਪੱਤਰਕਾਰ ਭਾਈਚਾਰੇ ਨੇ ਨਵ-ਜੰਮੀਆਂ ਧੀਆਂ ਦੇ ਲੋਹੜੀ ਮੇਲੇ ਦੀ ਸਫ਼ਲਤਾ ਲਈ ਸਹਿਯੋਗ ਦੇਣ ਦਾ ਦਿੱਤਾ ਭਰੋਸਾ



ਬਰਨਾਲਾ, 10 ਦਸੰਬਰ (ਸੁਖਵਿੰਦਰ ਸਿੰਘ ਭੰਡਾਰੀ) : ਪੰਜ ਆਬ ਜ਼ਿਲ੍ਹਾ ਪ੍ਰੈੱਸ ਕਲੱਬ ਰਜਿ. ਬਰਨਾਲਾ ਦੇ ਪ੍ਰਧਾਨ ਬਘੇਲ ਸਿੰਘ ਧਾਲੀਵਾਲ, ਸੀਨੀਅਰ ਪੱਤਰਕਾਰ ਵਿਨੋਦ ਸ਼ਰਮਾ, ਸੀਨੀਅਰ ਪੱਤਰਕਾਰ ਗੁਰਜੀਤ ਸਿੰਘ ਖੁੱਡੀ , ਸੀਨੀਅਰ ਪੱਤਰਕਾਰ ਬਲਵਿੰਦਰ ਸ਼ਰਮਾ, ਜਨਕ ਰਾਜ ਅਤੇ ਡਾ ਰਾਜੀਵ ਸ਼ਰਮਾ ਨੇ ਨਵਜੰਮੀਆਂ ਧੀਆਂ ਦੇ 19ਵੇਂ ਸਰਵ ਸਾਂਝੇ ਮੇਲੇ ਦੀ ਸਫ਼ਲਤਾ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਪੂਰੀ ਮਿਹਨਤ ਨਾਲ ਮੌਕੇ 'ਤੇ ਲੱਗੀਆਂ ਡਿਊਟੀਆਂ ਵੀ ਦੇਣਗੇ। ਇਹ ਵਰਨਣਯੋਗ ਹੈ ਕਿ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਰਜਿ. ਬਰਨਾਲਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਬਰਨਾਲਾ, ਸੂਰਿਆਵੰਸ਼ੀ ਖੱਤਰੀ ਸਭਾ ਬਰਨਾਲਾ ਅਤੇ ਮੁਹੱਲਾ ਕਮੇਟੀ ਕ੍ਰਿਸ਼ਨਾ ਗਲੀ ਕੇ ਸੀ ਰੋਡ ਬਰਨਾਲਾ ਵੱਲੋਂ ਨਵਜੰਮੀਆਂ ਧੀਆਂ ਦਾ ਲੋਹੜੀ ਮੇਲਾ 10 ਜਨਵਰੀ 2026 ਦਿਨ ਸ਼ਨਿੱਚਰਵਾਰ ਨੂੰ ਸਵੇਰੇ 10:30 ਵਜੇ ਕ੍ਰਿਸ਼ਨਾ ਗਲੀ ਕੇ ਸੀ ਰੋਡ ਬਰਨਾਲਾ ਨਵਜੰਮੀਆਂ ਧੀਆਂ ਦਾ ਲੋਹੜੀ ਮੇਲਾ ਮਨਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਨਵਜੰਮੀਆਂ ਧੀਆਂ ਦੀ ਲੋਹੜੀ ਮਨਾਉਣਾ, ਉਨ੍ਹਾਂ ਦੀਆਂ ਮਾਵਾਂ ਦਾ ਸਨਮਾਨ ਕਰਨਾ, ਖ਼ੂਨਦਾਨ ਕੈਂਪ ਲਗਾਉਣਾ ਅਤੇ ਵਿਦਿਆਰਥੀਆਂ ਦੇ ਸੱਭਿਆਚਾਰਕ ਮੁਕਾਬਲੇ ਕਰਵਾਉਣੇ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਸੰਗਤ ਲਈ ਕੌਫ਼ੀ, ਫਾਸਟ ਫੂਡ, ਜਲੇਬੀਆਂ, ਪੂਰੀ, ਤਵੇ ਦੀ ਰੋਟੀ, ਸਨੈਕਸ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਨੀਰਜ ਬਾਲਾ ਦਾਨੀਆ, ਕੇਵਲ ਕ੍ਰਿਸ਼ਨ ਗਰਗ, ਬਬੀਤਾ ਜਿੰਦਲ, ਸੋਮਾ ਭੰਡਾਰੀ, ਜਸਵਿੰਦਰ ਕੌਰ ਜਟਾਣਾ, ਜਸਪਾਲ ਸ਼ਰਮਾ ਐਲ ਆਈ ਸੀ ਵਾਲੇ, ਗੀਤੂ ਬਾਂਸਲ ਐਮ ਡੀ ਕੋਪਲ ਕੰਪਨੀ ਅਤੇ ਲੈਕਚਰਰ ਬਿੰਦੂ ਅਗਰਵਾਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ । ਮੁਹੱਲਾ ਕਮੇਟੀ ਦੀ ਪ੍ਰਧਾਨ ਵੀਰਪਾਲ ਕੌਰ, ਮੀਤ ਪ੍ਰਧਾਨ ਰਾਧਿਕਾ ਅਤੇ ਮੀਤ ਪ੍ਰਧਾਨ ਰਮਨਦੀਪ ਕੌਰ ਨੇ ਸਭ ਨੂੰ ਇਸ ਪ੍ਰੋਗਰਾਮ ਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ। ਇਸ ਦੌਰਾਨ ਅਨੇਕਾਂ ਹੋਰ ਮੈਂਬਰ ਵੀ ਹਾਜ਼ਰ ਸਨ।

# ਉਮੀਦਵਾਰ ਭੁਪਿੰਦਰ ਸਿੰਘ ਗੁਰੂਸਰ ਅਤੇ ਸੁਖਦੇਵ ਸਿੰਘ ਕਾਲਾ ਦੇ ਹੱਕ ਵਿੱਚ ਚੋਣ ਪ੍ਰਚਾਰ

## ਜ਼ਿਲ੍ਹਾ ਪ੍ਰੀਸ਼ਦ ਅਤੇ ਸੰਮਤੀ ਚੋਣਾਂ 'ਚ 'ਆਪ' ਦੇ ਉਮੀਦਵਾਰ ਸ਼ਾਨਦਾਰ ਜਿੱਤ ਦਰਜ ਕਰਨਗੇ : ਭੱਲਾ



ਭਗਤਾ ਭਾਈ ਕਾ, 10 ਦਸੰਬਰ (ਸਵਰਨ ਸਿੰਘ ਭਗਤਾ) : ਪੰਜਾਬ ਸਰਕਾਰ ਵੱਲੋਂ ਲੋਕਾਂ ਅਤੇ ਸੂਬੇ ਦੀ ਭਲਾਈ ਲਈ ਚੁੱਕੇ ਕਦਮਾਂ ਸਦਕਾ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ 'ਆਪ' ਦੇ ਉਮੀਦਵਾਰ ਸ਼ਾਨਦਾਰ ਜਿੱਤ ਦਰਜ ਕਰਨਗੇ। ਇਹ ਵਿਚਾਰ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਭੱਲਾ ਨੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਭੁਪਿੰਦਰ ਸਿੰਘ ਗੁਰੂਸਰ ਅਤੇ ਬਲਾਕ ਸੰਮਤੀ ਦੇ ਉਮੀਦਵਾਰ ਸੁਖਦੇਵ ਸਿੰਘ ਕਾਲਾ ਕੋਠਾ ਗੁਰੂ ਦੇ ਹੱਕ ਵਿੱਚ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਭਲਾਈ ਲਈ ਚੁੱਕ ਕੇ ਇਤਿਹਾਸਿਕ ਕਦਮਾਂ ਕਾਰਨ ਪੰਜਾਬ ਦੇ ਲੋਕ ਇਹਨਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਸਾਥ ਦੇਣਗੇ। ਉਹਨਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਆਮ ਆਦਮੀ ਪਾਰਟੀ ਨੇ ਬਹੁਤ ਵਧੀਆ ਕੰਮ ਕੀਤਾ ਹੈ, ਜਿਸ ਕਾਰਨ ਲੋਕਾਂ ਨੂੰ ਸਸਤੀਆਂ ਤੇ ਬਿਹਤਰ ਸਹੂਲਤਾਂ ਮਿਲ ਰਹੀਆਂ ਹਨ। ਭੱਲਾ ਨੇ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਪਹਿਲਾਂ ਹੀ ਸੂਬੇ ਵਿੱਚੋਂ ਹਾਸ਼ੀਏ ਤੇ ਚਲੇ ਗਏ ਹਨ, ਜਦੋਂ ਕਿ ਕਾਂਗਰਸ ਪਾਰਟੀ ਦੇ ਆਗੂ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਲੱਗੇ ਹੋਏ ਹਨ। ਇਸ ਲਈ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ਾਨਦਾਰ ਢੰਗ ਨਾਲ ਜਿੱਤ ਦਰਜ ਕਰਨਗੇ। ਉਹਨਾਂ ਕਿਹਾ ਕਿ ਪਿੰਡਾਂ ਦੇ ਲੋਕ ਵਿਕਾਸ ਅਤੇ ਤਰੱਕੀ ਚਾਹੁੰਦੇ ਹਨ ਅਤੇ ਵਿਕਾਸ ਅਤੇ ਤਰੱਕੀ ਸਿਰਫ ਆਮ ਆਦਮੀ ਪਾਰਟੀ ਹੀ ਕਰ ਸਕਦੀ ਹੈ। ਉਹਨਾਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਆਜ਼ਾਦੀ ਤੋਂ ਬਾਅਦ ਹੁਣ ਤੱਕ ਰਾਜ ਕੀਤਾ ਪਰ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਤਰੱਕੀ ਲਈ ਕੁਝ ਨਹੀਂ ਕੀਤਾ ਸਗੋਂ ਆਪਣੇ ਘਰਾਂ ਨੂੰ ਤਰਜ਼ੀਹ ਦਿੱਤੀ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਪੰਜਾਬ ਦੇ ਹਿੱਤਾਂ ਨੂੰ ਪਹਿਲੇ ਨੰਬਰ 'ਤੇ ਰੱਖਿਆ ਹੈ। ਇਹੀ ਕਾਰਨ ਹੈ ਕਿ ਆਮ ਘਰਾਂ ਦੇ ਨੌਜਵਾਨਾਂ ਨੂੰ ਪਹਿਲਾਂ ਵਿਧਾਇਕ ਬਣਾਇਆ ਤੇ ਹੁਣ ਜ਼ਿਲ੍ਹਾ ਪਰੀਸ਼ਦ ਅਤੇ ਬਲਾਕ ਸੰਮਤੀਆਂ ਦੀਆਂ ਟਿਕਟਾਂ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਇਹਨਾਂ ਚੋਣਾਂ ਵਿੱਚ ਆਪਣੀ ਸ਼ਾਨਦਾਰ ਜਿੱਤ ਦਰਜ ਕਰੇਗੀ ਅਤੇ ਪੰਜਾਬ ਲਈ ਕੀਤੇ ਕੰਮਾਂ ਬਦਲੇ ਵੋਟਾਂ ਮੰਗੇਗੀ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਵਾਇਤੀ ਪਾਰਟੀਆਂ ਦੇ ਝੂਠੇ ਪ੍ਰਚਾਰ ਤੋਂ ਸੁਚੇਤ ਰਹਿਣ। ਇਸ ਮੌਕੇ ਪਿੰਡ ਕੋਠਾ ਗੁਰੂ ਦੇ ਸਰਪੰਚ ਗੋਵਿੰਦਰ ਪਾਲ ਸਿੰਘ, ਪਿੰਡ ਪ੍ਰਧਾਨ ਕੋਠਾ ਗੁਰੂ ਬੂਟਾ ਸਿੰਘ, ਜੀਤ ਸਿੰਘ, ਪਲਦੀਪ ਸਿੰਘ ਨੀਟਾ, ਇਕਬਾਲ ਖਾਨ, ਜਗਸੀਰ ਸਿੰਘ ਪਨੈਚ, ਅਮਰਜੀਤ ਸਿੰਘ ਸਾਬਕਾ ਸਰਪੰਚ, ਸਾਧੂ ਸਿੰਘ ਨੰਬਰਦਾਰ, ਸੁਖਮੰਦਰ ਸਿੰਘ ਖ਼ਾਲਸਾ, ਅਜੀਤ ਸਿੰਘ ਸਾਬਕਾ ਸਰਪੰਚ, ਬਲਜੀਤ ਸਿੰਘ, ਮੰਦਰ ਸਿੰਘ, ਸਿਕੰਦਰ ਸਿੰਘ,ਭੋਲਾ ਸਿੰਘ,ਤਰਸੇਮ ਸਿੰਘ, ਬਿੱਕਰ ਸਿੰਘ, ਲੱਖਾਂ ਸਿੰਘ ਹਾਜ਼ਰ ਸਨ।

# ਏ.ਐਸ.ਆਈ ਨਿਰਭੈ ਸਿੰਘ ਵਧੀਆ ਸੇਵਾਵਾਂ ਲਈ ਦੂਸਰੀ ਵਾਰ ਡੀ.ਜੀ.ਪੀ. ਡਿਸਕ ਨਾਲ ਸਨਮਾਨਿਤ



ਸੁਨਾਮ ਊਧਮ ਸਿੰਘ ਵਾਲਾ, 10 ਦਸੰਬਰ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਮਾਨਯੋਗ ਡੀ.ਜੀ.ਪੀ ਸ੍ਰੀ ਗੌਰਵ ਯਾਦਵ ਦੁਆਰਾ ਭੇਜੀ ਗਈ ਡੀਜੀਪੀ ਡਿਸਕ ਪਟਿਆਲਾ ਰੇਂਜ ਦੇ ਡੀ.ਆਈ.ਜੀ ਸ਼੍ਰੀ ਕੁਲਦੀਪ ਚਾਹਲ ਆਈਪੀਐਸ ਅਤੇ ਸੰਗਰੂਰ ਦੇ ਐਸ.ਐਸ ਪੀ ਸ੍ਰੀ ਸਰਤਾਜ ਸਿੰਘ ਚਹਿਲ ਵੱਲੋਂ ਅੱਜ ਸੁਨਾਮ ਟ੍ਰੈਫਿਕ ਪੁਲਿਸ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਨੂੰ ਲਗਾ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਜ਼ਿਲ੍ਹਾ ਸੰਗਰੂਰ ਦੇ ਐਸਐਸਪੀ ਸ੍ਰੀ ਸਰਦਾਰ ਸਿੰਘ ਚਹਿਲ ਨੇ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਪਹਿਲਾਂ ਵਾਂਗੂ ਵਧੀਆ ਕੰਮ ਕਰਦੇ ਰਹੋਗੇ

ਇਸ ਮੌਕੇ 'ਤੇ ਏਐਸਆਈ ਨਿਰਭੈ ਸਿੰਘ ਨੇ ਕਿਹਾ ਕਿ ਉਹ ਪਿਛਲੇ 30 ਸਾਲਾਂ ਤੋਂ ਪੰਜਾਬ ਪੁਲਿਸ ਵਿੱਚ ਰਹਿ ਕੇ ਆਮ ਜਨਤਾ ਦੀ ਸੇਵਾ ਕਰ ਰਹੇ ਹਨ ਉਹਨਾਂ ਨੂੰ ਇਹ ਸਨਮਾਨ ਟਰੈਫਿਕ ਪ੍ਰਤੀ ਵਧੀਆ ਸੇਵਾਵਾਂ ਲਈ ਮਿਲਿਆ ਹੈ।

# ਬੀ.ਕੇ.ਯੂ. ਏਕਤਾ ਆਜ਼ਾਦ ਨੇ ਚਿੱਪ ਵਾਲੇ ਮੀਟਰ ਗਰਿਡ ਵਿੱਚ ਜਮ੍ਹਾਂ ਕਰਵਾਏ



ਮੂਨਕ, 10 ਦਸੰਬਰ(ਸਮਸ਼ੇਰ ਸਿੰਘ ਭੁਟਾਲ):ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਮੂਨਕ ਵੱਲੋਂ ਚਿੱਪ ਵਾਲੇ ਮੀਟਰ ਪੁੱਟ ਕੇ ਮੂਨਕ ਗਰਿਡ ਵਿੱਚ ਜਮ੍ਹਾਂ ਕਰਵਾਏ ਗਏ।ਇਸ ਮੌਕੇ ਜ਼ਿਲ੍ਹਾ ਆਗੂ ਰਾਜ ਸਿੰਘ ਥੇੜੀ ਅਤੇ ਸੁਖਦੇਵ ਸ਼ਰਮਾ ਭੂਟਾਲ ਖੁਰਦ ਨੇ ਦੱਸਿਆ ਕਿ ਇਹ ਮੁਹਿੰਮ ਵੱਡੇ ਪੱਧਰ 'ਤੇ ਆਰੰਭ ਹੋ ਗਈ ਹੈ। ਉਹਨਾਂ ਕਿਹਾ ਕਿ 2025 ਬਿੱਲ ਦਾ ਵਿਰੋਧ ਅਤੇ ਲੋਕ ਲਾਮਬੰਦੀ ਕਰਕੇ ਜਥੇਬੰਦੀ ਵੱਲੋਂ ਪਿੰਡ-ਪਿੰਡ ਜਾ ਕੇ ਆਮ ਲੋਕਾਂ ਨੂੰ ਇਸ ਮੁੱਦੇ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਲਾਮਬੰਦ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ । ਇਸ ਸੰਘਰਸ਼ ਦਾ ਮੁੱਖ ਕਾਰਨ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨਾਲ ਮਿਲ ਕੇ ਲਿਆਂਦਾ ਜਾ ਰਿਹਾ 2025 ਦਾ ਖਰੜਾ (ਬਿੱਲ) ਹੈ। ਜਥੇਬੰਦੀ ਦਾ ਮੰਨਣਾ ਹੈ ਕਿ ਇਹ ਬਿੱਲ ਬਿਜਲੀ ਸੈਕਟਰ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਆਮ ਆਦਮੀ ਦਾ ਕਚੂਮਰ ਕੱਢ ਦੇਵੇਗਾ। ਉਹਨਾਂ ਪੰਚਾਇਤਾਂ ਨੂੰ ਅਪੀਲ ਹੈ ਕਿ ਉਹ ਲੋਕਾਂ ਦੇ ਹੱਕ ਵਿੱਚ ਇਸ ਬਿੱਲ ਦੇ ਵਿਰੁੱਧ ਪ੍ਰਸਤਾਵ (ਮਤਾ) ਪਾਸ ਕਰਨ ਅਤੇ ਮਤਾ ਪਾਸ ਕਰਕੇ ਪੰਚਾਇਤ ਵੱਲੋਂ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਵੱਲ ਇਸ ਬਿੱਲ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟਣ ਲਈ ਚਿੱਠੀ ਲਿਖਣ ਲਈ ਕਿਹਾ ਜਾਵੇ। ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਸਮਾਰਟ ਮੀਟਰ ਲਗਾਉਣ ਦੀ ਇਹ ਮੁਹਿੰਮ ਅਤੇ 2025 ਦੇ ਖਰੜੇ ਦਾ ਸਖ਼ਤ ਵਿਰੋਧ ਜਾਰੀ ਰਹੇਗਾ, ਅਤੇ ਇਸ ਬਿੱਲ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਬਲਾਕ ਪ੍ਰਧਾਨ ਅਮਨਦੀਪ ਸਿੰਘ ਮੰਡਵੀ ਅਤੇ ਬਲਾਕ ਆਗੂ ਮੁਖਤਿਆਰ ਸਿੰਘ ਮੰਡਵੀ ਬੀਰਬਲ ਸਿੰਘ ਹਮੀਰਗੜ੍ਹ ਦਰਸ਼ਨ ਸਿੰਘ ਖੋਖਰ ਹਰ ਭਗਵਾਨ ਭੂਟਾਲ ਦਰਸ਼ਨ ਭੂੰਦੜ ਭੈਣੀ ਹਾਜ਼ਰ ਸਨ।

## ਆਰ.ਟੀ.ਆਈ. ਕਾਰਕੁੰਨ ਜਤਿੰਦਰ ਜੈਨ ਦੇ ਯਤਨਾਂ 'ਤੇ ਮਜ਼ਦੂਰਾਂ ਦੀਆਂ ਆਸਾਂ ਨੂੰ ਪਿਆ ਬੂਰ

# ਸਪੈਸ਼ਲਾਂ ਲਈ ਵਰਤੀ ਜਾਂਦੀ ਲਾਈਨ ਨੰਬਰ 4 ਨੂੰ ਉੱਚਾ ਕਰਨ ਦੀ ਰੇਲਵੇ ਨੇ ਦਿੱਤੀ ਮਨਜ਼ੂਰੀ; ਨਿਰਮਾਣ ਸਮੱਗਰੀ ਲੱਗੀ ਆਉਣ

ਸੁਨਾਮ ਊਧਮ ਸਿੰਘ ਵਾਲਾ, 10 ਦਸੰਬਰ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ ਰਾਊ): ਆਰ.ਟੀ.ਆਈ. ਕਾਰਕੁੰਨ, ਜਤਿੰਦਰ ਜੈਨ ਵੱਲੋਂ ਦਿਨ-ਰਾਤ ਇੱਕ ਕਰ ਕੇ ਕੀਤੇ ਅਣਥਕ ਯਤਨਾਂ ਅਤੇ ਮਜ਼ਦੂਰਾਂ ਦੀਆਂ ਆਸਾਂ ਨੂੰ ਉਸ ਵੇਲੇ ਬੂਰ ਪਿਆ, ਜਦੋਂ ਰੇਲਵੇ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਰੇਲਵੇ ਸਟੇਸ਼ਨ ਵਿਖੇ ਸਪੈਸ਼ਲਾਂ ਲਈ ਵਰਤੀ ਜਾਂਦੀ ਲਾਈਨ ਨੰਬਰ 04 ਨੂੰ ਉੱਚਾ ਚੁੱਕਣ ਦੇ ਕੰਮ ਨੂੰ ਮਨਜ਼ੂਰੀ ਦੇ ਕੇ ਇਹ ਕਾਰਜ 31 ਜਨਵਰੀ 2026 ਤੱਕ ਸ਼ੁਰੂ ਕਰਨ ਨੂੰ ਪ੍ਰਵਾਨਗੀ ਦਿੱਤੀ।



ਇਸ ਸਬੰਧੀ ਵੱਖ-ਵੱਖ ਧਿਰਾਂ ਵੱਲੋਂ ਮਿਲੇ ਮੰਗ ਪੱਤਰਾਂ ਦੇ ਅਧਾਰ 'ਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਵੀ ਰੇਲਵੇ ਨੂੰ ਪੱਤਰ ਲਿਖਿਆ ਸੀ। ਹੁਣ ਸ਼੍ਰੀ ਜਤਿੰਦਰ ਜੈਨ ਵੱਲੋਂ ਪਾਈ ਆਰ.ਟੀ. ਆਈ. ਦੇ ਜਵਾਬ ਵਿੱਚ ਇਸ ਪ੍ਰੋਜੈਕਟ ਦੀ ਪ੍ਰਵਾਨਗੀ ਦੀ ਪੁਸ਼ਟੀ ਹੋਣ 'ਤੇ ਜਿੱਥੇ ਮਨੁੱਖੀ ਅਧਿਕਾਰਾਂ ਪ੍ਰਤੀ ਸੁਚੇਤ ਨਾਗਰਿਕਾਂ, ਉੱਥੇ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਵੱਲੋਂ ਸ਼੍ਰੀ ਜਤਿੰਦਰ ਜੈਨ ਦੀ ਵਿਆਪਕ ਪੱਧਰ ਉੱਤੇ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਧੰਨਵਾਦ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੀ ਜਤਿੰਦਰ ਜੈਨ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਵਿਖੇ ਲਾਈਨ ਨੰ:4 ਨੇੜੇ ਬਣੇ ਰੇਲਵੇ ਮਾਲ ਗੁਦਾਮ ਬਾਬਤ ਸਪੈਸ਼ਲ ਭਰਨ ਅਤੇ ਖਾਦ ਦੀ ਢੋਆ-ਢੁਆਈ ਲਈ 2020 ਵਿੱਚ ਨਵੀਂ ਪਲੇਠੀ/ ਪਲੇਟਫਾਰਮ ਬਣਾਈ ਗਈ ਸੀ, ਜੋ ਕਿ ਰੇਲ ਲਾਈਨ ਨਾਲੋਂ ਲਗਭਗ 15 ਤੋਂ 18 ਇੰਚ ਉੱਚੀ ਹੈ। ਰੇਲ ਲਾਈਨ ਦੇ ਨੀਵੇਂ ਹੋਣ ਕਾਰਨ ਢੋਆ-ਢੁਆਈ ਕਰਦੀ ਲੇਬਰ ਦੇ ਪੈਰ ਸਲਿਪ ਹੋਣ ਕਾਰਨ ਜਿੱਥੇ ਪਿਛਲੇ ਲੰਬੇ ਸਮੇਂ ਤੋਂ ਲੇਬਰ ਜ਼ਖਮੀ ਹੋ ਰਹੀ ਸੀ, ਉੱਥੇ ਹੀ ਢੋਆ-ਢੁਆਈ ਵਿੱਚ ਵੱਧ ਸਮਾਂ ਲੱਗਣ ਕਾਰਨ ਰੇਲਵੇ ਵਿਭਾਗ, ਐਫਸੀਆਈ ਦੇ ਨਾਲ-ਨਾਲ ਖਾਦ ਡੀਲਰਾਂ ਦਾ ਵੀ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਇੱਥੋਂ ਤੱਕ ਕਿ ਮਜ਼ਦੂਰਾਂ ਨੂੰ ਵਾਰ-ਵਾਰ ਸੱਟਾਂ ਲੱਗ ਰਹੀਆਂ ਹਨ ਅਤੇ ਹੱਡੀਆਂ ਟੁੱਟਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ।

ਇਸੇ ਦੇ ਮਦੇਨਜ਼ਰ ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਵੱਲੋਂ ਰੇਲਵੇ ਵਿਭਾਗ ਨੂੰ ਮੰਗ ਪੱਤਰ ਵੀ ਦਿੱਤੇ ਗਏ ਸਨ। ਰੇਲਵੇ ਵਿਭਾਗ ਅਤੇ ਹੋਰ ਕਿਸੇ ਵੀ ਧਿਰ ਵੱਲੋਂ ਕੋਈ ਕਾਰਵਾਈ ਨਾ ਹੁੰਦੀ ਦੇਖ ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਦੇ ਨੁਮਾਇੰਦਿਆਂ ਨੇ ਸਾਲ 2022 ਵਿੱਚ ਸ਼੍ਰੀ ਜੈਨ ਅਤੇ ਸ਼੍ਰੀ ਅਮਨ ਅਰੋੜਾ ਨੂੰ ਇਸ ਬਾਬਤ ਗੁਹਾਰ ਲਗਾਈ ਸੀ।

ਸ਼੍ਰੀ ਜੈਨ ਨੇ ਜਿਥੇ 09 ਜੁਲਾਈ 2022 ਨੂੰ ਰੇਲਵੇ ਵਿਭਾਗ ਨੂੰ ਜ਼ਖ਼ਮੀ ਮਜ਼ਦੂਰਾਂ ਦੀਆਂ ਰਿਪੋਰਟਾਂ ਸਮੇਤ ਪੱਤਰ ਲਿਖ ਕੇ ਤਰੁੰਤ ਕਾਰਵਾਈ ਲਈ ਲਿਖਿਆ, ਉੱਥੇ ਇਸ ਮੁੱਦੇ ਨੂੰ ਨੈਸ਼ਨਲ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਰੇਲਵੇ ਵਿਭਾਗ ਨੂੰ ਨਿਰਦੇਸ਼ ਦੇਣ ਲਈ ਵੀ ਸ਼ਿਕਾਇਤ ਦਰਜ ਕਰਵਾਈ ਸੀ। ਨੈਸ਼ਨਲ ਮਨੁੱਖੀ ਅਧਿਕਾਰ ਕਮਿਸ਼ਨ ਨੇ 22 ਜੁਲਾਈ 2022 ਨੂੰ ਰੇਲਵੇ ਵਿਭਾਗ ਨੂੰ ਇਸ ਸੰਬਧੀ ਨਿਰਦੇਸ਼ ਦਿੱਤੇ ਸਨ।

ਇਸ ਉਪਰੰਤ ਵੀ ਸ਼੍ਰੀ ਜੈਨ ਵੱਲੋਂ ਵੱਖ-ਵੱਖ ਪੱਧਰ ਉੱਤੇ ਇਸ ਮਾਮਲੇ ਦੇ ਹੱਲ ਲਈ ਅਣਥੱਕ ਯਤਨ ਕੀਤੇ ਗਏ, ਜਿਸ ਵਿੱਚ ਸਮੇਂ-ਸਮੇਂ ਤੇ ਆਰ.ਟੀ. ਆਈ. ਨਾਲ ਜਾਣਕਾਰੀ ਲੈ ਕੇ ਉਸ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲੈਕੇ ਆਉਣੀ ਸ਼ਾਮਲ ਸਨ, ਤੇ ਹੁਣ ਉਹਨਾਂ ਦੇ ਯਤਨਾਂ ਨੂੰ ਬੂਰ ਪਿਆ ਹੈ ਤੇ ਇਹ ਮਸਲਾ ਹੱਲ ਹੋਣ ਨੇੜੇ ਪੁੱਜਾ ਹੈ। ਰੇਲਵੇ ਲਾਈਨ ਉੱਚੀ ਚੁੱਕਣ ਲਈ ਸਮੱਗਰੀ ਆਉਣੀ ਸ਼ੁਰੂ ਹੋ ਗਈ ਹੈ ਤੇ ਬਹੁਤ ਜਲਦ ਮਜ਼ਦੂਰਾਂ ਤੇ ਹੋਰ ਧਿਰਾਂ ਨੂੰ ਇਸ ਮੁਸ਼ਕਲ ਤੋਂ ਰਾਹਤ ਮਿਲ ਜਾਵੇਗੀ।

ਸ਼੍ਰੀ ਜੈਨ ਨੇ ਕਿਹਾ ਕਿ ਉਹ ਲੋਕ ਸੇਵਕ ਹਨ ਤੇ ਲੋਕਾਂ ਦੀ ਸੇਵਾ ਵਿੱਚ ਸਦਾ ਹਾਜ਼ਰ ਹਨ।

# ਲੇਖਕ ਰਣਜੀਤ ਲਹਿਰਾ ਵੱਲੋਂ ਸੰਪਾਦਤ ਪੁਸਤਕ 'ਇਨਕਲਾਬੀ ਜਮਹੂਰੀ ਲਹਿਰ ਦਾ ਜੁਝਾਰੂ ਸਿਪਾਹੀ ਨਾਮਦੇਵ ਭੁਟਾਲ' ਲੋਕ ਅਰਪਣ




ਲਹਿਰਾਗਾਗਾ, 10 ਦਸੰਬਰ (ਗੁਰਦੀਪ ਸਿੰਘ) : ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਬਹੁਤ ਹੀ ਸੂਝਵਾਨ, ਸਮਰਪਿਤ ਤੇ ਜੁਝਾਰੂ ਸਾਥੀ ਨਾਮਦੇਵ ਭੁਟਾਲ ਦੇ ਜੀਵਨ 'ਤੇ ਯਾਦਾਂ ਬਾਰੇ ਰਣਜੀਤ ਲਹਿਰਾ ਵੱਲੋਂ ਸੰਪਾਦਤ ਪੁਸਤਕ ਇਨਕਲਾਬੀ ਜਮਹੂਰੀ ਲਹਿਰ ਦਾ ਜੁਝਾਰੂ ਸਿਪਾਹੀ: ਨਾਮਦੇਵ ਭੁਟਾਲ ਪਿੰਡ ਭੁਟਾਲ ਕਲਾਂ ਵਿਖੇ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਦੇ ਸੰਪਾਦਕ ਰਣਜੀਤ ਲਹਿਰਾ ਵੱਲੋਂ ਸਾਥੀ ਨਾਮਦੇਵ ਦੀ ਜੀਵਨ ਸਾਥੀ ਜਸਵੰਤ ਕੌਰ, ਉਨ੍ਹਾਂ ਦੇ ਬੇਟੇ ਦਿਲਪ੍ਰੀਤ ਦੀਪੀ, ਉਨ੍ਹਾਂ ਦੀ ਬੇਟੀ ਹਰਦੀਪ ਕੌਰ ਰਿੰਪੀ, ਜਵਾਈ ਸੁਖਵਿੰਦਰ ਸਿੰਘ ਹੈਪੀ ਅਤੇ ਉਨ੍ਹਾਂ ਦੇ ਵੱਡੇ ਭਰਾ ਬਾਈ ਬਲਦੇਵ ਸਿੰਘ ਗਿੱਲ ਨੂੰ ਪਹਿਲੀ ਕਾਪੀ ਭੇਟ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਨਾਮਦੇਵ ਦੇ ਬਹੁਤ ਨਜਦੀਕੀ ਦੋਸਤ ਜਗਮੋਹਨ ਪਟਿਆਲਾ, ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਐਡਵੋਕੇਟ ਹਰੀਭਗਵਾਨ ਜੌਹਰ,ਹਰਪਾਲ ਭੁਟਾਲ, ਬਿੱਲੂ ਭੁਟਾਲ, ਬਿੰਦਰ ਸਿੰਘ, ਰਾਜਪਾਲ ਕੌਰ, ਹਰਚਰਨ ਮੀਨੂ ਵੀ ਨਾਲ ਸਨ।ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਲੇਖ਼ਕ ਰਣਜੀਤ ਲਹਿਰਾ ਨੇ ਕਿਹਾ ਕਿ ਸਾਥੀ ਨਾਮਦੇਵ ਭੁਟਾਲ ਇਨਕਲਾਬੀ ਜਮਹੂਰੀ ਲਹਿਰ ਦੀ ਇੱਕ ਮਾਣਮੱਤੀ ਸ਼ਖ਼ਸੀਅਤ ਸੀ, ਜਿਸਨੇ ਆਪਣੀ ਜ਼ਿੰਦਗੀ ਦੇ ਪੰਜਾਹ ਤੋਂ ਵਧੇਰੇ ਸਾਲ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਕੁਰਬਾਨ ਕੀਤੇ ਅਤੇ ਮਰਨ ਉਪਰੰਤ ਮਨੁੱਖਤਾ ਦੀ ਸੇਵਾ ਲਈ ਆਪਣਾ ਸ਼ਰੀਰ ਵੀ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ। ਉਨ੍ਹਾਂ ਪਰਿਵਾਰ ਸਮੇਤ ਉਨ੍ਹਾਂ ਸਾਰੇ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਕਿਤਾਬ ਲਈ ਆਰਥਿਕ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਅਤੇ ਕਿਤਾਬ ਨੂੰ ਚੰਗੇਰੀ ਬਣਾਉਣ ਲਈ ਆਪਣੀਆਂ ਰਚਨਾਵਾਂ ਅਤੇ ਕੀਮਤੀ ਸੁਝਾਅ ਦਿੱਤੇ, ਮਰਹੂਮ ਸਾਥੀ ਨਾਮਦੇਵ ਭੁਟਾਲ ਦੇ ਬਹੁਤ ਕਰੀਬੀ ਦੋਸਤ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਪਟਿਆਲਾ ਨੇ ਕਿਹਾ ਕਿ ਉਹ ਆਪਣੇ ਤੇ ਪਰਿਵਾਰ ਵੱਲੋਂ ਕਿਤਾਬ ਦੇ ਸੰਪਾਦਕ ਰਣਜੀਤ ਲਹਿਰਾ ਸਮੇਤ ਕਿਤਾਬ ਲਈ ਯਾਦਗਾਰੀ ਰਚਨਾਵਾਂ ਲਿਖਣ ਵਾਲੇ ਸਾਰੇ ਸੰਗੀਆਂ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਉਮੀਦ ਜ਼ਾਹਰ ਕੀਤੀ ਕਿ ਪਾਠਕ ਇਸ ਕਿਤਾਬ ਨੂੰ ਭਰਵਾਂ ਹੁੰਗਾਰਾ ਦੇਣਗੇ।

ਇਸ ਮੌਕੇ ਲੋਕ ਚੇਤਨਾ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ, ਜਮਹੂਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਮੰਡੀਕਲਾਂ, ਜਨਕ ਸਿੰਘ ਭੁਟਾਲ, ਰਘਬੀਰ ਭੁਟਾਲ, ਜਗਦੀਸ਼ ਪਾਪੜਾ ਆਦਿ ਵੀ ਹਾਜ਼ਰ ਸਨ।

# ਬੇਰੁਜ਼ਗਾਰੀ ਤੋਂ ਤੰਗ ਆ ਕੇ ਲੁੱਟਾਂ-ਖੋਹਾਂ ਲਈ ਗੈਂਗ ਬਣਾਉਣ ਦੀ ਤਿਆਰੀ ਪਰ ਅਸਲੇ ਸਮੇਤ ਚੜ੍ਹ ਗਿਆ ਪੁਲਿਸ ਦੇ ਅੜਿੱਕੇ

## ਤਿੰਨ ਰਿਵਾਲਵਰ ਅਤੇ ਗੋਲ਼ੀ-ਸਿੱਕਾ ਬਰਾਮਦ

ਬਠਿੰਡਾ, 10 ਦਸੰਬਰ (ਦੀਪਕ ਸ਼ਰਮਾ) : ਥਾਣਾ ਨੰਦਗੜ੍ਹ ਦੀ ਪੁਲਿਸ ਨੇ ਇੱਕ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਤਿੰਨ ਰਿਵਾਲਵਰ( ਦੇਸੀ ਕੱਟੇ) ਅਤੇ ਭਾਰੀ ਮਾਤਰਾ ਚ ਗੋਲੀ ਸਿੱਕਾ ਬਰਾਮਦ ਕੀਤਾ ਹੈ। ਕਥਿਤ ਦੋਸ਼ੀ ਖਿਲਾਫ ਇਸ ਤੋਂ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਛੇ ਪਰਚੇ ਦਰਜ ਹਨ। ਜਾਣਕਾਰੀ ਅਨੁਸਾਰ ਮੁਲਜ਼ਮ ਮੱਧ ਵਰਗੀ ਕਿਸਾਨੀ ਨਾਲ ਸੰਬੰਧ ਰੱਖਦਾ ਹੈ। ਕਥਿਤ ਦੋਸ਼ੀ ਦੀ ਪਛਾਣ ਲਵਪ੍ਰੀਤ ਸਿੰਘ ਉਰਫ ਲੱਭੀ ਵਾਸੀ ਬੰਬੀਹਾ ਵਜੋਂ ਹੋਈ। ਦੱਸਿਆ ਜਾ ਰਿਹਾ ਹੈ ਕਿ ਲੱਭੀ ਬੇਰੋਜ਼ਗਾਰ ਹੋਣ ਕਰਕੇ ਲੁੱਟਾਂ -ਖੋਹਾਂ ਦੇ ਰਾਹ ਤੇ ਪੈ ਗਿਆ, ਹੁਣ ਉਹ ਨਵਾਂ ਗੈਂਗ ਬਣਾਉਣ ਦੀ ਤਿਆਰੀ ਵਿੱਚ ਸੀ। ਜਿਸ ਲਈ ਉਹ ਅਸਲਾ ਇਕੱਠਾ ਕਰ ਰਿਹਾ ਸੀ।



ਸਥਾਨਕ ਸਕੱਤਰੇਤ ਵਿੱਚ ਕੀਤੀ ਗਈ ਪ੍ਰੈੱਸ ਵਾਰਤਾ ਦੌਰਾਨ ਡੀ.ਐੱਸ.ਪੀ. ਦਿਹਾਤੀ ਹਰਵਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਸੀਨੀਅਰ ਕਪਤਾਨ ਪੁਲਿਸ, ਬਠਿੰਡਾ, ਅਮਨੀਤ ਕੌਂਡਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐੱਸ.ਪੀ. ਸਿਟੀ ਨਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਥਾਣਾ ਨੰਦਗੜ੍ਹ ਦੀ ਪੁਲਿਸ ਪਾਰਟੀ ਗਸ਼ਤ ਕਰ ਰਹੀ ਸੀ। ਲੰਘੀ 8 ਦਸੰਬਰ ਨੂੰ ਜਦੋਂ ਪੁਲਿਸ ਪਾਰਟੀ ਲਿੰਕ ਰੋਡ ਪਿੰਡ ਬੰਬੀਹਾ ਤੋਂ ਪਿੰਡ ਦਾਨੇ ਕਾ ਚੱਕ ਵੱਲ ਜਾ ਰਹੀ ਸੀ, ਤਾਂ ਪਿੰਡ ਬੰਬੀਹਾ ਤੋਂ ਕਰੀਬ 1 ਕਿਲੋਮੀਟਰ ਅੱਗੇ ਪੁਲ ਸੂਏ ਕੋਲ ਇੱਕ ਨੌਜਵਾਨ ਪੁਲਿਸ ਦੀ ਗੱਡੀ ਦੇਖ ਕੇ ਤਾਲਾ ਵੱਟਣ ਲੱਗਾ ਅਤੇ ਹੱਥ ਵਿੱਚ ਫੜੀ ਚੀਜ਼ ਨੂੰ ਡੱਬ ਵਿੱਚ ਲੁਕਾ ਕੇ ਪਿੱਛੇ ਮੁੜਨ ਲੱਗਾ।

ਪੁਲਿਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਉਸ ਨੂੰ ਕਾਬੂ ਕੀਤਾ ਅਤੇ ਤਲਾਸ਼ੀ ਦੌਰਾਨ ਉਸ ਕੋਲੋਂ ਇੱਕ ਦੇਸੀ ਰਿਵਾਲਵਰ ਸਮੇਤ 6 ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਕਧਿਥ ਦੋਸ਼ੀ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਲੱਭੀ ਵਜੋਂ ਹੋਈ। ਪੁਲਿਸ ਨੇਮ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਥਾਣਾ ਨੰਦਗੜ੍ਹ ਵਿਖੇ ਅਸਲਾ ਐਕਟ ਦੇ ਅਧੀਨ ਕੇਸ ਦਰਜ ਕੀਤਾ ਹੈ।

ਡੀ.ਐੱਸ.ਪੀ. ਸਰਾਂ ਨੇ ਦੱਸਿਆ ਕਿ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ 1 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ। ਪੁਲਿਸ ਰਿਮਾਂਡ ਦੌਰਾਨ ਪੁੱਛਗਿੱਛ ਤੋਂ ਬਾਅਦ ਮੁਲਜ਼ਮ ਦੀ ਨਿਸ਼ਾਨਦੇਹੀ 'ਤੇ 2 ਹੋਰ ਦੇਸੀ ਰਿਵਾਲਵਰਾਂ (ਕੱਟੇ) ਸਮੇਤ 40 ਜ਼ਿੰਦਾ ਕਾਰਤੂਸ ਅਤੇ 17 ਖੋਲ ਰੌਂਦ ਬਰਾਮਦ ਕੀਤੇ ਗਏ। ਇਸ ਤਰ੍ਹਾਂ ਕੁੱਲ ਬਰਾਮਦਗੀ 3 ਦੇਸੀ ਰਿਵਾਲਵਰਾਂ ਸਮੇਤ 46 ਜ਼ਿੰਦਾ ਕਾਰਤੂਸ ਅਤੇ 17 ਖੋਲ ਰੌਂਦ ਹੈ।

ਇਸ ਸਬੰਧੀ ਥਾਣਾ ਨੰਦਗੜ੍ਹ ਦੇ ਐਸਐਚਓ ਰਵਿੰਦਰ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਜੋ ਮਿਡਲ ਕਲਾਸ ਨਾਲ ਸਬੰਧਤ ਹੈ ਅਤੇ ਦੋ ਬੱਚਿਆਂ ਦਾ ਪਿਓ ਹੈ ਬੇਰੁਜ਼ਗਾਰ ਹੋਣ ਕਾਰਨ ਲੁੱਟਾਂ-ਖੋਹਾਂ ਕਰਨ ਲਈ ਨਵਾਂ ਗੈਂਗ ਬਣਾਉਣ ਦੀ ਤਿਆਰੀ ਵਿੱਚ ਸੀ। ਬਰਾਮਦ ਕੀਤੇ ਗਏ ਹਥਿਆਰਾਂ ਦੀ ਵਰਤੋਂ ਇਸੇ ਮਕਸਦ ਲਈ ਕੀਤੀ ਜਾਣੀ ਸੀ।

ਦੂਜੇ ਪਾਸੇ ਡੀ.ਐੱਸ.ਪੀ. ਨੇ ਦੱਸਿਆ ਕਿ ਕਧਿਤ ਦੋਸ਼ੀ ਉੱਤੇ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ 6 ਹੋਰ ਮੁਕੱਦਮੇ ਦਰਜ ਹਨ।

ਉਨ੍ਹਾਂ ਕਿਹਾ ਕਿ ਇਹ ਹਥਿਆਰ ਕਿੱਥੋਂ ਲਿਆਂਦੇ ਗਏ ਅਤੇ ਉਸ ਨਾਲ ਹੋਰ ਕਿੰਨੇ ਵਿਅਕਤੀ ਸਰਗਰਮ ਹਨ,

ਡੀਐਸਪੀ ਅਨੁਸਾਰ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹੋਰ ਰਿਮਾਂਡ ਹਾਸਲ ਕੀਤਾ ਜਾਵੇਗਾ। ਉਸ ਦੌਰਾਨ ਕੀਤੀ ਜਾਣ ਵਾਲੀ ਪੁੱਛ ਗਿਛ ਵਿੱਚ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਪਤਾ ਲਗਾਇਆ ਜਾਏਗਾ ਕਿ ਉਹ ਇਹ ਹਥਿਆਰ ਕਿੱਥੋਂ ਲੈ ਕੇ ਆਇਆ ਸੀ ਤੇ ਇਸ ਵਕਤ ਉਸ ਨਾਲ ਹੋਰ ਕਿੰਨੇ ਵਿਅਕਤੀ ਸਰਗਰਮ ਹਨ।

# ਮਲੋਟ ਟ੍ਰੈਫ਼ਿਕ ਪੁਲਿਸ ਵੱਲੋਂ ਹਾਦਸਿਆਂ ਤੋਂ ਬਚਾਅ ਅਤੇ ਸੁਰੱਖਿਅਤ ਵਾਹਨ ਚਲਾਉਣ ਲਈ ਲਗਾਤਾਰ ਜਾਗਰੂਕਤਾ ਮੁਹਿੰਮ ਜਾਰੀ




ਮਲੋਟ, 10 ਦਸੰਬਰ (ਅਮਨਦੀਪ ਸਿੰਘ ਮਹਿਰਾ) : ਮਲੋਟ ਟਰੈਫਿਕ ਪੁਲਿਸ ਵੱਲੋਂ ਹਾਦਸਿਆਂ ਤੋਂ ਬਚਾਵ ਅਤੇ ਸੁਰੱਖਿਅਤ ਵਾਹਨ ਚਲਾਉਣ ਲਈ ਲਗਾਤਾਰ ਜਾਗਰੂਕਤਾ ਮੁਹਿੰਮ ਚਲਾ ਰਹੀ ਹੈ। ਇਸ ਮੁਹਿੰਮ ਦੇ ਤਹਿਤ ਟਰੈਫਿਕ ਪੁਲਿਸ ਸਮੇਂ-ਸਮੇਂ ਸਕੂਲਾਂ, ਕਾਲਜਾਂ ਤੇ ਆਮ ਲੋਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਸੈਮੀਨਾਰਾਂ ਰਾਹੀਂ ਜਾਣੂ ਕਰਵਾ ਰਹੀ ਹੈ। ਇਸੇ ਕੜੀ ਵਿੱਚ ਮਲੋਟ ਰੈਸਕ ਪੁਲਿਸ ਇੰਚਾਰਜ ਏਐਸਆਈ ਜਸਪਾਲ ਸਿੰਘ ਦੀ ਅਗਵਾਈ ਹੇਠ ਟਰੈਫਿਕ ਕਰਮਚਾਰੀਆਂ ਨੇ ਐਨਸੀਸੀ ਅਕੈਡਮੀ ਦਾਨੇਵਾਲਾ ਵਿਖੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ। ਏਐਸਆਈ ਜਸਪਾਲ ਸਿੰਘ ਨੇ ਦੱਸਿਆ ਕਿ ਮਲੋਟ ਹਲਕੇ ਦੇ ਡੇਢ ਦਰਜ਼ਨ ਤੋਂ ਵੱਧ ਸਕੂਲਾਂ, ਕਾਲਜਾਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਉਹ ਇਸ ਤਰ੍ਹਾਂ ਦੇ ਸੈਮੀਨਾਰ ਕਰ ਚੁੱਕੇ ਹਨ। ਇਨ੍ਹਾਂ ਦੌਰਾਨ ਵਿਦਿਆਰਥੀਆਂ ਨੂੰ ਸੜਕ 'ਤੇ ਤੁਰਨ ਅਤੇ ਵਾਹਨ ਚਲਾਉਣ ਸਮੇਂ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਬਾਲਗ ਹੋਣ ਤੋਂ ਪਹਿਲਾਂ ਦੋ ਪਹੀਆ ਜਾਂ ਚਾਰ ਪਹੀਆ ਵਾਹਨ ਨਾ ਚਲਾਉਣਾ, ਸੜਕ 'ਤੇ ਹਮੇਸ਼ਾ ਖੱਬੇ ਪਾਸੇ ਤੁਰਨਾ, ਅੱਗੇ ਜਾ ਰਹੇ ਵਾਹਨ ਵੱਲੋਂ ਦਿੱਤੇ ਗਏ ਇਸ਼ਾਰਿਆਂ ਅਨੁਸਾਰ ਗਤੀ ਤੇ ਦਿਸ਼ਾ ਤਬਦੀਲ ਕਰਨਾ ਹਰ ਡਰਾਈਵਰ ਦੀ ਮੁੱਖ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ ਰੈੱਡ ਲਾਈਟ ਦੇ ਨਿਯਮ, ਮੋੜ ਮੁੜਦੇ ਸਮੇਂ ਇਸ਼ਾਰੇ ਲਗਾਉਣ ਅਤੇ ਵਾਹਨਾਂ ਨੂੰ ਸਹੀ ਥਾਂ ਪਾਰਕ ਕਰਨ ਬਾਰੇ ਵੀ ਸੁਝਾਅ ਦਿੱਤੇ ਗਏ। ਏਐਸਆਈ ਨੇ ਇਹ ਵੀ ਦੱਸਿਆ ਕਿ ਸਕੂਲ ਪ੍ਰਬੰਧਕਾਂ ਰਾਹੀਂ ਮਾਤਾ-ਪਿਤਾਵਾਂ ਨੂੰ ਵਿਸ਼ੇਸ਼ ਨੋਟਿਸ ਭੇਜੇ ਜਾਂਦੇ ਹਨ, ਤਾਂ ਜੋ ਨਾਬਾਲਗ ਬੱਚਿਆਂ ਨੂੰ ਵਾਹਨ ਨਾ ਦਿੱਤੇ ਜਾਣ। ਇਸ ਦੌਰਾਨ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਹੋਣ ਵਾਲੀ ਕਾਨੂੰਨੀ ਕਾਰਵਾਈ ਅਤੇ ਚਲਾਨ ਪ੍ਰਕਿਰਿਆ ਬਾਰੇ ਵੀ ਜਾਣੂ ਕਰਵਾਇਆ ਗਿਆ। ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸੁਰੱਖਿਆ ਪ੍ਰਤੀ ਜਾਗਰੂਕ ਕਰਨਾ ਅਤੇ ਹਾਦਸਿਆਂ ਵਿੱਚ ਕਮੀ ਲਿਆਉਣਾ ਹੈ।

# ਬਾਜਾਖਾਨਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਲਈ ਕੀਤਾ ਚੋਣ ਪ੍ਰਚਾਰ

ਬਾਜਾਖਾਨਾ, 10 ਦਸੰਬਰ (ਅਵਤਾਰ ਸਿੰਘ ਮੱਲਾ) : ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦਾ ਜਦ ਤੋਂ ਐਲਾਨ ਹੋਇਆ ਹੈ,ਉਸੇ ਦਿਨ ਤੋਂ ਲੈਕੇ ਵੱਖ ਵੱਖ ਪਾਰਟੀਆਂ ਨੇ ਮੈਦਾਨ ਵਿੱਚ ਆ ਕੇ ਆਪਣੇ ਕਮਰਕਸੇ ਕਸ ਲਏ ਹਨ। ਅੱਜ ਬਾਜਾਖਾਨਾ ਜੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਲਈ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸ੍ਰੀਮਤੀ ਕਰਮਜੀਤ ਕੌਰ ਬਾਜਾਖਾਨਾ ਲਈ ਅਕਾਲੀ ਵਰਕਰਾਂ ਵੱਲੋਂ ਘਰ ਘਰ ਦੇ ਵਿੱਚ ਪਹੁੰਚ ਕਰ ਕੇ ਵੋਟਾਂ ਮੰਗੀਆਂ ਗਈਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ 4 ਸਾਲਾਂ ਦੀ ਕਾਰਗੁਜ਼ਾਰੀ ਤੇ ਵੱਡੇ ਸਵਾਲ ਖੜ੍ਹੇ ਕੀਤੇ ਗਏ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਉਡੀਕ ਵਿੱਚ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀ ਉਮੀਦਵਾਰ ਕਰਮਜੀਤ ਕੌਰ ਦੇ ਹੱਕ ਵਿੱਚ ਵੋਟਾਂ ਦੀ ਅਪੀਲ ਕਰਨ ਮੌਕੇ ਸਾਬਕਾ ਸਰਪੰਚ ਹਰਮੇਲ ਸਿੰਘ, ਸਾਬਕਾ ਸਰਪੰਚ ਜਸਮੇਲ ਸਿੰਘ, ਸਾਬਕਾ ਸਰਪੰਚ ਸੋਹਣ ਸਿੰਘ ਬਾਜਾਖਾਨਾ, ਸਾਬਕਾ ਸਰਪੰਚ ਕਰਮ ਸਿੰਘ ਬਾਜਾਖਾਨਾ, ਕੁਲਦੀਪ ਸਿੰਘ ਢਿੱਲੋਂ ਜ਼ਿਲ੍ਹਾ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ,ਸਰਕਲ ਪ੍ਰਧਾਨ ਜਗਸੀਰ ਸਿੰਘ ਢਿੱਲੋਂ ਬਾਜਾਖਾਨਾ, ਰਣਧੀਰ ਸਿੰਘ ਢਿੱਲੋਂ, ਸੀਨੀਅਰ ਆਗੂ ਜੋਰਾ ਸਿੰਘ,ਰਾਜੂ ਯੂਪੀ ਵਾਲਾ,ਜਗਰਾਜ ਸਿੰਘ ਪ੍ਰਧਾਨ, ਦੀਪਾ ਸਿੰਘ ਰਫਿਊਜੀ, ਕਾਕਾ ਸਿੰਘ ਰਫਿਊਜੀ, ਪਵਨਦੀਪ ਸਿੰਘ ਢਿੱਲੋਂ , ਸਰਬਜੀਤ ਸਿੰਘ ਨੰਬਰਦਾਰ,ਸਾਧੂ ਸਿੰਘ ਬਰਾੜ,ਚੀਨਾ ਬਾਦਲ,ਗੱਗੂ ਗਿੱਲ,ਡਾ ਗੁਰਚਰਨ ਸਿੰਘ,ਮੰਦਰ ਸਿੰਘ ਮੈਂਬਰ, ਗੁਰਲਾਲ ਸਿੰਘ,ਟੋਨੀ ਸਿੰਘ,ਗਗਨਾ ਸਿੰਘ ਨੰਬਰਦਾਰ, ਸਰਬਜੀਤ ਸਿੰਘ ਪ੍ਰਧਾਨ,ਭੋਲਾ ਸਿੰਘ ਸੋਢੀ, ਕਾਲਾ ਸੋਢੀ, ਰਘਵੀਰ ਸਿੰਘ ਢਿੱਲੋਂ, ਪੱਪੂ ਸਿੰਘ ਢਿੱਲੋਂ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਹਲਕਾ ਕੋਆਰਡੀਨੇਟਰ ਗੁਰਵਿੰਦਰ ਕੌਰ ਤਿੰਨ ਆਗੂਆਂ ਸਮੇਤ ਅਕਾਲੀ ਦਲ 'ਚ ਸ਼ਾਮਿਲ

## ਸਾਬਕਾ ਕੈਬਨਿਟ ਮੰਤਰੀ ਮਲੂਕਾ ਨੇ ਕੀਤਾ ਸਨਮਾਨਿਤ

ਭਗਤਾ ਭਾਈ ਕਾ, 10 ਦਸੰਬਰ (ਸਵਰਨ ਸਿੰਘ ਭਗਤਾ) : ਆਮ ਆਦਮੀ ਪਾਰਟੀ ਨੂੰ ਉਸ ਮੌਕੇ ਵੱਡਾ ਸਿਆਸੀ ਝਟਕਾ ਲੱਗਿਆ, ਜਦ 'ਆਪ' ਦੀ ਹਲਕਾ ਕੋਆਰਡੀਨੇਟਰ ਸਾਬਕਾ ਬਲਾਕ ਪ੍ਰਧਾਨ ਭਗਤਾ ਭਾਈਕਾ ਗੁਰਵਿੰਦਰ ਕੌਰ ਭਗਤਾ,ਆਪ ਆਗੂ ਰਾਜ ਕੌਰ, ਮਮਤਾ ਕੌਰ ਅਤੇ ਸੁਰਜੀਤ ਕੌਰ ਧਾਲੀਵਾਲ ਨੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋ ਗਏ।ਇਸ ਮੌਕੇ ਸਾਬਕਾ ਪੰਚਾਇਤ ਮੰਤਰੀ, ਕੌਮੀ ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ ਸਿਕੰਦਰ ਸਿੰਘ ਮਲੂਕਾ ਨੇ 'ਆਪ' ਆਗੂਆਂ ਦਾ ਸਵਾਗਤ ਕਰਦਿਆਂ ਸਨਮਾਨਿਤ ਕੀਤਾ। ਮਲੂਕਾ ਨੇ ਕਿਹਾ ਕੇ ਆਮ ਆਦਮੀ ਪਾਰਟੀ ਸੱਤਾ 'ਚ ਆਉਣ ਤੋਂ ਪਹਿਲਾਂ ਆਮ ਵਰਕਰਾਂ ਨੂੰ ਅਹੁਦੇ 'ਤੇ ਟਿਕਟਾਂ ਦੇਣ ਦੇ ਨਾਲ-ਨਾਲ ਹਰ ਵਰਕਰ ਦੀ ਸੱਤਾ 'ਚ ਬਰਾਬਰ ਹਿੱਸੇਦਾਰੀ ਦੀ ਗੱਲ ਕਰਦੀ ਸੀ ਪਰੰਤੂ ਸਰਕਾਰ ਬਣਨ ਤੋਂ ਬਾਅਦ ਆਪ ਨੇ ਜਿੱਥੇ ਸੂਬੇ ਦੇ ਲੋਕਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਕੀਤੇ, ਉਥੇ ਹੀ ਵਰਕਰਾਂ ਨੂੰ ਵੀ ਧੋਖਾ ਦਿੱਤਾ। ਰਾਜ ਸਭਾ 'ਚ ਆਮ ਵਰਕਰਾਂ ਨੂੰ ਅੱਖੋਂ ਪਰੋਖੇ ਕਰ ਵੱਡੇ ਵਪਾਰੀਆਂ ਤੇ ਦਿੱਲੀ ਦੇ ਆਗੂਆਂ ਨੂੰ ਤਰਜ਼ੀਹ ਦਿੱਤੀ ਵਰਕਰਾਂ ਦੀ ਪੁੱਛ ਨਾ ਹੋਣ ਕਾਰਨ ਆਪ ਵਰਕਰ ਤੇ ਆਗੂ ਪਾਰਟੀ ਤੋਂ ਕਿਨਾਰਾ ਕਰ ਰਹੇ ਹਨ। ਪੰਜਾਬ ਹਿਤੈਸ਼ੀ ਆਗੂ ਹੁਣ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋ ਰਹੇ ਹਨ।ਮਲੂਕਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 'ਚ ਹਮੇਸ਼ਾ ਮਿਹਨਤੀ ਤੇ ਇਮਾਨਦਾਰ ਆਗੂਆਂ ਨੂੰ ਮਾਨ ਸਤਿਕਾਰ ਮਿਲਦਾ ਹੈ। ਉਹਨਾਂ ਕਿਹਾ ਕੇ ਪਾਰਟੀ 'ਚ ਸ਼ਾਮਿਲ ਹੋਣ ਵਾਲੀਆਂ ਬੀਬੀਆਂ ਨੂੰ ਹਲਕਾ ਰਾਮਪੁਰਾ ਫੂਲ 'ਚ ਅਹਿਮ ਜਿੰਮੇਵਾਰੀ ਦਿੱਤੀ ਜਾਵੇਗੀ। ਗੁਰਵਿੰਦਰ ਕੌਰ, ਰਾਜ ਕੌਰ ਅਤੇ ਮਮਤਾ ਕੌਰ ਨੇ ਕਿਹਾ ਕੇ ਹਲਕੇ ਦੇ ਵਿਧਾਇਕ ਬਲਕਾਰ ਸਿੱਧੂ ਨੇ ਆਪ ਦੇ ਪੁਰਾਣੇ ਵਰਕਰ ਤੇ ਆਗੂਆਂ ਦੀ ਕਦੇ ਸਾਰ ਨਹੀਂ ਲਈ 4 ਸਾਲਾਂ 'ਚ ਹਲਕੇ ਦਾ ਕੋਈ ਵਿਕਾਸ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਸਿਕੰਦਰ ਸਿੰਘ ਮਲੂਕਾ ਦੇ ਵਿਕਾਸ ਪੱਖੀ ਏਜੰਡੇ ਤੋਂ ਪ੍ਰਭਾਵਿਤ ਹੋ ਕੇ ਹੀ ਉਹ ਅਕਾਲੀ ਦਲ ਚ ਸ਼ਾਮਿਲ ਹੋਏ ਹਨ। ਇਸ ਮੌਕੇ ਸਾਬਕਾ ਚੇਅਰਮੈਨ ਗਗਨਦੀਪ ਗਰੇਵਾਲ, ਜਗਮੋਹਨ ਲਾਲ ਭਗਤਾ, ਸੁਖਜਿੰਦਰ ਖਾਨਦਾਨ ,ਮਨਜੀਤ ਸਿੰਘ ਧੁੰਨਾ, ਰਕੇਸ਼ ਗੋਇਲ ਸਾਬਕਾ ਪ੍ਰਧਾਨ, ਵਾਤਾਵਰਨ ਪ੍ਰੇਮੀ ਗੁਰਤੇਜ ਸਿੰਘ ਚਾਨੀ ਸਿਰੀਏਵਾਲਾ,ਹਰਦੇਵ ਸਿੰਘ ਗੋਗੀ ਬਰਾੜ, ਜਸਪਾਲ ਸਿੰਘ ਵੜਿੰਗ, ਦਲਜੀਤ ਸਿੰਘ ਬਰਾੜ, ਰਘਬੀਰ ਸਿੰਘ ਕਾਕਾ ਆਦਿ ਸਮੇਤ ਅਕਾਲੀ ਵਰਕਰ ਹਾਜਰ ਸਨ।ਇਸ ਤੋਂ ਇਲਾਵਾ ਅੱਜ ਹਲਕਾ ਰਾਮਪੁਰਾ ਫੂਲ ਦੇ ਪਿੰਡ ਦਿਆਲਪੁਰਾ ਮਿਰਜ਼ਾ, ਸੇਲਬਰਾਹ, ਸਿਧਾਣਾ, ਹਰਨਾਮ ਸਿੰਘ ਵਾਲਾ, ਕਾਲੋਕੇ, ਬੁਰਜ਼ ਗਿੱਲ, ਗੁੰਮਟੀ, ਕੋਠਾਗੁਰੂ ਖੁਰਦ ਅਤੇ ਮਲੂਕਾ ਖੁਰਦ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ। ਜਿਸ ਦੌਰਾਨ ਲੋਕਾਂ ਨੇ ਇਨ੍ਹਾਂ ਚੋਣ ਜਲਸਿਆਂ ਵਿੱਚ ਵੱਡੀ ਸ਼ਮੂਲੀਅਤ ਕੀਤੀ।



# ਸੀ.ਐਮ.ਐਸ. ਗੁਰੂ ਕਾਸ਼ੀ ਪਬਲਿਕ ਸਕੂਲ ਵਿਖੇ ਸਾਲਾਨਾ ਸਮਾਗਮ ਕਰਵਾਇਆ

ਭਗਤਾ ਭਾਈ ਕਾ, 10 ਦਸੰਬਰ (ਸਵਰਨ ਸਿੰਘ ਭਗਤਾ): ਸੀ ਐਮ ਐਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਦਾ ਸਾਲਾਨਾ ਸਮਾਗਮ ਸਕੂਲ ਕੈਂਪਸ ਵਿੱਚ ਬੜੀ ਹੀ ਧੂਮ - ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ , ਜਿਸ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਵੈਲਕਮ ਸੌਂਗ ਅਤੇ ਵੈਲਕਮ ਡਾਂਸ ਨਾਲ ਕੀਤੀ ਗਈ ਉਪਰੰਤ ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਨੇ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾਕਟਰ ਜਗਜੀਤ ਸਿੰਘ ਧੂਰੀ ਪ੍ਰਧਾਨ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ ਐਂਡ ਐਸੋਸੀਏਸ਼ਨ ਅਤੇ ਜੁਆਇੰਟ ਐਸੋਸੀਏਸ਼ਨ ਆਫ ਕਾਲਜਿਜ਼ ਅਤੇ ਵਿਸ਼ੇਸ਼ ਮਹਿਮਾਨ ਮੈਡਮ ਮਮਤਾ ਖੁਰਾਣਾ ਜਿਲਾ ਸਿੱਖਿਆ ਅਫਸਰ ਬਠਿੰਡਾ , ਆਏ ਹੋਏ ਹੋਰ ਸਤਿਕਾਰਯੋਗ ਮਹਿਮਾਨ,ਅਤੇ ਮਾਪਿਆਂ ਨੂੰ ਜੀ ਆਇਆ ਆਖਿਆ ਅਤੇ ਉਹਨਾਂ ਨੂੰ ਸਕੂਲ ਸਬੰਧੀ ਜਾਣਕਾਰੀ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਦੱਸਿਆ ।ਇਸ ਤੋਂ ਬਾਅਦ ਸਕੂਲੀ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਵੱਖੋ -ਵੱਖ ਤਰ੍ਹਾਂ ਦੇ ਪ੍ਰੋਗਰਾਮ ਸ਼ਬਦ ,ਕਵੀਸ਼ਰੀ, ਭਾਰਤ ਦੇ ਵੱਖੋ -ਵੱਖ ਰਾਜਾਂ ਨਾਲ ਸੰਬੰਧਿਤ ਲੋਕ ਨਾਚ, ਕੋਰੀਓਗਰਾਫੀ ਨਾਟਕ ਆਦਿ ਪੇਸ਼ ਕੀਤੇ ਗਏ, ਜਿਨ੍ਹਾਂ ਦਾ ਆਏ



ਹੋਏ ਸਰੋਤਿਆਂ ਨੇ ਖੂਬ ਅਨੰਦ ਮਾਣਿਆ ਇਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਡਾਂਸ ਦਿਲ ਹੈ ਛੋਟਾ ਸਾ, ਮੋਟੂ ਪਤਲੂ, ਬਾਰਬੀ ਡੌਲ, ਬਮ ਬਮ ਭੋਲੇ ,ਜੁੱਤੀ ਕਸੂਰੀ ਸੋਲੋ ਡਾਂਸ ਪੰਜਾਬੀ ਗੀਤ ਮਿੱਟੀ ਦਾ ਬਾਵਾ ਆਦਿ ਗਾ ਕੇ ਵਾਹ ਵਾਹ ਖੱਟੀ ਇਸ ਤੋਂ ਇਲਾਵਾ ਦੇਸ਼ ਭਗਤੀ ਅਤੇ ਬਿਰਧ ਆਸ਼ਰਮ ਸਬੰਧੀ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਕੋਰੀਓਗ੍ਰਾਫੀ ਨੇ ਸਭ ਨੂੰ ਭਾਵੁਕ ਕਰ ਦਿੱਤਾ ।ਪੰਜਾਬ ਦੇ ਪ੍ਰਸਿੱਧ ਲੋਕ ਨਾਚ ਗਿੱਧੇ ਅਤੇ ਭੰਗੜੇ ਵਾਲੇ ਵਿਦਿਆਰਥੀਆਂ ਨੇ ਆਪਣੀ ਜ਼ਬਰਦਸਤ ਪੇਸ਼ਕਾਰੀ ਨਾਲ ਜੋਸ਼ ਭਰਿਆ ਮਾਹੌਲ ਸਿਰਜ ਦਿੱਤਾ ਅਤੇ ਹਰ ਪਾਸੇ ਤੋਂ ਆ ਰਹੀ ਤਾੜੀਆਂ ਦੀ ਆਵਾਜ਼ ਨੇ ਹਾਜ਼ਰੀਨ ਨੂੰ ਝੂਮਣ ਲਾ ਦਿੱਤਾ ।ਇਸ ਤੋਂ ਬਾਅਦ ਮੁੱਖ ਮਹਿਮਾਨ ਡਾਕਟਰ ਜਗਜੀਤ ਸਿੰਘ ਧੂਰੀ ਨੇ ਆਪਣੇ ਸੰਬੋਧਨ ਵਿੱਚ ਆਏ ਹੋਏ ਮਾਪਿਆਂ ਨੂੰ ਬੱਚਿਆਂ ਦੀ ਸਾਂਭ ਸੰਭਾਲ, ਉਹਨਾਂ ਦੀ ਪੜ੍ਹਾਈ ਸਬੰਧੀ ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਨਿਖਾਰਨ ਲਈ ਬਹੁਤ ਹੀ ਕੀਮਤੀ ਨੁਕਤੇ ਸਾਂਝੇ ਕੀਤੇ ।ਉਹਨਾਂ ਆਖਿਆ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਦਾ ਸਰਬਪੱਖੀ ਵਿਕਾਸ ਹੋ ਸਕੇ। ਪ੍ਰਿੰਸੀਪਲ ਦਲਬੀਰ ਸਿੰਘ ਆਪਣੇ ਸੰਬੋਧਨ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਪ੍ਰਿੰਸੀਪਲ ਅਤੇ ਸਮੂਹ ਸਟਾਫ ਦਾ ਜ਼ਿਕਰ ਕਰਦਿਆਂ ਕਿਹਾ ਕਿ ਇੱਕ ਪੇਂਡੂ ਖੇਤਰ ਵਿੱਚ ਉੱਚ ਕੋਟੀ ਦੀਆਂ ਸਹੂਲਤਾਂ ਅਤੇ ਬਹੁਤ ਹੀ ਮਿਆਰੀ ਸਿੱਖਿਆ ਦੇਣ ਵਾਲੇ ਅਤੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਗਿਆਨ ਦਾ ਚਾਨਣ ਫੈਲਾਉਣ ਵਾਲੇ ਸਟਾਫ ਅਤੇ ਮੈਨੇਜਮੈਂਟ ਦਾ ਧੰਨਵਾਦ ਕਰਨਾ ਬਣਦਾ ਹੈ, ਜੋ ਸਖਤ ਮਿਹਨਤ ਨਾਲ ਇਲਾਕੇ ਦੇ ਬੱਚਿਆਂ ਨੂੰ ਕਾਮਯਾਬੀ ਦੀਆਂ ਲੀਹਾਂ ਉੱਪਰ ਤੋਰ ਰਹੇ ਹਨ । ਬਾਅਦ ਵਿੱਚ ਆਏ ਹੋਏ ਸਤਿਕਾਰਯੋਗ ਮਹਿਮਾਨ ਅਤੇ ਸਕੂਲ ਦੇ ਹੋਣਹਾਰ ਉਹ ਵਿਦਿਆਰਥੀ ਜਿਨਾਂ ਨੇ ਪੜ੍ਹਾਈ ਅਤੇ ਖੇਡਾਂ ਵਿੱਚੋਂ ਵਿਸ਼ੇਸ਼ ਨਾਮਣਾ ਖੱਟਿਆ ਹੈ ਉਹਨਾਂ ਦਾ ਮੰਚ ਉਪਰ ਵਿਸ਼ੇਸ਼ ਸਨਮਾਨ ਕੀਤਾ ਗਿਆ । ਸਕੂਲ ਪ੍ਰਤੀ ਇਮਾਨਦਾਰ ਅਤੇ ਮਿਹਨਤੀ ਸਟਾਫ ਮੈਂਬਰ ਮੈਡਮ ਗੁਰਜੀਤ ਕੌਰ (ਅਧਿਆਪਕਾ) ਮੈਡਮ ਕਰਮਜੀਤ ਕੌਰ (ਪ੍ਰਬੰਧਕੀ ਸਟਾਫ) ਸੁਰਿੰਦਰ ਕੁਮਾਰ ਬਾਵਾ (ਡਰਾਈਵਰ) ਅਤੇ ਬੀਬੀ ਹਰਦੀਪ ਕੌਰ (ਸੇਵਾਦਾਰ )ਨੂੰ ਆਪੋ ਆਪਣੇ ਖੇਤਰ ਵਿੱਚ ਸਭ ਤੋਂ ਲੰਮਾ ਸਮਾਂ ਸਕੂਲ ਵਿੱਚ ਬੇਦਾਗ ਡਿਊਟੀ ਕਰਨ ਲਈ ਬੈਸਟ ਸਰਵਿਸ ਅਵਾਰਡ ਨਾਲ ਨਿਵਾਜਿਆ ਗਿਆ। ਅੰਤ ਵਿੱਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਅਤੇ ਸਮੁੱਚੇ ਸਟਾਫ ਨੂੰ ਵਧਾਈ ਦਿੱਤੀ ਜਿਨਾਂ ਦੀ ਸਖਤ ਮਿਹਨਤ ਸਦਕਾ ਇਹ ਪ੍ਰੋਗਰਾਮ ਸਫਲਤਾ ਪੂਰਵਕ ਸੰਪੰਨ ਹੋਇਆ। ਇਸ ਪ੍ਰੋਗਰਾਮ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਖੁਸ਼ਵੰਤ ਸਿੰਘ, ਰਾਜਵੰਤ ਸਿੰਘ, ਜਗਮੋਹਨ ਸਿੰਘ, ਜਸਪ੍ਰੀਤ ਸਿੰਘ, ਸੁਖਵਿੰਦਰ ਸਿੰਘ ਗਗਨ, ਲਵਪ੍ਰੀਤ ਸਿੰਘ ਤੋਂ ਇਲਾਵਾ ਕਰਨਲ ਏ ਡੀ ਪਿਤਰੇ 20 ਪੰਜਾਬ ਐਨ ਸੀ ਸੀ ਬਠਿੰਡਾ, ਹਰਦੇਵ ਸਿੰਘ ਰਿਟਾਇਰਡ ਸਰਕਲ ਸੁਪਰਡੈਂਟ ਪੀ ਐਸ ਪੀ ਸੀ ਐਲ ,ਪਰਮਪਾਲ ਸਿੰਘ ਪ੍ਰਧਾਨ ਬਾਬਾ ਫਰੀਦ ਹਾਕੀ ਕਲੱਬ ਫਰੀਦਕੋਟ, ਅਲਬੇਲ ਸਿੰਘ ਮੈਂਬਰ ਬਾਬਾ ਫਰੀਦ ਹਾਕੀ ਕਲੱਬ ਫਰੀਦਕੋਟ ਪ੍ਰਕਾਸ਼ ਸਿੰਘ ਗਾਧੂ ਪ੍ਰਸਿੱਧ ਪੰਜਾਬੀ ਫਿਲਮ ਐਕਟਰ, ਅਤੇ ਗੁਰਜਾਪ ਸਿੰਘ ਸੇਖੋਂ ਜਨਰਲ ਸੈਕਟਰੀ ਬਾਬਾ ਫਰੀਦ ਧਾਰਮਿਕ ਅਤੇ ਵਿਦਿਅਕ ਸੰਸਥਾਵਾਂ ਫਰੀਦਕੋਟ ਜੋ ਆਪਣੇ ਮੈਂਬਰ ਸਾਹਿਬਾਨ ਨਾਲ ਇਸ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੇ ਸਨ। ਇਸ ਤੋਂ ਇਲਾਵਾ ਇਲਾਕੇ ਦੀਆਂ ਨਾਮਵਰ ਵਿਦਿਅਕ ,ਰਾਜਨੀਤਿਕ ਅਤੇ ਧਾਰਮਿਕ ਸੰਸਥਾਵਾਂ ਦੇ ਮੁਖੀ ਸਾਹਿਬਾਨ ਵੱਲੋਂ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ ।



# ਪਟਿਆਲਾ-ਆਸ/ਪਾਸ



## 'ਆਪ' ਦੀ ਸਰਕਾਰ ਹਰ ਵਰਗ ਦਾ ਸਤਿਕਾਰ ਕਰਦੀ ਹੈ : ਕੋਹਲੀ

### ➢ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਦੀ ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ

ਪਟਿਆਲਾ, 10 ਦਸੰਬਰ (ਰੁਪਾਣਾ/ਅਮਰਜੀਤ) : ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਰਜਿ: ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਜੀ ਮੱਥੁਰਾ ਕਾਲੋਨੀ ਪਟਿਆਲਾ ਵਿਖੇ ਅੱਜ ਧਰਮਸ਼ਾਲਾ ਦਾ ਨੀਂਹ ਪੱਥਰ ਕੌਂਸਲਰ ਰਣਜੀਤ ਸਿੰਘ ਚੰਡੋਕ ਦੀ ਦੇਖ ਰੇਖ ਹੇਠ ਰੱਖਿਆ। ਇਸ ਮੌਕੇ ਵੱਡੀ ਗਿਣਤੀ 'ਚ ਧਾਰਮਿਕ ਸ਼ਖ਼ਸੀਅਤਾਂ ਵੀ ਮੌਜੂਦ ਸਨ। ਇਸ ਦੌਰਾਨ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹਰ ਵਰਗ ਦਾ ਸਤਿਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ



ਕੋਈ ਵੀ ਵਰਗ ਹੋਵੇ ਹਰ ਵਰਗ ਦੇ ਅਸਥਾਨਾਂ ਦੀ ਦੇਖ ਭਾਲ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਤੌਰ 'ਤੇ ਪ੍ਰਬੰਧ ਅਤੇ ਯੋਗ ਗ੍ਰਾਂਟ ਦੇ ਕੇ ਵਧੀਆ ਦਿਖ ਪ੍ਰਦਾਨ ਕਰਨ ਦੇ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਧਰਮਸ਼ਾਲਾ ਦਾ ਅੱਜ ਨੀਂਹ ਪੱਥਰ ਰੱਖਿਆ ਹੈ, ਉਸ ਵਿੱਚ ਜ਼ਰੂਰਤਮੰਦ ਲੜਕੇ—ਲੜਕੀਆਂ ਦਾ ਵਿਆਹ ਅਤੇ ਹੋਰ ਧਾਰਮਿਕ ਕੰਮ ਕਾਰ ਹੋ ਸਕਦੇ ਹਨ। ਇਹ ਧਰਮਸ਼ਾਲਾ ਸਭ ਦੀ ਸਾਂਝੀ ਧਰਮਸ਼ਾਲਾ ਹੈ। ਧਰਮਸ਼ਾਲਾ ਬਣਨ ਨਾਲ ਇਸ ਦੇ ਨਾਲ ਲੱਗਦੀਆਂ ਕਲੋਨੀ ਵਾਲਿਆਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ। ਇਹ ਲੋਕ ਕਈ ਸਾਲਾਂ ਤੋਂ ਉਮੀਦ ਕਰ ਰਹੇ ਸਨ। ਇਸ ਮੌਕੇ ਚੇਅਰਮੈਨ ਤਜਿੰਦਰ ਮਹਿਤਾ, ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਆਦਿ ਦੇ ਕਰ ਕਮਲਾ ਨਾਲ ਕੀਤਾ ਗਿਆ। ਅੱਜ ਮਥੁਰਾ ਕਾਲੋਨੀ ਵਾਲਿਆਂ ਨੇ ਸੁਧਾਰ ਸਭਾ ਦੀ ਤਾਰੀਫਾਂ ਦੇ ਪੁੱਲ ਬੰਨੇ ਜੋ ਕਈ ਸਾਲਾਂ ਵਿੱਚ ਜਿਹੜੇ ਕੰਮ ਨਹੀਂ ਹੋਏ ਸਨ ਉਹ ਕੰਮ ਸੁਧਾਰ ਸਭਾ ਨੇ 25 ਮਹੀਨਿਆਂ ਵਿੱਚ ਕਰ ਦਿਖਾਏ ਹਨ। ਇਸ ਮੌਕੇ ਸੁਧਾਰ ਸਭਾ ਦੇ ਸਰਪ੍ਰਸਤ ਸਤਨਾਮ ਹਸੀਜਾ, ਚੇਅਰਮੈਨ ਰਣਬੀਰ ਸਿੰਘ, ਵਾਇਸ ਚੇਅਰਮੈਨ ਹਰੀ ਸਿੰਘ, ਪ੍ਰਧਾਨ ਮਿਠੁਨ ਕੁਮਾਰ, ਜਨਰਲ ਸਕੱਤਰ ਦਲੀਪ ਸਿੰਘ, ਖਜ਼ਾਨਚੀ ਪੂਰਨ, ਵਾਇਸ ਖਜ਼ਾਨਚੀ ਮਦਨ ਗੋਪਾਲ, ਪ੍ਰਭਜੋਤ ਸਿੰਘ ਚੱਢਾ, ਜਸਵਿੰਦਰ ਸਿੰਘ, ਲੱਕੀ, ਬੌਨੀ, ਕਾਲੂ, ਵਿੱਕੀ ਪੇਂਟਰ, ਰਾਜੇਸ਼ ਕੁਮਾਰ, ਸੁਰਿੰਦਰ ਕੁਮਾਰ ਪਾਠਕ, ਅਜੇ ਸੇਵਾਦਾਰ, ਨੌਨੀ ਜੇ.ਸੀ.ਬੀ., ਗੁਰਪ੍ਰੀਤ ਸਿੰਘ, ਤਰਸੇਮ ਵਰਮਾ, ਰਾਮ ਲਾਲ ਗਾਇਲ, ਕੇਦਾਰ ਨਾਥ ਗੋਇਲ ਸਮੇਤ ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀ ਵੀ ਹਾਜ਼ਰ ਸਨ।

### ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ-2025

## ਨਿਰਪੱਖ, ਪਾਰਦਰਸ਼ੀ ਤੇ ਸ਼ਾਂਤੀਪੂਰਨ ਢੰਗ ਨਾਲ ਚੋਣਾਂ ਕਰਵਾਉਣ ਲਈ ਪੰਜਾਬ ਤੇ ਹਰਿਆਣਾ ਦੇ ਗੁਆਂਢੀ ਜ਼ਿਲ੍ਹਿਆਂ ਦੇ ਅਧਿਕਾਰੀਆਂ ਵੱਲੋਂ ਬੈਠਕ

ਪਟਿਆਲਾ/ਭੁਨਰਹੇੜੀ, 10 ਦਸੰਬਰ (ਰੁਪਾਣਾ/ਗੁਰਜੀਤ ਢੌਟ) : ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ-2025 ਦੇ ਅਮਲ ਨੂੰ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹਾਉਣਾ ਯਕੀਨੀ ਬਣਾਉਣ ਲਈ ਪਟਿਆਲਾ ਦੇ ਜ਼ਿਲ੍ਹਾ ਚੋਣ ਅਫ਼ਸਰ ਡਾ. ਪ੍ਰੀਤੀ ਯਾਦਵ ਦੀ ਪ੍ਰਧਾਨਗੀ ਹੇਠ ਪੰਜਾਬ ਤੇ ਹਰਿਆਣਾ ਦੇ ਗਵਾਂਢੀ ਜ਼ਿਲ੍ਹਿਆਂ ਦੇ ਸਿਵਲ ਪ੍ਰਸ਼ਾਸਨ ਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਅੰਤਰ ਰਾਜੀ ਤਾਲਮੇਲ ਬੈਠਕ ਕਰਕੇ ਰਣਨੀਤੀ ਬਣਾਈ। ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਕੀਤੀ ਗਈ। ਇਸ ਬੈਠਕ ਵਿੱਚ ਡਿਪਟੀ



ਕਮਿਸ਼ਨਰ ਅੰਬਾਲਾ, ਕੈਥਲ ਦੇ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ., ਐਸ.ਡੀ.ਐਮ. ਸ਼ਾਹਬਾਦ, ਡੀ.ਐਸ.ਪੀ. ਗੂਹਲਾ, ਪਟਿਆਲਾ ਦੇ ਏ.ਡੀ.ਸੀ. ਦਿਹਾਤੀ ਵਿਕਾਸ ਦਮਨਜੀਤ ਸਿੰਘ ਮਾਨ, ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਅਤੇ ਡੀ.ਐਸ.ਪੀ. ਗੁਰਬੀਰ ਸਿੰਘ ਵੀ ਸ਼ਾਮਲ ਹੋਏ। 12 ਦਸੰਬਰ ਤੋਂ 24 ਘੰਟੇ ਅੰਤਰਰਾਜੀ ਸਾਂਝੇ ਨਾਕਿਆਂ, ਫੀਲਡ ਅਧਿਕਾਰੀਆਂ ਦਰਮਿਆਨ ਕਮਿਊਨੀਕੇਸ਼ਨ ਚੈਨਲ ਸਥਾਪਤ ਕਰਨ ਸਬੰਧੀ ਚਰਚਾ ਕਰਦਿਆਂ ਸ਼ਾਂਤੀਪੂਰਨ ਚੋਣਾਂ ਦੇ ਅਮਲ ਨੂੰ ਯਕੀਨੀ ਬਣਾਉਣ ਲਈ ਵਿਚਾਰ ਕੀਤਾ ਗਿਆ। ਬੈਠਕ ਵਿੱਚ ਅੰਬਾਲਾ, ਕੈਥਲ, ਜੀਂਦ ਤੇ ਕੁਰਕਸ਼ੇਤਰਾ ਦੇ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਅਧਿਕਾਰੀਆਂ ਵੱਲੋਂ ਚੋਣਾਂ ਦੌਰਾਨ ਪੂਰਨ ਸਹਿਯੋਗ ਦੇਣ ਲਈ ਸਹਿਮਤੀ ਦਿੱਤੀ ਗਈ।ਅੰਬਾਲਾ ਨਾਲ ਲੱਗਦੇ ਸ਼ੰਭੂ ਕਲਾਂ, ਘਨੌਰ ਤੇ ਭੁਨਰਹੇੜੀ ਬਲਾਕਾਂ, ਕੁਰਕਸ਼ੇਤਰਾ ਨਾਲ ਲੱਗਦੇ ਭੁਨਰਹੇੜੀ, ਇਸੇ ਤਰ੍ਹਾਂ ਕੈਥਲ ਨਾਲ ਲੱਗਦੇ ਸਨੌਰ, ਸਮਾਣਾ, ਭੁਨਰਹੇੜੀ, ਪਾਤੜਾਂ ਅਤੇ ਜੀਂਦ ਨਾਲ ਲਗਦੇ ਪਾਤੜਾਂ ਬਲਾਕਾਂ ਦੇ ਸੰਵੇਦਨਸ਼ੀਲ ਤੇ ਅਤਿ ਸੰਵੇਨਸ਼ੀਲ ਪੋਲਿੰਗ ਸਟੇਸ਼ਨਾਂ ਵਿਖੇ ਸ਼ਾਂਤੀਪੂਰਨ ਚੋਣਾਂ ਬਾਰੇ ਵੀ ਰਣਨੀਤੀ ਬਣਾਈ ਗਈ।ਇਸ ਮੌਕੇ ਚੋਣਾਂ ਦੌਰਾਨ ਨਜ਼ਾਇਜ ਸ਼ਰਾਬ, ਹਥਿਆਰਾਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਨਗਦੀ ਦੀ ਤਸਕਰੀ ਨੂੰ ਰੋਕਣ ਲਈ ਅੰਤਰ-ਰਾਜੀ ਨਾਕੇ ਲਗਾਉਣ ਸਮੇਤ ਲੋੜੀਂਦੀ ਸੂਚਨਾ ਤੁਰੰਤ ਸਾਂਝੀ ਕਰਨ ਅਤੇ ਦੋਵੇਂ ਰਾਜਾਂ ਦਰਮਿਆਨ ਲੱਗਦੀਆਂ ਮੁੱਖ ਸੜਕਾਂ ਤੋਂ ਇਲਾਵਾ ਲਿੰਕ ਰੋਡ, ਕੱਚੇ ਪਹਿਆਂ 'ਤੇ ਗਸ਼ਤ ਕਰਨ ਬਾਰੇ ਸਬੰਧੀ ਵੀ ਸਹਿਮਤੀ ਬਣਾਈ ਗਈ।

## ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਤੇ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ

ਸਨੌਰ, 10 ਦਸੰਬਰ (ਗੁਰਜੀਤ ਸਿੰਘ ਢੌਟ) : ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਸਿੱਖਿਆ ਵਿਭਾਗ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਸਹਿਯੋਗ ਨਾਲ ਇੱਕ ਕਾਨੂੰਨੀ ਸੇਵਾਵਾਂ ਤੇ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਸਰਕਾਰੀ ਆਈ ਟੀ ਆਈ ਲੜਕੀਆਂ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸ਼ਨਲ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ,ਤਿੰਨ ਨਵੇਂ ਕਨੂੰਨਾਂ, ਪੰਜਾਬ



ਪੀੜਤ ਮੁਆਵਜ਼ਾ ਯੋਜਨਾ, ਜਿਨਸੀ ਹਮਲਾ ਪੀੜਤ ਮੁਆਵਜ਼ਾ, ਲੇਬਰ ਕਾਰਡ, ਪੈਨਸ਼ਨਾਂ ਅਤੇ ਨੈਸ਼ਨਲ ਲੋਕ ਅਦਾਲਤ ਤੇ ਸਥਾਈ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ। ਉਹਨਾਂ ਨੇ 13 ਦਸੰਬਰ ਨੂੰ ਜ਼ਿਲ੍ਹਾ ਕਚਹਿਰੀਆਂ ਪਟਿਆਲਾ ਅਤੇ ਨਾਭਾ, ਰਾਜਪੁਰਾ ਤੇ ਸਮਾਣਾ ਸਬ ਡਵੀਜ਼ਨ ਵਿੱਚ ਲੱਗਣ ਜਾ ਰਹੀ ਰਾਸ਼ਟਰੀ ਲੋਕ ਅਦਾਲਤ ਬਾਰੇ ਵੀ ਵਿਸਥਾਰ ਪੂਰਵਕ ਚਾਨਣਾ ਪਾਇਆ। ਸੈਮੀਨਾਰ ਵਿੱਚ ਪ੍ਰਿੰਸੀਪਲ ਦਵਿੰਦਰ ਪਾਲ ਸਿੰਘ ਨੇ ਜਿੱਥੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ।ਯੋਗਾ ਤੇ ਮੈਡੀਟੇਸ਼ਨ ਮਾਹਿਰ ਸੁਰੇਸ਼ ਕੁਮਾਰ ਸ਼ਰਮਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੰਪਿਊਟਰ ਇੰਸਟਰੱਕਟਰ ਉਮੇਸ਼ ਗੇਰਾ ਤੇ ਸਿਲਾਈ ਤਕਨੀਕੀ ਇੰਸਟਰੱਕਟਰ ਜਸਦੀਪ ਕੌਰ ਵੀ ਹਾਜ਼ਰ ਸਨ।

## ਸਹੁਰੇ ਪਰਿਵਾਰ ਵੱਲੋਂ ਕੁੱਟਮਾਰ ਕਰਨ 'ਤੇ ਪੱਖੇ ਨਾਲ ਲਿਆ ਫਾਹਾ, ਮਾਮਲਾ ਦਰਜ

ਪਟਿਆਲਾ, 10 ਦਸੰਬਰ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਹਰਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਗਿਆਨ ਕਲੋਨੀ ਸੁਲਰ ਨੇ ਕਥਿਤ ਦੋਸ਼ੀਆਂ ਰੁਲਦੂ ਸਿੰਘ, ਚਰਨਜੀਤ ਕੌਰ ਵਾਸੀ ਪਿੰਡ ਰਤਨਗੜ੍ਹ ਸਿੱਧੜਾ ਥਾਣਾ ਦਿੜ੍ਹਬਾ ਜ਼ਿਲ੍ਹਾ ਸੰਗਰੂਰ, ਜਸਵੀਰ ਕੌਰ ਵਾਸੀ ਗਿਆਨ ਕਲੋਨੀ ਸੁਲਰ ਪਸਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੇ ਭਰਾ ਸੰਦੀਪ ਸਿੰਘ ਦਾ ਵਿਆਹ ਕਥਿਤ ਦੋਸ਼ੀ ਮਹਿਲਾ ਜਸਵੀਰ ਕੌਰ 10 ਸਾਲ ਪਹਿਲਾਂ ਹੋਇਆ ਸੀ, ਜੋ ਅਕਸਰ ਹੀ ਸੰਦੀਪ ਸਿੰਘ ਨਾਲ ਝਗੜਾ ਕਰਦੀ ਰਹਿੰਦੀ ਸੀ ਅਤੇ ਝਗੜਾ ਕਰਕੇ ਆਪਣੇ ਪੇਕੇ ਘਰ ਚਲੀ ਜਾਂਦੀ ਸੀ, ਜੋ ਆਪਣੇ ਮਾਤਾ-ਪਿਤਾ ਅਤੇ ਭਰਾ ਦੇ ਕਹਿਣ ਪਰ ਆਪਣੇ ਪਤੀ ਤੋਂ ਪੈਸਿਆਂ ਦੀ ਮੰਗ ਕਰਦੀ ਰਹਿੰਦੀ ਸੀ।ਕਥਿਤ ਦੋਸ਼ੀ ਰੁਲਦੂ ਸਿੰਘ ਤੇ ਚਰਨਜੀਤ ਕੌਰ ਉਸ ਦੇ ਘਰ ਆਏ ਹੋਏ ਸਨ। ਉਸ ਦਾ ਭਰਾ ਵੀ ਕੰਮ ਤੋਂ ਆ ਗਿਆ ਸੀ, ਜਦੋਂ ਉਸ ਨੇ ਹੇਠਾਂ ਆ ਕੇ ਦੇਖਿਆ ਕਿ ਕਥਿਤ ਦੋਸ਼ੀ ਉਸ ਦੇ ਭਰਾ ਦੀ ਕੁੱਟਮਾਰ ਕਰ ਰਹੇ ਹਨ। ਉਸ ਨੇ ਆਪਣੇ ਭਰਾ ਨੂੰ ਕਥਿਤ ਦੋਸ਼ੀਆਂ ਕੋਲੋਂ ਛੁਡਾਇਆ ਅਤੇ ਕੁੱਝ ਸਮੇਂ ਬਾਅਦ ਉਸ ਦਾ ਸਾਲਾ ਆਪਣੀ ਮਾਤਾ ਅਤੇ ਭੈਣ ਨੂੰ ਲੈ ਕੇ ਚਲਾ ਗਿਆ, ਜਦੋਂ ਦੇਖਿਆ ਕਿ ਉਸਦੇ ਭਰਾ ਦਾ ਕਮਰਾ ਬੰਦ ਸੀ ਤੇ ਖਿੜਕੀ ਵਿੱਚੋਂ ਦੇਖਿਆ ਕਿ ਪੱਖੇ ਨਾਲ ਕਥਿਤ ਤੌਰ 'ਤੇ ਫਾਹਾ ਲਿਆ ਹੋਇਆ ਸੀ, ਜਿਸ ਨੂੰ ਰਜਿੰਦਰਾ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪੁਲਿਸ ਨੇ ਧਾਰਾ 108 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਭਲਕੇ ਸ਼ਾਮ 4 ਵਜੇ ਚੋਣ ਪ੍ਰਚਾਰ ਬੰਦ

### ➢ਉਮੀਦਵਾਰਾਂ ਦੇ ਬਾਹਰੋਂ ਆਏ ਸਮਰਥਕਾਂ ਨੂੰ ਚੋਣਾਂ ਵਾਲੇ ਪਿੰਡਾਂ ਦੀ ਹਦੂਦ ਤੋਂ ਬਾਹਰ ਜਾਣ ਦੇ ਹੁਕਮ

ਪਟਿਆਲਾ, 10 ਦਸੰਬਰ (ਰੁਪਾਣਾ) : ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਦੀਆਂ 14 ਦਸੰਬਰ ਨੂੰ ਪੈਣ ਵਾਲੀਆਂ ਵੋਟਾਂ ਦੇ ਮੱਦੇਨਜ਼ਰ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਸਿਆਸੀ ਪਾਰਟੀਆਂ/ਆਜ਼ਾਦ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ/ਰਾਜਾਂ ਤੋਂ ਪਟਿਆਲਾ ਜ਼ਿਲ੍ਹੇ ਦੇ ਚੋਣਾਂ ਵਾਲੇ ਪਿੰਡਾਂ ਵਿੱਚ ਆਏ ਸਮਰਥਕਾਂ ਤੇ ਵਿਅਕਤੀਆਂ ਨੂੰ 12 ਦਸੰਬਰ 2025 ਨੂੰ ਸ਼ਾਮ 4 ਵਜੇ ਚੋਣ ਪ੍ਰਚਾਰ ਬੰਦ ਹੋਣ ਦੇ ਤੁਰੰਤ ਬਾਅਦ ਚੋਣਾਂ ਨਾਲ ਸਬੰਧਤ ਪਿੰਡਾਂ ਦੀ ਹਦੂਦ ਤੋਂ ਬਾਹਰ ਜਾਣ ਦੇ ਆਦੇਸ਼ ਜਾਰੀ ਕੀਤੇ ਹਨ। ਇਹ ਹੁਕਮ ਚੋਣ ਪ੍ਰਕ੍ਰਿਆ ਖ਼ਤਮ ਹੋਣ ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਬਣਾਏ ਰੱਖਣ ਸਮੇਤ ਲੋਕਾਂ ਵਿੱਚ ਬਿਨ੍ਹਾਂ ਡਰ ਤੋਂ ਇਹ ਚੋਣਾਂ ਸ਼ਾਂਤਮਈ ਤਰੀਕੇ ਅਤੇ ਸਫਲਤਾ ਪੂਰਵਕ ਢੰਗ ਨਾਲ ਕਰਵਾਉਣ ਲਈ ਇਹ ਹੁਕਮ ਇਕਤਰਫ਼ਾ ਪਾਸ ਕੀਤੇ ਗਏ ਹਨ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਆਪਣੇ ਹੁਕਮਾਂ ਵਿੱਚ ਕਿਹਾ ਹੈ ਕਿ 14 ਦਸੰਬਰ ਨੂੰ ਪੈਣ ਵਾਲੀਆਂ ਇਨ੍ਹਾਂ ਵੋਟਾਂ ਲਈ ਜ਼ਿਲ੍ਹਾ ਪਟਿਆਲਾ ਦੇ ਸਾਰੇ ਚੋਣਾਂ ਨਾਲ ਸਬੰਧਤ ਪਿੰਡਾਂ ਦੇ ਵਿੱਚ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਪੁੱਜੇ ਹਲਕੇ ਤੋਂ ਬਾਹਰਲੇ ਵਿਅਕਤੀਆਂ, ਰਿਸ਼ਤੇਦਾਰਾਂ, ਸਮਰਥਕਾਂ ਅਤੇ ਜਿਨ੍ਹਾਂ ਦਾ ਚੋਣ ਡਿਊਟੀ ਨਾਲ ਕੋਈ ਸਬੰਧ ਨਹੀ ਹੈ, ਵੱਲੋਂ ਚੋਣ ਪ੍ਰਚਾਰ ਖ਼ਤਮ ਹੋਣ ਤੋਂ ਬਾਅਦ ਚੋਣਾਂ ਵਾਲੇ ਪਿੰਡਾਂ ਅੰਦਰ ਰਹਿਣ ਨਾਲ ਚੋਣਾਂ ਵਿੱਚ ਵਿਘਨ ਪਾਏ ਜਾਣ ਦਾ ਖ਼ਦਸ਼ਾ ਹੈ, ਇਸ ਲਈ ਇਹ ਵਿਅਕਤੀ ਚੋਣ ਪ੍ਰਚਾਰ ਬੰਦ ਹੋਣ ਬਾਅਦ ਤੁਰੰਤ ਚੋਣਾਂ ਵਾਲੇ ਖੇਤਰ ਵਿੱਚੋਂ ਬਾਹਰ ਚਲੇ ਜਾਣ।

## ਜ਼ਹਿਰੀਲੀ ਦਵਾਈ ਪੀਣ ਕਾਰਨ ਹੋਈ ਮੌਤ

### ➢ਮਾਤਾ-ਪਿਤਾ ਤੇ ਭੈਣ ਵਿਰੁੱਧ ਮਾਮਲਾ ਦਰਜ

ਘਨੌਰ, 10 ਦਸੰਬਰ (ਵਿਨੋਦ ਸ਼ਰਮਾ) : ਥਾਣਾ ਘਨੌਰ ਪੁਲਿਸ ਕੋਲ



ਰਾਜਨਦੀਪ ਕੌਰ ਪਤਨੀ ਜਸਪ੍ਰੀਤ ਸਿੰਘ ਵਾਸੀ ਪਿੰਡ ਸੀਲ ਨੇ ਕਥਿਤ ਦੋਸ਼ੀਆਂ ਸਵਰਨ ਸਿੰਘ, ਪਰਮਜੀਤ ਕੌਰ ਵਾਸੀ ਸੀਲ, ਮਨਪ੍ਰੀਤ ਕੌਰ ਵਾਸੀ ਭਾਂਖਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਸਾਲ 2019 ਵਿੱਚ ਜਸਪ੍ਰੀਤ ਸਿੰਘ ਉਮਰ 31 ਸਾਲ ਨਾਲ ਹੋਇਆ ਸੀ, ਜੋ ਜਸਪ੍ਰੀਤ ਸਿੰਘ ਨੂੰ ਜ਼ਮੀਨ ਸਬੰਧੀ ਉਸਦੇ ਮਾਤਾ-ਪਿਤਾ ਅਤੇ ਭੈਣ ਮਨਪ੍ਰੀਤ ਕੌਰ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ, ਜਿਨ੍ਹਾਂ ਤੋਂ ਤੰਗ ਆ ਕੇ ਜਸਪ੍ਰੀਤ ਸਿੰਘ ਨੇ ਮਿਤੀ 7-12-25 ਨੂੰ ਕੋਈ ਕਥਿਤ ਜ਼ਹਿਰੀਲੀ ਦਵਾਈ ਪੀ ਲਈ, ਜਿਸ ਦੀ ਮਿਤੀ 8-12-25 ਨੂੰ ਵਰਧਮਾਨ ਹਸਪਤਾਲ ਪਟਿਆਲਾ ਵਿਖੇ ਦੌਰਾਨੇ ਇਲਾਜ ਮੌਤ ਹੋ ਗਈ, ਜੋ ਜਸਪ੍ਰੀਤ ਸਿੰਘ ਵੱਲੋਂ ਕਥਿਤ ਦੋਸ਼ੀਆਂ ਖਿਲਾਫ ਲਿਖਿਆ ਹੋਇਆ ਕਥਿਤ ਤੌਰ 'ਤੇ ਇੱਕ ਸੁਸਾਇਡ ਨੋਟ ਵੀ ਮਿਲਿਆ। ਪੁਲਿਸ ਨੇ ਧਾਰਾ 108 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਖੇਡ ਸਮਾਗਮ ਦੇ ਦੂਜੇ ਦਿਨ ਹਰਮਿਲਨ ਬੈਂਸ ਤੇ ਮਾਧੁਰੀ ਸਕਸੈਨਾ ਨੇ ਸ਼ਮੂਲੀਅਤ ਕਰਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ

ਦੇਵੀਗੜ੍ਹ, 10 ਦਸੰਬਰ (ਗੁਰਜੀਤ ਸਿੰਘ ਢੌਟ) : ਬੇਟੀਆਂ ਆਪਣੀ ਸੈਲਫ ਡਿਫੈਂਸ ਲਈ ਮਾਰਸ਼ਲ ਆਰਟ ਵਿੱਚ ਨਿਪੁੰਨ ਹੋਣੀਆਂ ਚਾਹੀਦੀਆਂ ਹਨ ਵਿਚਾਰਾਂ ਦਾ ਪ੍ਰਗਟਾਵਾ ਏਸ਼ੀਅਨ ਖਿਡਾਰਨ ਹਰਮਿਲਨ ਬੈਂਸ ਅਤੇ ਮਾਧੁਰ ਸਕਸੈਨਾ ਵੱਲੋਂ ਮਾਤਾ ਗੁਜਰੀ ਸਕੂਲ ਦੇਵੀਗੜ ਵਿਖੇ ਦੂਜੇ ਦਿਨ ਬੱਚਿਆਂ ਨੂੰ ਖੇਡਾਂ ਦੌਰਾਨ ਹੌਸਲਾ ਅਫ਼ਜਾਈ ਕਰਨ ਦੌਰਾਨ ਕੀਤਾ। ਅੱਜ ਦੂਜੇ ਦਿਨ ਦੇ ਖੇਡ ਸਮਾਗਮ ਦੁਰਾਨ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਵਿਖੇ ਤਿੰਨ ਦਿਨਾਂ ਸਲਾਨਾ ਖੇਡ ਸਮਾਰੋਹ ਦੇ ਦੂਜੇ ਦਿਨ ਤੀਸਰੀ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ



ਵਿਦਿਆਰਥੀਆਂ ਨੇ ਭਾਗ ਲਿਆ। ਅੱਜ ਦੇ ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਏਸ਼ੀਅਨ ਖਿਡਾਰਨ ਹਰਮਿਲਨ ਬੈਂਸ ਅਤੇ ਮਾਧੁਰੀ ਸਕਸੇਨਾ (ਅਰਜੁਨ ਅਵਾਰਡ) ਦੇ ਸਵਾਗਤ ਨਾਲ ਕੀਤੀ ਗਈ। ਧਾਰਮਿਕ ਸ਼ਬਦ ਤੋਂ ਬਾਅਦ ਚਾਰੇ ਹਾਊਸ ਅਤੇ ਐਨ.ਸੀ.ਸੀ. ਦੇ ਬੱਚਿਆਂ ਨੇ ਪਰੇਡ ਕੀਤੀ। ਖੇਡ ਮੈਦਾਨ ਵਿੱਚ ਟਾਰਚ ਰੈਲੀ ਦੀ ਰਸਮ ਤੋਂ ਬਾਅਦ ਬਾਰਵੀਂ ਜਮਾਤ ਦੀ ਵਿਦਿਆਰਥਨ ਹਰਨਿਮਰਤ ਕੌਰ ਵੱਲੋਂ ਸਹੁੰ ਚੁੱਕ ਰਸਮ ਅਦਾ ਕੀਤੀ ਗਈ। ਮੁੱਖ ਮਹਿਮਾਨ ਵੱਲੋਂ ਖੇਡ ਮੁਕਾਬਲਾ ਸ਼ੁਰੂ ਕਰਨ ਦੀ ਪ੍ਰਵਾਨਗੀ ਦੇਣ ਤੋਂ ਬਾਅਦ ਹਰ ਉਮਰ ਵਰਗ ਦੇ ਵਿਦਿਆਰਥੀਆਂ ਨੇ 100 ਮੀਟਰ, 400 ਮੀਟਰ , ਲੰਬੀ ਛਾਲ, ਗੋਲਾ ਸੁੱਟਣਾ, ਹਰਡਲ ਰੇਸ ਅਤੇ ਦਰਸ਼ਕਾਂ ਦਾ ਮਨ ਮੋਹਨ ਵਾਲੀਆਂ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ। ਵਿਦਿਆਰਥੀਆਂ ਨੇ ਮਾਪਿਆਂ ਦਾ ਮਨ ਮੋਹਣ ਲਈ ਪੰਜਾਬ ਦਾ ਲੋਕ ਨਾਚ ਭੰਗੜਾ ਪੇਸ਼ ਕੀਤਾ ਜਿਸ ਨੇ ਸਾਰਿਆਂ ਦੇ ਪੈਰਾਂ ਵਿੱਚ ਥਿਰਕਣ ਪੈਦਾ ਕਰ ਦਿੱਤੀ । ਇਸ ਮੌਕੇ ਤੇ ਗੁਰਪ੍ਰੀਤ ਸਿੰਘ ਸੇਖੋਂ, ਸ਼ਵਿੰਦਰ ਕੌਰ ਧੰਜੂ ਪ੍ਰਧਾਨ ਨਗਰ ਪੰਚਾਇਤ ਦੇਵੀਗੜ੍ਹ , ਵੱਖ-ਵੱਖ ਪਿੰਡਾਂ ਦੇ ਸਰਪੰਚ ਸਾਹਿਬਾਨ ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਹੋਏ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਅਤੇ ਪ੍ਰੈਸੀਡੈਂਟ ਮੈਡਮ ਅਰਵਿੰਦਰ ਕੌਰ ਵੱਲੋਂ ਏਸ਼ੀਅਨ ਖਿਡਾਰਨਾ ਹਰਮਿਲਨ ਬੈਂਸ ਅਤੇ ਮਾਧੁਰੀ ਸਕਸੈਨਾ ਨੂੰ ਸ਼ੀਲਡਾਂ ਦੇ ਕੇ ਨਾਲ ਸਨਮਾਨਿਤ ਕੀਤਾ ਗਿਆ।

## ਨਸ਼ੇ ਕਾਰਨ ਹੋਈ ਨੌਜਵਾਨ ਮੌਤ ਦੀ ਸ਼ਨਾਖਤ, ਪੋਸਟਮਾਰਟਮ ਮਗਰੋਂ ਲਾਸ਼ ਵਾਰਸਾਂ ਨੂੰ ਸੌਂਪੀ

ਸਮਾਨਾ, 10 ਦਸੰਬਰ (ਵਿਜੇ ਕੁਮਾਰ) : ਜ਼ਿਆਦਾ ਨਸ਼ਾ ਕਰਨ ਕਾਰਨ ਮ੍ਰਿਤਕ ਹੋਏ ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ ਹੋਣ 'ਤੇ ਪੁਲਿਸ ਵੱਲੋਂ ਉਸ ਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਸਮਾਣਾ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਸੀ, ਜਿਸ ਤੋਂ ਬਾਅਦ ਉਸ ਦੀ ਸ਼ਨਾਖਤ ਕਰ ਲਈ ਗਈ ਹੈ। ਮਾਮਲੇ ਦੇ ਜਾਂਚ ਅਧਿਕਾਰੀ, ਸਿਟੀ ਪਾਤੜਾਂ ਪੁਲਿਸ ਦੇ ਏ.ਐਸ.ਆਈ. ਕਾਲਾ ਸਿੰਘ ਨੇ ਦੱਸਿਆ ਕਿ ਮ੍ਰਿਤਕ ਜਸਪ੍ਰੀਤ ਸਿੰਘ (28) ਦੇ ਭਰਾ ਸੋਨੂੰ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ, ਮੋਟਰਸਾਈਕਲ ਮਕੈਨਿਕ ਵਜੋਂ ਕੰਮ ਕਰਦਾ ਉਸ ਦਾ ਭਰਾ ਗਲਤ ਸੰਗਤ ਵਿੱਚ ਪੈ ਕੇ ਨਸ਼ਾ ਕਰਨ ਲੱਗ ਪਿਆ ਸੀ। ਉਹ ਅਕਸਰ ਸ਼ਰਾਬ ਵੀ ਪੀਂਦਾ ਸੀ। 7 ਦਸੰਬਰ ਦੀ ਸਵੇਰ ਨੂੰ ਉਹ ਕੰਮ ਲਈ ਘਰੋਂ ਗਿਆ ਸੀ ਪਰ ਸ਼ਾਮ ਤੱਕ ਵਾਪਸ ਨਹੀਂ ਆਇਆ। ਭਾਲ ਕਰਨ 'ਤੇ ਪਤਾ ਲੱਗਾ ਕਿ ਅਨਾਜ ਮੰਡੀ ਪਾਤੜਾਂ ਦੇ ਬਾਥਰੂਮ ਵਿੱਚ ਇੱਕ ਨੌਜਵਾਨ ਦੀ ਲਾਸ਼ ਮਿਲੀ ਹੈ, ਜਿਸ ਨੂੰ ਪੁਲਿਸ ਵੱਲੋਂ ਸਿਵਲ ਹਸਪਤਾਲ ਸਮਾਣਾ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ। ਉੱਥੇ ਜਾ ਕੇ ਉਨ੍ਹਾਂ ਨੇ ਜਸਪ੍ਰੀਤ ਦੀ ਲਾਸ਼ ਦੀ ਸ਼ਨਾਖਤ ਕੀਤੀ। ਪਰਿਵਾਰਕ ਮੈਂਬਰਾਂ ਨੇ ਸ਼ੱਕ ਜ਼ਾਹਰ ਕੀਤਾ ਕਿ ਕਿਸੇ ਨਸ਼ੀਲੀ ਵਸਤੂ ਦੀ ਜ਼ਿਆਦਾ ਵਰਤੋਂ ਕਾਰਨ ਉਸ ਦੀ ਮੌਤ ਹੋਈ ਹੈ। ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆਇ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਲਾਸ਼ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਹੈ।

## 'ਨਟਾਸ' ਵੱਲੋਂ ਬਾਲ ਕ੍ਰਿਸ਼ਨ ਸਿੰਗਲਾ ਨੂੰ 'ਸਿਲਵਰ ਜੁਬਲੀ ਕਰਮ ਯੋਗੀ' ਐਵਾਰਡ ਪ੍ਰਦਾਨ

ਪਟਿਆਲਾ, 10 ਦਸੰਬਰ (ਚ.ਨ.ਸ.) : : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਨ ਸੱਭਰਵਾਲ ਸਟੇਟ ਅਵਾਰਡੀ ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਆਤਮਾ ਰਾਮ ਕੁਮਾਰ ਸਭਾ ਸੀ.ਸੈਕੰ: ਸਕੂਲ ਵਿਖੇ ਐਸ.ਡੀ.ਕੇ.ਐਸ ਦੀ ਸਰਪ੍ਰਸਤੀ ਹੇਠ ਸ਼੍ਰੀ ਮੁਨੀਸ਼ ਗੋਇਲ ਚੇਅਰਮੈਨ ਅਤੇ ਸਕੂਲ ਪ੍ਰਿੰਸੀਪਲ ਮੈਡਮ ਡੌਲੀ ਲੜੋਈਆ ਦੇ ਸਹਿਯੋਗ ਨਾਲ ਸ਼ਹੀਦੀ ਸ਼ਤਾਬਦੀ ਜਾਗ੍ਰਿਤੀ ਨਾਟਕ ਮੇਲਾ ਆਯੋਜਿਤ ਕੀਤਾ ਗਿਆ. ਇਸ ਨਾਲ ਲਗਵੇਂ ਅਭਿਨੰਦਨ ਸੈਸ਼ਨ ਵਿੱਚ ਰਾਜ ਦੀ ਪ੍ਰਸਿੱਧ ਸਮਾਜਿਕ ਸ਼ਖਸੀਅਤ ਸ਼੍ਰੀ ਬਾਲ ਕ੍ਰਿਸ਼ਨ ਸਿੰਗਲਾ, ਪ੍ਰਧਾਨ 124 ਸਾਲ ਪੁਰਾਣੀ ਸਮਾਜ ਸੇਵਾ ਸੰਸਥਾ ਸਨਾਤਨ ਧਰਮ ਕੁਮਾਰ ਸਭਾ ਨੂੰ ਸਨਮਾਨਿਤ ਕੀਤਾ ਗਿਆ. ਨਟਾਸ ਡਾਇਰੈਕਟਰ ਸ਼੍ਰੀ ਪ੍ਰਾਨ ਸੱਭਰਵਾਲ ਅਤੇ ਪ੍ਰਸ਼ੰਸ਼ਕਾਂ ਨੇ ਸ਼੍ਰੀ



ਬਾਲ ਕ੍ਰਿਸ਼ਨ ਸਿੰਗਲਾ ਨੂੰ ਨਟਾਸ ਦਾ ਗੌਰਵਮਈ 'ਸਿਲਵਰ ਜੁਬਲੀ ਕਰਮ ਯੋਗੀ' ਅਵਾਰਡ ਭੇਟ ਕਰਕੇ ਸਨਮਾਨਿਤ ਕੀਤਾ। ਨਟਾਸ ਪ੍ਰਧਾਨ ਜੀ.ਐਸ. ਕੱਕੜ ਨੇ ਕਿਹਾ ਕਿ ਸ਼੍ਰੀ ਬਾਲ ਕ੍ਰਿਸ਼ਨ ਸਿੰਗਲਾ ਜਿਨ੍ਹਾਂ ਨੂੰ ਪਿਆਰ ਨਾਲ ਬਾਲ ਜੀ ਕਿਹਾ ਜਾਂਦਾ ਹੈ ਅਤੇ ਜੋ ਅਨੁਸ਼ਾਸਨ, ਕੁਸ਼ਲ ਪ੍ਰਸ਼ਾਸਨ, ਸਮਰਪਨ ਅਤੇ ਨਿਫਾਸਤ ਲਈ ਭਲੀ ਭਾਂਤੀ ਜਾਣੇ ਜਾਂਦੇ ਹਨ, ਨੇ 2008 ਵਿੱਚ ਬਤੌਰ ਪ੍ਰਧਾਨ ਚਾਰਜ ਸੰਭਾਲਨ ਤੋਂ ਹੁਣ ਤੱਕ ਸਭਾ ਤਹਿਤ ਚਲ ਰਹੀਆਂ 15 ਚੈਰੀਟੇਬਲ ਸੰਸਥਾਵਾਂ ਵਿਚ ਨਵੀਂ ਰੂਹ ਫੂਕੀ ਹੈ ਅਤੇ ਸਾਥੀਆਂ ਦੇ ਸਹਿਯੋਗ ਨਾਲ ਇਹਨਾਂ ਨੂੰ ਮਿਸਾਲੀ ਅਦਾਰੇ ਬਣਾ ਕੇ ਸ਼ਹਿਰ ਦੀ ਸ਼ਾਨ ਬਣਾ ਦਿੱਤਾ ਹੈ। ਇਤਿਹਾਸਕ ਐਸ. ਡੀ.ਕੇ.ਐਸ. ਭਵਨ, ਸਿੰਗਲਾ ਦੀ ਦਿਮਾਗੀ ਸੋਚ ਦੀ ਉਪਜ ਹੈ। ਪੰਜਾਬ ਕੈਬਨਿਟ ਮੰਤਰੀ ਨੇ ਸਿੰਗਲਾ ਨੂੰ ਜ਼ਿਲ੍ਹਾ ਪਟਿਆਲਾ ਪੰਜਾਬ ਸਰਕਾਰ ਪ੍ਰਮਾਣ ਪੱਤਰ 2025 ਭੇਟ ਕਰਕੇ ਸਨਮਾਨਿਤ ਕੀਤਾ ਹੈ।ਨਟਾਸ ਦੇ ਸਦੀਵੀਂ ਸਰਪਰਸਤ ਨਾਮਵਰ ਸਮਾਜਿਕ ਸ਼ਖਸੀਅਤ ਸ਼੍ਰੀ ਰਾਜੀਵ ਬਾਂਸਲ ਐਮ.ਡੀ. ਹੋਟਲ ਬਾਂਬੇ ਰੈਜੀਡੈਂਸੀ ਨੇ ਕਿਹਾ ਕਿ ਬਾਲ ਕ੍ਰਿਸ਼ਨ ਸਿੰਗਲਾ ਆਪਣੇ ਆਪ ਵਿੱਚ ਇਕ ਸੰਸਥਾ ਹਨ, ਜੋ ਸਮਾਜ ਲਈ ਪ੍ਰੇਰਨਾ ਸ੍ਰੋਤ ਹਨ। ਸਿੰਗਲਾ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹ ਦਮਪਤੀ ਸੁਨੀਤਾ ਸੱਭਰਵਾਲ, ਪ੍ਰਾਣ ਸੱਭਰਵਾਲ ਅਤੇ ਨਟਾਸ ਵੱਲੋਂ ਪਿਛਲੇ 6 ਦਹਾਕਿਆਂ ਤੋਂ ਜਾਰੀ ਲੋਕ ਭਲਾਈ ਅਤੇ ਰੰਗਮੰਚ ਵਤੀਵਿਧੀਆਂ ਅਤੇ 25 ਸਾਲਾਂ ਤੋਂ ਨਿਰੰਤਰ ਜਾਰੀ ਗਾਰਡਨ ਥੀਏਟਰ ਮੁਹਿੰਮ ਤੋਂ ਬਹੁਤ ਪ੍ਰਭਾਵਿਤ ਹਨ ਅਤੇ ਆਪਣੀਆਂ ਸ਼ੁਭਇਛਾਵਾਂ ਭੇਟ ਕਰਦੇ ਹਨ। ਸੱਭਰਵਾਲ ਨੇ ਦੱਸਿਆ ਕਿ ਨਾਲ ਲੱਗਵੇ ਨਾਟਕ ਮੇਲੇ ਵਿਚ ਪੇਸ਼ 'ਲੱਖੀ ਸ਼ਾਹ ਵਣਜਾਰਾ', , ਸਵੱਛਤਾ ਅਭਿਆਨ,ਕਿਰਤ ਦਾ ਸਤਿਕਾਰ ਤੇ ਸੁੱਕੀ ਕੁੱਖ , ਯੁੱਧ ਨਸ਼ਿਆਂ ਵਿਰੁੱਧ 5 ਨਾਟਕਾਂ ਨੂੰ ਭਰਵਾਂ ਹੁੰਗਾਰਾ ਮਿਲਿਆ।

## ਰਾਸ਼ਟਰੀ ਕਾਵਿ ਸਾਗਰ ਨੇ ਕਵੀ ਦਰਬਾਰ ਕਰਵਾਇਆ

### ➢25 ਕਵੀ-ਕਵਿੱਤਰੀਆਂ ਨੇ ਭਾਗ ਲਿਆ

ਪਟਿਆਲਾ, 10 ਦਸੰਬਰ (ਚ.ਨ.ਸ.) : ਰਾਸ਼ਟਰੀ ਕਾਵਿ ਸਾਗਰ ਨੇ ਗੀਤਾ ਜੈਯੰਤੀ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਕਵੀ ਦਰਬਾਰ ਕਰਵਾਇਆ, ਜਿਸ ਵਿਚ ਦੇਸ਼ ਵਿਦੇਸ਼ ਤੋਂ ਪੱਚੀ ਕਵੀ ਕਵਿਤਰੀਆਂ ਨੇ ਭਾਗ ਲਿਆ ।ਕੁਝ ਕਵਿੱਤਰੀਆਂ ਜਰਮਨ ਤੋਂ ਕੁਝ ਅਮਰੀਕਾ ਤੋਂ ਤੇ ਦੁਬਈ ਤੋਂ ਸ਼ਾਮਿਲ ਹੋਏ ।ਸਭਾ ਦੀ ਪ੍ਰਧਾਨ ਆਸ਼ਾ ਸ਼ਰਮਾ ਨੇ ਆਏ ਸਾਹਿਤਕਾਰਾਂ ਤੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਗੀਤਾ ਜਯੰਤੀ 'ਤੇ ਚਾਨਣਾ ਪਾਇਆ। ਗੀਤਾ ਦੇ ਉਪਦੇਸ਼ ਜੀਵਨ ਜਿਊਣ ਦੀ ਜਾਚ ਸਿਖਾਉਂਦੇ ਹਾਂ ।ਕਰਮ ਕਰਨਾ ਤੇ ਫਲ ਦੀ ਇੱਛਾ ਨਾ ਰੱਖਣ 'ਤੇ ਜ਼ੋਰ , ਜ਼ੁਲਮ ਅੱਗੇ ਕਦੇ ਵੀ ਨਾ ਝੁਕਣਾ ,ਤੇ ਔਰਤ ਦੇ ਸਨਮਾਨ ਦੀ ਗੱਲ ਕੀਤੀ । ਦੂਸਰੀ ਤਰਫ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਨੇ ਵੀ ਜ਼ੁਲਮ ਦੇ ਖਿਲਾਫ ਸ਼ਹਾਦਤ ਨੂੰ ਸਵੀਕਾਰ ਕੀਤਾ। ਡਾ. ਤਰਲੋਚਨ ਨੇ ਬਾਖੂਬੀ ਮੰਚ ਸੰਚਾਲਨ ਕੀਤਾ ।ਇਸ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਸਾਹਿਤਕਾਰ ਸਨ



ਡਾਕਟਰ ਤਰਲੋਚਨ, ਆਸ਼ਾ ਸ਼ਰਮਾ , ਇੰਦੂ ਪੌਲ ਗੁੜਗਾਓਂ ਤੋਂ ,ਸੰਗੀਤਾ ਕੁੰਦਰਾ ਪੰਚਕੂਲਾ, ਜਾਗ੍ਰਿਤੀ ਗੌੜ,ਪਰਵਿੰਦਰ ਕੌਰ,ਡਾ. ਸੁਦੇਸ਼ ਚੁਗ ਛੱਤੀਸਗੜ੍ਹ ਤੋਂ, ਅਨਿਮੇਸ਼ਵਰ ਕੌਰ ਦਿੱਲੀ ਤੋਂ, ਸੁਖਦੇਵ ਸਿੰਘ ਗੰਧਵਾ ਫਗਵਾੜਾ ਤੋਂ ਪਰਕਾਸ਼ ਕੌਰ ਪਾਸ਼ਾ ਅੰਮ੍ਰਿਤਸਰ ,ਕਨੀਜ਼ ਮਨਜ਼ੂਰ, ਪਾਕਿਸਤਾਨ ਤੋਂ ਵਤਨਵੀਰ ਸਿੰਘ ਫਰੀਦਕੋਟ ਤੋਂ , ਸੁਨੀਤਾ ਸ਼ਰਮਾ ਪਟਿਆਲਾ ਤੋਂ ,ਪਰਮਜੀਤ ਜੈਸਵਾਲ ਜਲੰਧਰ ਤੋਂ,ਸੁਖਵਿੰਦਰ ਸਿੰਘ,ਅਮਨਦੀਪ ਕੌਰ ਪਾਉਂਟਾ ਸਾਹਬ ਤੋਂ ,ਰਾਜਿੰਦਰ ਗੁਰਨਾ ਜਰਮਨੀ ਤੋਂ ,ਜਗਦੀਸ਼ ਕੌਰ ਅਲਾਹਾਬਾਦ ਤੋਂ ਭਾਰਤ ਭੂਸ਼ਣ ਕਰਨਲ ਤੋਂ ,ਪਰਵੀਨ ਕੌਰ ਮੋਹਾਲੀ ਤੋਂ ,ਸਰਿਤਾ ਤੇਜੀ ਤਲਵਾੜਾ ਤੋਂ ਤੇ ਪੋਲੀ ਬਰਾੜ ਅਮਰੀਕਾ ਤੋਂ ਨੇ ਸ਼ਾਮਿਲ ਹੋ ਕੇ ਪ੍ਰੋਗਰਾਮ ਵਿਚ ਖੂਬਸੂਰਤ ਕਵਿਤਾਵਾਂ ਦੀ ਸਾਂਝ ਪਾਈ।ਮੁੱਖ ਮਹਿਮਾਨ ਡਾ. ਸੁਰੇਸ਼ ਨਾਇਕ ਨੇ ਸਭ ਦੀ ਕੋਸ਼ਿਸ਼ ਦੀ ਬਹੁਤ ਸ਼ਲਾਘਾ ਕੀਤੀ। ਆਖਿਰ ਵਿਚ ਡਾ. ਤਰਲੋਚਨ ਨੇ ਆਏ ਸਭ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਬੀ.ਐਲ.ਏ. ਨਿਯੁਕਤ ਕਰਨ ਸਬੰਧੀ ਮੀਟਿੰਗ

ਮਲੇਰਕੋਟਲਾ, 10 ਦਸੰਬਰ (ਅੰਮ੍ਰਿਤਪਾਲ ਸਿੰਘ) : ਵਧੀਕ ਜ਼ਿਲ੍ਹਾ ਸਮੂਹ ਬੂਥਾਂ ਵਿੱਚ ਬੀ.ਐਲ.ਓਜ ਦੀ ਸਹਾਇਤਾਂ ਲਈ ਬੀ.ਐਲ.ਏ. (ਬੂਥ ਸਕਦਾ ਹੈ ਜਿਸ ਨਾਲ ਵੋਟਰ ਲਿਸਟ ਦਾ ਕੰਮ ਸੰਚਾਰੂ ਢੰਗ ਨਾਲ ਪੂਰਾ ਹੋ ਸਕਦਾ ਹੈ। ਇਸ ਤੋਂ ਇਲਾਵਾ ਬੂਥ ਲੇਵਲ ਏਜੰਟ ਦਾ ਕੰਮ ਵੋਟਰਾਂ ਨੂੰ ਪ੍ਰੇਰਿਤ ਕਰਨਾ ਅਤੇ ਸਮੇਂ-ਸਮੇਂ 'ਤੇ ਆਪਣੇ ਬੂਥ ਵਿੱਚ ਵੋਟਰਾਂ ਸਬੰਧੀ ਹੋਈ ਸੋਧ ਜਿਵੇਂ ਕਿ ਵੋਟਰ ਦਾ ਨਾਮ ਪਤਾ ਆਦਿ ਦੀ ਜਾਂਚ ਕਰਨੀ ਹੈ। ਇਸ ਤੋਂ



ਚੋਣ ਅਫ਼ਸਰ -ਕਮ-ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਵੱਲੋਂ ਮੁੱਖ ਚੋਣ ਅਫਸਰ ਦੀਆਂ ਹਦਾਇਤਾਂ ਅਨੁਸਾਰ ਬੀ.ਐਲ.ਏ ਨਿਯੁਕਤ ਕਰਨ ਸਬੰਧੀ ਜ਼ਿਲ੍ਹੇ ਦੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਬੀ.ਐਲ.ਏ ਨਿਯੁਕਤ ਕਰਨ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬੂਥ ਲੇਵਲ ਏਜੰਟ (ਬੀ.ਐਲ.ਏ) ਵੋਟਰ ਸੂਚੀ ਦੀ ਤਿਆਰੀ ਤੇ ਸੁਧਾਈ ਅਤੇ ਚੋਣਾਂ ਦੀ ਪ੍ਰਕਿਰਿਆਂ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਹਰ ਪੜਾਅ 'ਤੇ ਅਹਿਮ ਰੋਲ ਅਦਾ ਕਰ ਸਕਦੇ ਹਨ । ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੋਣ ਹਲਕੇ ਦੇ ਲੈਵਲ ਏਜੰਟ) ਲਗਾਉਣ ਸਬੰਧੀ ਸਲਾਹ ਦਿੱਤੀ ਗਈ। ਮੀਟਿੰਗ ਵਿੱਚ ਬੂਥ ਲੇਵਲ ਏਜੰਟ (ਬੀ.ਐਲ.ਏ) ਦੀ ਨਿਯੁਕਤੀ ਕਰਨ ਸਬੰਧੀ ਉਨ੍ਹਾਂ ਦੱਸਿਆ ਕਿ ਬੀ.ਐਲ.ਏ ਉਸੇ ਪੋਲਿੰਗ ਸਟੇਸ਼ਨ 'ਤੇ ਨਿਯੁਕਤ ਕੀਤਾ ਜਾਵੇਗਾ ਜਿੱਥੇ ਉਹ ਖੁਦ ਉਸੇ ਪੋਲਿੰਗ ਸਟੇਸ਼ਨ ਦਾ ਵੋਟਰ ਹੋਵੇਗਾ ਅਤੇ ਕੋਈ ਵੀ ਸਰਕਾਰੀ ਮੁਲਾਜ਼ਮ ਸਥਾਨਕ ਪ੍ਰਸ਼ਾਸਨ ਜਾਂ ਪੀਐਸਯੂ ਦੇ ਕਰਮਚਾਰੀ ਬੀ.ਐਲ.ਏ ਨਹੀਂ ਬਣ ਸਕਦੇ। ਉਨ੍ਹਾਂ ਦੱਸਿਆ ਕਿ ਬੂਥ ਲੇਵਲ ਏਜੰਟ ਆਪਣੇ ਪੋਲਿੰਗ ਬੂਥ ਦੇ ਮ੍ਰਿਤਕ ਜਾਂ ਸ਼ਿਫਟ ਹੋ ਚੁੱਕੇ ਵੋਟਰਾਂ ਦੀ ਲਿਸਟ ਤਿਆਰ ਕਰਕੇ ਡੈਜੀਗਨੈਟਿਡ ਅਫ਼ਸਰ/ਬੂਥ ਲੈਵਲ ਅਫ਼ਸਰ (ਬੀਐਲਓ) ਨੂੰ ਮੁਹੱਈਆ ਕਰਵਾ ਇਲਾਵਾ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਜੇਕਰ ਰਾਜਨੀਤਿਕ ਪਾਰਟੀਆਂ ਦੀ ਇੱਛਾ ਹੋਵੇ ਤਾਂ ਉਹ ਆਪਣੇ-ਆਪਣੇ ਬੂਥ ਲੇਵਲ ਏਜੰਟ ਲਈ ਆਪਣਾ ਖਾਸ ਆਈ.ਡੀ ਵੀ ਜਾਰੀ ਕਰ ਸਕਦੇ ਹਨ। ਇਸ ਮੌਕੇ ਚੋਣ ਤਹਿਸੀਲਦਾਰ ਬ੍ਰਿਜ ਮੋਹਨ, ਵਾਈਸ ਪ੍ਰਧਾਨ ਡਾਕਟਰ ਵਿੰਗ ਆਮ ਆਦਮੀ ਪਾਰਟੀ ਵਿਸ਼ਾਲ ਟਾਂਕ, ਕਾਂਗਰਸ ਪਾਰਟੀ ਤੋਂ ਸਿੰਦਰਪਾਲ ਸਿੰਘ,ਸੀ.ਪੀ.ਆਈ.(ਐਮ) ਅਬਦੁਲ ਸਤਾਰ, ਮੁਹੰਮਦ ਸਤਾਰ, ਅਕਾਲੀ ਦਲ ਤੋਂ ਮੁਹੰਮਦ ਇਕਵਾਲ, ਮੁਹੰਮਦ ਤਾਰਿਖ, ਚੋਣ ਬ੍ਰਾਂਚ ਮਨਪ੍ਰੀਤ ਸਿੰਘ ਤੋਂ ਇਲਾਵਾ ਵੱਖ- ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਮੌਜੂਦ ਸਨ।

## ਸੀ.ਐਚ.ਸੀ. ਮਾਡਲ ਟਾਊਨ ਵਿਖੇ ਮਮਤਾ ਦਿਵਸ ਮਨਾਇਆ

ਪਟਿਆਲਾ, 10 ਦਸੰਬਰ (ਰੁਪਾਣਾ) : ਰਾਸ਼ਟਰੀ ਸਿਹਤ ਮਿਸ਼ਨ ਦੇ ਮੁੱਖ ਉਦੇਸ਼ ਜੱਚਾ-ਬੱਚਾ ਮੌਤ ਦਰ ਨੂੰ ਘਟਾਉਣ ਲਈ ਸਿਵਲ ਸਰਜਨ ਡਾ.ਜਸਵਿੰਦਰ ਸਿੰਘ ਦੇ ਦਿਸ਼ਾ



ਨਿਰਦੇਸ਼ਾ ਅਨੁਸਾਰ ਹਰੇਕ ਬੁੱਧਵਾਰ ਸਿਹਤ ਕੇਂਦਰ/ਪਿੰਡ ਪੱਧਰ ਤੇ ਮਨਾਏ ਜਾਂਦੇ ਮਮਤਾ ਦਿਵਸ ਦੌਰਾਨ ਗਰਭਵਤੀ ਔਰਤਾਂ ਅਤੇ ਨਵ ਜੰਮਿਆਂ ਬੱਚਿਆਂ ਦਾ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਕੀਤਾ ਗਿਆ। ਸੀਨੀਅਰ ਮੈਡੀਕਲ ਅਫਸਰ ਡਾ.ਲਵਕੇਸ਼ ਕੁਮਾਰ ਦੀ ਅਗਵਾਈ ਵਿੱਚ ਸੀ.ਐਚ.ਸੀ ਮਾਡਲ ਟਾਊਨ ਵਿਖੇ ਮਮਤਾ ਦਿਵਸ ਸੈਸ਼ਨ ਲਗਾਇਆ ਗਿਆ। ਉਹਨਾਂ ਨੇ ਦੱਸਿਆ ਕਿ ਮਮਤਾ ਦਿਵਸ ਤੇ ਗਰਭਵੱਤੀ ਔਰਤਾਂ ਨੂੰ ਟੈਟਨਸ ਦੇ ਟੀਕੇ, ਖੂਨ ਵਧਾਉਣ ਲਈ ਆਇਰਨ ਫੋਲਿਕ ਐਸਿਡ ਦੀਆਂ ਗੋਲੀਆਂ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਮੁਫਤ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਬੱਚਿਆਂ ਨੂੰ ਮਾਰੂ ਬਿਮਾਰੀਆਂ ਜਿਵੇਂ ਗਲਘੋਟੂ, ਕਾਲੀ ਖੰਘ, ਤਪਦਿਕ, ਪੋਲੀਓ, ਦਿਮਾਗੀ ਬੁਖਾਰ, ਖਸਰਾ, ਪੀਲੀਆ, ਨਿਮੋਨੀਆ, ਦਸਤ ਅਤੇ ਟੈਟਨਸ ਤੋਂ ਬਚਾਅ ਸਬੰਧੀ ਟੀਕੇ ਲਗਾਏ ਜਾਂਦੇ ਹਨ ਤੇ ਬੱਚਿਆਂ ਵਿੱਚ ਅੰਧਰਾਤੇ ਦੀ ਬਿਮਾਰੀ ਤੋਂ ਬਚਾਅ ਲਈ ਵਿਟਾਮਿਨ ਏ ਦਾ ਘੋਲ ਵੀ ਮੁਫ਼ਤ ਦਿੱਤਾ ਜਾਦਾ ਹੈ ਤਾਂ ਜੋ ਜੱਚਾ ਅਤੇ ਬੱਚਾ ਮੌਤ ਦਰ ਨੂੰ ਘੱਟ ਕਰਕੇ ਦਿੱਤੇ ਰਾਸ਼ਟਰੀ ਟੀਚੇ ਸਮੇਂ ਸਿਰ ਪੂਰੇ ਕੀਤੇ ਜਾ ਸਕਣ। ਇਹਨਾਂ ਸੈਸ਼ਨਾ 'ਚ ਸਿਹਤ ਸਟਾਫ ਵੱਲੋਂ ਟੀਕੇ ਲਗਵਾਉਣ ਆਈਆਂ ਗਰਭਵਤੀ ਔਰਤਾਂ ਨੂੰ ਆਪਣਾ ਜਣੇਪਾ ਸਰਕਾਰੀ ਸਿਹਤ ਸੰਸਥਾ ਵਿਚ ਕਰਵਾਉਣਾ ਯਕੀਨੀ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ। ਮਾਵਾਂ ਨੂੰ ਕਿਹਾ ਕਿ ਉਹ ਮਾਰੂ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਸਾਰਨੀ ਅਨੁਸਾਰ ਆਪਣਾ ਅਤੇ ਨਵ ਜਨਮੇ ਬੱਚਿਆਂ ਦਾ ਟੀਕਾਕਰਨ ਕਰਵਾਉਣ ।

## ਖੇਡਾਂ ਵੱਲ ਰੁੱਚੀ ਹੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ 'ਚ ਸਹਾਈ ਹੋ ਸਕਦੀ ਹੈ : ਬਾਜਵਾ, ਭਲਵਾਨ

ਪਟਿਆਲਾ, 10 ਦਸੰਬਰ (ਰੁਪਾਣਾ) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਉੱਚ ਅਧਿਕਾਰੀਆਂ ਦੀ ਅਗਵਾਈ ਹੇਠ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਯੁੱਧ ਨਸ਼ਿਆਂ ਵਿਰੁੱਧ, ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਅਤੇ ਜਿਲਾ ਸਾਂਝ ਕੇਂਦਰ ਵੱਲੋਂ ਪਬਲਿਕ ਨੂੰ ਇੱਕ ਪਲੇਟਫਾਰਮ 'ਤੇ ਇੱਕਠੀਆਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ।ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਾਬਕਾ




ਪ੍ਰਿੰਸੀਪਲ ਡਾ. ਨਰਿੰਦਰ ਸਿੰਘ, ਸਾਬਕਾ ਪ੍ਰਿੰਸੀਪਲ ਨਰਿੰਦਰ ਕੌਰ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਖਰੋੜ ਅਪਰੇਟਰ ਸਾਂਝ ਕੇਂਦਰ, ਬ੍ਰਹਮਜੋਤ ਸਿੰਘ,ਭਿੰਦਰ ਜਲਵੇੜਾ , ਹਰਮਨਜੀਤ ਸਿੰਘ ਰੰਧਾਵਾ ਵੀ ਹਜਾਰ ਸਨ ।ਇਸ ਮੌਕੇਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਖੇਡਾਂ ਹੀ ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ, ਖੇਡਾਂ ਵੱਲ ਰੁੱਚੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਸਹਾਈ ਹੋ ਸਕਦੀ ਹੈ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਕਿਸ਼ੋਰ ਅਵਸਥਾ ਵਿੱਚ ਹੀ ਨਸ਼ਿਆਂ ਵਿਰੁੱਧ ਜਾਗਰੂਕਤਾ ਕਰਨਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਸੁਖਜਿੰਦਰ ਸਿੰਘ ਨੇ ਕਿਹਾ ਕਿ ਸ਼ਕਤੀ ਐਪ,ਪੀ ਪੀ ਸਾਂਝ ਐਪ ਅਤੇ ਸਾਈਬਰ ਸੁਰੱਖਿਆ, ਬੱਚਿਆਂ ਔਰਤਾਂ , ਬੁਜ਼ੁਰਗਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੇ 112,181,1091 ਨੰਬਰਾਂ ਬਾਰੇ ਵੀ ਵੱਖ-ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਜਾਂ ਕੇ ਵਿਦਿਆਰਥੀਆਂ ਨੂੰ ਵੱਖ-ਵੱਖ ਪਿੰਡਾਂ ਸ਼ਹਿਰਾਂ, ਕਸਬਿਆਂ ਵਿੱਚ ਜਾ ਕੇ ਪਬਲਿਕ ਨੂੰ ਜਾਣਕਾਰੀ ਦਿੱਤੀ ਜਾ ਰਹੀ।



# ਪਟਿਆਲਾ-ਆਸ/ਪਾਸ



# ਦੋ ਕੈਂਟਰਾਂ ਦੀ ਟੱਕਰ 'ਚ ਲੱਗੀ ਅੱਗ

## ਕੈਂਟਰਾਂ 'ਚ ਲਿਜਾਏ ਜਾ ਰਹੇ ਸਾਮਾਨ ਦਾ ਭਾਰੀ ਨੁਕਸਾਨ

ਸਮਾਣਾ, 10 ਦਸੰਬਰ (ਵਿਜੇ ਕੁਮਾਰ) : ਸਮਾਣਾ-ਪਟਿਆਲਾ ਸੜਕ 'ਤੇ ਮੰਗਲਵਾਰ ਰਾਤ ਭਾਖੜਾ ਨਹਿਰ ਦੇ ਪੁਲ ਨੇੜੇ ਸਾਮਾਨ ਨਾਲ ਭਰੇ ਦੋ ਕੈਂਟਰਾਂ ਦੀ ਆਹਮੋ-ਸਾਹਮਣੇ ਹੋਈ ਟੱਕਰ ਵਿੱਚ ਦੋਵਾਂ ਕੈਂਟਰਾਂ ਨੂੰ ਅੱਗ ਲੱਗ ਗਈ। ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੇ ਦਸਤੇ ਨੇ ਪਾਣੀ ਨਾਲ ਭਰੀਆਂ ਦੋ ਗੱਡੀਆਂ ਸਮੇਤ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ,ਪਰ ਉਦੋਂ ਤੱਕ ਲੱਗੀ ਅੱਗ ਕਾਰਨ ਕੈਂਟਰਾਂ ਅਤੇ ਉਨ੍ਹਾਂ ਵਿੱਚ ਲਿਜਾਏ ਜਾ ਰਹੇ ਸਾਮਾਨ ਦਾ ਭਾਰੀ ਨੁਕਸਾਨ ਹੋ ਚੁੱਕਾ ਸੀ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਜੱਜਪਾਲ ਸਿੰਘ ਨੇ ਦੱਸਿਆ ਕਿ ਇੱਕ ਕੈਂਟਰ ਚਾਲਕ ਉਦੇਵੀਰ ਸਿੰਘ ਵਾਸੀ ਗਵਾਲੀਅਰ ਪਲਾਸਟਿਕ ਦੇ ਪਾਇਪ ਅਤੇ ਪਾਰਸ



ਲੈ ਕੇ ਆਗਰਾ ਤੋਂ ਸਮਾਣਾ ਹੁੰਦਾ ਹੋਇਆ ਪਟਿਆਲਾ ਵੱਲ ਜਾ ਰਿਹਾ ਸੀ, ਜਦੋਂਕਿ ਦੂਸਰਾ ਕੈਂਟਰ ਚਾਲਕ ਜਸਵਿੰਦਰ ਸਿੰਘ ਵਾਸੀ ਕੋਹਾੜਾ (ਲੁਧਿਆਣਾ) ਪਟਿਆਲਾ ਵੱਲੋਂ ਸੀਮਿੰਟ ਲੈ ਕੇ ਆ ਰਿਹਾ ਸੀ ਕਿ ਭਾਖੜਾ ਨਹਿਰ ਪੁਲ ਦੇ ਮੋੜ 'ਤੇ ਦੋਵੇਂ ਕੈਂਟਰ ਆਪਸ ਵਿੱਚ ਭਿੜ ਗਏ। ਇੱਕ ਕੈਂਟਰ ਦੂਜੇ ਕੈਂਟਰ ਦੀ ਤੇਲ ਟੈਂਕੀ ਵਿੱਚ ਜਾ ਵੱਜਾ, ਜਿਸ ਕਾਰਨ ਉਸ ਵਿੱਚ ਤੁਰੰਤ ਅੱਗ ਲੱਗ ਗਈ ਅਤੇ ਅੱਗ ਨੇ ਦੋਵਾਂ ਕੈਂਟਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਲੱਗੀ ਦੇਖ ਕੇ ਦੋਵੇਂ ਕੈਂਟਰ ਚਾਲਕ ਤੁਰੰਤ ਹੇਠਾਂ ਉੱਤਰ ਆਏ, ਜਦੋਂਕਿ ਉਨ੍ਹਾਂ ਕੋਲ ਕੋਈ ਹੈਲਪਰ ਨਹੀਂ ਸੀ। ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੇ ਦਸਤੇ ਨੇ ਪਹੁੰਚ ਕੇ ਅੱਗ 'ਤੇ ਕਾਬੂ ਪਾ ਲਿਆ। ਪਰ ਦੋਵੇਂ ਕੈਂਟਰਾਂ ਵਿੱਚ ਲਿਜਾਏ ਜਾ ਰਹੇ ਲੱਖਾਂ ਰੁਪਏ ਦੇ ਸਾਮਾਨ ਅਤੇ ਦੋਵਾਂ ਕੈਂਟਰਾਂ ਦਾ ਭਾਰੀ ਨੁਕਸਾਨ ਹੋ ਚੁੱਕਾ ਸੀ।ਅਧਿਕਾਰੀ ਅਨੁਸਾਰ ਪੁਲਿਸ ਨੇ ਦੋਵੇਂ ਕੈਂਟਰਾਂ ਨੂੰ ਸੜਕ ਤੋਂ ਇੱਕ ਪਾਸੇ ਹਟਾ ਕੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਡਿਪਰੈਸ਼ਨ ਦੀ ਜ਼ਿਆਦਾ ਦਵਾਈ ਖਾਣ ਕਾਰਨ ਨੌਜਵਾਨ ਦੀ ਮੌਤ

ਸਮਾਣਾ, 10 ਦਸੰਬਰ (ਵਿਜੇ ਕੁਮਾਰ) : ਡਿਪਰੈਸ਼ਨ ਦੌਰਾਨ ਚੱਲ ਰਹੀ ਦਵਾਈ ਦੀ ਜ਼ਿਆਦਾ ਮਾਤਰਾ ਨਿਗਲਣ ਤੋਂ ਬਾਅਦ ਗੰਭੀਰ ਹਾਲਤ ਵਿੱਚ ਜ਼ੇਰੇ-ਇਲਾਜ ਨੌਜਵਾਨ ਦੀ ਮੌਤ ਹੋ ਜਾਣ 'ਤੇ ਉਸਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ।ਮਾਮਲੇ ਦੇ ਜਾਂਚ ਅਧਿਕਾਰੀ, ਮਵੀ ਕਲਾਂ ਪੁਲਸ ਇੰਚਾਰਜ ਹਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਮ੍ਰਿਤਕ ਅਮਿਤੋਜ (27) ਦੇ ਪਿਤਾ ਰਾਜਵਿੰਦਰ ਸਿੰਘ ਵਾਸੀ ਪਿੰਡ ਸਪਰਹੇੜੀ ਅਤੇ ਸਹੁਰੇ ਜੋਗਿੰਦਰ ਸਿੰਘ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ, ਅਮਿਤੋਜ ਕੁਝ ਮਹੀਨਿਆਂ ਤੋਂ ਮਾਨਸਿਕ ਤਣਾਅ ਵਿੱਚ ਸੀ ਅਤੇ ਉਸ ਦਾ ਇਲਾਜ ਚੱਲ ਰਿਹਾ ਸੀ।ਬੀਤੇ ਦਿਨ ਉਸ ਨੇ ਦਵਾਈ ਦੀ ਜ਼ਿਆਦਾ ਖੁਰਾਕ ਨਿਗਲ ਲਈ, ਜਿਸ ਕਾਰਨ ਉਸ ਦੀ ਤਬੀਅਤ ਵਿਗੜ ਗਈ। ਗੰਭੀਰ ਹਾਲਤ ਵਿੱਚ ਉਸ ਨੂੰ ਇਲਾਜ ਲਈ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਬੀਤੀ ਰਾਤ ਉਸ ਦੀ ਮੌਤ ਹੋ ਗਈ। ਅਧਿਕਾਰੀ ਅਨੁਸਾਰ, ਦਰਜ ਕਰਵਾਏ ਬਿਆਨ ਦੇ ਆਧਾਰ 'ਤੇ ਭਾਰਤੀ ਨਿਆਇਕ ਸੰਹਿਤਾ ਦੀ ਧਾਰਾ 194 ਤਹਿਤ ਪੁਲਿਸ ਨੇ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ। ਡੇਢ ਸਾਲ ਪਹਿਲਾਂ ਵਿਆਹਿਆ ਨੌਜਵਾਨ ਅਮਿਤੋਜ ਆਪਣੇ ਪਿੱਛੇ ਗਰਭਵਤੀ ਪਤਨੀ ਛੱਡ ਗਿਆ ਹੈ।

# 'ਆਪ' ਦੀ ਸਰਕਾਰ ਕਰ ਰਹੀ ਪੰਜਾਬ ਦਾ ਚਹੁੰਪੱਖੀ ਵਿਕਾਸ : ਹਰਚੰਦ ਸਿੰਘ ਬਰਸਟ

## ਵੱਧ ਤੋਂ ਵੱਧ ਵੋਟਾਂ ਪਾ ਕੇ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ

ਸਮਾਣਾ, 10 ਦਸੰਬਰ (ਵਿਜੇ ਕੁਮਾਰ/ਜਸਵੰਤ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਇਆ ਜਾਵੇ, ਤਾਂ ਜੋ ਸਰਕਾਰ ਨੂੰ ਹੋਰ ਜਿਆਦਾ ਹੱਲਾ-ਸ਼ੈਰੀ ਮਿਲੇ, ਜਿਸ ਨਾਲ ਸਰਕਾਰ ਵੱਲੋਂ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ਲਈ ਹੋਰ ਜ਼ੋਰਾਂ-ਸ਼ੋਰਾਂ ਨਾਲ ਕੰਮ ਕੀਤਾ ਜਾਵੇਗਾ। ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਅਤੇ ਵਿਕਾਸ ਲਈ ਜੋ ਇਤਿਹਾਸਕ ਫੈਸਲੇ ਲਏ ਗਏ ਹਨ, ਉਨ੍ਹਾਂ ਤੋਂ ਲੋਕ ਬਹੁਤ ਖੁਸ਼ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾਂ ਤੋਂ ਹੀ ਲੋਕਾਂ ਦੀ ਬਿਹਤਰੀ ਅਤੇ ਤਰੱਕੀ ਵਾਸਤੇ ਕੰਮ ਕਰਦੀ ਆਈ ਹੈ। ਜਿਨ੍ਹਾਂ ਕਰਕੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਹੁਤ ਪਸੰਦ ਕਰ ਰਹੇ ਹਨ। ਸਰਕਾਰ ਵੱਲੋਂ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਲਈ ਵੀ ਵਿਸ਼ੇਸ਼ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਕਾਰਜ ਕੀਤੇ ਜਾ ਰਹੇ ਹਨ। ਸ. ਬਰਸਟ ਨੇ ਵਲੰਟੀਅਰਾਂ ਨੂੰ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਸੰਪਰਕ ਕਰਕੇ ਪਾਰਟੀ ਦੇ ਲੋਕ ਭਲਾਈ ਕਾਰਜਾਂ ਅਤੇ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ।



# ਸਕੂਲ ਆਫ ਐਮੀਨੈਂਸ ਬਲਬੇੜਾ ਵਿਖੇ ਕਰਾਟੇ ਮੁਕਾਬਲੇ ਕਰਵਾਏ



ਡਕਾਲਾ/ਬਲਬੇੜਾ, 10 ਦਸੰਬਰ (ਗੁਰਸੇਵਕ ਸਿੰਘ) : ਸਕੂਲ ਆਫ ਐਮੀਨੈਂਸ ਬਲਬੇੜਾ ਵਿਖੇ ਰਾਣੀ ਲਕਸ਼ਮੀ ਬਾਈ ਗਰਾਂਟ ਦੇ ਅਧੀਨ ਭੁਨਰਹੇੜੀ-1 ਦੇ ਬਲਾਕ ਲੈਵਲ ਦੇ ਕਰਾਟੇ ਦੇ ਮੁਕਾਬਲੇ ਕਰਵਾਏ ਗਏ ਜੋ ਕਿ ਬੀਐਨਓ ਰਮਨਦੀਪ ਸਿੰਘ ਦੀ ਅਗਵਾਈ ਹੇਠਾਂ ਅਤੇ ਪ੍ਰਿੰਸੀਪਲ ਵਿਕਰਮਜੀਤ ਦੀ ਦੇਖ-ਰੇਖ ਵਿੱਚ ਕਰਵਾਏ ਗਏ। ਇਸ ਮੌਕੇ ਮੋਹਿਤ ਕੁਮਾਰ ਡੀਪੀਈ ਨੇ ਦੱਸਿਆ ਕਿ ਇਹਨਾਂ ਖੇਡਾਂ ਦੇ ਵਿੱਚ ਲਗਭਗ 80 ਤੋਂ ਜਿਆਦਾ ਲੜਕੀਆਂ ਨੇ ਭਾਗ ਲਿਆ ਤੇ ਮੈਡਲ ਹਾਸਲ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ । ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਅਮਰਦੀਪ ਸਿੰਘ, ਵਿਕਾਸ , ਜੋਨਲ ਸਕੱਤਰ ਤਰਸੇਮ ਸਿੰਘ, ਡੀਪੀਈ ਰਣਜੀਤ ਸਿੰਘ ,ਪੀਟੀਆਈ ਸਤਪਾਲ ਸਿੰਘ ,ਵੋਕੇਸ਼ਨਲ ਟੀਚਰ ਮਨਪ੍ਰੀਤ ਸਿੰਘ, ਸਾਇੰਸ ਮਿਸਟਰਸ ਜੈ ਸ਼੍ਰੀ ਲਾਂਬੇ, ਮਨੋਜ ਕੁਮਾਰ, ਕੋਚ ਰਾਜਕੁਮਾਰ ,ਆਕਾਸ਼ ਕੁਮਾਰ , ਅਵਨੀਤ ਕੁਮਾਰ ਮੌਜੂਦ ਰਹੇ ।

# ਕੌਮੀ ਲੋਕ ਅਦਾਲਤ 13 ਨੂੰ

ਪਟਿਆਲਾ, 10 ਦਸੰਬਰ (ਵਿਨੋਦ ਸ਼ਰਮਾ) : ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਲੋਕ ਅਦਾਲਤ ਜੋ ਕਿ ਜ਼ਿਲ੍ਹਾ ਸੈਸ਼ਨ ਜੱਜ ਦੀ ਅਗਵਾਈ ਹੇਠ 13 ਦਸੰਬਰ ਨੂੰ ਲੱਗੇਗੀ ਅਤੇ ਇਹ ਇਸ ਸਾਲ ਦੀ ਆਖਰੀ ਲੋਕ ਅਦਾਲਤ ਹੋਵੇਗੀ। ਇਸ ਲੋਕ ਅਦਾਲਤ ਵਿੱਚ ਫੈਸਲੇਯੋਗ ਕੇਸ ਸੁਣਵਾਈ ਲਈ ਰੱਖੇ ਗਏ ਹਨ, ਜਿਨ੍ਹਾਂ ਦਾ ਨਿਪਟਾਰਾ ਦੋਨਾਂ ਧਿਰਾਂ ਦੇ ਆਪਸੀ ਸਹਿਯੋਗ ਨਾਲ ਹੋਵੇਗਾ। ਇਸ ਲੋਕ ਅਦਾਲਤ ਵਿੱਚ ਬਹੁਤ ਸਾਰੇ ਲੋਕ ਦੂਰੋਂ ਅਤੇ ਨੇੜੇ ਦੇ ਸ਼ਹਿਰਾਂ ਤੋਂ ਆ ਰਹੇ ਹਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ 14 ਨੂੰ ਚੋਣਾਂ ਦੀ ਸ਼ਾਂਤੀਪੂਰਨ ਪ੍ਰਕਿਰਿਆ ਲਈ ਪਾਬੰਦੀ ਦੇ ਹੁਕਮ

ਪਟਿਆਲਾ, 10 ਦਸੰਬਰ (ਚ.ਨ.ਸ.) : ਪਟਿਆਲਾ ਦੇ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਕਮ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਸਟੈਂਡਰਡ ਉਪਰੇਟਿੰਗ ਪ੍ਰੋਸੀਜਰ ਤਹਿਤ ਚੋਣ ਪ੍ਰਕਿਆ ਨੂੰ ਸਾਂਤਮਈ ਤਰੀਕੇ ਨਾਲ ਨਿਰਵਿਘਨ ਕਰਵਾਉਣ ਅਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਚੋਣਾਂ ਵਾਲੇ ਦਿਨ 14 ਦਸੰਬਰ ਨੂੰ ਜ਼ਿਲ੍ਹਾ ਪਟਿਆਲਾ ਅੰਦਰ ਬਣੇ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪਾਬੰਦੀ ਦੀਆਂ ਹਦਾਇਦਾਂ ਜਾਰੀ ਕੀਤੀਆਂ ਹਨ । ਉਹਨਾਂ ਕਿਹਾ ਹੈ ਕਿ ਪੋਲਿੰਗ ਬੂਥਾਂ ਜਾਂ ਜਨਤਕ/ਨਿਜੀ ਜਗ੍ਹਾ ਤੇ ਕਿਸੇ ਵੀ ਉਮੀਦਵਾਰ ਜਾਂ ਉਸ ਦੇ ਸਮਰਥਕ ਵੱਲੋਂ ਪ੍ਰਚਾਰ ਨਹੀ ਕੀਤਾ ਜਾਵੇਗਾ ਅਤੇ ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ ਨਜ਼ਦੀਕ ਸ਼ੋਰ-ਸ਼ਰਾਬਾ , ਹੁੱਲੜਬਾਜੀ ਨਹੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਸੈਲੂਲਰ ਫੋਨ/ ਕੋਰਡਲੈਸ ਫੋਨ/ਵਾਇਰਲੈਸ ਮੈਟ/ ਲਾਊਡ ਸਪੀਕਰ/ਮੈਗਾਫੋਨ ਆਦਿ ਦੀ ਵਰਤੋਂ ਨਹੀ ਕੀਤੀ ਜਾਵੇਗੀ। (ਇਹ ਹੁਕਮ ਚੋਣ ਡਿਊਟੀ ਤੇ ਤਾਇਨਾਤ ਚੋਣ ਅਬਜਰਵਰ, ਪ੍ਰਸ਼ਾਸਨਿਕ, ਪੁਲਿਸ ਅਧਿਕਾਰੀ, ਡਿਊਟੀ ਤੇ ਤਾਇਲਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ/ ਕਾਊਟਿੰਗ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ਤੇ ਲਾਗੂ ਨਹੀ ਹੋਵੇਗਾ ) ਉਹਨਾਂ ਇਹ ਵੀ ਕਿਹਾ ਕਿ ਪ੍ਰਚਾਰ ਨਾਲ ਸਬੰਧਤ ਕਿਸੇ ਵੀ ਕਿਸਮ ਦਾ ਪੋਸਟਰ/ਬੈਨਰ ਨਹੀ ਲਗਾਇਆ ਜਾਵੇਗਾ ਅਤੇ ਕੋਈ ਵੀ ਰਾਜਨੀਤਿਕ ਪਾਰਟੀ , ਚੋਣ ਲੜ ਰਿਹਾ ਉਮੀਦਵਾਰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪੋਲਿੰਗ ਬੂਥ/ਟੈਂਟ ਨਹੀ ਲਗਾਏਗਾ । ਕੋਈ ਵੀ ਵਿਅਕਤੀ , ਸਿਵਾਏ ਰਾਜ ਚੋਣ ਕਮਿਸ਼ਨਰ ਪੰਜਾਬ ਜ਼ਿਲ੍ਹਾ ਚੋਣ ਅਫਸਰ ਪਟਿਆਲਾ ਜਾਂ ਗ੍ਰਾਮ ਪੰਚਾਇਤ ਹਲਕੇ ਦੇ ਰਿਟਰਨਿੰਗ ਅਫ਼ਸਰ ਵੱਲੋਂ ਅਧਿਕਾਰਿਤ ਵਿਅਕਤੀ, ਕਿਸੇ ਵੀ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪ੍ਰਾਈਵੇਟ ਵਹੀਕਲ ਨਹੀ ਲਿਜਾਏਗਾ ।

# ਡੀ.ਸੀ.ਪੀ.ਓ. ਵੱਲੋਂ ਲਾਵਾਰਿਸ ਬੱਚੀ ਦੇ ਪਰਿਵਾਰ ਦੀ ਪਛਾਣ ਲਈ ਲੋਕਾਂ ਨੂੰ ਸਹਿਯੋਗ ਦੀ ਅਪੀਲ

ਪਟਿਆਲਾ, 10 ਦਸੰਬਰ (ਚ.ਨ.ਸ.) : ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਪਟਿਆਲਾ ਰੂਪਵੰਤ ਕੌਰ ਨੇ ਦੱਸਿਆ ਹੈ ਕਿ ਪਿਛਲੇ ਦਿਨਾਂ ਵਿੱਚ 29 ਨਵੰਬਰ 2025 ਰਾਤ ਨੂੰ ਇਕ ਲਾਵਾਰਿਸ ਬੱਚੀ ਰਾਜਪੁਰਾ ਰੇਲਵੇ ਸਟੇਸ਼ਨ ਵਿੱਚ ਟਰੇਨ ਵਿੱਚ ਇੱਕ ਅਨਜਾਣ ਔਰਤ ਨੂੰ ਮਿਲੀ, ਜੋ ਕਿ ਨਾਭਾ ਦੀ ਰਹਿਣ ਵਾਲੀ ਸੀ । ਉਹ ਬੱਚੀ ਨੂੰ ਆਪਣੇ ਨਾਲ ਨਾਭਾ ਲੈ ਗਈ ਤੇ ਉਸ ਨੇ ਨਾਭਾ ਰੇਲਵੇ ਸਟੇਸ਼ਨ ਪਹੁੰਚਾ ਕੇ 1098 ਚਾਈਲਡ ਹੈਲਪ ਲਾਈਨ ' ਤੇ ਫੋਨ ਕਰਕੇ ਬੱਚੀ ਬਾਰੇ ਜਾਣਕਾਰੀ ਦਿੱਤੀ। ਬੱਚੀ ਨੇ ਦੱਸਿਆ ਕਿ ਉਸ ਦੇ ਮਾਤਾ ਪਿਤਾ ਖੰਨਾ ਦੇ ਰਹਿਣ ਵਾਲੇ ਹਨ ਅਤੇ ਮਾਂ ਖੇਤਾਂ ਵਿੱਚ ਆਲੂ ਪੱਟਣ ਦਾ ਕੰਮ ਕਰਦੀ ਹੈ । ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਬੱਚੀ ਦਾ ਨਾਂ ਬਿਊਟੀ, ਉਮਰ 7 ਸਾਲ ਹੈ ਅਤੇ ਬੱਚੀ ਦਾ ਰੰਗ ਸਾਂਵਲਾ ਹੈ । ਬੱਚੀ ਦਾ ਕੱਦ ਤਕਰੀਬਨ 4 ਫੁੱਟ ਹੈ। ਜਿਸ ਸਮੇਂ ਬੱਚੀ ਮਿਲੀ ਉਸ ਸਮੇਂ ਬੱਚੀ ਨੇ ਕਰੀਮ ਰੰਗ ਦਾ ਕਮੀਜ਼, ਗੁਲਾਬੀ ਪਲਾਜੋ, ਪੀਲਾ ਤੇ ਸੰਤਰੀ ਰੰਗ ਦੀ ਕੋਟੀ, ਕਰੀਮ ਤੇ ਕਾਲੇ ਰੰਗ ਦੇ ਡਿਜ਼ਾਇਨ ਵਾਲਾ ਸ਼ੋਲ ਲਿਆ ਹੋਇਆ ਸੀ ਅਤੇ ਪੈਰਾਂ ਵਿੱਚ ਚੱਪਲ ਪਾਈ ਹੋਈ ਸੀ । ਉਹਨਾਂ ਕਿਹਾ ਕਿ ਜੇਕਰ ਇਸ ਬੱਚੀ ਦੇ ਪਰਿਵਾਰ ਬਾਰੇ ਕੋਈ ਵੀ ਜਾਣਕਾਰੀ ਮਿਲਦੀ ਹੈ ਤਾਂ ਦਫਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਪਟਿਆਲਾ ਕਮਰਾ ਨੰ: 150 ਬਲਾਕ ਸੀ ਐਕਸਟੈਂਸ਼ਨ ਮਿੰਨੀ ਸਕੱਤਰੇਤ ਪਟਿਆਲਾ ਫੋਨ ਨੰ: 0175-2353523 ਅਤੇ 1098 ਚਾਈਲਡ ਹੈਲਪ ਲਾਈਨ ਪਟਿਆਲਾ ਤੇ ਸੰਪਰਕ ਕਰ ਸਕਦੇ ਹਨ।

# 48ਵੇਂ ਜੀ.ਐਸ. ਬੈਂਸ ਲਿਬਰਲਜ਼ ਹਾਕੀ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ

## 14 ਟੀਮਾਂ ਲੈਣਗੀਆਂ ਹਿੱਸਾ: ਬੈਂਸ, ਗਰੇਵਾਲ

ਨਾਭਾ, 10 ਦਸੰਬਰ (ਬਲਜਿੰਦਰ ਮਾਨ) : 48ਵੇਂ ਜੀਐਸ ਬੈਂਸ ਸਰਬ ਭਾਰਤੀ ਲਿਬਰਲਸ ਹਾਕੀ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਹ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ 15 ਦਸੰਬਰ ਤੋਂ 21ਦਸੰਬਰ ਤੱਕ ਪੰਜਾਬ ਪਬਲਿਕ ਸਕੂਲ ਨਾਭਾ ਦੇ ਮੇਨ ਗਰਾਊਂਡ ਵਿਖੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲਿਬਰਲਜ਼ ਸੋਸਾਇਟੀ ਦੇ ਪ੍ਰਧਾਨ ਗੁਰਕਰਨ ਸਿੰਘ ਬੈਂਸ ਅਤੇ ਔਰਗੇਨਾਈਜੇਸ਼ਨ ਸੈਕਟਰੀ ਰੁਪਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਇਸ ਸਰਬ ਭਾਰਤੀ ਟੂਰਨਾਮੈਂਟ ਵਿੱਚ ਦੇਸ਼ ਦੀਆਂ 14 ਨਾਮਵਰ ਟੀਮਾਂ ਹਿੱਸਾ ਲੈ ਰਹੀਆਂ ਹਨ ਜਿਨਾਂ ਵਿੱਚ ਈ ਐਮ ਈ ਜਲੰਧਰ, ਆਰਸੀਐਫ ਕਪੂਰਥਲਾ, ਏਐਸਸੀ ਜਲੰਧਰ, ਐਲਪੀਯੂ ਜਲੰਧਰ, ਆਰਮੀ ਇਲੈਵਨ, ਸਾਈ ਇੰਫਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਨੋਰਥਨ ਰੇਲਵੇ, ਹਿਮਾਚਲ ਇਲੈਵਨ, ਵੈਸਟਨਰ ਕਮਾਂਡ ਰੇਲਵੇ ਜਬਲਪੁਰ, ਐਮਐਸ ਕੇ ਹਾਕੀ ਅਕੈਡਮੀ ਜਰਖੜ, ਐਚ ਐਫ ਬੀ ਅਕੈਡਮੀ ਸੋਨੀਪਤ, ਚੰਡੀਗੜ੍ਹ ਇਲੈਵਨ ਅਤੇ ਐਮ. ਆਰ. ਐਸ. ਅੰਮ੍ਰਿਤਸਰ ਭਾਗ ਲੈਣਗੀਆਂ। ਇਹ ਟੀਮਾਂ ਚਾਰ ਪੂਲਾਂ ਵਿੱਚ ਆਪਣੇ ਆਪਣੇ ਲੀਗ ਮੈਚ ਖੇਡਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲਿਬਰਲਜ਼ ਸੋਸਾਇਟੀ ਦੇ ਮੀਡੀਆ ਇੰਚਾਰਜ ਗੁਰਿੰਦਰਜੀਤ ਸਿੰਘ ਸੋਢੀ ਨੇ ਕਿਹਾ ਕਿ ਇਸ ਟੂਰਨਾਮੈਂਟ ਦਾ ਉਦਘਾਟਨ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇ ਮਾਨ ਕਰਨਗੇ ਅਤੇ ਗੈਸਟ ਆਫ ਆਨਰ ਡਾਕਟਰ ਡੀਸੀ ਸ਼ਰਮਾ ਹੈਡ ਮਾਸਟਰ ਪੰਜਾਬ ਪਬਲਿਕ ਸਕੂਲ ਨਾਭਾ ਹੋਣਗੇ।ਇਸ ਮੌਕੇ ਗੁਰਜੀਤ ਸਿੰਘ ਬੈਂਸ, ਅਸ਼ੋਕ ਬਾਂਸਲ, ਜਤਿੰਦਰ ਸਿੰਘ ਦਾਖੀ, ਕੁਲਬੀਰ ਸਿੰਘ, ਕੋਚ ਅਜੈ ਸਿੰਘ ਭੂਰੀਆ, ਜੈ ਬੀਰ ਸਿੰਘ, ਹੈਰੀ, ਜਤਿੰਦਰ ਸਿੰਘ ਬਹਿਰੀ, ਧਰਮਿੰਦਰ ਕੁਮਾਰ ਅਤੇ ਗੁਲਸ਼ਨ ਕੁਮਾਰ ਹਾਜ਼ਰ ਸਨ।

# ਚੋਣਾਂ ਦੌਰਾਨ ਆਪਣਾ ਅਸਲਾ ਨਾਲ ਲੈ ਕੇ ਨਹੀਂ ਘੁੰਮਣਗੇ ਲਾਇਸੰਸੀ ਅਸਲਾ ਧਾਰਕ

ਪਟਿਆਲਾ, 10 ਦਸੰਬਰ (ਰੁਪਾਣਾ/ਵਿਨੋਦ ਸ਼ਰਮਾ) :14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਸਬੰਧੀਂ ਰਾਜ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਅਮਨ ਕਾਨੂੰਨ ਕਾਇਮ ਰੱਖਣ ਲਈ ਵਧੀਕ ਜ਼ਿਲ੍ਹਾ ਮੈਜਿਸਟਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਿਲ੍ਹਾ ਪਟਿਆਲਾ ਦੀ ਹਦੂਦ ਅੰਦਰ ਗੰਡਾਸੇ , ਤੇਜ਼ਧਾਰ ਟਕੂਏ, ਕੁਲਹਾੜੀਆਂ, ਅਤੇ ਹੋਰ ਘਾਤਕ ਅਸਲਾ ਹਥਿਆਰ, ਭਾਵੇਂ ਲਾਇਸੰਸੀ ਹੀ ਕਿਉਂ ਨਾ ਹੋਵੇ ਚੁੱਕਣ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਹੁਕਮਾਂ ਵਿਚ ਲਿਖਿਆ ਗਿਆ ਹੈ ਕਿ ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਹਦਾਇਤਾਂ ਹਨ ਕਿ ਚੋਣਾਂ ਦੌਰਾਨ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ, ਲੋਕ ਹਿੱਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਵਾਲੀਆਂ ਚੋਣਾਂ ਨੂੰ ਸੁੱਚਜੇ/ਸ਼ਾਂਤ ਮਈ ਢੰਗ ਨਾਲ ਨੇਪਰੇ ਚਾੜਨ ਲਈ ਅਸਲਾ ਧਾਰੀਆਂ ਨੂੰ ਅਸਲਾ ਚੁੱਕਣ / ਕੈਰੀ ਕਰਨ ਤੋਂ ਰੋਕਣਾ ਅਤਿ ਜਰੂਰੀ ਹੈ, ਤਾਂ ਜੋ ਕਿਸੇ ਤਰਾਂ ਦੀ ਅਣਸੁਖਾਵੀਂ ਘਟਨਾ ਨਾ ਵਾਪਰੇ। ਇਹ ਹੁਕਮ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ।

# ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੀ ਵਿਦਿਆਰਥਣ ਨੇ ਸਟੇਟ ਚੈਂਪੀਅਨ ਐਵਾਰਡ ਹਾਸਲ ਕੀਤਾ

ਡਕਾਲਾ/ਬਲਬੇੜ੍ਹਾ, 10 ਦਸੰਬਰ (ਗੁਰਸੇਵਕ ਸਿੰਘ) : ਗੁਰੂ ਤੇਗ ਬਹਾਦਰ ਪਬਲਿਕ ਸਕੂਲ ਕਰਹਾਲੀ ਸਾਹਿਬ ਦੀ ਨੌਵੀ ਜਮਾਤ ਦੀ ਵਿਦਿਆਰਥਣ ਜੈਸਮੀਨ ਕੌਰ ਨੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਸ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਆਯੋਜਿਤ ਪੰਜਾਬੀ ਮੋਕ ਓਲੰਪੀਆਡ ਵਿੱਚ ਹਿੱਸਾ ਲਿਆ, ਜਿਸ ਵਿੱਚ ਸਟੇਟ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇਸ ਇਮਤਿਹਾਨ ਵਿੱਚੋਂ ਮੈਰਿਟ ਲਿਸਟ ਵਿੱਚ ਪਹਿਲਾ ਰੈਂਕ ਹਾਸਲ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ।ਇਸ ਲਈ ਇਸ ਵਿਦਿਆਰਥਣ ਨੂੰ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਸ ਵੱਲੋ ਚੰਡੀਗੜ੍ਹ ਯੂਨੀਵਰਸਿਟੀ ਵਿਖੇ



ਸਟੇਟ ਚੈਂਪੀਅਨਸ਼ਿਪ ਮੈਡਲ, ਸਰਟੀਫਿਕੇਟ ਅਤੇ ਟਰਾਫ਼ੀ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਅਮਰਜੀਤ ਸਿੰਘ ਨੂੰ ਉਨ੍ਹਾਂ ਦੀ ਉਤਕ੍ਰਿਸ਼ਟ ਲੀਡਰਸ਼ਿਪ ਅਤੇ ਸਕੂਲ ਦੇ ਵਿਕਾਸ ਵਿੱਚ ਵਿਸ਼ੇਸ਼ ਭੂਮਿਕਾ ਲਈ ਗੋਲਡਨ ਪ੍ਰਿੰਸੀਪਲ ਐਵਾਰਡ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਸ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਪ੍ਰਦਾਨ ਕੀਤਾ ਗਿਆ ।ਇਸ ਤੋਂ ਇਲਾਵਾ ਸਕੂਲ ਦੇ ਪੰਜਾਬੀ ਦੇ ਅਧਿਆਪਕਾ ਜਸਵਿੰਦਰ ਕੌਰ ਨੂੰ ਉਨ੍ਹਾਂ ਦੀ ਸਮਰਪਿਤ ਸਿੱਖਿਆ ਅਤੇ ਵਿਦਿਆਰਥੀਆਂ ਪ੍ਰਤੀ ਪ੍ਰੇਰਣਾਦਾਇਕ ਯੋਗਦਾਨ ਲਈ ਇੰਨਸਪਾਈਰਿੰਗ ਟੀਚਰ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੀ ਮੈਨੇਜਮੈਂਟ ਦੇ ਪ੍ਰਧਾਨ ਅਮਰਇੰਦਰ ਸਿੰਘ ਲਿਬੜਾ ,ਆਨਰੇਰੀ ਸਕੱਤਰ ਡਾ. ਗੁਰਮੋਹਨ ਸਿੰਘ ਵਾਲੀਆ ਨੇ ਇਸ ਪ੍ਰਾਪਤੀ 'ਤੇ ਉਚੇਚੇ ਤੌਰ 'ਤੇ ਵਧਾਈ ਦਿੱਤੀ।

# ਬੀ.ਐੱਨ.ਪਬਲਿਕ ਸਕੂਲ ਡੰਡੋਆ 'ਚ ਸਾਲਾਨਾ ਸਮਾਰੋਹ ਕਰਵਾਇਆ



ਡਕਾਲਾ/ਬਲਬੇੜ੍ਹਾ, 10 ਦਸੰਬਰ (ਗੁਰਸੇਵਕ ਸਿੰਘ): ਬੀ.ਐੱਨ. ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡੰਡੋਆ 'ਚ ਸਾਲਾਨਾ ਸਮਾਰੋਹ ਬੜੇ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਸ਼ਮਾ ਰੋਸ਼ਨ ਕਰਕੇ ਸੁਆਗਤ ਗੀਤ ਨਾਲ ਕੀਤੀ ਗਈ। ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਨਾਚ, ਗੀਤਾਂ, ਨਾਟਕਾਂ ਅਤੇ ਥੀਮ ਆਦਿ ਦੀ ਬਾਖੂਬੀ ਪੇਸ਼ਕਾਰੀ ਰਾਹੀਂ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਮਾਗਮ ਮੌਕੇ ਕਰਨਲ ਸੰਦੀਪ ਰਾਏ 5 ਪੰਜਾਬ ਬਟਾਲੀਅਨ ਐੱਨ. ਸੀ.ਸੀ., ਪਟਿਆਲਾ ਨੇ ਮੁੱਖ ਮਹਿਮਾਨ ਅਤੇ ਸਕੂਲ ਦੇ ਚੇਅਰਮੈਨ ਪ੍ਰਕਾਸ਼ ਧਵਨ, ਪ੍ਰਿੰਸੀਪਲ ਜਸਪ੍ਰੀਤ ਕੌਰ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਆਪਣੀ ਹਾਜ਼ਰੀ ਲਗਵਾਈ। ਸਕੂਲ ਪ੍ਰਿੰਸੀਪਲ ਸ਼ਮਾ ਥਾਮਾ ਨੇ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਬੀ.ਐੱਨ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਦਿਆਰਥੀਆਂ ਨੂੰ ਸਿੱਖਿਆਂ ਦੇ ਨਾਲ ਨਾਲ ਹੋਰ ਅਹਿਮ ਗਤੀਵਿਧੀਆਂ ਵਿਚ ਵੀ ਪ੍ਰੇਰਿਤ ਕਰਕੇ ਵਿਦਿਆਥੀਆਂ ਦੇ ਉੱਜਵਲ ਭਵਿੱਖ ਲਈ ਕਠਿਨ ਮਿਹਨਤ ਨੂੰ ਪਹਿਲ ਦੇ ਰਿਹਾ ਹੈ। ਇਸ ਮੌਕੇ ਸਕੂਲ ਵਿਦਿਆਰਥੀ, ਵਿਦਿਆਰਥੀਆਂ ਦੇ ਮਾਪੇ ਤੇ ਹੋਰ ਸਖਸ਼ੀਅਤਾਂ ਮੌਜੂਦ ਸਨ।

# ਹਰਦੀਪ ਸਨੌਰ 'ਭਾਈ ਘਨੱਈਆ ਜੀ ਸੇਵਾ ਐਵਾਰਡ' ਨਾਲ ਸਨਮਾਨਤ

ਸਨੌਰ, 10, ਦਸੰਬਰ (ਗੁਰਜੀਤ ਸਿੰਘ ਢੋਟ): ਖੂਨਦਾਨ ਕੈਂਪਾਂ ਦੀ ਸੇਵਾ ਵਿਚ ਮੋਹਰੀ ਗਰੁੱਪ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੂੰ ਮਾਡਲ ਟਾਊਨ ਲੁਧਿਆਣਾ ਵਿਖੇ ਇੱਕ ਸਮਾਗਮ ਦੌਰਾਨ 'ਭਾਈ ਘਨੱਈਆ ਜੀ ਸੇਵਾ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਲੁਧਿਆਣਾ ਦੇ ਪ੍ਰਧਾਨ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਤੇ ਸਾਥੀਆਂ ਵੱਲੋਂ ਕੀਤਾ ਗਿਆ। ਇਸ ਮੌਕੇ ਟੀਮ ਵਿਚ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਠੇਕੇਦਾਰ ਗੁਰਬਚਨ ਸਿੰਘ, ਸ਼ੁਭਦੀਪ ਸਿੰਘ ਤੇ ਹਰਮਨਦੀਪ ਸਿੰਘ ਸਨੌਰ ਨੂੰ ਵੀ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਅਮਿਤ ਗੁਪਤਾ ਲੁਧਿਆਣਾ ਨੂੰ ਵੀ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ



ਵੱਲੋਂ ਪਿਛਲੇ 20 ਸਾਲਾਂ ਵਿਚ 1100 ਤੋਂ ਵੱਧ ਖੂਨਦਾਨ ਕੈਂਪ ਲਗਾ ਕੇ 35000 ਤੋਂ ਵੱਧ ਖੂਨ ਦੇ ਯੂਨਿਟ ਵੱਖ—ਵੱਖ ਬਲੱਡ ਸੈਂਟਰਾਂ ਵਿਚ ਜਮ੍ਹਾਂ ਕਰਵਾਏ ਚੁੱਕੇ ਹਨ। ਇਸ ਦੇ ਨਾਲ ਹੀ 200 ਤੋਂ ਵੱਧ ਰੈਗੂਲਰ ਡੋਨਰਾਂ ਦੀ ਟੀਮ ਤਿਆਰ ਕੀਤੀ ਜਾ ਚੁੱਕੀ ਹੈ ਅਤੇ ਇਸ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਇਹ ਸੇਵਾ ਨਿਰੰਤਰ ਜਾਰੀ ਹੈ। ਜਥੇਦਾਰ ਨਿਮਾਣਾ ਨੇ ਕਿਹਾ ਕਿ ਹਰਦੀਪ ਸਿੰਘ ਸਨੌਰ ਤੇ ਸਾਥੀਆਂ ਵੱਲੋਂ ਮਨੁੱਖਤਾ ਦੇ ਭਲੇ ਲਈ ਕੀਤੀ ਜਾਂਦੀ ਸੇਵਾ ਕਾਬਲੇ ਤਾਰੀਫ ਹੈ ਅਤੇ ਡੋਨਰਾਂ ਨੂੰ ਪ੍ਰੇਰਿਤ ਕਰਕੇ ਰੈਗੂਲਰ ਖੂਨਦਾਨ ਕੈਂਪਾਂ ਵਿਚ ਲੋੜਵੰਦ ਮਰੀਜ਼ਾਂ ਲਈ ਖੂਨਦਾਨ ਕਰਨਾ ਅਤੇ ਰੈਗੂਲਰ ਡੋਨਰਾਂ ਨੂੰ ਸੂਚੀਬੱਧ ਕਰਨਾ ਸ਼ਲਾਘਾਯੋਗ ਹੈ। ਹਰਦੀਪ ਸਨੌਰ ਨੇ ਸਨਮਾਨ ਪ੍ਰਾਪਤ ਕਰਨ ਉਪਰੰਤ ਕਿਹਾ ਕਿ ਜਥੇਦਾਰ ਨਿਮਾਣਾ ਵੱਲੋਂ ਵੀ ਮਨੁੱਖਤਾ ਦੇ ਭਲੇ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ ਅਸੀਂ ਉਨ੍ਹਾਂ ਵਿਚ ਵੱਧ ਤੋਂ ਵੱਧ ਸਹਿਯੋਗ ਦੇਵਾਂਗੇ ਅਤੇ ਭਾਈ ਘਨੱਈਆ ਜੀ ਦੇ ਸੇਵਾ ਮਿਸ਼ਨ ਨਾਲ ਨੌਜਵਾਨਾਂ ਨੂੰ ਜੋੜਾਂਗੇ। ਉਨ੍ਹਾਂ ਕਿਹਾ ਕਿ ਖੂਨਦਾਨ ਸੇਵਾ ਵਿਚ ਸਰਗਰਮ ਸੰਸਥਾਵਾਂ ਦੀ ਹੰਗਾਮੀ ਮੀਟਿੰਗ ਜਲਦ ਕੀਤੀ ਜਾਵੇਗੀ ।

# ਪੰਜਾਬੀ ਯੂਨੀਵਰਸਿਟੀ ਦਾ ਮਹੀਨਾਵਾਰ ਪ੍ਰੋਗਰਾਮ 'ਮੰਗਲਕਾਮਨਾ' ਇਸ ਵਾਰ ਸ਼ਾਸਤਰੀ ਗਾਇਨ ਨੂੰ ਰਿਹਾ ਸਮਰਪਿਤ

ਪਟਿਆਲਾ, 10 ਦਸੰਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਕਰਵਾਇਆ ਜਾਂਦਾ ਮਹੀਨਾਵਾਰ ਪ੍ਰੋਗਰਾਮ 'ਮੰਗਲਕਾਮਨਾ' ਇਸ ਵਾਰ ਸ਼ਾਸਤਰੀ ਗਾਇਨ ਨੂੰ ਸਮਰਪਿਤ ਰਿਹਾ। ਵਿਭਾਗ ਦੇ 'ਪ੍ਰੋ. ਦਲਜੀਤ ਸਿੰਘ ਯਾਦਗਾਰ ਹਾਲ' ਵਿੱਚ ਕਰਵਾਏ ਇਸ ਪ੍ਰੋਗਰਾਮ ਦਾ ਆਰੰਭ ਥਾਪਰ ਯੂਨੀਵਰਸਿਟੀ ਤੋਂ ਪਧਾਰੇ ਡਾ. ਹੁਸਨਬੀਰ ਪੰਨੂ ਨੇ ਗ਼ਜ਼ਲ ਅਤੇ ਤਰਾਨਾ ਗਾਇਕੀ ਨਾਲ਼ ਹੋਇਆ। ਕੋਲਕਾਤਾ ਤੋਂ ਪਧਾਰੀ ਪ੍ਰਸਿੱਧ ਸ਼ਾਸਤਰੀ ਗਾਇਕਾ ਸ੍ਰੀਮਤੀ ਪ੍ਰਿਯੰਕਾ ਮਿਤਰਾ ਨੇ ਰਾਗ ਭੀਮਪਲਾਸੀ ਵਿਚ ਦੋ ਬੰਦਿਸ਼ਾਂ ਦੀ ਪੇਸ਼ਕਾਰੀ ਦਿੱਤੀ। ਸ੍ਰੀਮਤੀ ਕੌਸ਼ਿਕੀ ਚਕ੍ਰਬਰਤੀ ਅਤੇ ਪੰ. ਉਲਹਾਸ ਕਸ਼ਾਲਕਰ ਤੋਂ ਤਾਲੀਮ ਪ੍ਰਾਪਤ ਗਾਇਕਾ ਨੇ ਰਾਗਦਾਰੀ ਦੀ ਵਿਧੀਬੱਧ ਪੇਸ਼ਕਾਰੀ ਦਿੱਤੀ। ਉਸ ਦੀ ਦਮਦਾਰ ਆਵਾਜ਼ ਵਿਚੋਂ ਵਰ੍ਹਿਆਂ ਦੀ ਕਠਿਨ ਸਾਧਨਾ ਝਲਕ ਰਹੀ ਸੀ ਅਤੇ



ਗਲੇ ਦੀ ਤਿਆਰੀ ਵੀ ਬਾਕਮਾਲ ਸੀ। ਉਪਰੰਤ ਰਾਗ ਪਹਾੜੀ ਵਿਚ ਇੱਕ ਉਪ-ਸ਼ਾਸਤਰੀ ਬੰਦਿਸ਼ ਦੀ ਮਨੋਹਰ ਪੇਸ਼ਕਾਰੀ ਦਿੱਤੀ। ਸ੍ਰੀਮਤੀ ਮਿਤਰਾ ਨੇ ਆਪਣੇ ਗਾਇਨ ਦੀ ਸਮਾਪਤੀ ਰਾਗ ਭੈਰਵੀ ਵਿਚ ਇੱਕ ਸੁੰਦਰ ਭਜਨ 'ਤੁਮ ਆ ਜਾਨਾ ਭਗਵਾਨ' ਨਾਲ ਕੀਤੀ ਅਤੇ ਮਾਹੌਲ ਨੂੰ ਅਧਿਆਤਮਿਕ ਰੰਗ ਵਿਚ ਰੰਗ ਦਿੱਤਾ। ਤਬਲੇ ਉੱਤੇ ਸੁੰਦਰ ਸੰਗਤੀ ਸ੍ਰੀ ਜੈਦੇਵ ਅਤੇ ਹਾਰਮੋਨੀਅਮ ਉੱਤੇ ਜਨਾਬ ਅਲੀ ਅਕਬਰ ਨੇ ਕੀਤੀ। ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਕਲਾਕਾਰਾਂ ਅਤੇ ਸ੍ਰੋਤਿਆਂ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਅਜਿਹੀਆਂ ਪੇਸ਼ਕਾਰੀਆਂ ਵਿਦਿਆਰਥੀਆਂ ਅੰਦਰ ਕਲਾਵਾਂ ਪ੍ਰਤੀ ਸੰਸਕਾਰ ਅਤੇ ਸਮਝ ਪੈਦਾ ਕਰਦੀਆਂ ਹਨ। ਯੂਨੀਵਰਸਿਟੀ ਦੇ ਵਿੱਤ ਅਫ਼ਸਰ ਡਾ. ਪ੍ਰਮੋਦ ਅਗਰਵਾਲ ਅਤੇ ਵਿਤ ਵਿਭਾਗ ਤੋਂ ਸ੍ਰੀ ਰਜਨੀਸ਼ ਸ਼ਰਮਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਹਾਜ਼ਰ ਸ੍ਰੋਤਿਆਂ ਵਿਚ ਡਾ. ਅਲੰਕਾਰ ਸਿੰਘ, ਮੋਨੀਸ਼ਾ ਬੈਨਰਜੀ, ਡਾ. ਰਾਜਵੀਰ ਕੌਰ, ਡਾ. ਡੈਨੀ ਸ਼ਰਮਾ, ਗੁਰਦੀਪ ਕੌਰ, ਰਮਨਜੀਤ ਕੌਰ, ਨਰਿੰਦਰ ਪਾਲ ਸਿੰਘ ਆਦਿ ਵਿਸ਼ੇਸ਼ ਰੂਪ ਵਿਚ ਸ਼ਾਮਿਲ ਰਹੇ। ਡਾ. ਨਿਵੇਦਿਤਾ ਸਿੰਘ ਵੱਲੋਂ ਕਲਾਕਾਰਾਂ ਅਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ।

# ਅਕਾਲੀ ਉਮੀਦਵਾਰ ਬਚਿੱਤਰ ਸਿੰਘ ਹਰਿਆਊ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਗੁਲਾਹੜ ਜ਼ੋਨ ਦੇ ਵੱਖ-ਵੱਖ ਪਿੰਡਾਂ 'ਚ ਜਨ ਸਭਾਵਾਂ

## ਉਮੀਦਵਾਰਾਂ ਨੂੰ ਜਿਤਾਉਣ ਦੀ ਜਥੇਦਾਰ ਜਗਮੀਤ ਸਿੰਘ ਹਰਿਆਊ ਵੱਲੋਂ ਅਪੀਲ

ਪਾਤੜਾਂ, 10 ਦਸੰਬਰ (ਹਰਮਿੰਦਰ ਕਰਤਾਰਪੁਰ) : ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਗੁਲਾਹੜ ਜੋਨ ਤੋਂ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਚਿੱਤਰ ਸਿੰਘ ਹਰਿਆਊ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਅੱਜ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪਟਿਆਲਾ (ਦਿਹਾਤੀ) ਦੇ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਸਮਾਣਾ ਦੇ ਇੰਚਾਰਜ ਜਥੇਦਾਰ ਜਗਮੀਤ ਸਿੰਘ ਹਰਿਆਊ ਵਲੋਂ- ਵੱਖ ਪਿੰਡਾਂ ਵਿੱਚ ਜਨ ਸਭਾਵਾਂ ਨੂੰ ਸੰਬੋਧਨ ਕੀਤਾ ਗਿਆ। ਪਿੰਡ ਭੂਤਗੜ ,ਕੱਲਰ ਭੈਣੀ, ਹਰਿਆਊ ਖੁਰਦ, ਹਰਿਆਊ ਕਲਾਂ, ਖਾਨੇਵਾਲ, ਪੈਂਦ, ਬੰਨਵਾਲਾ, ਨਿਆਲ, ਤੰਬੂਵਾਲਾ, ਹਮਝੇੜੀ, ਮੌਲਵੀਵਾਲਾ, ਖਾਂਗ , ਨੂਰਪੁਰਾ, ਜੋਗੇਵਾਲ ਆਦਿ ਪਿੰਡਾਂ ਵਿੱਚ ਬਚਿੱਤਰ ਸਿੰਘ ਹਰਿਆਊ ਦੇ ਹੱਕ 'ਚ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਗੁਲਾਹੜ ਜੋਨ ਦੇ ਪਿੰਡਾਂ ਦੇ ਲੋਕਾਂ ਵੱਲੋਂ ਮਿਲ ਰਹੇ ਜ਼ੋਰਦਾਰ ਸਮਰਥਨ ਦੇ ਚੱਲਦਿਆਂ ਅਕਾਲੀ ਦਲ ਦੀ ਇੱਕ ਤਰਫ਼ਾ ਹਨੇਰੀ ਚੱਲ ਰਹੀ ਹੈ। ਜਥੇਦਾਰ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਸਮੁੱਚੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸਾਰੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਜੋਨ ਅਕਾਲੀ ਦਲ ਸ਼ਾਨ ਨਾਲ ਜਿੱਤੇਗਾ । ਗੁਰਜੀਤ ਕੌਰ ਹਰਿਆਊ ਬਚਿੱਤਰ ਸਿੰਘ ਹਰਿਆਊ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਗੁਲਾਹੜ ਜੋਨ ਦੇ ਲੋਕ ਮੇਰੇ ਆਪਣੇ ਪਰਿਵਾਰ ਦਾ ਹਿੱਸਾ ਹਨ ਅਤੇ ਮੈਂ ਉਨ੍ਹਾਂ ਦੇ ਹਰ ਕੰਮ ਲਈ ਦਿਨ ਰਾਤ ਸੇਵਾ ਵਿੱਚ ਹਾਜ਼ਰ ਸੀ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਸੇਵਾ ਵਿੱਚ ਹਾਜ਼ਰ ਰਹਾਂਗਾ। ਉਨ੍ਹਾਂ ਕਿਹਾ ਕਿ ਮੈਨੂੰ ਤੁਹਾਡੇ ਉੱਪਰ ਪੂਰਨ ਭਰੋਸਾ ਹੈ



ਕਿ ਮੇਰੀ ਮਾਤਾ ਗੁਰਜੀਤ ਕੌਰ ਹਰਿਆਊ ਨੂੰ ਤੁਸੀਂ ਭਾਰੀ ਬਹੁਮਤ ਨਾਲ ਜਿਤਾਉਗੇ। ਇਸ ਮੌਕੇ ਉਨ੍ਹਾਂ ਨਾਲ ਜਥੇਦਾਰ ਗੁਰਚਰਨ ਸਿੰਘ ਮੌਲਵੀਵਾਲਾ, ਜਥੇਦਾਰ ਗੁਰਦੀਪ ਸਿੰਘ ਖਾਂਗ, ਜਥੇਦਾਰ ਲਖਵਿੰਦਰ ਸਿੰਘ ਮੌਲਵੀਵਾਲਾ, ਸਰਪੰਚ ਗੱਜਣ ਸਿੰਘ ਹਰਿਆਊ, ਅੰਗਰੇਜ਼ ਸਿੰਘ ਹਰਿਆਊ, ਡਾਕਟਰ ਲਾਡੀ, ਤੇਜਵੀਰ ਸਿੰਘ ਖਾਂਗ, ਕਰਤਾਰ ਸਿੰਘ ਹਰਿਆਊ, ਧਿਆਨ ਸਿੰਘ ਹਰਿਆਊ, ਹਰਵਿੰਦਰ ਸਿੰਘ ਹਰਿਆਊ,ਪੱਪੂ ਹਰਿਆਊ, ਬੂਟਾ ਸਿੰਘ ਗੁਲਾਹੜ, ਜਥੇਦਾਰ ਜਸਪਾਲ ਸਿੰਘ ਨੂਰਪੁਰ, ਧਨੀ ਰਾਮ ਹਮਝੇੜੀ,ਗੋਗੀ ਵੜੈਚ, ਸਿਕੰਦਰ ਸਿੰਘ ਦੁਗਾਲ, ਰਛਪਾਲ ਸਿੰਘ ਨਿਹਾਲ, ਯਾਦਵਿੰਦਰ ਸਿੰਘ ਨਿਹਾਲ, ਭੁਪਿੰਦਰ ਸਿੰਘ ਸੇਲਵਾਲਾ, ਗੁਰਨਾਮ ਸਿੰਘ ਪੈਂਦ, ਬਲਬੀਰ ਸਿੰਘ ਦੁਗਾਲ, ਨਰਿੰਦਰ ਸਿੰਘ ਢਿਲੋਂ, ਜਤਿੰਦਰ ਸਿੰਘ ਦੁਤਾਲ, ਗੁਰਦੀਪ ਸਿੰਘ ਖਾਸਪੁਰ, ਪ੍ਰੀਤਮ ਸਿੰਘ ਖਾਨੇਵਾਲ, ਬਲਦੇਵ ਸਿੰਘ ਖਾਨੇਵਾਲ, ਪ੍ਰਗਟ ਸਿੰਘ ਹਰਿਆਊ ਕਲਾਂ, ਕਾਲਾ ਕੱਲਰਭੈਣੀ, ਜਸਪਾਲ ਸਿੰਘ ਵੜੈਚ, ਅਮਰੀਕ ਸਿੰਘ ਹਰਿਆਊ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

# ਬਿਜਲੀ ਕਾਮਿਆਂ ਤੇ ਪੈਨਸ਼ਨਰਾਂ ਨੇ ਕਾਮਰੇਡ ਅਣਖੀ ਦੀ ਬਰਸੀ ਮਨਾਈ

ਪਟਿਆਲਾ, 10 ਦਸੰਬਰ (ਰੁਪਾਣਾ) : ਬਿਜਲੀ ਕਾਮਿਆਂ ਦੀ ਸਿਰਮੌਰ ਅਤੇ ਸ਼ੰਘਰਸ਼ਸ਼ੀਲ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ: 41 ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 34 ਵੀਂ ਬਰਸੀ ਅੱਜ ਸਥਾਨਕ ਫੈਕਟਰੀ ਏਰੀਆ ਵਿਖੇ ਬਣੇ ਅਣਖੀ ਯਾਦਗਾਰੀ ਭਵਨ ਵਿੱਚ ਹਰੇਕ ਸਾਲ ਦੀ ਤਰਾਂ ਪੂਰੇ ਜੋਸ਼ੋ - ਖਰੋਸ਼ ਨਾਲ ਮਨਾਉਣ ਲਈ ਪੂਰੇ ਪੰਜਾਬ ਤੋਂ ਕਾਫਲੇ ਬੰਨ ਕੇ ਬਿਜਲੀ ਕਾਮੇ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ (ਸਬੰਧਤ ਏਟਕ) ਜਥੇਬੰਦੀ ਦੇ ਆਗੂ ਅਤੇ ਮੈਂਬਰ ਆਪਣੇ ਆਗੂਆਂ ਨੂੰ ਸਰਧਾ ਦੇ ਫੁੱਲ ਭੇਂਟ ਕਰਨ ਲਈ ਵਹੀਰਾਂ ਘੱਤ ਕੇ ਪਹੁੰਚੇ । ਇਸ ਸਮਾਗਮ ਦੇ ਸ਼ੁਰੂ ਵਿੱਚ ਜਥੇਬੰਦੀ ਦਾ ਲਾਲ ਝੰਡਾ ਲਹਿਰਾਉਣ ਦੀ ਰਸਮ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਨਿਭਾਈ ਉਪਰੰਤ ਸੂਬਾ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ ਨੇ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਭਗਵਾਨ ਸਿੰਘ ਅਣਖੀ , ਸਾਬਕਾ ਸੂਬਾ ਪ੍ਰਧਾਨ ਸਤਨਾਮ ਸਿੰਘ ਛਲੇੜੀ , ਸਾਬਕਾ ਸੂਬਾ ਪ੍ਰਧਾਨ ਐਚ ਐਸ ਪ੍ਰਮਾਰ , ਸਾਬਕਾ ਸੂਬਾ ਜਨਰਲ ਸਕੱਤਰ ਮਹਿੰਦਰ ਸਿੰਘ ਬਟਾਲਾ ,ਮੀਤ



ਪ੍ਰਧਾਨ ਦਰਸ਼ਨ ਸਿੰਘ ਢਿੱਲੋ , ਦਿਲਬਾਗ ਸਿੰਘ ਅਟਵਾਲ , ਬਸੰਤ ਰਾਮ ਵੇਰਕਾ ,ਰਣਜੀਤ ਸਿੰਘ ਬਿੰਝੋਕੀ, ਬਾਬਾ ਬਲਕਾਰ ਸਿੰਘ , ਗੁਰਬਖਸ਼ ਸਿੰਘ , ਤੇਜਿੰਦਰ ਸਿੰਘ ਮੋਹੀ , ਪਦਮ ਸਿੰਘ ਠਾਕੁਰ , ਰਾਜਿੰਦਰ ਸਿੰਘ ਭੱਠਲ , ਮੁਸਤਾਕ ਮਸੀਹ ਆਦਿ ਵਿਛੋੜਾ ਦੇ ਚੁੱਕੇ ਆਗੂਆਂ ਅਤੇ ਹੋਰ ਨਾਮਵਰ ਸਖਸ਼ੀਅਤਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕਰਨ ਉਪਰੰਤ ਬਕਾਇਦਾ ਤੌਰ 'ਤੇ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ , ਵਰਕਿੰਗ ਪ੍ਰਧਾਨ ਗੁਰਵਿੰਦਰ ਸਿੰਘ ਹਜ਼ਾਰਾ , ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਰਾਧੇਸ਼ਿਆਮ ਅਤੇ ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬੀਰਮੀ ਦੇ ਅਧਾਰਿਤ ਸਾਂਝੇ ਪ੍ਰਧਾਨਗੀ ਮੰਡਲ ਨੇ ਕੀਤੀ । ਇਸ ਸਮਾਗਮ ਦਾ ਉਦਘਾਟਨੀ ਭਾਸ਼ਣ ਜਥੇਬੰਦੀ ਦੇ ਸਾਬਕਾ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਏਟਕ ਦੇ ਸੂਬਾ ਵਰਕਿੰਗ ਪ੍ਰਧਾਨ ਕਾ. ਸੁਖਦੇਵ ਸ਼ਰਮਾ ਨੇ ਕਰਦਿਆਂ ਕਿਹਾ ਕਿ ਕਾਮਰੇਡ ਭਗਵਾਨ ਸਿੰਘ ਅਣਖੀ ਅਤੇ ਮਹਿੰਦਰ ਸਿੰਘ ਬਟਾਲਾ ਦੀ ਸੁਚੱਜੀ ਅਗਵਾਈ ਹੇਠ 1986 ਦੇ ਪੇ ਸਕੇਲਾਂ ਦੀ ਸੁਧਾਈ ਸਮੇਂ ਬਿਜਲੀ ਕਾਮਿਆਂ ਨੂੰ ਤਰੱਕੀ ਸਕੇਲ ਦਿਵਾਉਣ ਦਾ ਬਹੁਤ ਹੀ ਮਹੱਤਵਪੂਰਨ ਕੰਮ ਨੇਪਰੇ ਚੜਿਆ ਸੀ । ਜਿਸ ਦਾ ਅਣਖੀ ਦੇ ਵਾਰਿਸਾਂ ਨੂੰ ਹਮੇਸ਼ਾ ਮਾਣ ਰਹੇਗਾ । ਇਸ ਮੌਕੇ ਤੇ ਹੋਏ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਕਾਮਰੇਡ ਭਗਵਾਨ ਸਿੰਘ ਅਣਖੀ ਸਮੇਤ ਲਹਿਰਾਂ ਵਿੱਚ ਕੰਮ ਕਰਨ ਵਾਲੇ ਵਿਛੜੇ ਆਗੂਆਂ ਵੱਲੋਂ ਮਿਹਨਤਕਸ਼ ਜਮਾਤ ਦੀ ਬੰਦਖਲਾਸੀ ਲਈ ਆਪਣੇ ਸਮੇਂ ਵਿੱਚ ਕੀਤੇ ਸਿਰਤੋੜ ਯਤਨਾਂ ਦੀ ਸ਼ਲਾਘਾ ਇਸ ਮੌਕੇ ਤੇ ਬੋਲਦਿਆਂ ਜਥੇਬੰਦੀ ਦੇ ਸੂਬਾ ਆਗੂਆਂ ਬਲਜੀਤ ਕੁਮਾਰ ਧੀਮਾਨ , ਬਲਵਿੰਦਰ ਸਿੰਘ ਉਦੀਪੁਰ, ਪ੍ਰਦਿਉਮਨ ਗੌਤਮ, ਗੁਰਧਿਆਨ ਸਿੰਘ , ਕਰਤਾਰ ਸਿੰਘ , ਮਨਜੀਤ ਸਿੰਘ ਬਾਸਰਕੇ, ਦਰਸ਼ਨ ਲਾਲ , ਰਛਪਾਲ ਸਿੰਘ ਪਾਲੀ , ਦਵਿੰਦਰ ਸਿੰਘ ਰੋਪੜ ਤੋਂ ਇਲਾਵਾ ਸਾਂਝੇ ਫੋਰਮ ਦੇ ਸਕੱਤਰ ਹਰਪਾਲ ਸਿੰਘ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸੂਬਾ ਜਨਰਲ ਸਕੱਤਰ ਇੰਜੀ : ਹਰਮਨਦੀਪ ਅਤੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਸੂਬਾ ਆਗੂ ਮਹਿੰਦਰ ਸਿੰਘ ਲਹਿਰਾ , ਪੰਜਾਬ ਏਟਕ ਦੇ ਸਕੱਤਰ ਨਰਿੰਦਰ ਸੈਣੀ ਅਤੇ ਰਾਜ ਕੁਮਾਰ ਤਿਵਾੜੀ , ਪੈਨਸ਼ਨਰ ਯੂਨੀਅਨ ਦੇ ਆਗੂ ਕੇਵਲ ਸਿੰਘ ਬਨਵੈਤ , ਸੁਖਜੰਟ ਸਿੰਘ , ਰਾਮ ਗੋਪਾਲ ਆਦਿ ਨੇ ਭਗਵਾਨ ਸਿੰਘ ਅਣਖੀ ਅਤੇ ਵਿਛੜੇ ਆਗੂਆਂ ਨੂੰ ਸਰਧਾਂਜਲੀ ਭੇਟ ਕਰਦੇ ਹੋਏ ਸਿਰੜੀ ਆਗੂਆਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਸਾਂਝੇ ਸੰਘਰਸ਼ਾਂ ਰਾਹੀਂ ਚਣੌਤੀਆਂ ਦਾ ਮੂੰਹ ਤੋੜ ਜਵਾਬ ਦੇਣ 'ਤੇ ਜੋਰ ਦਿੱਤਾ।